ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 215
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Tuesday, 5 August, 2025) ਮੰਗਲਵਾਰ, 5 ਅਗਸਤ, 2025, 21 ਸਾਵਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਐਸ.ਆਈ.ਆਰ. ਮਾਮਲੇ 'ਤੇ ਸਰਕਾਰ ਨੂੰ ਚਰਚਾ ਕਰਨੀ ਚਾਹੀਦੀ ਹੈ: ਪ੍ਰਿਯੰਕਾ ਗਾਂਧੀ

ਨਵੀਂ ਦਿੱਲੀ , 4 ਅਗਸਤ (ਚੜ੍ਹਦੀਕਲਾ ਬਿਊਰੋ) : ਕਾਂਗਰਸੀ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਨੇ ਸੋਮਵਾਰ ਨੂੰ ਕਿਹਾ ਕਿ ਬਿਹਾਰ ਵਿਚ ਵੋਟਾਂ ਦੀ ਵਿਸ਼ੇਸ਼ ਵਿਆਪਕ ਸੁਧਾਈ ਬਹੁਤ ਵੱਡਾ ਮਾਮਲਾ ਹੈ ਅਤੇ ਸਰਕਾਰ ਨੂੰ ਇਸ ਤੇ ਚਰਚਾ ਬਾਰੇ ਸਹਿਮਤ ਹੋਣਾ ਚਾਹੀਦਾ ਹੈ ਅਤੇ ਅੱਗੇ ਵਧਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜਦੋਂ ਸਵਾਲ ਵੋਟਰ ਲਿਸਟ ਨਾਲ ਜੁੜਿਆ ਹੋਇਆ ਹੈ ਤਾਂ ਵਿਰੋਧੀ ਧਿਰ ਇਸ ਮੁੱਦੇ ਨੂੰ ਕਿਉਂ ਨਾ ਚੁੱਕੇ। ਵਿਰੋਧੀ ਧਿਰ ਵੱਲੋਂ ਬਿਹਾਰ ਵਿਚ ਵੋਟਰ ਸੂਚੀਆਂ ਦੀ ਸੁਧਾਈ ਬਾਰੇ ਚਰਚਾ ਕੀਤੇ ਜਾਣ ਸਬੰਧੀ ਵਿਰੋਧ ਤੋਂ ਬਾਅਦ (ਬਾਕੀ ਸਫਾ 2 'ਤੇ)

## ਓਵਲ ਟੈਸਟ ਵਿੱਚ ਭਾਰਤ ਦੀ ਸ਼ਾਨਦਾਰ ਜਿੱਤ, ਲੜੀ 2-2 ਨਾਲ ਬਰਾਬਰ



**ਚੜ੍ਹਦੀਕਲਾ ਬਿਊਰੋ**

================

ਲੰਡਨ, 4 ਅਗਸਤ: ਭਾਰਤੀ ਟੀਮ ਨੇ ਇੱਕ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਆਖਰੀ ਚਾਰ ਵਿਕਟਾਂ ਲੈ ਕੇ ਇੰਗਲੈਂਡ ਨੂੰ 367 ਦੌੜਾਂ 'ਤੇ ਆਊਟ ਕਰ ਦਿੱਤਾ ਅਤੇ ਓਵਲ ਵਿੱਚ ਇੱਕ ਸ਼ਾਨਦਾਰ ਤਰੀਕੇ ਨਾਲ ਆਖਰੀ ਟੈਸਟ ਛੇ ਦੌੜਾਂ ਨਾਲ ਜਿੱਤ ਕੇ ਸੀਰੀਜ਼ ਡਰਾਅ ਕਰ ਲਈ। ਤੇਜ਼ ਗੇਂਦਬਾਜ਼ ਮੁਹੰਮਦ ਸਿਰਾਜ ਭਾਰਤ ਦਾ ਹੀਰੋ ਰਿਹਾ, ਉਸ ਨੇ ਜੈਮੀ ਸਮਿਥ ਅਤੇ ਜੈਮੀ ਓਵਰਟਨ ਨੂੰ ਆਊਟ ਕਰਕੇ ਗੁਸ ਐਟਕਿੰਸਨ ਨੂੰ ਗੇਂਦਬਾਜ਼ੀ ਕਰਦਿਆਂ ਮੈਚ ਖਤਮ ਕਰ ਦਿੱਤਾ। ਕ੍ਰਿਸ ਵੋਕਸ ਆਪਣੇ ਟੁੱਟੇ ਹੋਏ ਮੋਢੇ ਨੂੰ ਬਚਾਉਣ ਲਈ ਸਲਿੰਗ ਪਹਿਨ ਕੇ ਬੱਲੇਬਾਜ਼ੀ ਕਰਨ ਲਈ ਬਾਹਰ ਆਇਆ, ਜਦੋਂ ਟੀਮ 17 ਦੌੜਾਂ ਦੀ ਲੋੜ ਸੀ। ਐਟਕਿੰਸਨ ਨੇ ਇੰਗਲੈਂਡ ਨੂੰ ਉਮੀਦ ਦੇਣ ਲਈ ਸਿਰਾਜ ਦੀ ਗੇਂਦਬਾਜ਼ੀ (ਬਾਕੀ ਸਫਾ 2 'ਤੇ)

## ਵਿਸ਼ੇਸ਼ ਵਿਆਪਕ ਸੁਧਾਈ ਨੂੰ ਲੈ ਕੇ ਲੋਕ ਸਭਾ 'ਚ ਡੈੱਡਲਾਕ ਜਾਰੀ, ਕਾਰਵਾਈ ਮੰਗਲਵਾਰ ਤੱਕ ਮੁਲਤਵੀ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 4 ਅਗਸਤ: ਪਿਛਲੇ ਕੁਝ ਦਿਨਾਂ ਵਾਂਗ ਬਿਹਾਰ 'ਚ ਜਾਰੀ ਵੋਟਰ ਸੂਚੀ ਦੇ ਵਿਸ਼ੇਸ਼ ਵਿਆਪਕ ਸੁਧਾਈ ਦੇ ਮੁੱਦੇ 'ਤੇ ਸੋਮਵਾਰ ਨੂੰ ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਲੋਕ ਸਭਾ 'ਚ ਹੰਗਾਮਾ ਕੀਤਾ, ਜਿਸ ਕਾਰਨ ਸਦਨ ਦੀ ਕਾਰਵਾਈ ਇੱਕ ਵਾਰ ਮੁਲਤਵੀ ਕਰਨ ਤੋਂ ਬਾਅਦ ਮੰਗਲਵਾਰ ਸਵੇਰੇ 11 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਵਿਰੋਧੀ ਮੈਂਬਰਾਂ ਵੱਲੋਂ ਨਾਅਰੇਬਾਜ਼ੀ ਕਰਨ ਕਾਰਨ ਸਦਨ ਦੀ ਕਾਰਵਾਈ ਪਹਿਲਾਂ ਸਵੇਰੇ 11:10 ਵਜੇ ਦੁਪਹਿਰ 2 ਵਜੇ ਤੱਕ ਅਤੇ ਫਿਰ ਦੁਪਹਿਰ 2:15 ਵਜੇ ਮੰਗਲਵਾਰ ਸਵੇਰੇ 11 ਵਜੇ ਤੱਕ ਮੁਲਤਵੀ ਕਰਨੀ ਪਈ। ਜਦੋਂ ਇੱਕ ਵਾਰ ਮੁਲਤਵੀ ਕਰਨ ਤੋਂ ਬਾਅਦ ਦੁਪਹਿਰ 2 ਵਜੇ ਕਾਰਵਾਈ ਮੁੜ ਸ਼ੁਰੂ ਹੋਈ, ਤਾਂ ਸਥਿਤੀ ਜਿਉਂ ਦੀ ਤਿਉਂ ਬਣੀ ਰਹੀ। ਹੰਗਾਮੇ ਦੇ ਵਿਚਕਾਰ, ਜ਼ਰੂਰੀ ਕਾਗਜ਼ਾਤ ਸਦਨ ਦੀ ਮੇਜ਼ 'ਤੇ ਰੱਖੇ ਗਏ ਤੇ ਸਦਨ ਨੇ ਕਸਟਮ ਟੈਰਿਫ ਐਕਟ, 1975 ਦੇ ਦੂਜੇ ਸ਼ਡਿਊਲ ਵਿੱਚ ਸੋਧ ਨਾਲ ਸਬੰਧਤ ਸੰਵਿਧਾਨਕ ਮਤੇ ਨੂੰ ਮਨਜ਼ੂਰੀ ਦੇ ਦਿੱਤੀ। ਵਿੱਤ ਰਾਜ ਮੰਤਰੀ



ਪੰਕਜ ਚੌਧਰੀ ਨੇ ਇਹ ਸੰਵਿਧਾਨਕ ਮਤਾ ਪੇਸ਼ ਕੀਤਾ ਸੀ। ਪ੍ਰਧਾਨਗੀ ਮੰਡਲ ਦੇ ਚੇਅਰਮੈਨ ਜਗਦੰਬਿਕਾ ਪਾਲ ਨੇ ਮੈਂਬਰਾਂ ਨੂੰ ਸਦਨ ਨੂੰ ਕੰਮ ਕਰਨ ਦੀ ਇਜਾਜ਼ਤ ਦੇਣ ਦੀ ਅਪੀਲ ਕੀਤੀ ਅਤੇ ਖੇਡਾਂ ਨਾਲ ਸਬੰਧਤ ਦੋ ਬਿੱਲ ਪਾਸ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਰਾਸ਼ਟਰੀ ਖੇਡ ਸ਼ਾਸਨ ਬਿੱਲ, 2025 ਅਤੇ ਰਾਸ਼ਟਰੀ ਡੋਪਿੰਗ ਵਿਰੋਧੀ (ਸੋਧ) ਬਿੱਲ, 2025 ਨੂੰ ਵਿਧਾਨਕ ਕਾਰੋਬਾਰ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ। ਪਾਲ ਨੇ ਕਿਹਾ, 'ਅੱਜ ਦੋ ਬਹੁਤ ਮਹੱਤਵਪੂਰਨ ਬਿੱਲ ਹਨ। ਸਰਕਾਰ 2036 ਓਲੰਪਿਕ ਦੀ ਮੇਜ਼ਬਾਨੀ ਲਈ ਬੋਲੀ ਲਗਾਉਣ ਜਾ ਰਹੀ ਹੈ। ਦੇਸ਼ ਦੇ ਖੇਡਾਂ ਅਤੇ ਖਿਡਾਰੀਆਂ ਲਈ ਇਸ ਤੋਂ ਵੱਧ ਮਹੱਤਵਪੂਰਨ ਬਿੱਲ ਹੋਰ ਕੋਈ ਨਹੀਂ ਹੋ ਸਕਦਾ।' ਸੰਸਦੀ ਮਾਮਲਿਆਂ ਦੇ ਮੰਤਰੀ ਕਿਰੇਨ ਰਿਜੀਜੂ ਨੇ ਕਿਹਾ, 'ਅੱਜ ਇੱਕ ਬਹੁਤ ਮਹੱਤਵਪੂਰਨ ਬਿੱਲ ਹੈ। ਅਸੀਂ ਵਿਰੋਧੀ ਧਿਰ ਦੀ ਮੰਗ 'ਤੇ ਚਰਚਾ ਲਈ ਇਹ ਦੋਵੇਂ ਬਿੱਲ ਲਿਆਂਦੇ ਹਾਂ, ਪਰ ਵਿਰੋਧੀ ਧਿਰ ਖੇਡਾਂ ਅਤੇ ਖਿਡਾਰੀਆਂ ਲਈ ਮਹੱਤਵਪੂਰਨ ਬਿੱਲਾਂ 'ਤੇ ਚਰਚਾ ਕਰਨ ਦੀ ਬਜਾਏ ਹੰਗਾਮਾ ਕਰ ਰਹੀ ਹੈ।' ਉਨ੍ਹਾਂ ਦੋਸ਼ ਲਾਇਆ ਕਿ ਵਿਰੋਧੀ ਧਿਰ ਦੀ ਇਹ ਕਾਰਵਾਈ ਨੌਜਵਾਨਾਂ ਦੇ ਵਿਰੁੱਧ ਹੈ। ਰਿਜੀਜੂ ਨੇ ਕਿਹਾ, 'ਵਿਰੋਧੀ ਧਿਰ ਨੂੰ ਸਦਨ ਨੂੰ ਕੰਮ ਕਰਨ ਦੇਣਾ ਚਾਹੀਦਾ ਹੈ। ਖੇਡ ਮੰਤਰੀ ਬਿੱਲ 'ਤੇ ਚਰਚਾ ਕਰਨ ਲਈ ਤਿਆਰ ਹਨ।' ਖੇਡ ਮੰਤਰੀ ਮਨਸੁਖ ਮਾਂਡਵੀਆ ਨੇ ਕਿਹਾ, 'ਖੇਡ ਸ਼ਾਸਨ ਬਿੱਲ ਲੰਬੇ ਸਮੇਂ ਤੋਂ ਪੈਂਡਿੰਗ ਹੈ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਖੇਡਾਂ ਵਿੱਚ ਚੰਗੇ ਸ਼ਾਸਨ ਲਈ ਇੱਕ ਚੰਗਾ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। ਮੈਂਬਰਾਂ ਨੂੰ ਇਸ 'ਤੇ ਚਰਚਾ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।' ਪ੍ਰਧਾਨਗੀ ਚੇਅਰਮੈਨ ਪਾਲ ਨੇ ਨਾਅਰੇਬਾਜ਼ੀ ਕਰਨ ਵਾਲੇ ਮੈਂਬਰਾਂ ਨੂੰ ਕਿਹਾ, 'ਤੁਸੀਂ ਇਸ ਲਈ ਚੁਣੇ ਗਏ ਹੋ ਤਾਂ ਜੋ ਤੁਸੀਂ ਕਾਨੂੰਨ ਬਣਾ ਸਕੋ, ਪਰ ਮਾਨਸੂਨ ਸੈਸ਼ਨ ਵਿੱਚ ਹੁਣ ਤੱਕ ਇੱਕ ਵੀ ਬਿੱਲ ਪਾਸ ਨਹੀਂ ਹੋ ਸਕਿਆ। ਦੇਸ਼ ਦੇ ਲੋਕ (ਬਾਕੀ ਸਫਾ 2 'ਤੇ)

### ਕਰਨਲ ਬਾਠ ਕੁੱਟਮਾਰ ਮਾਮਲਾ

## ਸੁਪਰੀਮ ਕੋਰਟ ਵੱਲੋਂ ਪੰਜਾਬ ਦੇ ਚਾਰ ਪੁਲਿਸ ਅਫ਼ਸਰਾਂ ਨੂੰ ਵੱਡਾ ਝਟਕਾ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 4 ਅਗਸਤ:ਕਰਨਲ ਪੁਸ਼ਪਿੰਦਰ ਸਿੰਘ ਬਾਠ ਨਾਲ ਕੁੱਟਮਾਰ ਮਾਮਲੇ ਵਿਚ ਪੰਜਾਬ ਦੇ ਚਾਰ ਪੁਲਿਸ ਅਧਿਕਾਰੀਆਂ ਨੂੰ ਸੁਪਰੀਮ ਕੋਰਟ ਤੋਂ ਕੋਈ ਰਾਹਤ ਨਹੀਂ ਮਿਲੀ। ਉਚ ਅਦਾਲਤ ਨੇ ਪੁਲਿਸ ਅਧਿਕਾਰੀਆਂ ਵਿਰੁੱਧ ਸੀਬੀਆਈ ਜਾਂਚ ਦੇ ਹੁਕਮ ਨੂੰ ਬਰਕਰਾਰ ਰੱਖਿਆ ਹੈ।



ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮ ਨੂੰ ਬਰਕਰਾਰ ਰੱਖਿਆ ਹੈ। ਦੱਸ ਦਈਏ ਕਿ ਹਾਈ ਕੋਰਟ ਨੇ ਮਾਮਲੇ ਵਿੱਚ ਸੀਬੀਆਈ ਜਾਂਚ ਦੇ ਹੁਕਮ ਦਿੱਤੇ ਸਨ। ਪੁਲਿਸ ਅਧਿਕਾਰੀਆਂ ਉਤੇ ਫੌਜ ਦੇ ਕਰਨਲ ਦੀ ਕੁੱਟਮਾਰ ਕਰਨ ਦਾ ਦੋਸ਼ ਹਨ। ਜਸਟਿਸ ਸੰਜੇ ਕੁਮਾਰ ਅਤੇ ਜਸਟਿਸ ਸਤੀਸ਼ ਚੰਦਰ ਸ਼ਰਮਾ ਨੇ ਪੁਲਿਸ ਅਧਿਕਾਰੀਆਂ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ।

**ਕੀ ਸੀ ਮਾਮਲਾ ?**

ਇਹ ਕਥਿਤ ਘਟਨਾ 13 ਅਤੇ 14 ਮਾਰਚ ਦੀ ਦਰਮਿਆਨੀ ਰਾਤ ਨੂੰ ਵਾਪਰੀ ਸੀ, ਜਦੋਂ ਕਰਨਲ ਪੁਸ਼ਪਿੰਦਰ ਸਿੰਘ ਬਾਠ ਅਤੇ ਉਨ੍ਹਾਂ ਦਾ ਪੁੱਤਰ ਪਟਿਆਲਾ ਦੇ ਸਰਕਾਰੀ ਰਜਿੰਦਰਾ ਹਸਪਤਾਲ ਦੇ ਨੇੜੇ ਇਕ ਸੜਕ ਕਿਨਾਰੇ ਢਾਬੇ ਉਤੇ ਮੌਜੂਦ ਸਨ। ਪਰਿਵਾਰ ਨੇ ਦਾਅਵਾ ਕੀਤਾ ਕਿ ਜਦੋਂ ਉਹ ਆਪਣੀ ਕਾਰ ਦੇ ਬਾਹਰ (ਬਾਕੀ ਸਫਾ 2 'ਤੇ)

### ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਸ਼ਨਾਖਤੀ ਕਾਰਡ ਵੰਡੇ

## ਨਾਭਾ ਜੇਲ੍ਹ ਵਿੱਚ ਬੰਦ ਸਿਆਸੀ ਆਗੂ ਖ਼ਿਲਾਫ਼ ਮਿਲੇ ਸਬੂਤ ਅਦਾਲਤ 'ਚ ਕਰਾਂਗੇ ਪੇਸ਼: ਮਾਨ

**ਵਿਸ਼ਾਲ ਸ਼ਰਮਾ**

================

ਲੁਧਿਆਣਾ, 4 ਅਗਸਤ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪੰਜਾਬ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਅੰਤਿਮ ਦੌਰ ਵਿੱਚ ਪਹੁੰਚ ਚੁੱਕੀ ਹੈ ਅਤੇ ਪਿੰਡਾਂ ਤੇ ਸ਼ਹਿਰਾਂ ਲਈ ਡਿਫੈਂਸ ਕਮੇਟੀਆਂ ਪੰਜਾਬ ਵਿੱਚੋਂ ਨਸ਼ਾ ਤਸਕਰੀ ਦਾ ਖੁਰਾ-ਖੋਜ ਮਿਟਾ ਦੇਣਗੀਆਂ।ਅੱਜ ਇੱਥੇ ਪਿੰਡਾਂ ਅਤੇ ਸ਼ਹਿਰਾਂ ਲਈ ਡਿਫੈਂਸ ਕਮੇਟੀਆਂ ਦੇ ਗਠਨ ਦੀ ਸ਼ੁਰੂਆਤ ਮੌਕੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਲੰਘੀ 4 ਫਰਵਰੀ ਤੋਂ ਸੂਬੇ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਸ਼ੁਰੂਆਤ ਕੀਤੀ ਸੀ, ਜਿਸ ਤਹਿਤ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਨਾਲ ਨਸ਼ਿਆਂ ਦੀ ਸਪਲਾਈ ਲਾਈਨ



ਲਗਭਗ ਟੁੱਟ ਚੁੱਕੀ ਹੈ। ਮਾਨ ਨੇ ਕਿਹਾ ਕਿ ਉਹ ਇਸ ਗੱਲ ਲਈ ਸਾਰੇ ਪੰਜਾਬੀਆਂ ਦਾ ਧੰਨਵਾਦ ਕਰਦੇ ਹਨ ਕਿ ਸਰਕਾਰ ਦੇ ਇਸ ਨੇਕ ਕਾਰਜ ਵਿੱਚ ਸਮੂਹ ਪੰਜਾਬੀ ਵਧ-ਚੜ੍ਹ ਕੇ ਸਹਿਯੋਗ ਦੇ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਪਿੰਡਾਂ ਅਤੇ ਸ਼ਹਿਰਾਂ ਨੂੰ ਭਵਿੱਖ ਵਿੱਚ ਨਸ਼ਿਆਂ ਦੀ ਲਾਹਣਤ ਤੋਂ ਮੁਕਤ ਰੱਖਣ ਲਈ ਡਿਫੈਂਸ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਮਾਨ ਨੇ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ, ਮੈਨੂੰ ਪੂਰਾ ਵਿਸ਼ਵਾਸ ਹੈ ਕਿ ਤੁਸੀਂ ਨਸ਼ਿਆਂ ਵਿਰੁੱਧ ਜੰਗ ਦੇ ਜਰਨੈਲ ਬਣ ਕੇ ਪਿੰਡਾਂ ਤੇ ਸ਼ਹਿਰਾਂ ਦੀ ਰਾਖੀ ਕਰੋਗੇ। ਅਸੀਂ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਦਾ ਸੁਪਨਾ ਦੇਖਿਆ ਹੈ ਅਤੇ ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਇਸ ਸੁਪਨੇ ਨੂੰ ਸਾਕਾਰ ਕਰਨ ਵਿੱਚ ਦੁਨੀਆ ਦੀ ਕੋਈ ਤਾਕਤ ਨਹੀਂ ਰੋਕ ਸਕਦੀ। ਅਸੀਂ ਪੰਜਾਬ ਦੀ ਅਣਖ, ਗੌਰਵ ਅਤੇ ਸਵੈ-ਮਾਣ ਨੂੰ ਬਹਾਲ ਕਰਨ ਦਾ ਸੰਕਲਪ ਲੈਂਦੇ ਹਾਂ। ਮੁੱਖ ਮੰਤਰੀ ਨੇ ਅੱਗੇ ਦੱਸਿਆ ਕਿ ਵਿਲੇਜ ਡਿਫੈਂਸ ਕਮੇਟੀਆਂ ਅਤੇ ਵਾਰਡ ਡਿਫੈਂਸ ਕਮੇਟੀਆਂ ਦਾ ਗਠਨ ਚਾਰ ਮੈਂਬਰੀ ਕਮੇਟੀ ਕਰੇਗੀ ਜਿਨ੍ਹਾਂ ਵਿੱਚ ਪਿੰਡ ਦਾ ਸਰਪੰਚ ਜਾਂ ਵਾਰਡ ਦਾ ਕੌਂਸਲਰ,'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਮੈਂਬਰ, ਬੀ.ਡੀ.ਪੀ.ਓ. ਜਾਂ ਬੀ.ਡੀ.ਪੀ.ਓ. ਦਾ ਨੁਮਾਇੰਦਾ ਅਤੇ ਐਸ.ਐਚ.ਓ. ਜਾਂ ਐਸ.ਐਚ.ਓ. ਦਾ ਨੁਮਾਇੰਦਾ ਸ਼ਾਮਲ ਹੋਵੇਗਾ। (ਬਾਕੀ ਸਫਾ 2 'ਤੇ)

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੈਬਨਿਟ ਮੰਤਰੀ ਬੈਂਸ ਨੂੰ ਪੱਖ ਰੱਖਣ ਲਈ ਭਲਕੇ ਸੱਦਿਆ

**ਬਬਲੂ ਮਹਾਜਨ**

================

ਅੰਮ੍ਰਿਤਸਰ, 4 ਅਗਸਤ, ਪੰਜਾਬ ਸਰਕਾਰ ਵੱਲੋਂ ਸ੍ਰੀਨਗਰ (ਜੰਮੂ-ਕਸ਼ਮੀਰ) ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਸਬੰਧੀ ਕਰਵਾਏ ਗਏ ਸਮਾਗਮ ਵਿੱਚ ਮਰਿਆਦਾ ਦੀ ਉਲੰਘਣਾ ਸਬੰਧੀ ਦੋਸ਼ਾਂ ਦੇ ਮਾਮਲੇ ਵਿੱਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਸ੍ਰੀ ਅਕਾਲ ਤਖਤ ਵਿਖੇ 6 ਅਗਸਤ ਨੂੰ ਆਪਣਾ ਪੱਖ ਰੱਖਣ ਵਾਸਤੇ ਸੱਦਿਆ ਗਿਆ ਹੈ।



ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਨੇੜਲੇ ਰਿਸ਼ਤੇਦਾਰ ਦਾ ਦੇਹਾਂਤ ਹੋ ਜਾਣ ਕਾਰਨ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਸੀ, ਜਿਸ ਤੋਂ ਬਾਅਦ ਹੁਣ ਦੁਬਾਰਾ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਰੱਖੀ ਗਈ ਹੈ ਅਤੇ ਕੈਬਨਿਟ ਮੰਤਰੀ ਸ੍ਰੀ ਬੈਂਸ ਨੂੰ ਪੇਸ਼ ਹੋਣ ਲਈ ਸੂਚਿਤ ਕੀਤਾ ਗਿਆ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਗੜਗੱਜ ਦੀ ਅਗਵਾਈ ਵਿੱਚ ਵੱਖ-ਵੱਖ ਪੰਥਕ ਅਤੇ ਧਾਰਮਿਕ ਮਾਮਲੇ ਵਿਚਾਰਨ ਲਈ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 6 ਅਸਗਤ ਨੂੰ ਸਵੇਰੇ 9 ਵਜੇ ਹੋਵੇਗੀ। ਇਹ ਜਾਣਕਾਰੀ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਨੇ ਦਿੱਤੀ ਹੈ।

(ਬਾਕੀ ਸਫਾ 2 'ਤੇ)

## ਤਰਨਤਾਰਨ ਝੂਠੇ ਮੁਕਾਬਲੇ ਮਾਮਲੇ 'ਚ 5 ਮੁਲਜ਼ਮਾਂ ਨੂੰ ਉਮਰ ਕੈਦ

**ਚੜ੍ਹਦੀਕਲਾ ਬਿਊਰੋ**

================

ਮੋਹਾਲੀ , 4 ਅਗਸਤ: ਮੋਹਾਲੀ ਦੀ ਸੀਬੀਆਈ ਅਦਾਲਤ ਨੇ ਸੇਵਾਮੁਕਤ ਐਸਐਸਪੀ ਭੁਪਿੰਦਰਜੀਤ ਸਿੰਘ, ਡੀਐਸਪੀ ਦਵਿੰਦਰ ਸਿੰਘ, ਇੰਸਪੈਕਟਰ ਸੂਬਾ ਸਿੰਘ, ਏਐਸਆਈ ਗੁਲਬਰਗ ਸਿੰਘ ਅਤੇ ਰਘਬੀਰ ਸਿੰਘ ਨੂੰ ਤਰਨਤਾਰਨ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।

**ਜਾਣੋ ਕੀ ਹੈ ਪੂਰਾ ਮਾਮਲਾ ?**

ਇਹ ਮਾਮਲਾ 12 ਜੁਲਾਈ 1993 ਨੂੰ ਪੰਜਾਬ ਦੇ ਤਰਨਤਾਰਨ ਵਿੱਚ ਵਾਪਰਿਆ ਸੀ। ਉਸ ਸਮੇਂ ਪੁਲਿਸ ਨੇ ਪਿੰਡ ਸੰਗਤਪੁਰਾ ਨੇੜੇ ਇੱਕ ਫਰਜ਼ੀ ਮੁਕਾਬਲੇ ਵਿੱਚ ਤਿੰਨ ਐਸਪੀਓ ਸਮੇਤ ਸੱਤ ਨੌਜਵਾਨਾਂ ਨੂੰ ਮਾਰ ਦਿੱਤਾ ਸੀ। ਸੁਪਰੀਮ ਕੋਰਟ ਦੇ ਹੁਕਮਾਂ 'ਤੇ ਸੀਬੀਆਈ ਨੇ ਮਾਮਲੇ ਦੀ ਜਾਂਚ ਕੀਤੀ ਅਤੇ ਦਸ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਦੋਸ਼ੀ ਪਾਇਆ।

ਸੀਬੀਆਈ ਨੇ ਜਾਂਚ ਕੀਤੀ: ਇਸ ਮਾਮਲੇ ਵਿੱਚ ਸੀਬੀਆਈ ਨੇ 30 ਜੂਨ 1999 ਨੂੰ ਕੇਸ ਦਰਜ ਕੀਤਾ ਸੀ। ਸੀਬੀਆਈ ਨੇ 31 ਮਈ 2002 ਨੂੰ ਦਸ ਪੁਲਿਸ ਮੁਲਜ਼ਮਾਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ। ਇਨ੍ਹਾਂ ਵਿੱਚੋਂ ਪੰਜ ਮੁਲਜ਼ਮਾਂ, ਗੁਰਦੇਵ ਸਿੰਘ, ਗਿਆਨ ਚੰਦ, ਜਗੀਰ ਸਿੰਘ, ਮਹਿੰਦਰ ਸਿੰਘ, ਰਘੁਬੀਰ ਸਿੰਘ ਦੀ ਮੌਤ ਹੋ ਚੁੱਕੀ ਹੈ। ਜਦੋਂ ਕਿ ਪੰਜ ਨੂੰ 1 ਅਗਸਤ 2025 ਨੂੰ ਦੋਸ਼ੀ ਠਹਿਰਾਇਆ ਗਿਆ ਸੀ, ਜਿਨ੍ਹਾਂ ਨੂੰ 4 ਅਗਸਤ ਨੂੰ ਸਜ਼ਾ ਸੁਣਾਈ ਜਾਣੀ ਹੈ।




**ਰਾਣੀਵਾਲਾ ਪਿੰਡ ਨਾਲ ਜੁੜਾ ਹੈ ਮਾਮਲਾ**

ਇਹ ਪੂਰਾ ਮਾਮਲਾ ਤਰਨਤਾਰਨ ਦੇ ਰਾਣੀਵਾਲਾ ਪਿੰਡ ਨਾਲ ਸਬੰਧਤ ਹੈ ਜਿੱਥੇ ਐਸਪੀਓ ਸ਼ਿੰਦਰ ਸਿੰਘ ਉਰਫ਼ ਸ਼ਿੰਦਾ, ਸੁਖਦੇਵ ਸਿੰਘ ਅਤੇ ਦੇਸਾ ਸਿੰਘ ਤਾਇਨਾਤ ਸਨ। ਉਹ ਸ਼ਰਾਬ ਠੇਕੇਦਾਰ ਜੋਗਿੰਦਰ ਸਿੰਘ ਨਾਲ ਡਿਊਟੀ 'ਤੇ ਸਨ। ਕਾਲਾ ਸਿੰਘ, ਜੋ ਕਿ ਉਸੇ ਪਿੰਡ ਦਾ ਰਹਿਣ ਵਾਲਾ ਸੀ, ਘਰੇਲੂ ਕੰਮ ਕਰਦਾ ਸੀ।

ਥਾਣਾ ਸਰਹਾਲੀ ਅਤੇ ਗੋਇੰਦਵਾਲ ਸਾਹਿਬ ਵਿੱਚ ਵਾਪਰੀਆਂ ਘਟਨਾਵਾਂ ਦੇ ਸਬੰਧ ਵਿੱਚ ਪੁਲਿਸ ਨੇ ਸੁਖਦੇਵ ਸਿੰਘ, ਦੇਸਾ ਸਿੰਘ ਅਤੇ ਕਾਲਾ ਸਿੰਘ ਨੂੰ ਗੈਰ-ਕਾਨੂੰਨੀ ਤੌਰ 'ਤੇ ਹਿਰਾਸਤ ਵਿੱਚ ਲਿਆ ਸੀ।

ਬਾਅਦ ਵਿੱਚ, ਉਨ੍ਹਾਂ ਵਿਰੁੱਧ ਅੱਤਵਾਦੀ ਕਾਰਵਾਈਆਂ ਕਰਨ ਦੇ ਦੋਸ਼ ਵਿੱਚ ਮਾਮਲੇ ਦਰਜ ਕੀਤੇ ਗਏ ਸਨ। ਪੁਲਿਸ ਨੇ ਉਸ ਸਮੇਂ ਦਾਅਵਾ ਕੀਤਾ ਸੀ ਕਿ ਇਨ੍ਹਾਂ ਤਿੰਨਾਂ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਲਿਜਾਇਆ ਜਾ ਰਿਹਾ ਸੀ ਜਦੋਂ ਚਾਰ ਅੱਤਵਾਦੀਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ।

ਪੁਲਿਸ ਨੇ ਘਰੋਂ ਕੀਤੀ ਸੀ ਅਗਵਾ

ਪੁਲਿਸ ਨੇ ਇਨ੍ਹਾਂ ਨੌਜਵਾਨਾਂ ਨੂੰ ਉਨ੍ਹਾਂ ਦੇ ਘਰੋਂ ਅਗਵਾ ਕਰ ਲਿਆ ਅਤੇ ਉਨ੍ਹਾਂ ਨੂੰ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਿਆ ਅਤੇ ਤਸੀਹੇ ਦਿੱਤੇ। ਇਸ ਤੋਂ ਬਾਅਦ ਇੱਕ ਝੂਠੇ ਮੁਕਾਬਲੇ ਲਈ ਐਫਆਈਆਰ ਦਰਜ ਕੀਤੀ ਗਈ ਅਤੇ ਉਨ੍ਹਾਂ ਨੂੰ ਮਾਰ ਦਿੱਤਾ ਗਿਆ। ਮੁਕਾਬਲੇ ਵਿੱਚ ਮਾਰੇ (ਬਾਕੀ ਸਫਾ 2 'ਤੇ)

## ਅਕਾਲੀ ਦਲ ਦੀ ਰੈਲੀ ਦੌਰਾਨ ਮਲੂਕਾ ਦੀ ਵਿਗੜੀ ਸਿਹਤ, ਲਿਜਾਇਆ ਗਿਆ ਹਸਪਤਾਲ

ਬਠਿੰਡਾ, 4 ਅਗਸਤ (ਚੜ੍ਹਦੀਕਲਾ ਬਿਊਰੋ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਅੱਜ



ਅਚਾਨਕ ਤਬੀਅਤ ਵਿਗੜ ਗਈ ਅਤੇ ਉਹ ਬੇਹੋਸ਼ ਹੋ ਗਏ। ਇਹ ਘਟਨਾ ਉਦੋਂ ਵਾਪਰੀ ਜਦੋਂ ਉਹ ਲੈਂਡ ਪੂਲਿੰਗ ਨੀਤੀ ਖਿਲਾਫ਼ ਬਠਿੰਡਾ ਵਿਚ ਦਿੱਤੇ ਧਰਨੇ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਰਦਿਆਂ ਅਚਾਨਕ ਉਨ੍ਹਾਂ ਘਬਰਾਹਟ ਹੋਣ ਲੱਗੀ। ਜਿਸ 'ਤੇ ਉਨ੍ਹਾਂ ਦੇ ਨਾਲ ਮੌਜੂਦ ਸਾਥੀਆਂ ਵੱਲੋਂ ਉਨ੍ਹਾਂ ਨੂੰ ਪਾਣੀ ਪਿਲਾਇਆ ਗਿਆ, ਇਸ ਉਪਰੰਤ ਉਹ ਬੇਹੋਸ਼ ਹੋ ਗਏ ਅਤੇ ਲੜਖੜਾ ਕੇ (ਬਾਕੀ ਸਫਾ 2 'ਤੇ)

### ਫ਼ੌਜ 'ਤੇ ਟਿੱਪਣੀ ਵਿਵਾਦ ਵਿੱਚ ਰਾਹੁਲ ਗਾਂਧੀ ਨੂੰ ਸੁਪਰੀਮ ਕੋਰਟ ਦੀ ਨਸੀਹਤ

## 'ਕੋਈ ਵੀ ਸੱਚਾ ਭਾਰਤੀ ਅਜਿਹਾ ਨਹੀਂ ਕਹੇਗਾ'

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 4 ਅਗਸਤ: ਰਾਹੁਲ ਗਾਂਧੀ ਵਿਰੁੱਧ ਭਾਰਤੀ ਫੌਜ 'ਤੇ ਉਨ੍ਹਾਂ ਦੀ ਕਥਿਤ ਟਿੱਪਣੀ ਲਈ ਮਾਣਹਾਨੀ ਦਾ ਕੇਸ ਦਾਇਰ ਕੀਤਾ ਗਿਆ ਸੀ। ਹੁਣ ਕਾਂਗਰਸ ਨੇਤਾ ਨੂੰ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਤੋਂ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਲਖਨਊ ਟ੍ਰਾਇਲ ਕੋਰਟ ਦੇ ਸੰਮਨ 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਇਸ ਮਾਮਲੇ ਵਿੱਚ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਰਾਹੁਲ ਗਾਂਧੀ ਨੇ ਦਸੰਬਰ 2022 ਵਿੱਚ ਆਪਣੀ ਭਾਰਤ ਜੋੜੋ ਯਾਤਰਾ ਦੌਰਾਨ ਭਾਰਤੀ ਫੌਜ 'ਤੇ ਕਥਿਤ ਟਿੱਪਣੀ ਕੀਤੀ ਸੀ।

ਸੁਪਰੀਮ ਕੋਰਟ ਨੇ ਕਿਹਾ ਕਿ ਤੁਸੀਂ ਇਹ ਸੰਸਦ ਵਿੱਚ ਕਿਉਂ ਨਹੀਂ ਕਿਹਾ ਅਤੇ ਤੁਸੀਂ ਇਹ ਸੋਸ਼ਲ ਮੀਡੀਆ 'ਤੇ ਕਿਉਂ ਕਿਹਾ ? ਸੁਪਰੀਮ ਕੋਰਟ ਨੇ ਕਿਹਾ ਕਿ ਤੁਸੀਂ ਇੱਕ ਸੱਚੇ ਭਾਰਤੀ ਹੋ ਤਾਂ ਤੁਹਾਨੂੰ ਅਜਿਹਾ ਨਹੀਂ ਕਹਿਣਾ



ਚਾਹੀਦਾ ? ਸੁਪਰੀਮ ਕੋਰਟ ਨੇ ਕਿਹਾ ਕਿ ਭਾਵੇਂ ਤੁਹਾਨੂੰ ਪ੍ਰਗਟਾਵੇ ਦੀ ਆਜ਼ਾਦੀ ਹੈ, ਤੁਸੀਂ ਅਜਿਹਾ ਕਿਉਂ ਕਿਹਾ। ਤੁਸੀਂ ਇੱਕ ਜ਼ਿੰਮੇਵਾਰ ਨੇਤਾ ਹੋ। ਸੀਨੀਅਰ ਵਕੀਲ ਸਿੰਘਵੀ ਨੇ ਕਿਹਾ ਕਿ ਜੇਕਰ ਉਹ ਵਿਰੋਧੀ ਧਿਰ ਦੇ ਨੇਤਾ ਵਜੋਂ ਇਹ ਸਭ ਨਹੀਂ ਕਹਿ ਸਕਦੇ, ਤਾਂ ਇਸਦਾ ਨਤੀਜਾ ਕੀ ਹੋਵੇਗਾ ?

**ਕੋਈ ਵੀ ਸੱਚਾ ਭਾਰਤੀ ਅਜਿਹਾ ਨਹੀਂ ਕਹੇਗਾ**

ਜਸਟਿਸ ਦੱਤਾ ਨੇ ਕਿਹਾ ਕਿ ਤੁਹਾਨੂੰ ਕਿਵੇਂ ਪਤਾ ਲੱਗਾ ਜਦੋਂ ਚੀਨ ਨੇ 2000 ਵਰਗ ਕਿਲੋਮੀਟਰ 'ਤੇ ਕਬਜ਼ਾ ਕਰ ਲਿਆ ? ਭਰੋਸੇਯੋਗ ਜਾਣਕਾਰੀ ਕੀ ਹੈ ? ਇੱਕ ਸੱਚਾ ਭਾਰਤੀ ਇਹ ਨਹੀਂ ਕਹੇਗਾ। ਕੀ ਤੁਸੀਂ ਇਹ ਸਭ ਉਦੋਂ ਕਹਿ ਸਕਦੇ ਹੋ ਜਦੋਂ ਸਰਹੱਦ ਪਾਰ ਵਿਵਾਦ ਹੁੰਦਾ ਹੈ ?

**ਤੁਸੀਂ ਸੰਸਦ ਵਿੱਚ ਸਵਾਲ ਕਿਉਂ ਨਹੀਂ ਪੁੱਛ ਸਕਦੇ ?**

ਇਸ ਮਾਮਲੇ ਵਿੱਚ, ਸੁਪਰੀਮ ਕੋਰਟ ਨੇ ਸਿੰਘਵੀ ਨੂੰ ਕਿਹਾ ਕਿ ਤੁਸੀਂ ਹਾਈ ਕੋਰਟ ਵਿੱਚ ਦੂਜੀ ਲਾਈਨ ਲਈ ਸੀ। ਸਿੰਘਵੀ ਨੇ ਕਿਹਾ ਕਿ ਇੱਕ ਤਰੀਕਾ ਇਹ ਹੈ ਕਿ ਤੁਸੀਂ ਵਿਰੋਧੀ ਧਿਰ ਦੇ ਨੇਤਾ ਬਣੋ ਅਤੇ ਸਾਰਿਆਂ ਨੂੰ ਬਦਨਾਮ ਕਰੋ। ਪਰ ਇੱਥੇ ਅਜਿਹਾ ਨਹੀਂ ਸੀ। ਸੁਪਰੀਮ ਕੋਰਟ ਨੇ ਨੋਟਿਸ ਜਾਰੀ ਕੀਤਾ। ਇਸ ਨੇ ਕਾਰਵਾਈ 'ਤੇ ਰੋਕ ਲਗਾ ਦਿੱਤੀ। ਅਦਾਲਤ ਨੇ (ਬਾਕੀ ਸਫਾ 2 'ਤੇ)

## ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦਾ ਦੇਹਾਂਤ, ਵੱਖ-ਵੱਖ ਆਗੂਆਂ ਵੱਲੋਂ ਦੁੱਖ ਪ੍ਰਗਟ

**ਚੜ੍ਹਦੀਕਲਾ ਬਿਊਰੋ**

================

ਰਾਂਚੀ, 4 ਅਗਸਤ: ਝਾਰਖੰਡ ਮੁਕਤੀ ਮੋਰਚਾ (ਜੇਐਮਐਮ) ਦੇ ਸੰਸਥਾਪਕ ਤੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦਾ ਸੋਮਵਾਰ ਸਵੇਰੇ ਦੇਹਾਂਤ ਹੋ ਗਿਆ। ਉਹ ਲੰਬੇ ਸਮੇਂ ਤੋਂ ਬਿਮਾਰ ਸਨ। ਉਨ੍ਹਾਂ ਨੇ ਦਿੱਲੀ ਦੇ ਸਰ ਗੰਗਾਰਾਮ ਹਸਪਤਾਲ 'ਚ ਆਖਰੀ ਸਾਹ ਲਿਆ। ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕਰਦੇ ਹੋਏ ਝਾਰਖੰਡ ਦੇ ਮੁੱਖ ਮੰਤਰੀ ਤੇ ਉਨ੍ਹਾਂ ਦੇ ਪੁੱਤਰ ਹੇਮੰਤ ਸੋਰੇਨ ਨੇ ਕਿਹਾ ਕਿ ਗੁਰੂ ਜੀ ਸਾਨੂੰ ਸਾਰਿਆਂ ਨੂੰ ਛੱਡ ਕੇ ਚਲੇ ਗਏ। ਪ੍ਰਧਾਨ ਮੰਤਰੀ ਮੋਦੀ ਨੇ ਵੀ ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ। ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦਾ ਅੱਜ ਸਵੇਰੇ 8:48 ਵਜੇ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਗੰਗਾਰਾਮ ਹਸਪਤਾਲ ਦੇ ਨੈਫਰੋਲੋਜੀ ਵਿਭਾਗ 'ਚ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਨੂੰ ਗੁਰਦੇ ਨਾਲ ਸਬੰਧਤ ਸਮੱਸਿਆਵਾਂ ਸਨ। ਇਸ ਤੋਂ ਇਲਾਵਾ, ਸਰੀਰ 'ਚ ਕੁਝ ਹੋਰ ਸਮੱਸਿਆਵਾਂ ਸਨ। ਉਹ 81 ਸਾਲ ਦੇ ਸਨ।



**ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ**

ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦਾ ਅੱਜ ਦੇਹਾਂਤ ਹੋ ਗਿਆ। ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕਰਦੇ ਹੋਏ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, ਸ਼ਿਬੂ ਸੋਰੇਨ ਇੱਕ ਜ਼ਮੀਨੀ ਪੱਧਰ ਦੇ ਨੇਤਾ ਸਨ ਜਿਨ੍ਹਾਂ ਨੇ ਲੋਕਾਂ ਪ੍ਰਤੀ ਅਟੁੱਟ ਸਮਰਪਣ ਨਾਲ ਜਨਤਕ ਜੀਵਨ 'ਚ ਉਚਾਈਆਂ ਨੂੰ (ਬਾਕੀ ਸਫਾ 2 'ਤੇ)

## ਭਾਰਤੀ ਪ੍ਰਧਾਨ ਮੰਤਰੀ ਨਾਲ ਚੰਗੇ ਸਬੰਧ ਪਰ ਭਾਰਤ ਦਾ ਰੂਸ ਤੋਂ ਤੇਲ ਖ਼ਰੀਦਣਾ ਸਵੀਕਾਰ ਨਹੀਂ: ਅਮਰੀਕਾ

**ਚੜ੍ਹਦੀਕਲਾ ਬਿਊਰੋ**

================

ਵਾਸ਼ਿੰਗਟਨ, 4 ਅਗਸਤ: ਵ੍ਹਾਈਟ ਹਾਊਸ ਵਿਚ ਡਿਪਟੀ ਚੀਫ਼ ਆਫ ਸਟਾਫ਼ ਸਟੀਫਨ ਮਿੱਲਰ ਨੇ ਐਤਵਾਰ ਨੂੰ ਕਿਹਾ ਕਿ ਭਾਰਤ ਰੂਸ ਤੋਂ ਤੇਲ ਖਰੀਦੇ ਇਹ ਸਵੀਕਾਰਯੋਗ ਨਹੀਂ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਭਾਰਤ ਵੱਲੋਂ ਰੂਸ ਤੋਂ ਤੇਲ ਖਰੀਦੇ ਜਾਣ ਕਰਕੇ ਰੂਸ ਨੂੰ ਯੂਕਰੇਨ ਖਿਲਾਫ਼ ਜੰਗ ਵਿਚ ਵਿੱਤੀ ਮਦਦ ਮਿਲੀ।

ਮਿਲਰ ਨੇ ਇੱਕ ਖ਼ਬਰ ਏਜੰਸੀ ਨਾਲ ਇੱਕ ਇੰਟਰਵਿਊ ਵਿੱਚ ਕਿਹਾ, "ਇਹ ਸਵੀਕਾਰਯੋਗ ਨਹੀਂ ਹੈ ਕਿ ਭਾਰਤ ਰੂਸ ਤੋਂ ਤੇਲ ਖਰੀਦ ਕੇ ਰੂਸ-ਯੂਕਰੇਨ ਜੰਗ ਵਿਚ ਵਿੱਤੀ ਮਦਦ ਪ੍ਰਦਾਨ ਕਰੇ। ਲੋਕ ਇਹ ਜਾਣ ਕੇ ਹੈਰਾਨ ਹੋਣਗੇ ਕਿ ਭਾਰਤ ਮੂਲ ਰੂਪ ਵਿੱਚ ਰੂਸੀ ਤੇਲ ਖਰੀਦਣ ਵਿੱਚ ਚੀਨ



ਨਾਲ ਜੁੜਿਆ ਹੋਇਆ ਹੈ। ਇਹ ਇੱਕ ਹੈਰਾਨੀਜਨਕ ਤੱਥ ਹੈ।" ਮਿਲਰ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ 'ਜ਼ਬਰਦਸਤ' ਸਬੰਧ ਹਨ, ਅਤੇ ਖੇਤਰ ਲਈ ਸ਼ਾਂਤੀ ਦੇ ਬਦਲ ਵਿਚਾਰਅਧੀਨ ਹਨ। ਉਨ੍ਹਾਂ ਕਿਹਾ, "ਰਾਸ਼ਟਰਪਤੀ ਟਰੰਪ ਦੇ ਭਾਰਤ ਅਤੇ ਪ੍ਰਧਾਨ ਮੰਤਰੀ ਨਾਲ ਹਮੇਸ਼ਾ ਹੀ ਬਹੁਤ ਵਧੀਆ ਸਬੰਧ ਰਹੇ ਹਨ। ਪਰ ਸਾਨੂੰ ਇਸ ਜੰਗ ਦੇ ਵਿੱਤ ਨਾਲ ਨਜਿੱਠਣ ਬਾਰੇ (ਬਾਕੀ ਸਫਾ 2 'ਤੇ)

## ਦਸ ਜ਼ਿਲ੍ਹਾ ਤੇ ਸੈਸ਼ਨ ਜੱਜਾਂ ਨੇ ਹਾਈ ਕੋਰਟ ਦੇ ਵਧੀਕ ਜੱਜਾਂ ਵਜੋਂ ਚੁੱਕੀ ਸਹੁੰ

ਚੰਡੀਗੜ੍ਹ, 4 ਅਗਸਤ (ਚੜ੍ਹਦੀਕਲਾ ਬਿਊਰੋ) : ਪੰਜਾਬ ਤੇ ਹਰਿਆਣਾ ਦੇ ਦਸ ਜ਼ਿਲ੍ਹਾ ਤੇ ਸੈਸ਼ਨ ਜੱਜਾਂ ਨੇ ਅੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਧੀਕ ਜੱਜਾਂ ਵਜੋਂ ਸਹੁੰ ਚੁੱਕੀ। ਇਨ੍ਹਾਂ ਨਵੀਆਂ ਨਿਯੁਕਤੀਆਂ ਨਾਲ ਹਾਈ ਕੋਰਟ ਵਿਚ ਕੁੱਲ ਜੱਜਾਂ ਦੀ ਨਫ਼ਰੀ 59 ਹੋ ਗਈ ਹੈ ਜਦੋਂਕਿ ਜੱਜਾਂ ਦੀ ਮਨਜ਼ੂਰਸ਼ੁਦਾ ਗਿਣਤੀ 85 ਹੈ। ਇਹ ਨਿਯੁਕਤੀਆਂ 4,33,720 ਬਕਾਇਆ ਮਾਮਲਿਆਂ ਦੀ ਗਿਣਤੀ ਘਟਾਉਣ ਲਈ ਸਾਂਝੇ ਸੰਸਥਾਗਤ ਯਤਨ ਵਜੋਂ ਕੀਤੀਆਂ ਗਈਆਂ ਹਨ। ਹਾਈ ਕੋਰਟ ਦੇ ਆਡੀਟੋਰੀਅਮ ਵਿੱਚ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਚੀਫ਼ ਜਸਟਿਸ ਸ਼ੀਲ ਨਾਗੂ ਨੇ ਇਨ੍ਹਾਂ ਜੱਜਾਂ ਨੂੰ ਸਹੁੰ ਚੁਕਾਈ। ਇਸ ਮੌਕੇ ਮੌਜੂਦਾ ਅਤੇ ਸੇਵਾਮੁਕਤ ਜੱਜ, ਸੀਨੀਅਰ (ਬਾਕੀ ਸਫਾ 2 'ਤੇ)

### ਪੰਜਾਬ-ਹਰਿਆਣਾ ਹਾਈ ਕੋਰਟ ਦਾ ਸਖ਼ਤ ਰੁਖ਼

## ਭ੍ਰਿਸ਼ਟਾਚਾਰ ਅਤੇ ਅਪਰਾਧਿਕ ਕੇਸਾਂ ਦੇ ਦੋਸ਼ੀ ਪੁਲਿਸ ਮੁਲਾਜ਼ਮਾਂ ਬਾਰੇ ਡੀ.ਜੀ.ਪੀ. ਤੋਂ ਮੰਗੀ ਰਿਪੋਰਟ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 4 ਅਗਸਤ :ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਪੁਲਿਸ ਵਿੱਚ ਭ੍ਰਿਸ਼ਟਾਚਾਰ ਅਤੇ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ




ਅਧਿਕਾਰੀਆਂ ਦੀ ਸੇਵਾ ਵਿੱਚ ਜਾਰੀ ਰਹਿਣ 'ਤੇ ਸਖ਼ਤ ਰੁਖ਼ ਅਪਣਾਇਆ ਹੈ। ਜਸਟਿਸ ਐਨ.ਕੇ. ਸ਼ੇਖਾਵਤ ਦੀ ਬੈਂਚ ਨੇ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਇੱਕ ਹਲਫ਼ਨਾਮੇ ਰਾਹੀਂ ਅਦਾਲਤ ਵਿੱਚ ਅਜਿਹੇ ਸਾਰੇ ਪੁਲਿਸ ਮੁਲਾਜ਼ਮਾਂ ਦੀ ਵਿਸਤ੍ਰਿਤ ਜਾਣਕਾਰੀ ਜਮ੍ਹਾਂ ਕਰਵਾਉਣ ਜਿਨ੍ਹਾਂ ਵਿਰੁੱਧ ਅਪਰਾਧਿਕ ਕਾਰਵਾਈਆਂ ਲੰਬਿਤ ਹਨ, ਪਰ ਉਹ ਅਜੇ ਵੀ ਸੇਵਾ ਵਿੱਚ ਹਨ। ਹਾਈ ਕੋਰਟ ਦਾ ਇਹ ਨਿਰਦੇਸ਼ ਉਦੋਂ ਆਇਆ ਜਦੋਂ ਅਦਾਲਤ ਨੂੰ ਦੱਸਿਆ ਗਿਆ ਕਿ ਇੰਸਪੈਕਟਰ ਵਿਜੇ ਕੁਮਾਰ, ਜਿਸ ਨੂੰ ਪਹਿਲਾਂ ਸੇਵਾ ਤੋਂ ਬਰਖਾਸਤ ਕੀਤਾ ਗਿਆ ਸੀ,ਨੂੰ ਬਾਅਦ ਵਿੱਚ ਦੁਬਾਰਾ ਨਿਯੁਕਤ ਕੀਤਾ ਗਿਆ ਸੀ,ਜਦੋਂ ਕਿ (ਬਾਕੀ ਸਫਾ 2 'ਤੇ)

## ਸਿੱਧੂ ਮੂਸੇਵਾਲਾ ਕਤਲ ਕਾਂਡ ਦੇ 7 ਮੁਲਜ਼ਮਾਂ ਦੀ ਜ਼ਮਾਨਤ ਪਟੀਸ਼ਨ ਰੱਦ, 2 ਸਾਲ ਤੋਂ ਜੇਲ੍ਹ 'ਚ ਨੇ ਮੁਲਜ਼ਮ




ਚੰਡੀਗੜ੍ਹ, 4 ਅਗਸਤ (ਚ.ਨ.ਸ.) : ਸਿੱਧੂ ਮੂਸੇਵਾਲਾ ਕਤਲ ਕਾਂਡ ਮਾਮਲੇ ਵਿਚ ਪੰਜਾਬ-ਹਰਿਆਣਾ ਹਾਈਕੋਰਟ ਨੇ 7 ਮੁਲਜ਼ਮਾਂ ਦੀ ਜ਼ਮਾਨਤ ਪਟੀਸ਼ਨ ਖਾਰਿਜ ਕਰ ਦਿੱਤੀ ਹੈ। ਕੋਰਟ ਨੇ ਕਿਹਾ ਕਿ ਮਾਮਲਾ ਬੇਹੱਦ ਗੰਭੀਰ ਹੈ, ਤੇ ਚਸ਼ਮਦੀਦਾਂ ਦੀ ਗਵਾਹੀ ਮੁਕੰਮਲ ਹੋਣ ਤੱਕ ਜ਼ਮਾਨਤ 'ਤੇ ਵਿਚਾਰ ਨਹੀਂ ਕੀਤਾ ਜਾ ਸਕਦਾ। ਹਿਰਾਸਤ ਵਿਚ ਮੌਜੂਦ 7 ਮੁਲਜ਼ਮਾਂ ਨੇ ਵੱਖ-ਵੱਖ ਆਧਾਰ ਬਣਾਉਂਦੇ ਹੋਏ ਹਾਈਕੋਰਟ ਤੋਂ ਜ਼ਮਾਨਤ ਦੀ ਮੰਗ ਕੀਤੀ ਸੀ। ਪ੍ਰਭਦੀਪ ਸਿੰਘ ਉਰਫ ਪੱਬੀ, ਜਗਤਾਰ ਸਿੰਘ, ਮਨਪ੍ਰੀਤ ਸਿੰਘ ਉਰਫ ਭਾਊ, ਨਸੀਬ ਦੀਨ, ਰਾਜਿੰਦਰ ਉਰਫ ਜੋਕਰ, ਪਵਨ ਕੁਮਾਰ ਬਿਸ਼ਨੋਈ ਤੇ ਸਰਾਜ ਦੀਆਂ ਪਟੀਸ਼ਨਾਂ ਇਕੱਠੇ ਸੁਣਵਾਈ ਲਈ ਪਹੁੰਚੀਆਂ ਸਨ। ਸਾਰਿਆਂ 'ਤੇ ਕਤਲ ਸਣੇ ਹੋਰ ਧਾਰਾਵਾਂ ਵਿਚ ਪੁਲਿਸ ਨੇ ਮਾਮਲਾ ਦਰਜ ਕੀਤਾ ਸੀ। ਪਟੀਸ਼ਨਕਰਤਾ ਦੇ ਵਕੀਲਾਂ ਨੇ ਦਲੀਲ ਦਿੱਤੀ ਸੀ ਕਿ ਉਹ ਦੋ ਸਾਲ ਤੋਂ ਹਿਰਾਸਤ ਵਿਚ ਹਨ ਤੇ ਟ੍ਰਾਇਲ ਦੀ ਰਫਤਾਰ ਬਹੁਤ ਹੌਲੀ ਹੈ। ਪੰਜਾਬ ਸਰਕਾਰ ਨੇ ਵਿਰੋਧ ਕਰਦੇ ਹੋਏ ਕਿਹਾ ਕਿ ਮਾਮਲੇ ਵਿਚ ਕੁੱਲ 180 ਗਵਾਹ ਹਨ, ਜਿਨ੍ਹਾਂ ਵਿੱਚੋਂ 3 ਚਸ਼ਮਦੀਦ ਹਨ। ਹੁਣ ਤੱਕ ਸਿਰਫ ਇਕ ਗਵਾਹ ਦੀ ਗਵਾਹੀ ਹੋਈ ਹੈ। ਬਾਕੀ ਦੋ ਦੀ ਗਵਾਹੀ ਹੋਣਾ ਅਜੇ ਬਾਕੀ ਹੈ। ਹਾਲਾਂਕਿ ਪਟੀਸ਼ਨ ਪੱਖ ਨੇ ਇਸ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਦੋ ਚਸ਼ਮਦੀਦਾਂ ਦੀ ਗਵਾਹੀ ਹੋ ਚੁੱਕੀ ਹੈ ਤੇ ਸਿਰਫ ਇਕ ਦੀ ਬਾਕੀ ਹੈ। ਕੋਰਟ ਨੇ ਮੰਨਿਆ ਕਿ ਅਪਰਾਧ ਦੀ ਗੰਭੀਰਤਾ ਨੂੰ ਦੇਖਦੇ ਹੋਏ ਗਵਾਹਾਂ ਦੀ ਸੁਰੱਖਿਆ ਤੇ ਨਿਰਪੱਖਤਾ ਨੂੰ ਪਹਿਲ ਦੇਣਾ ਜ਼ਰੂਰੀ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਸਾਰੇ ਚਸ਼ਮਦੀਦ ਦੀ ਗਵਾਹੀ ਪੂਰੀ ਨਹੀਂ ਹੁੰਦੀ ਉਦੋਂ ਤੱਕ ਰੈਗੂਲਰ ਜ਼ਮਾਨਤ ਪਟੀਸ਼ਨਾਂ 'ਤੇ ਵਿਚਾਰ ਨਹੀਂ ਕੀਤਾ ਜਾ ਸਕਦਾ। ਮੁਲਜ਼ਮਾਂ ਦੇ ਬਾਹਰ ਆਉਣ 'ਤੇ ਚਸ਼ਮਦੀਦ ਅਸੁਰੱਖਿਅਤ ਮਹਿਸੂਸ ਕਰਨਗੇ, ਜਿਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

# ਪਹਿਲਗਾਮ ਦੇ ਹਮਲਾਵਰਾਂ ਦੀ ਪਾਕਿਸਤਾਨੀ ਨਾਗਰਿਕਤਾ ਬਾਰੇ ਪੁਸ਼ਟੀ ਕਰਦੇ ਸਬੂਤ ਸੁਰੱਖਿਆ ਏਜੰਸੀਆਂ ਨੇ ਕੀਤੇ ਇਕੱਠੇ



ਸ੍ਰੀਨਗਰ, 4 ਅਗਸਤ (ਚ.ਨ.ਸ.) : ਸੁਰੱਖਿਆ ਏਜੰਸੀਆਂ ਨੇ ਪਾਕਿਸਤਾਨ ਸਰਕਾਰ ਵੱਲੋਂ ਜਾਰੀ ਦਸਤਾਵੇਜ਼ਾਂ ਅਤੇ ਬਾਇਓਮੈਟ੍ਰਿਕ ਡਾਟਾ ਸਮੇਤ ਅਜਿਹੇ ਸਬੂਤ ਇਕੱਠੇ ਕੀਤੇ ਹਨ, ਜੋ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪਹਿਲਗਾਮ ਦੇ ਘਾਤਕ ਹਮਲੇ ਵਿੱਚ ਸ਼ਾਮਲ ਤਿੰਨੇ ਮਾਰੇ ਗਏ ਵਿਦੇਸ਼ੀ ਅੱਤਵਾਦੀ ਪਾਕਿਸਤਾਨੀ ਨਾਗਰਿਕ ਸਨ। ਇਹ ਜਾਣਕਾਰੀ ਅਧਿਕਾਰੀਆਂ ਨੇ ਸੋਮਵਾਰ ਨੂੰ ਦਿੱਤੀ। ਲਸ਼ਕਰ-ਏ-ਤੋਇਬਾ ਦੇ ਸੀਨੀਅਰ ਕਾਰਕੁੰਨਾਂ ਵਜੋਂ ਪਛਾਣੇ ਗਏ ਇਹ ਅੱਤਵਾਦੀ 28 ਜੁਲਾਈ ਨੂੰ ਸ੍ਰੀਨਗਰ ਦੇ ਬਾਹਰਵਾਰ ਡਾਚੀਗਾਮ ਦੇ ਜੰਗਲ ਵਿੱਚ ਅਪਰੇਸ਼ਨ 'ਮਹਾਂਦੇਵ' ਦੌਰਾਨ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿੱਚ ਮਾਰੇ ਗਏ ਸਨ। ਉਹ 22 ਅਪ੍ਰੈਲ ਨੂੰ ਪਹਿਲਗਾਮ ਦੇ ਬੈਸਰਨ ਮੈਦਾਨ ਵਿੱਚ ਹੋਏ ਹਮਲੇ ਤੋਂ ਬਾਅਦ ਡਾਚੀਗਾਮ-ਹਰਵਾਨ ਜੰਗਲੀ ਖੇਤਰ ਵਿੱਚ ਲੁਕੇ ਹੋਏ ਸਨ।

ਅਧਿਕਾਰੀਆਂ ਨੇ ਕਿਹਾ ਕਿ ਇਕੱਠੇ ਕੀਤੇ ਗਏ ਸਬੂਤਾਂ ਤੋਂ ਪਤਾ ਚੱਲਦਾ ਹੈ ਕਿ ਇਨ੍ਹਾਂ ਅੱਤਵਾਦੀਆਂ ਵਿੱਚ ਕੋਈ ਵੀ ਸਥਾਨਕ ਨਿਵਾਸੀ ਸ਼ਾਮਲ ਨਹੀਂ ਸੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦੀ ਨੈਸ਼ਨਲ ਡਾਟਾਬੇਸ ਐਂਡ ਰਜਿਸਟ੍ਰੇਸ਼ਨ ਅਥਾਰਟੀ (ਨਾਡਰਾ) ਦੇ ਬਾਇਓਮੈਟ੍ਰਿਕ ਰਿਕਾਰਡ, ਵੋਟਰ ਪਛਾਣ ਪਰਚੀਆਂ ਅਤੇ ਡਿਜੀਟਲ ਸੈਟੇਲਾਈਟ ਫੋਨ ਡਾਟਾ, ਜਿਸ ਵਿੱਚ ਲੌਗ ਅਤੇ ਜੀਪੀਐੱਸ ਵੇਅ-ਪੁਆਇੰਟ ਸ਼ਾਮਲ ਹਨ, ਸੁਰੱਖਿਆ ਏਜੰਸੀਆਂ ਵੱਲੋਂ ਇਕੱਠੇ ਕੀਤੇ ਗਏ ਪੁਖਤਾ ਸਬੂਤਾਂ ਵਿੱਚੋਂ ਹਨ ਜੋ ਤਿੰਨਾਂ ਅੱਤਵਾਦੀਆਂ ਦੀ ਪਾਕਿਸਤਾਨੀ ਨਾਗਰਿਕਤਾ ਦੀ ਪੁਸ਼ਟੀ ਕਰਦੇ ਹਨ।ਉਨ੍ਹਾਂ ਕਿਹਾ ਕਿ ਮੁਕਾਬਲੇ ਤੋਂ ਬਾਅਦ ਦੀ ਜਾਂਚ ਨੇ ਪਹਿਲਗਾਮ ਹਮਲੇ ਵਿੱਚ ਅੱਤਵਾਦੀਆਂ ਦੀ ਸ਼ਮੂਲੀਅਤ ਦੀ ਪੁਸ਼ਟੀ ਕੀਤੀ ਹੈ। ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, "ਪਹਿਲੀ ਵਾਰ, ਸਾਡੇ ਹੱਥ ਪਾਕਿਸਤਾਨ ਸਰਕਾਰ ਵੱਲੋਂ ਜਾਰੀ ਕੀਤੇ ਦਸਤਾਵੇਜ਼ ਲੱਗੇ ਹਨ ਜੋ ਪਹਿਲਗਾਮ ਹਮਲਾਵਰਾਂ ਦੀ ਕੌਮੀਅਤ ਨੂੰ ਬਿਨਾਂ ਕਿਸੇ ਸ਼ੱਕ ਦੇ ਸਾਬਤ ਕਰਦੇ ਹਨ।"ਅਧਿਕਾਰੀਆਂ ਨੇ ਦੱਸਿਆ ਕਿ 'ਅਪਰੇਸ਼ਨ ਮਹਾਦੇਵ' ਦੌਰਾਨ ਅਤੇ ਬਾਅਦ ਵਿੱਚ ਇਕੱਠੇ ਕੀਤੇ ਗਏ ਫੋਰੈਂਸਿਕ, ਦਸਤਾਵੇਜ਼ੀ ਅਤੇ ਗਵਾਹੀ ਸਬੂਤ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਤਿੰਨੋਂ ਹਮਲਾਵਰ ਪਾਕਿਸਤਾਨੀ ਨਾਗਰਿਕ ਅਤੇ ਲਸ਼ਕਰ-ਏ-ਤੋਇਬਾ ਦੇ ਸੀਨੀਅਰ ਕਾਰਕੁੰਨ ਸਨ ਜੋ ਹਮਲੇ ਵਾਲੇ ਦਿਨ ਤੋਂ ਹੀ ਡਾਚੀਗਾਮ-ਹਰਵਾਨ ਜੰਗਲੀ ਖੇਤਰ ਵਿੱਚ ਲੁਕੇ ਹੋਏ ਸਨ। ਉਨ੍ਹਾਂ ਇਹ ਵੀ ਕਿਹਾ ਕਿ ਗੋਲੀਬਾਰੀ ਕਰਨ ਵਾਲੀ ਟੀਮ ਵਿੱਚ ਕੋਈ ਵੀ ਕਸ਼ਮੀਰੀ ਸ਼ਾਮਲ ਨਹੀਂ ਸੀ।ਮਾਰੇ ਗਏ ਅੱਤਵਾਦੀਆਂ ਦੀ ਪਛਾਣ ਸੁਲੇਮਾਨ ਸ਼ਾਹ ਉਰਫ਼ ਫੈਜ਼ਲ ਜੱਟ (ਇੱਕ ਏ++ ਸ਼੍ਰੇਣੀ ਦਾ ਅੱਤਵਾਦੀ, ਮਾਸਟਰਮਾਈਂਡ ਅਤੇ ਮੁੱਖ ਨਿਸ਼ਾਨੇਬਾਜ਼) ਉਸਦਾ ਕਰੀਬੀ ਸਾਥੀ ਅਬੂ ਹਮਜ਼ਾ ਉਰਫ਼ 'ਅਫ਼ਗਾਨ', ਏ-ਗਰੇਡ ਕਮਾਂਡਰ, ਯਾਸਿਰ ਉਰਫ਼ 'ਜਿਬਰਾਨ' ਏ-ਗਰੇਡ ਕਮਾਂਡਰ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਸੁਰੱਖਿਆ ਬਲਾਂ ਨੇ ਹਥਿਆਰਾਂ ਦੇ ਨਾਲ-ਨਾਲ ਸ਼ਾਹ ਅਤੇ ਹਮਜ਼ਾ ਦੀਆਂ ਜੇਬਾਂ ਵਿੱਚੋਂ ਪਾਕਿਸਤਾਨ ਚੋਣ ਕਮਿਸ਼ਨ ਵੱਲੋਂ ਜਾਰੀ ਦੋ ਲੈਮੀਨੇਟਿਡ ਵੋਟਰ ਪਰਚੀਆਂ ਵਰਗੇ ਪਾਕਿਸਤਾਨੀ ਸਰਕਾਰੀ ਦਸਤਾਵੇਜ਼ ਬਰਾਮਦ ਕੀਤੇ ਹਨ।ਅਧਿਕਾਰੀਆਂ ਅਨੁਸਾਰ ਵੋਟਰ ਸੀਰੀਅਲ ਨੰਬਰ ਕ੍ਰਮਵਾਰ ਲਾਹੌਰ (ਐਨ ਏ-125) ਅਤੇ ਗੁਜਰਾਂਵਾਲਾ (ਐਨ ਏ -79) ਦੀਆਂ ਵੋਟਰ ਸੂਚੀਆਂ ਨਾਲ ਮੇਲ ਖਾਂਦੇ ਹਨ।

### ਸਤੇਂਦਰ ਜੈਨ ਵਿਰੁੱਧ ਭ੍ਰਿਸ਼ਟਾਚਾਰ ਦਾ ਮਾਮਲਾ ਬੰਦ

## ਸੀ.ਬੀ.ਆਈ. ਨੂੰ ਨਹੀਂ ਮਿਲਿਆ ਕੋਈ ਸਬੂਤ: ਅਦਾਲਤ



ਨਵੀਂ ਦਿੱਲੀ, 4 ਅਗਸਤ (ਚ.ਨ.ਸ.) : ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਵਿੱਚ ਪੇਸ਼ੇਵਰਾਂ ਦੀ ਅਨਿਯਮਿਤ ਨਿਯੁਕਤੀ ਅਤੇ ਪ੍ਰੋਜੈਕਟ ਫੰਡ ਤੋਂ ਭੁਗਤਾਨ ਦੇ ਦੋਸ਼ਾਂ ਵਿੱਚ ਦਿੱਲੀ ਸਰਕਾਰ ਦੇ ਸਾਬਕਾ ਮੰਤਰੀ ਸਤੇਂਦਰ ਜੈਨ ਅਤੇ ਹੋਰਾਂ ਵਿਰੁੱਧ ਦਾਇਰ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਨੂੰ ਰਾਊਸ ਐਵੇਨਿਊ ਦੀ ਵਿਸ਼ੇਸ਼ ਅਦਾਲਤ ਨੇ ਸਵੀਕਾਰ ਕਰ ਲਿਆ ਹੈ। ਵਿਸ਼ੇਸ਼ ਜੱਜ ਦਿਗਵਿਨੈ ਸਿੰਘ ਨੇ ਕਿਹਾ ਕਿ ਕਈ ਸਾਲਾਂ ਦੀ ਜਾਂਚ ਦੇ ਬਾਵਜੂਦ, ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਜਾਂ ਕਿਸੇ ਹੋਰ ਅਪਰਾਧ ਦੇ ਤਹਿਤ ਦੋਸ਼ਾਂ ਦਾ ਸਮੱਰਥਨ ਕਰਨ ਲਈ ਕੋਈ ਸਬੂਤ ਨਹੀਂ ਮਿਲਿਆ। ਇੰਨੇ ਲੰਬੇ ਸਮੇਂ ਬਾਅਦ ਵੀ, ਕੋਈ ਸਬੂਤ ਨਹੀਂ ਮਿਲਿਆ, ਇਸ ਲਈ ਅੱਗੇ ਦੀ ਕਾਰਵਾਈ ਦਾ ਕੋਈ ਫਾਇਦਾ ਨਹੀਂ ਹੈ। ਅਦਾਲਤ ਨੇ ਕਿਹਾ ਕਿ ਭ੍ਰਿਸ਼ਟਾਚਾਰ ਦੀਆਂ ਧਾਰਾਵਾਂ ਨੂੰ ਲਾਗੂ ਕਰਨ ਲਈ ਕੁਝ ਸਮੱਗਰੀ ਹੋਣੀ ਚਾਹੀਦੀ ਹੈ। ਸਿਰਫ਼ ਡਿਊਟੀ ਵਿੱਚ ਅਣਗਹਿਲੀ ਜਾਂ ਡਿਊਟੀ ਦੀ ਗਲਤ ਵਰਤੋਂ ਨੂੰ ਐਕਟ ਦੇ ਤਹਿਤ ਉਲੰਘਣਾ ਨਹੀਂ ਮੰਨਿਆ ਜਾ ਸਕਦਾ। ਦਿੱਲੀ ਸਰਕਾਰ ਦੇ ਵਿਜੀਲੈਂਸ ਡਾਇਰੈਕਟੋਰੇਟ ਦੀ ਸ਼ਿਕਾਇਤ ਦੇ ਆਧਾਰ 'ਤੇ ਸਤੇਂਦਰ ਜੈਨ ਅਤੇ ਲੋਕ ਨਿਰਮਾਣ ਵਿਭਾਗ ਦੇ ਹੋਰ ਅਧਿਕਾਰੀਆਂ ਵਿਰੁੱਧ 2018 ਵਿੱਚ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਇਹ ਦੋਸ਼ ਹੈ ਕਿ ਜੈਨ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੇ ਭਰਤੀ ਅਤੇ ਵਿੱਤੀ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਸਲਾਹਕਾਰਾਂ ਦੀ ਇੱਕ ਰਚਨਾਤਮਕ ਟੀਮ ਨੂੰ ਅਨਿਯਮਿਤ ਢੰਗ ਨਾਲ ਨਿਯੁਕਤ ਕੀਤਾ ਸੀ। ਇਹ ਵੀ ਦੋਸ਼ ਲਗਾਇਆ ਗਿਆ ਸੀ ਕਿ ਭਰਤੀ ਪ੍ਰਕਿਰਿਆ ਵਿੱਚ ਮਿਆਰੀ ਭਰਤੀ ਪ੍ਰਕਿਰਿਆਵਾਂ ਨੂੰ ਬਾਈਪਾਸ ਕੀਤਾ ਗਿਆ ਸੀ ਅਤੇ ਵਿੱਤ ਵਿਭਾਗ ਦੀ ਪ੍ਰਵਾਨਗੀ ਤੋਂ ਬਿਨਾਂ ਬਾਰਾਪੁਲਾ ਫੇਜ਼-3 ਵਰਗੇ ਗੈਰ-ਸੰਬੰਧਿਤ ਪ੍ਰੋਜੈਕਟਾਂ 'ਤੇ ਪੈਸਾ ਖਰਚ ਕੀਤਾ ਗਿਆ ਸੀ। ਲੱਗਭੱਗ ਚਾਰ ਸਾਲਾਂ ਤੱਕ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ, ਸੀ.ਬੀ.ਆਈ. ਨੂੰ ਕੋਈ ਅਪਰਾਧਿਕ ਮਾਮਲਾ ਜਾਂ ਨਿੱਜੀ ਲਾਭ ਜਾਂ ਰਿਸ਼ਵਤਖੋਰੀ ਦਾ ਸਬੂਤ ਨਹੀਂ ਮਿਲਿਆ। ਸੀ.ਬੀ.ਆਈ. ਰਿਪੋਰਟ ਨੂੰ ਸਵੀਕਾਰ ਕਰਦੇ ਹੋਏ ਅਦਾਲਤ ਨੇ ਕਿਹਾ ਕਿ ਜੇਕਰ ਕਿਸੇ ਵਿਰੁੱਧ ਕੋਈ ਨਵੀਂ ਸਮੱਗਰੀ ਮਿਲਦੀ ਹੈ ਤਾਂ ਸੀ.ਬੀ.ਆਈ. ਮਾਮਲੇ ਦੀ ਹੋਰ ਜਾਂਚ ਕਰਨ ਅਤੇ ਢੁੱਕਵੀਂ ਕਾਰਵਾਈ ਕਰਨ ਲਈ ਸੁਤੰਤਰ ਹੋਵੇਗੀ।

## ਐਸ.ਆਈ.ਆਰ. ਮਾਮਲੇ 'ਤੇ ਸਰਕਾਰ ਨੂੰ

ਲੋਕ ਸਭਾ 2 ਵਜੇ ਤੱਕ ਮੁਲਤਵੀ ਕਰਨ ਤੋਂ ਬਾਅਦ ਕਾਂਗਰਸੀ ਆਗੂ ਦਾ ਇਹ ਬਿਆਨ ਸਾਹਮਣੇ ਆਇਆ ਹੈ।

ਵਿਰੋਧੀ ਧਿਰ ਵੱਲੋਂ ਐਸ.ਆਈ.ਆਰ.ਮੁੱਦਾ ਉਠਾਉਣ ਬਾਰੇ ਪੁੱਛੇ ਜਾਣ 'ਤੇ ਪ੍ਰਿਅੰਕਾ ਗਾਂਧੀ ਨੇ ਕਿਹਾ, "ਇਹ ਬਹੁਤ ਵੱਡਾ ਮੁੱਦਾ ਹੈ। ਜੇ ਵੋਟਰ ਸੂਚੀਆਂ ਨਾਲ ਇਹ ਸਭ ਕੀਤਾ ਜਾ ਰਿਹਾ ਹੈ ਤਾਂ ਸਾਨੂੰ ਇਸ ਨੂੰ ਕਿਉਂ ਨਹੀਂ ਉਠਾਉਣਾ ਚਾਹੀਦਾ?" ਉਨ੍ਹਾਂ ਕਿਹਾ, "ਸਰਕਾਰ ਨੂੰ ਚਰਚਾ ਲਈ ਸਹਿਮਤ ਹੋਣਾ ਚਾਹੀਦਾ ਹੈ ਅਤੇ ਅੱਗੇ ਵਧਣਾ ਚਾਹੀਦਾ ਹੈ।"

ਇੰਡੀਆ ਬਲਾਕ ਪਾਰਟੀਆਂ ਦੇ ਕਈ ਸੰਸਦ ਮੈਂਬਰ ਬਿਹਾਰ ਵਿੱਚ ਚੋਣ ਕਮਿਸ਼ਨ ਦੇ ਵੋਟਰ ਸੂਚੀ ਸੋਧ ਦੇ ਖ਼ਿਲਾਫ਼ ਸੰਸਦ ਭਵਨ ਕੰਪਲੈਕਸ ਵਿੱਚ ਰੋਜ਼ਾਨਾ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ ਅਤੇ ਇਸਨੂੰ ਵਾਪਸ ਲੈਣ ਦੀ ਮੰਗ ਕਰ ਰਹੇ ਹਨ।

ਹਾਲਾਂਕਿ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦੇ ਦੇਹਾਂਤ ਦੇ ਮੱਦੇਨਜ਼ਰ ਸੋਮਵਾਰ ਨੂੰ ਇਹ ਵਿਰੋਧ ਪ੍ਰਦਰਸ਼ਨ ਨਹੀਂ ਕੀਤਾ ਗਿਆ। ਵਿਰੋਧੀ ਧਿਰ ਸੰਸਦ ਦੇ ਦੋਵਾਂ ਸਦਨਾਂ ਵਿੱਚ ਐੱਸਆਈਆਰ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰ ਰਹੀ ਹੈ, ਦੋਸ਼ ਲਾ ਰਹੀ ਹੈ ਕਿ ਚੋਣ ਕਮਿਸ਼ਨ ਦੀ ਇਹ ਕਾਰਵਾਈ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਿਹਾਰ ਵਿੱਚ 'ਵੋਟਰਾਂ ਨੂੰ ਵੋਟ ਤੋਂ ਵਾਂਝੇ' ਕਰਨ ਦੇ ਉਦੇਸ਼ ਨਾਲ ਕੀਤੀ ਗਈ ਸੀ। ਉਹ ਦੋਵਾਂ ਸਦਨਾਂ ਵਿੱਚ ਇਸ ਮੁੱਦੇ 'ਤੇ ਚਰਚਾ ਦੀ ਮੰਗ ਕਰ ਰਹੇ ਹਨ।

## ਵਿਸ਼ੇਸ਼ ਵਿਆਪਕ ਸੁਧਾਈ ਨੂੰ ਲੈ ਕੇ ਲੋਕ ਸਭਾ

ਦੇਖ ਰਹੇ ਹਨ ਕਿ ਕਾਨੂੰਨ ਬਣਾਉਣ ਦੀ ਬਜਾਏ, ਤੁਸੀਂ ਹੰਗਾਮਾ ਕਰ ਰਹੇ ਹੋ।' ਜਦੋਂ ਹੰਗਾਮਾ ਨਹੀਂ ਰੁਕਿਆ, ਤਾਂ ਪਾਲ ਨੇ ਸਦਨ ਦੀ ਕਾਰਵਾਈ ਮੰਗਲਵਾਰ ਨੂੰ ਦੁਪਹਿਰ 2:15 ਵਜੇ ਸਵੇਰੇ 11 ਵਜੇ ਤੱਕ ਮੁਲਤਵੀ ਕਰ ਦਿੱਤੀ। ਇਸ ਤੋਂ ਪਹਿਲਾਂ, ਜਦੋਂ ਸੋਮਵਾਰ ਸਵੇਰੇ ਸਦਨ ਦੀ ਕਾਰਵਾਈ ਸ਼ੁਰੂ ਹੋਈ, ਲੋਕ ਸਭਾ ਸਪੀਕਰ ਓਮ ਬਿਰਲਾ ਨੇ ਪ੍ਰਸ਼ਨ ਕਾਲ ਸ਼ੁਰੂ ਕੀਤਾ, ਤਾਂ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਐਸਆਈਆਰ ਦੇ ਮੁੱਦੇ 'ਤੇ ਚਰਚਾ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ।

ਸਦਨ ਵਿੱਚ ਦੂਜੀ ਵੱਡੀ ਵਿਰੋਧੀ ਪਾਰਟੀ ਸਮਾਜਵਾਦੀ ਪਾਰਟੀ ਦੀ ਸੰਸਦ ਮੈਂਬਰ ਰੁਚੀ ਵੀਰਾ ਨੇ ਪ੍ਰਸ਼ਨ ਕਾਲ ਦੌਰਾਨ ਹੰਗਾਮੇ ਦੌਰਾਨ ਕਿਰਤ ਅਤੇ ਰੁਜ਼ਗਾਰ ਮੰਤਰਾਲੇ ਨਾਲ ਸਬੰਧਤ ਪੂਰਕ ਸਵਾਲ ਪੁੱਛੇ ਅਤੇ ਵਿਭਾਗ ਦੇ ਮੰਤਰੀ ਮਨਸੁਖ ਮੰਡਾਵੀਆ ਨੇ ਉਨ੍ਹਾਂ ਦੇ ਜਵਾਬ ਦਿੱਤੇ। ਲੋਕ ਸਭਾ ਸਪੀਕਰ ਨੇ ਅੰਦੋਲਨਕਾਰੀ ਮੈਂਬਰਾਂ ਨੂੰ ਆਪਣੀਆਂ ਸੀਟਾਂ 'ਤੇ ਬੈਠਣ ਦੀ ਤਾਕੀਦ ਕੀਤੀ ਅਤੇ ਕਿਹਾ, 'ਮੈਂ ਤੁਹਾਨੂੰ ਪਹਿਲਾਂ ਵੀ ਦੱਸਿਆ ਹੈ ਅਤੇ ਮੈਂ ਫਿਰ ਕਹਿ ਰਿਹਾ ਹਾਂ ਕਿ ਪ੍ਰਸ਼ਨ ਕਾਲ ਬਹੁਤ ਮਹੱਤਵਪੂਰਨ ਸਮਾਂ ਹੈ।' ਮੈਂਬਰਾਂ ਦੇ ਨਾਅਰੇਬਾਜ਼ੀ ਅਤੇ ਤਖ਼ਤੀਆਂ 'ਤੇ ਨਿਰਾਸ਼ਾ ਪ੍ਰਗਟ ਕਰਦੇ ਹੋਏ ਉਨ੍ਹਾਂ ਕਿਹਾ ਕਿ ਦੇਸ਼ ਵਿਰੋਧੀ ਮੈਂਬਰਾਂ ਦੇ ਵਿਵਹਾਰ ਨੂੰ ਦੇਖ ਰਿਹਾ ਹੈ। ਜਦੋਂ ਹੰਗਾਮਾ ਨਹੀਂ ਰੁਕਿਆ, ਤਾਂ ਉਨ੍ਹਾਂ ਨੇ ਸਦਨ ਦੀ ਕਾਰਵਾਈ ਸਵੇਰੇ 11:10 ਵਜੇ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ। ਸੰਸਦ ਦਾ ਮਾਨਸੂਨ ਸੈਸ਼ਨ 21 ਜੁਲਾਈ ਨੂੰ ਸ਼ੁਰੂ ਹੋਇਆ ਸੀ ਅਤੇ ਹੇਠਲੇ ਸਦਨ ਵਿੱਚ ਪ੍ਰਸ਼ਨ ਕਾਲ ਸਿਰਫ਼ ਦੋ ਦਿਨ ਪਿਛਲੇ ਮੰਗਲਵਾਰ ਅਤੇ ਬੁੱਧਵਾਰ ਨੂੰ ਹੋਇਆ ਸੀ।

## ਓਵਲ ਟੈਸਟ ਵਿੱਚ ਭਾਰਤ ਦੀ ਸ਼ਾਨਦਾਰ

ਕਰਦਿਆਂ ਛੇ ਦੌੜਾਂ ਬਣਾਈਆਂ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਪਹਿਲੇ ਸਫ਼ੇ ਦੀ ਬਾਕੀ

ਐਟਕਿੰਸਨ ਨੇ ਵੋਕਸ ਨੂੰ ਸਟ੍ਰਾਈਕ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਸਿਰਾਜ ਨੇ ਇੱਕ ਹੋਰ ਸ਼ਾਨਦਾਰ ਯਾਰਕਰ ਮਾਰਦਿਆਂ ਭਾਰਤ ਨੂੰ ਜਿੱਤ ਵੱਲ ਜਾਣ ਲਈ ਮੱਦਦ ਕੀਤੀ।

ਖੇਡ ਸ਼ੁਰੂ ਹੋਣ ਤੋਂ ਪਹਿਲਾਂ ਚਾਰ ਵਿਕਟਾਂ ਹੱਥ ਵਿੱਚ ਹੋਣ ਅਤੇ ਜਿੱਤ ਲਈ 35 ਦੌੜਾਂ ਦੀ ਲੋੜ ਦੇ ਨਾਲ ਇੰਗਲੈਂਡ ਦਾ ਪਲੜਾ ਭਾਰੀ ਸੀ, ਪਰ ਸਿਰਾਜ ਦੀ ਜਬਰਦਸਤ ਗੇਂਦਬਾਜ਼ੀ ਨੇ ਪਹਿਲੀ ਹੀ ਗੇਂਦ ਤੋਂ ਵਿਰੋਧੀ ਬੱਲੇਬਾਜ਼ਾਂ ਦਾ ਪਿੱਚ 'ਤੇ ਟਿਕਣਾ ਮੁਸ਼ਕਲ ਕਰ ਦਿੱਤਾ। ਇਸ ਦੌਰਾਨ ਕ੍ਰਿਸ਼ਨਾ ਉਸ ਦਾ ਚੰਗਾ ਸਾਥ ਦਿੱਤਾ, ਜਿਸ ਕਾਰਨ ਭਾਰਤ ਨੂੰ ਦਬਾਅ ਨਾਲ ਭਰੀ ਪੰਜ ਮੈਚਾਂ ਦੀ ਇਸ ਸੀਰੀਜ਼ ਨੂੰ 2-2 'ਤੇ ਖਤਮ ਕਰਨ ਦਾ ਮੌਕਾ ਦਿੱਤਾ।

ਮੈਚ ਤੋਂ ਬਾਅਦ ਗੱਲਬਾਤ ਕਰਦਿਆਂ ਸਿਰਾਜ ਨੇ ਕਿਹਾ, "ਮੈਂ ਹਮੇਸ਼ਾ ਮੰਨਦਾ ਹਾਂ ਕਿ ਮੈਂ ਕਿਸੇ ਵੀ ਸਮੇਂ ਤੋਂ ਖੇਡ ਜਿੱਤ ਸਕਦਾ ਹਾਂ ਅਤੇ ਸਵੇਰ ਤੱਕ ਅਜਿਹਾ ਕੀਤਾ।" ਇੰਗਲੈਂਡ ਦੇ ਬੱਲੇਬਾਜ਼ਾਂ ਨੂੰ ਲਗਾਤਾਰ ਘੇਰਾ ਪਾਈ ਰੱਖਦਿਆਂ ਸਿਰਾਜ ਨੇ 30.1 ਓਵਰਾਂ ਵਿੱਚ 104 ਦੌੜਾਂ ਦੇ ਕੇ 5 ਵਿਕਟਾਂ ਅਤੇ ਮੈਚ ਵਿੱਚ ਕੁੱਲ ਨੌਂ ਵਿਕਟਾਂ ਹਾਸਲ ਕੀਤੀਆਂ।

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੈਬਨਿਟ ਮੰਤਰੀ ਬੈਂਸ ਨੂੰ

ਉਨ੍ਹਾਂ ਦੱਸਿਆ ਕਿ 6 ਅਗਸਤ ਨੂੰ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਸ੍ਰੀਨਗਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਕਰਵਾਏ ਗਏ ਇਤਰਾਜ਼ਯੋਗ ਪ੍ਰੋਗਰਾਮ ਨਾਲ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਕਰਕੇ ਪੇਸ਼ ਹੋਣ ਲਈ ਆਖਿਆ ਗਿਆ ਹੈ ਅਤੇ ਉਨ੍ਹਾਂ ਨੂੰ ਈ-ਮੇਲ ਰਾਹੀਂ ਜਾਣਕਾਰੀ ਭੇਜ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਆਪਣੇ ਕਰੀਬੀ ਰਿਸ਼ਤੇਦਾਰ ਦੇ ਆਨੰਦ ਕਾਰਜ ਲਈ 12 ਅਗਸਤ ਤੱਕ ਵਿਦੇਸ਼ ਗਏ ਹਨ, ਜਿਸ ਲਈ ਉਨ੍ਹਾਂ ਨੂੰ ਬਾਅਦ ਵਿੱਚ ਪੇਸ਼ ਹੋਣ ਲਈ ਸੱਦਿਆ ਜਾਵੇਗਾ।

## ਨਾਭਾ ਜੇਲ੍ਹ ਵਿੱਚ ਬੰਦ ਸਿਆਸੀ ਆਗੂ ਖ਼ਿਲਾਫ਼

ਉਨ੍ਹਾਂ ਦੱਸਿਆ ਕਿ ਇਨ੍ਹਾਂ ਕਮੇਟੀਆਂ ਵਿੱਚ ਆਬਾਦੀ ਦੇ ਹਿਸਾਬ ਨਾਲ 10 ਤੋਂ 20 ਮੈਂਬਰ ਹੋਣਗੇ। ਇਨ੍ਹਾਂ ਡਿਫੈਂਸ ਕਮੇਟੀਆਂ ਵਿੱਚ ਨਸ਼ਿਆਂ ਦੀ ਅਲਾਮਤ ਦੇ ਖਿਲਾਫ਼ ਕੰਮ ਕਰ ਰਹੇ ਸਾਫ ਸੁਥਰੇ ਅਕਸ ਵਾਲੇ ਲੋਕਾਂ ਨੂੰ ਸ਼ਾਮਲ ਕੀਤਾ ਜਾਵੇਗਾ। ਜਿਨ੍ਹਾਂ ਵਿੱਚ ਸੇਵਾ-ਮੁਕਤ ਫੌਜੀਆਂ, ਅਧਿਆਪਕਾਂ ਅਤੇ ਨੰਬਰਦਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਕਮੇਟੀ ਸਬੰਧਤ ਇਲਾਕੇ ਦੇ ਐਸ.ਡੀ.ਐਮ. ਵੱਲੋਂ ਨੋਟੀਫਾਈ ਕੀਤੀ ਜਾਵੇਗੀ। ਮਾਨ ਨੇ ਦੱਸਿਆ ਕਿ ਇਨ੍ਹਾਂ ਕਮੇਟੀਆਂ ਦੇ ਮੈਂਬਰਾਂ ਨੂੰ ਸਰਕਾਰ ਵੱਲੋਂ ਵਿਸ਼ੇਸ਼ ਸ਼ਨਾਖਤੀ ਕਾਰਡ ਵੀ ਜਾਰੀ ਕੀਤੇ ਜਾਣਗੇ ਤਾਂ ਕਿ ਨਸ਼ਾ ਤਸਕਰਾਂ ਬਾਰੇ ਕੋਈ ਵੀ ਇਤਲਾਹ ਦੇਣ ਜਾਂ ਨਸ਼ਿਆਂ ਦੀ ਰੋਕਥਾਮ ਬਾਰੇ ਹੋਰ ਸਰਗਰਮੀਆਂ ਕਰਵਾਉਣ ਬਾਰੇ ਪ੍ਰਸ਼ਾਸਨ ਨਾਲ ਰਾਬਤਾ ਕਾਇਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪਿੰਡ ਜਾਂ ਵਾਰਡ ਵਿੱਚ 24 ਘੰਟੇ ਨਿਗਰਾਨੀ ਰੱਖੀ ਜਾਵੇਗੀ ਤਾਂ ਕਿ ਕੋਈ ਤਸਕਰ ਨਸ਼ਾ ਵੇਚਣ ਦੀ ਹਿੰਮਤ ਨਾ ਕਰ ਸਕੇ। ਉਨ੍ਹਾਂ ਕਿਹਾ ਕਿ ਇਨ੍ਹਾਂ ਕਮੇਟੀਆਂ ਦੇ ਮੈਂਬਰ ਨਸ਼ਾ ਛੁਡਾਊ ਪ੍ਰੋਗਰਾਮਾਂ ਵਿੱਚ ਵੀ ਪੀੜਤਾਂ ਦੀ ਮਦਦ ਕਰਨਗੇ ਅਤੇ ਨਸ਼ਾ ਛੱਡਣ ਵਾਲਿਆਂ ਦੇ ਮੁੜ ਵਸੇਬੇ ਲਈ ਯਤਨ ਕੀਤੇ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ 100 ਫੀਸਦੀ ਨਸ਼ਾ ਮੁਕਤ ਹੋਣ ਦਾ ਟੀਚਾ ਹਾਸਲ ਕਰਨ ਵਾਲੇ ਪਿੰਡ ਜਾਂ ਵਾਰਡ ਨੂੰ ਸਰਕਾਰੀ ਪੱਧਰ 'ਤੇ ਮਾਨਤਾ ਦਿੱਤੀ ਜਾਵੇਗੀ ਅਤੇ ਇਸ ਪਿੰਡ ਜਾਂ ਵਾਰਡ ਦੇ ਕਮੇਟੀ ਮੈਂਬਰਾਂ ਨੂੰ ਵਿਸ਼ੇਸ਼ ਤੌਰ 'ਤੇ ਪ੍ਰਸ਼ੰਸਾ ਪੱਤਰ ਵੀ ਜਾਰੀ ਕੀਤੇ ਜਾਣਗੇ। ਭਗਵੰਤ ਸਿੰਘ ਮਾਨ ਨੇ ਅੱਗੇ ਦੱਸਿਆ ਕਿ ਇਹ ਕਮੇਟੀਆਂ ਨੁੱਕੜ ਨਾਟਕਾਂ ਰਾਹੀਂ ਅਤੇ ਘਰ-ਘਰ ਜਾ ਕੇ ਲੋਕਾਂ ਨੂੰ ਨਸ਼ਿਆਂ ਦੀ ਅਲਾਮਤ ਵਿਰੁੱਧ ਜਾਗਰੂਕ ਕਰਨਗੀਆਂ। ਇਸੇ ਤਰ੍ਹਾਂ ਸਕੂਲਾਂ ਵਿੱਚ ਵੀ ਬੱਚਿਆਂ ਨੂੰ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 10,000 ਤੋਂ ਵੱਧ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਗਈਆਂ ਹਨ। ਵੱਡੀ ਗਿਣਤੀ ਵਿੱਚ ਪੰਚਾਇਤਾਂ ਵੱਲੋਂ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਲਈ ਮਤੇ ਪਾਏ ਜਾ ਰਹੇ ਹਨ। ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਣ ਵਾਲੀਆਂ ਰਵਾਇਤੀ ਸਿਆਸੀ ਪਾਰਟੀਆਂ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਸੂਬੇ ਦੇ ਮੱਥੇ ਤੋਂ ਨਸ਼ਿਆਂ ਦਾ ਕਲੰਕ ਲਾਹੁਣ ਲਈ 'ਯੁੱਧ ਨਸ਼ਿਆਂ ਵਿਰੁੱਧ' ਵਰਗੀਆਂ ਮੁਹਿੰਮਾਂ ਚਲਾਉਣੀਆਂ ਪੈ ਰਹੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ, ਜੇਕਰ ਪਿਛਲੀਆਂ ਸਰਕਾਰਾਂ ਨੇ ਨਸ਼ਾ ਤਸਕਰਾਂ ਨੂੰ ਨੱਥ ਪਾਈ ਹੁੰਦੀ ਤਾਂ ਸਾਨੂੰ ਅੱਜ ਇਹੋ ਜਿਹੇ ਸਮਾਗਮ ਕਰਵਾਉਣ ਦੀ ਲੋੜ ਨਹੀਂ ਸੀ। ਸਰਕਾਰਾਂ ਤਾਂ ਪਿੰਡਾਂ ਤੇ ਸ਼ਹਿਰਾਂ ਵਿੱਚ ਵਿਕਾਸ ਕਰਨ ਲਈ ਵਿਕਾਸ ਕਮੇਟੀਆਂ ਦਾ ਗਠਨ ਕਰਦੀਆਂ ਹੁੰਦੀਆਂ ਹਨ, ਪਰ ਸਾਨੂੰ ਮਜਬੂਰਨ ਡਿਫੈਂਸ ਕਮੇਟੀਆਂ ਬਣਾਉਣੀਆਂ ਪੈ ਰਹੀਆਂ ਹਨ। ਅਸੀਂ ਨਸ਼ਾ ਤਸਕਰਾਂ ਵਿਰੁੱਧ ਜੰਗ ਲੜ ਰਹੇ ਹਾਂ, ਰਵਾਇਤੀ ਪਾਰਟੀਆਂ ਪੁਸ਼ਤਪਨਾਹੀ ਕਰਦੀਆਂ ਸਨ। ਨਾਭਾ ਜੇਲ੍ਹ ਵਿੱਚ ਬੰਦ ਸਾਬਕਾ ਅਕਾਲੀ ਮੰਤਰੀ ਦੇ ਹੱਕ ਵਿੱਚ ਆਏ ਰਵਾਇਤੀ ਪਾਰਟੀਆਂ ਦੇ ਆਗੂਆਂ ਉੱਤੇ ਤਿੱਖਾ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਹੜਾ ਆਗੂ ਨਸ਼ਾ ਤਸਕਰੀ ਦੇ ਦੋਸ਼ਾਂ ਦਾ ਸਾਹਮਣਾ ਕਰ ਹੋਵੇ, ਉਸ ਦੇ ਹੱਕ ਵਿੱਚ ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ, ਸੁਖਪਾਲ ਸਿੰਘ ਖਹਿਰਾ, ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਅਤੇ ਰਵਨੀਤ ਸਿੰਘ ਬਿੱਟੂ ਖੁੱਲ੍ਹ ਕੇ ਬਿਆਨਬਾਜ਼ੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਰਵਾਇਤੀ ਪਾਰਟੀਆਂ ਦੀ ਆਪਸੀ ਮਿਲੀਭੁਗਤ ਸਾਹਮਣੇ ਆਈ ਹੈ ਜੋ ਸੱਤਾ ਵਿੱਚ ਹੁੰਦੀਆਂ ਇਕ-ਦੂਜੇ ਦੇ ਕਾਲੇ ਕਾਰਨਾਮਿਆਂ ਉੱਤੇ ਪਰਦਾ ਪਾਉਂਦੀਆਂ ਰਹੀਆਂ ਹਨ। ਉਨ੍ਹਾਂ ਨੇ ਰਵਾਇਤੀ ਸਿਆਸੀ ਪਾਰਟੀਆਂ ਨੂੰ ਮੁੜ ਚੁਣੌਤੀ ਦਿੱਤੀ ਕਿ ਪੰਜਾਬ ਵਾਸੀਆਂ ਨੂੰ ਸਪੱਸ਼ਟ ਕੀਤਾ ਜਾਵੇ ਕਿ ਉਹ ਨਸ਼ਾ ਤਸਕਰਾਂ ਦੇ ਹੱਕ ਵਿੱਚ ਹਨ ਜਾਂ ਵਿਰੋਧ ਵਿੱਚ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜੇਲ੍ਹ ਵਿੱਚ ਬੰਦ ਸਾਬਕਾ ਅਕਾਲੀ ਮੰਤਰੀ ਵਿਰੁੱਧ ਅਹਿਮ ਸਬੂਤ ਮਿਲੇ ਹਨ ਜੋ ਅਦਾਲਤ ਵਿੱਚ ਪੇਸ਼ ਕੀਤੇ ਜਾਣਗੇ। ਪੰਜਾਬ ਵਾਸੀਆਂ ਲਈ ਇਕ ਹੋਰ ਵੱਡਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੌਨਸੂਨ ਸੀਜ਼ਨ ਖਤਮ ਹੋਣ ਤੋਂ ਬਾਅਦ ਸੂਬੇ ਵਿੱਚ 20,000 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਵਿਆਪਕ ਪੱਧਰ ਉੱਤੇ ਸ਼ੁਰੂ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਲਿੰਕ ਸੜਕਾਂ ਸੂਬੇ ਦੇ ਅਰਥਚਾਰੇ ਦੀ ਜੀਵਨ ਰੇਖਾ ਹਨ। ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਵੱਡੇ ਲੋਕ ਪੱਖੀ ਫੈਸਲੇ ਲਏ ਹਨ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਟੇਲਾਂ ਉਤੇ ਨਹਿਰੀ ਪਾਣੀ ਪਹੁੰਚਿਆ ਹੈ, ਜਿਸ ਨਾਲ ਸਿੰਜਾਈ ਲਈ ਪਾਣੀ ਦੀ ਸਮੱਸਿਆ ਖਤਮ ਹੋ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਬਿਨਾਂ ਕਿਸੇ ਸਿਫਾਰਸ਼ ਅਤੇ ਰਿਸ਼ਵਤ ਤੋਂ 55000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚ ਕਈ ਥਾਵਾਂ ਉਤੇ ਟੋਲ ਪਲਾਜ਼ੇ ਬੰਦ ਕਰਨ ਨਾਲ ਪੰਜਾਬ ਵਾਸੀਆਂ ਦੇ ਰੋਜ਼ਾਨਾ 64 ਲੱਖ ਰੁਪਏ ਬਚ ਰਹੇ ਹਨ, ਜੋ ਬਹੁਤ ਵੱਡੀ ਆਰਥਿਕ ਰਾਹਤ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਸ਼ਨਾਖਤੀ ਕਾਰਡ ਜਾਰੀ ਕੀਤੇ। ਇਸ ਮੌਕੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ, ਮਕਾਨ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਡੀ.ਜੀ.ਪੀ ਪੰਜਾਬ ਗੌਰਵ ਯਾਦਵ ਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

## ਸੁਪਰੀਮ ਕੋਰਟ ਵੱਲੋਂ ਪੰਜਾਬ ਦੇ ਚਾਰ

ਖੜ੍ਹੇ ਖਾਣਾ ਖਾ ਰਹੇ ਸਨ, ਤਾਂ ਕੁਝ ਸਾਦੇ ਕੱਪੜਿਆਂ ਵਿਚ ਪੁਲਿਸ ਅਧਿਕਾਰੀ ਉਨਾਂ ਕੋਲ ਆਏ ਅਤੇ ਕਰਨਲ ਨੂੰ ਆਪਣੀ ਗੱਡੀ ਹਟਾਉਣ ਲਈ ਕਿਹਾ ਤਾਂ ਜੋ ਉਹ ਆਪਣੀ ਗੱਡੀ ਖੜ੍ਹੀ ਕਰ ਸਕਣ। ਜਿਸ ਤੋਂ ਬਾਅਦ ਵਿਚ ਇਕ ਦਰਜਨ ਤੋਂ ਵੱਧ ਪੁਲਿਸ ਕਰਮਚਾਰੀਆਂ ਨੇ ਕਥਿਤ ਤੌਰ ਉੱਤੇ ਕਰਨਲ ਅਤੇ ਉਨ੍ਹਾਂ ਦੇ ਪੁੱਤਰ ਨਾਲ ਕੁੱਟਮਾਰ ਕੀਤੀ ਸੀ।

## ਤਰਨਤਾਰਨ ਝੂਠੇ ਮੁਕਾਬਲੇ ਮਾਮਲੇ 'ਚ

ਗਏ ਚਾਰ ਲੋਕ ਵੀ ਵਿਸ਼ੇਸ਼ ਪੁਲਿਸ ਅਧਿਕਾਰੀ ਸਨ। ਇਸ ਦੇ ਬਾਵਜੂਦ, ਪੁਲਿਸ ਨੇ ਉਨ੍ਹਾਂ ਨੂੰ ਅੱਤਵਾਦੀ ਕਹਿ ਕੇ ਮਾਰ ਦਿੱਤਾ। ਮ੍ਰਿਤਕਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਨਹੀਂ ਸੌਂਪੀਆਂ ਗਈਆਂ।

10 ਮੁਲਜ਼ਮਾਂ ਦੇ ਨਾਮ 1.ਡੀਐਸਪੀ ਭੁਪਿੰਦਰਜੀਤ ਸਿੰਘ, 2.ਏਐਸਆਈ ਦਵਿੰਦਰ ਸਿੰਘ, 3. ਏਐਸਆਈ ਗੁਲਬਰਗ ਸਿੰਘ, 4. ਇੰਸਪੈਕਟਰ ਸੂਬਾ ਸਿੰਘ, 5. ਏਐਸਆਈ ਰਘੂਬੀਰ ਸਿੰਘ, 6.ਇੰਸਪੈਕਟਰ ਗੁਰਦੇਵ ਸਿੰਘ (ਮੁਕੱਦਮੇ ਦੌਰਾਨ ਹੋਈ ਮੌਤ), 7. ਐਸਆਈ ਗਿਆਨ ਚੰਦ (ਮੁਕੱਦਮੇ ਦੌਰਾਨ ਹੋਈ ਮੌਤ) ,8.ਏਐਸਆਈ ਜਗਵੀਰ ਸਿੰਘ (ਮੁਕੱਦਮੇ ਦੌਰਾਨ ਹੋਈ ਮੌਤ), 9. ਹੈੱਡ ਕਾਂਸਟੇਬਲ ਮਹਿੰਦਰ ਸਿੰਘ (ਮੁਕੱਦਮੇ ਦੌਰਾਨ ਹੋਈ ਮੌਤ), 10.ਹੈੱਡ ਕਾਂਸਟੇਬਲ ਅਰਨੂਰ ਸਿੰਘ (ਮੁਕੱਦਮੇ ਦੌਰਾਨ ਹੋਈ ਮੌਤ)

## ਅਕਾਲੀ ਦਲ ਦੀ ਰੈਲੀ ਦੌਰਾਨ ਮਲੂਕਾ ਦੀ ਵਿਗੜੀ ਸਿਹਤ,

ਡਿੱਗਣ ਲੱਗੇ। ਇਸ ਦੌਰਾਨ ਉਨ੍ਹਾਂ ਨੂੰ ਸਾਥੀਆਂ ਅਤੇ ਸੁਰੱਖਿਆ ਕਰਮਚਾਰੀਆਂ ਨੇ ਮੋਢਾ ਦੇ ਕੇ ਸੰਭਾਲ ਲਿਆ। ਇਸ ਉਪਰੰਤ ਉਨ੍ਹਾਂ ਨੂੰ ਤੁਰੰਤ ਨਜ਼ਦੀਕੀ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀ ਸਿਹਤ ਜਾਂਚ ਕੀਤੀ ਗਈ ਹੈ, ਜੋ ਬਿਲਕੁਲ ਠੀਕ ਆਈ ਹੈ। ਜਾਂਚ ਉਪਰੰਤ ਮਲੂਕਾ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਉਨ੍ਹਾਂ ਦੇ ਕਰੀਬੀ ਨੇ ਦੱਸਿਆ ਕਿ ਗਰਮੀ ਹੋਣ ਕਰਕੇ ਸਿਕੰਦਰ ਸਿੰਘ ਮਲੂਕਾ ਨੂੰ ਥੋੜੀ ਘਬਰਾਹਟ ਮਹਿਸੂਸ ਹੋਈ ਸੀ, ਜਿਸ ਕਰਕੇ ਉਨ੍ਹਾਂ ਨੂੰ ਹਸਪਤਾਲ ਲਿਜਾਣਾ ਪਿਆ ਪਰ ਉਹ ਬਿਲਕੁਲ ਠੀਕ ਹਨ।

## 'ਕੋਈ ਵੀ ਸੱਚਾ ਭਾਰਤੀ ਅਜਿਹਾ ਨਹੀਂ ਕਹੇਗਾ'

ਤਿੰਨ ਹਫ਼ਤਿਆਂ ਵਿੱਚ ਜਵਾਬ ਵੀ ਮੰਗਿਆ।

ਮਈ ਵਿੱਚ, ਇਲਾਹਾਬਾਦ ਹਾਈ ਕੋਰਟ ਨੇ ਲਖਨਊ ਵਿੱਚ ਐਮਪੀ-ਐਮਐਲਏ ਅਦਾਲਤ ਦੁਆਰਾ ਪਾਸ ਕੀਤੇ ਸੰਮਨ ਆਦੇਸ਼ ਨੂੰ ਚੁਣੌਤੀ ਦੇਣ ਵਾਲੀ ਗਾਂਧੀ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ।

ਰਾਹੁਲ ਗਾਂਧੀ ਨੇ ਕੀ ਬਿਆਨ ਦਿੱਤਾ ਸੀ?

ਰਾਹੁਲ ਗਾਂਧੀ ਵਿਰੁੱਧ ਮਾਣਹਾਨੀ ਦਾ ਮਾਮਲਾ ਦਰਜ ਕੀਤਾ ਗਿਆ ਸੀ ਕਿਉਂਕਿ ਉਨ੍ਹਾਂ ਨੇ ਫੌਜ ਬਾਰੇ ਟਿੱਪਣੀ ਕੀਤੀ ਸੀ। ਰਾਹੁਲ ਗਾਂਧੀ ਨੇ ਕਿਹਾ ਸੀ ਕਿ ਚੀਨੀ ਸੈਨਿਕ ਅਰੁਣਾਚਲ ਪ੍ਰਦੇਸ਼ ਵਿੱਚ ਭਾਰਤੀ ਸੈਨਿਕਾਂ ਨੂੰ ਕੁੱਟ ਰਹੇ ਸਨ। ਇਹ ਟਿੱਪਣੀ 2022 ਵਿੱਚ ਰਾਜਸਥਾਨ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੀਤੀ ਗਈ ਸੀ।

ਕਾਂਗਰਸ ਨੇਤਾ ਨੇ ਕਿਹਾ ਸੀ, ਲੋਕ ਭਾਰਤ ਜੋੜੋ ਯਾਤਰਾ, ਅਸ਼ੋਕ ਗਹਿਲੋਤ ਅਤੇ ਸਚਿਨ ਪਾਇਲਟ ਆਦਿ ਬਾਰੇ ਇੱਥੇ ਅਤੇ ਉੱਥੇ ਪੁੱਛਣਗੇ। ਪਰ ਉਹ ਚੀਨ ਵੱਲੋਂ 2000 ਵਰਗ ਕਿਲੋਮੀਟਰ ਭਾਰਤੀ ਜ਼ਮੀਨ 'ਤੇ ਕਬਜ਼ਾ ਕਰਨ, 20 ਭਾਰਤੀ ਸੈਨਿਕਾਂ ਨੂੰ ਮਾਰਨ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਸਾਡੇ ਸੈਨਿਕਾਂ ਨੂੰ ਕੁੱਟਣ ਬਾਰੇ ਇੱਕ ਵੀ ਸਵਾਲ ਨਹੀਂ ਪੁੱਛਣਗੇ। ਭਾਰਤੀ ਪ੍ਰੈਸ ਉਨ੍ਹਾਂ ਤੋਂ ਇਸ ਬਾਰੇ ਇੱਕ ਵੀ ਸਵਾਲ ਨਹੀਂ ਪੁੱਛਦੀ। ਇਸ ਬਿਆਨ ਲਈ ਉਨ੍ਹਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ।

ਰਾਹੁਲ ਗਾਂਧੀ ਵਿਰੁੱਧ ਉੱਤਰ ਪ੍ਰਦੇਸ਼ ਵਿੱਚ ਮਾਣਹਾਨੀ ਦਾ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਇੱਕ ਹੇਠਲੀ ਅਦਾਲਤ ਨੇ ਉਨ੍ਹਾਂ ਨੂੰ ਸੰਮਨ ਜਾਰੀ ਕੀਤੇ ਸਨ। ਇਸ ਤੋਂ ਬਾਅਦ, ਉਨ੍ਹਾਂ ਨੇ ਇਲਾਹਾਬਾਦ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਕਾਰਵਾਈ ਅਤੇ ਸੰਮਨ ਰੱਦ ਕਰਨ ਦੀ ਮੰਗ ਕੀਤੀ ਸੀ।

## ਭ੍ਰਿਸ਼ਟਾਚਾਰ ਅਤੇ ਅਪਰਾਧਿਕ ਕੇਸਾਂ ਦੇ ਦੋਸ਼ੀ ਪੁਲਿਸ

ਉਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਤਹਿਤ ਗੰਭੀਰ ਦੋਸ਼ ਹਨ। ਇਸ ਮਾਮਲੇ ਵਿੱਚ, 23 ਅਕਤੂਬਰ, 2023 ਨੂੰ ਪਟਿਆਲਾ ਦੇ ਵਿਜੀਲੈਂਸ ਬਿਊਰੋ ਪੁਲਿਸ ਸਟੇਸ਼ਨ ਵਿੱਚ ਇੱਕ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਇਸ ਦੇ ਬਾਵਜੂਦ, ਉਹ ਇਸ ਸਮੇਂ ਬਰਨਾਲਾ ਵਿੱਚ ਪੁਲਿਸ ਲਾਈਨ ਵਿੱਚ ਤਾਇਨਾਤ ਹੈ। ਇਸ 'ਤੇ ਸਖ਼ਤ ਰੁਖ਼ ਅਪਣਾਉਂਦੇ ਹੋਏ, ਹਾਈ ਕੋਰਟ ਨੇ ਕਿਹਾ ਕਿ ਅਦਾਲਤ ਇਹ ਜਾਣ ਕੇ ਹੈਰਾਨ ਹੈ ਕਿ ਇੰਨੇ ਗੰਭੀਰ ਦੋਸ਼ਾਂ ਦੇ ਬਾਵਜੂਦ, ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਨਾ ਸਿਰਫ਼ ਬਹਾਲ ਕੀਤਾ ਗਿਆ, ਸਗੋਂ ਉਹ ਸੇਵਾ ਵਿੱਚ ਵੀ ਬਣੇ ਰਹੇ। ਇਸ ਸਥਿਤੀ ਨੂੰ ਬਹੁਤ ਗੰਭੀਰ ਮੰਨਦੇ ਹੋਏ, ਅਦਾਲਤ ਨੇ ਪੁਲਿਸ ਡਾਇਰੈਕਟਰ ਜਨਰਲ ਨੂੰ ਇੱਕ ਵਿਸਤ੍ਰਿਤ ਹਲਫ਼ਨਾਮਾ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਹੈ ਜਿਸ ਵਿੱਚ ਅਧਿਕਾਰੀ ਦਾ ਨਾਮ ਅਤੇ ਅਹੁਦਾ, ਮੌਜੂਦਾ ਤਾਇਨਾਤੀ,ਐਫ.ਆਈ.ਆਰ. ਵੇਰਵੇ (ਨੰਬਰ, ਮਿਤੀ, ਧਾਰਾ, ਪੁਲਿਸ ਸਟੇਸ਼ਨ), ਜਾਂਚ ਜਾਂ ਮੁਕੱਦਮੇ ਦੀ ਸਥਿਤੀ, ਵਿਭਾਗੀ ਜਾਂ ਅਨੁਸ਼ਾਸਨੀ ਕਾਰਵਾਈ ਅਤੇ ਉਸ ਦੀ ਮੌਜੂਦਾ ਸਥਿਤੀ, ਜੇਕਰ ਬਹਾਲ ਕੀਤਾ ਜਾਂਦਾ ਹੈ, ਤਾਂ ਬਹਾਲੀ ਦੀ ਮਿਤੀ ਸ਼ਾਮਲ ਹੋਵੇ। ਇਹ ਮਾਮਲਾ ਇੱਕ ਡਰੱਗਜ਼ ਕੇਸ ਵਿੱਚ ਪੰਜ ਮੁਲਜ਼ਮਾਂ ਦੀ ਨਿਯਮਤ ਜ਼ਮਾਨਤ ਪਟੀਸ਼ਨ ਨਾਲ ਸਬੰਧਤ ਹੈ, ਜਿਸ ਵਿੱਚ ਦੱਸਿਆ ਗਿਆ ਸੀ ਕਿ ਇੰਸਪੈਕਟਰ ਵਿਜੇ ਕੁਮਾਰ ਨੇ ਨਾ ਸਿਰਫ਼ ਪਟੀਸ਼ਨਕਰਤਾ ਨੂੰ ਸਗੋਂ ਕਈ ਨਿਰਦੋਸ਼ ਲੋਕਾਂ ਨੂੰ ਐਨ.ਡੀ.ਪੀ.ਐਸ. ਐਕਟ ਅਧੀਨ ਝੂਠੇ ਦੋਸ਼ਾਂ ਹੇਠ ਫਸਾਇਆ ਸੀ। ਇਸ ਮਾਮਲੇ ਵਿੱਚ ਅਗਲੀ ਸੁਣਵਾਈ 25 ਅਗਸਤ, 2025 ਨੂੰ ਹੋਵੇਗੀ।

## ਦਸ ਜ਼ਿਲ੍ਹਾ ਤੇ ਸੈਸ਼ਨ ਜੱਜਾਂ ਨੇ ਹਾਈ ਕੋਰਟ ਦੇ ਵਧੀਕ ਜੱਜਾਂ

ਨੌਕਰਸ਼ਾਹ, ਕਾਨੂੰਨੀ ਭਾਈਚਾਰੇ ਦੇ ਮੈਂਬਰ ਅਤੇ ਨਵਨਿਯੁਕਤ ਜੱਜਾਂ ਦੇ ਪਰਿਵਾਰ ਸ਼ਾਮਲ ਹੋਏ। ਹਲਫ਼ ਲੈਣ ਵਾਲਿਆਂ ਵਿੱਚ ਵੀਰਿੰਦਰ ਅਗਰਵਾਲ, ਮਨਦੀਪ ਪੰਨੂ, ਅਮਰਿੰਦਰ ਸਿੰਘ ਗਰੇਵਾਲ, ਪਰਮੋਦ ਗੋਇਲ, ਰੁਪਿੰਦਰਜੀਤ ਚਾਹਲ, ਸ਼ਾਲਿਨੀ ਸਿੰਘ ਨਾਗਪਾਲ, ਸੁਭਾਸ਼ ਮੇਹਲਾ, ਸੂਰਿਆ ਪ੍ਰਤਾਪ ਸਿੰਘ, ਆਰਾਧਨਾ ਸਾਹਨੀ ਅਤੇ ਯਸ਼ਵੀਰ ਸਿੰਘ ਰਾਠੌਰ ਸ਼ਾਮਲ ਹਨ। ਇਨ੍ਹਾਂ ਨਵੀਆਂ ਨਿਯੁਕਤੀਆਂ ਨਾਲ ਬਕਾਇਆ ਕੇਸਾਂ ਦੇ ਨਿਪਟਾਰੇ ਨੂੰ ਰਫ਼ਤਾਰ ਮਿਲਣ ਦੀ ਉਮੀਦ ਹੈ, ਜਦੋਂ ਹਾਈ ਕੋਰਟ ਦਹਾਕਿਆਂ ਤੋਂ ਇਕੱਠੇ ਹੋਏ ਬੈਕਲਾਗ ਨੂੰ ਖਤਮ ਕਰਨ ਦੇ ਔਖੇ ਕੰਮ ਵਿੱਚ ਰੁੱਝੀ ਹੋਈ ਹੈ। ਇਹ ਪੇਸ਼ਕਦਮੀ ਇਸ ਵਧਦੀ ਉਮੀਦ ਦੇ ਪਿਛੋਕੜ ਵਿੱਚ ਵੀ ਆਈ ਹੈ ਕਿ ਆਉਣ ਵਾਲੇ ਮਹੀਨਿਆਂ ਵਿੱਚ ਬੈਂਚ ਵਿੱਚ ਤਰੱਕੀ ਲਈ ਵਕੀਲਾਂ ਦੇ ਨਾਮ ਭੇਜੇ ਜਾ ਸਕਦੇ ਹਨ।

## ਭਾਰਤੀ ਪ੍ਰਧਾਨ ਮੰਤਰੀ ਨਾਲ ਚੰਗੇ ਸਬੰਧ ਪਰ

ਅਸਲੀਅਤ ਜਾਣਨੀ ਪਵੇਗੀ। ਲਿਹਾਜ਼ਾ ਰਾਸ਼ਟਰਪਤੀ ਟਰੰਪ ਲਈ, ਯੂਕਰੇਨ ਵਿੱਚ ਚੱਲ ਰਹੀ ਜੰਗ ਨਾਲ ਕੂਟਨੀਤਕ, ਵਿੱਤੀ ਅਤੇ ਹੋਰ ਤਰੀਕਿਆਂ ਨਾਲ ਨਜਿੱਠਣ ਲਈ ਸਾਰੇ ਬਦਲ ਵਿਚਾਰਧੀਨ ਹਨ।" ਮਿਲਰ ਨੇ ਦੋਸ਼ ਲਗਾਇਆ ਕਿ ਭਾਰਤ ਅਮਰੀਕੀ ਉਤਪਾਦਾਂ ਨੂੰ ਸਵੀਕਾਰ ਨਹੀਂ ਕਰਦਾ ਕਿਉਂਕਿ ਉਹ ਉਨ੍ਹਾਂ 'ਤੇ ਭਾਰੀ ਟੈਰਿਫ ਲਗਾਉਂਦਾ ਹੈ।

ਉਨ੍ਹਾਂ ਕਿਹਾ, "ਭਾਰਤ ਸਾਡੇ ਉਤਪਾਦਾਂ ਨੂੰ ਸਵੀਕਾਰ ਨਹੀਂ ਕਰਦਾ, ਉਹ ਸਾਡੇ 'ਤੇ ਭਾਰੀ ਟੈਰਿਫ ਲਗਾਉਂਦੇ ਹਨ। ਅਸੀਂ ਇਹ ਵੀ ਜਾਣਦੇ ਹਾਂ ਕਿ ਉਹ ਇਮੀਗ੍ਰੇਸ਼ਨ ਨੀਤੀਆਂ 'ਤੇ ਬਹੁਤ ਧੋਖਾਧੜੀ ਕਰਦੇ ਹਨ। ਇਹ ਅਮਰੀਕੀ ਕਾਮਿਆਂ ਲਈ ਬਹੁਤ ਨੁਕਸਾਨਦੇਹ ਹੈ।" ਕਾਬਿਲੇਗੌਰ ਹੈ ਕਿ ਅਮਰੀਕੀ ਸਦਰ ਡੋਨਲਡ ਟਰੰਪ ਨੇ 1 ਅਗਸਤ ਨੂੰ ਦਾਅਵਾ ਕੀਤਾ ਸੀ ਕਿ ਭਾਰਤ ਰੂਸੀ ਤੇਲ ਖਰੀਦਣਾ ਬੰਦ ਕਰ ਸਕਦਾ ਹੈ, ਜਦੋਂ ਕਿ ਭਾਰਤ ਨੇ ਆਪਣੇ ਕੌਮੀ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਊਰਜਾ ਨੀਤੀ ਨੂੰ ਅਪਣਾਉਣ ਦੇ ਆਪਣੇ ਪ੍ਰਭੂਸੱਤਾ ਅਧਿਕਾਰ ਦਾ ਬਚਾਅ ਕੀਤਾ।

## ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦਾ ਦੇਹਾਂਤ,

ਛੂਹਿਆ। ਉਹ ਖਾਸ ਤੌਰ 'ਤੇ ਆਦਿਵਾਸੀ ਭਾਈਚਾਰਿਆਂ, ਗਰੀਬਾਂ ਤੇ ਪਛੜੇ ਲੋਕਾਂ ਦੇ ਸਸ਼ਕਤੀਕਰਨ ਲਈ ਸਮਰਪਿਤ ਸਨ। ਮੈਂ ਉਨ੍ਹਾਂ ਦੇ ਦੇਹਾਂਤ 'ਤੇ ਦੁਖੀ ਹਾਂ। ਮੇਰੀਆਂ ਸੰਵੇਦਨਾਵਾਂ ਉਨ੍ਹਾਂ ਦੇ ਪਰਿਵਾਰ ਤੇ ਪ੍ਰਸ਼ੰਸਕਾਂ ਨਾਲ ਹਨ। ਮੈਂ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨਾਲ ਗੱਲ ਕੀਤੀ ਤੇ ਆਪਣੀ ਸੰਵੇਦਨਾ ਪ੍ਰਗਟ ਕੀਤੀ। ਓਮ ਸ਼ਾਂਤੀ।

ਸ਼ਿਬੂ ਦੀ ਮੌਤ ਤੋਂ ਮੈਨੂੰ ਬਹੁਤ ਦੁੱਖ ਹੋਇਆ: ਰਾਜਨਾਥ ਸਿੰਘ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਸੋਰੇਨ ਦੀ ਮੌਤ 'ਤੇ ਕਿਹਾ, ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਤੇ ਦੇਸ਼ ਦੇ ਸਭ ਤੋਂ ਸੀਨੀਅਰ ਨੇਤਾਵਾਂ 'ਚੋਂ ਇੱਕ ਸ਼ਿਬੂ ਸੋਰੇਨ ਨੂੰ ਝਾਰਖੰਡ ਦੇ ਉਨ੍ਹਾਂ ਦਿੱਗਜ ਨੇਤਾਵਾਂ 'ਚ ਗਿਣਿਆ ਜਾਂਦਾ ਸੀ, ਜਿਨ੍ਹਾਂ ਨੇ ਸਮਾਜ ਦੇ ਕਮਜ਼ੋਰ ਵਰਗਾਂ, ਖਾਸ ਕਰਕੇ ਆਦਿਵਾਸੀ ਸਮਾਜ ਦੇ ਅਧਿਕਾਰਾਂ ਤੇ ਸਸ਼ਕਤੀਕਰਨ ਲਈ ਜੀਵਨ ਭਰ ਲੜਾਈ ਲੜੀ। ਉਹ ਹਮੇਸ਼ਾ ਜ਼ਮੀਨ ਤੇ ਲੋਕਾਂ ਨਾਲ ਜੁੜੇ ਰਹੇ। ਮੇਰੀ ਵੀ ਉਨ੍ਹਾਂ ਨਾਲ ਬਹੁਤ ਪੁਰਾਣੀ ਜਾਣ-ਪਛਾਣ ਸੀ। ਉਨ੍ਹਾਂ ਦੀ ਮੌਤ ਤੋਂ ਮੈਨੂੰ ਬਹੁਤ ਦੁੱਖ ਹੋਇਆ ਹੈ। ਉਨ੍ਹਾਂ ਦੇ ਪਰਿਵਾਰ ਅਤੇ ਸਮਰਥਕਾਂ ਨਾਲ ਮੇਰੀ ਸੰਵੇਦਨਾ। ਓਮ ਸ਼ਾਂਤੀ!

ਅੱਜ ਮੈਂ ਸ਼ੂਨਿਯ ਹੋ ਗਿਆ ਹਾਂ: ਹੇਮੰਤ ਸੋਰੇਨ

ਝਾਰਖੰਡ ਦੇ ਮੁੱਖ ਮੰਤਰੀ ਅਤੇ ਪੁੱਤਰ ਹੇਮੰਤ ਸੋਰੇਨ ਨੇ ਆਪਣੇ ਪਿਤਾ ਦੇ ਦੇਹਾਂਤ ਦੀ ਜਾਣਕਾਰੀ ਦਿੰਦੇ ਹੋਏ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ, ਸਤਿਕਾਰਯੋਗ ਦਿਸ਼ੋਮ ਗੁਰੂ ਜੀ ਸਾਨੂੰ ਸਾਰਿਆਂ ਨੂੰ ਛੱਡ ਕੇ ਚਲੇ ਗਏ ਹਨ। ਅੱਜ ਮੈਂ ਸ਼ੂਨਿਯ ਹੋ ਗਿਆ ਹਾਂ।

ਤਿੰਨ ਵਾਰ ਝਾਰਖੰਡ ਦੇ ਮੁੱਖ ਮੰਤਰੀ ਰਹੇ ਸ਼ਿਬੂ ਸੋਰੇਨ, ਜੋ ਝਾਰਖੰਡ ਰਾਜ ਬਣਾਉਣ ਦੀ ਲਹਿਰ 'ਚ ਮੋਹਰੀ ਸਨ, ਨੂੰ ਉਨ੍ਹਾਂ ਦੇ ਪ੍ਰਸ਼ੰਸਕ ਗੁਰੂ ਜੀ ਕਹਿੰਦੇ ਸਨ। ਉਹ ਤਿੰਨ ਵਾਰ ਰਾਜ ਦੇ ਮੁੱਖ ਮੰਤਰੀ ਰਹੇ। ਹਾਲਾਂਕਿ, ਉਹ ਇੱਕ ਵਾਰ ਵੀ ਆਪਣਾ ਕਾਰਜਕਾਲ ਪੂਰਾ ਨਹੀਂ ਕਰ ਸਕੇ। ਉਹ ਬਿਹਾਰ ਤੋਂ ਵੱਖ ਹੋਏ ਝਾਰਖੰਡ ਦੇ ਤੀਜੇ ਮੁੱਖ ਮੰਤਰੀ (2005) ਬਣੇ। 2005 'ਚ ਆਪਣੇ ਪਹਿਲੇ ਕਾਰਜਕਾਲ ਦੌਰਾਨ, ਉਹ ਸਿਰਫ਼ 10 ਦਿਨ, ਫਿਰ 2008 'ਚ ਆਪਣੇ ਦੂਜੇ ਕਾਰਜਕਾਲ ਦੌਰਾਨ ਲਗਭਗ ਇੱਕ ਸਾਲ ਅਤੇ ਆਪਣੇ ਤੀਜੇ ਕਾਰਜਕਾਲ ਦੌਰਾਨ ਕੁਝ ਮਹੀਨੇ ਮੁੱਖ ਮੰਤਰੀ ਰਹਿ ਸਕੇ।

ਮੁੱਖ ਮੰਤਰੀ ਹੋਣ ਤੋਂ ਇਲਾਵਾ, ਸ਼ਿਬੂ ਸੋਰੇਨ ਕੇਂਦਰੀ ਰਾਜਨੀਤੀ 'ਚ ਵੀ ਸਫਲ ਰਹੇ। ਉਹ 1980 'ਚ ਪਹਿਲੀ ਵਾਰ ਸੰਸਦ ਮੈਂਬਰ ਚੁਣੇ ਗਏ ਸਨ। ਉਨ੍ਹਾਂ ਨੇ 1977 ਦੀਆਂ ਲੋਕ ਸਭਾ ਚੋਣਾਂ 'ਚ ਪਹਿਲੀ ਵਾਰ ਆਪਣੀ ਕਿਸਮਤ ਅਜ਼ਮਾਈ ਪਰ ਦੁਮਕਾ ਸੀਟ ਤੋਂ ਹਾਰ ਗਏ। ਉਹ ਭਾਰਤੀ ਲੋਕ ਦਲ ਦੇ ਬਟੇਸ਼ਵਰ ਹੇਂਬ੍ਰਮ ਤੋਂ ਚੋਣ ਹਾਰ ਗਏ।

ਕੇਂਦਰ 'ਚ ਤਿੰਨ ਵਾਰ ਕੋਲਾ ਮੰਤਰੀ ਬਣੇ ਹਾਲਾਂਕਿ, ਉਹ 1980 ਦੀਆਂ ਚੋਣਾਂ 'ਚ ਸੰਸਦ ਮੈਂਬਰ ਚੁਣੇ ਗਏ ਸਨ। ਉਹ ਪਹਿਲੀ ਵਾਰ ਦੁਮਕਾ ਤੋਂ ਸੰਸਦ ਮੈਂਬਰ ਬਣੇ। ਇਸ ਤੋਂ ਬਾਅਦ, ਉਹ 1986, 1989, 1991 ਅਤੇ 1996 'ਚ ਲਗਾਤਾਰ ਜਿੱਤੇ। ਹਾਲਾਂਕਿ, 1998 ਦੀਆਂ ਚੋਣਾਂ 'ਚ, ਉਨ੍ਹਾਂ ਨੂੰ ਭਾਜਪਾ ਦੇ ਤਤਕਾਲੀ ਸੂਬਾ ਪ੍ਰਧਾਨ ਬਾਬੂਲਾਲ ਮਰਾਂਡੀ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ। 1999 ਦੀਆਂ ਚੋਣਾਂ 'ਚ, ਉਨ੍ਹਾਂ ਨੇ ਆਪਣੀ ਪਤਨੀ ਨੂੰ ਮੈਦਾਨ 'ਚ ਉਤਾਰਿਆ ਸੀ, ਪਰ ਉਹ ਵੀ ਹਾਰ ਗਏ। ਇਸ ਤੋਂ ਬਾਅਦ, ਉਹ 2004, 2009 ਤੇ 2014 'ਚ ਦੁਮਕਾ ਸੀਟ ਤੋਂ ਜਿੱਤੇ।ਕੁੱਲ ਮਿਲਾ ਕੇ, ਉਹ 8 ਵਾਰ ਲੋਕ ਸਭਾ ਮੈਂਬਰ ਰਹੇ। ਇਸ ਤੋਂ ਇਲਾਵਾ, ਸ਼ਿਬੂ ਨਰਸਿਮਹਾ ਰਾਓ ਅਤੇ ਮਨਮੋਹਨ ਸਿੰਘ ਦੀ ਕੇਂਦਰ ਸਰਕਾਰ 'ਚ ਵੀ ਮੰਤਰੀ ਬਣੇ। ਇਸ ਸਮੇਂ ਉਹ ਰਾਜ ਸਭਾ ਮੈਂਬਰ ਸਨ। ਉਹ ਕੇਂਦਰ ਵਿੱਚ 3 ਵਾਰ (2004, 2004 ਤੋਂ 2005 ਅਤੇ 2006) ਕੋਲਾ ਮੰਤਰੀ ਰਹੇ।

## ਅੱਤਵਾਦ ਨਾ ਖ਼ਤਮ ਹੋਇਆ ਤੇ ਨਾ ਹੀ ਕਦੇ ਹੋਵੇਗਾ: ਫਾਰੂਕ ਅਬਦੁੱਲਾ



ਸ੍ਰੀਨਗਰ, 4 ਅਗਸਤ (ਚ.ਨ.ਸ.) : ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਅਤੇ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਅੱਤਵਾਦ 'ਤੇ ਇੱਕ ਵਿਵਾਦਪੂਰਨ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਤਵਾਦ ਨਾ ਤਾਂ ਖਤਮ ਹੋਇਆ ਹੈ ਅਤੇ ਨਾ ਹੀ ਇਹ ਖਤਮ ਹੋਵੇਗਾ। ਉਨ੍ਹਾਂ ਕਿਹਾ ਕਿ ਅੱਤਵਾਦ ਕਦੇ ਖਤਮ ਨਹੀਂ ਹੋਵੇਗਾ। ਮੈਂ ਉਨ੍ਹਾਂ ਲੋਕਾਂ ਨੂੰ ਚੁਣੌਤੀ ਦਿੰਦਾ ਹਾਂ ਜੋ ਮੰਨਦੇ ਹਨ ਕਿ ਅੱਤਵਾਦ ਹੁਣੇ ਖਤਮ ਹੋ ਜਾਵੇਗਾ। ਅੱਤਵਾਦ ਉਦੋਂ ਤੱਕ ਖਤਮ ਨਹੀਂ ਹੋਵੇਗਾ, ਜਦੋਂ ਤੱਕ ਸਾਡੇ ਗੁਆਂਢੀਆਂ ਨਾਲ ਸਾਡੇ ਸਬੰਧ ਸੁਧਰ ਨਹੀਂ ਜਾਂਦੇ। ਉਨ੍ਹਾਂ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦੇ ਦੇਹਾਂਤ 'ਤੇ ਵੀ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਅੱਜ ਸਾਡੇ ਬਹੁਤ ਚੰਗੇ ਦੋਸਤ ਸ਼ਿਬੂ ਸੋਰੇਨ, ਜੋ ਝਾਰਖੰਡ ਦੇ ਮੁੱਖ ਮੰਤਰੀ ਸਨ, ਦਾ ਦੇਹਾਂਤ ਹੋ ਗਿਆ ਹੈ। ਇਸ ਦੁੱਖ ਦੀ ਘੜੀ ਵਿੱਚ ਅਸੀਂ ਸਾਰੇ ਹੇਮੰਤ ਸੋਰੇਨ ਦੇ ਨਾਲ ਖੜ੍ਹੇ ਹਾਂ। ਸਾਨੂੰ ਉਮੀਦ ਹੈ ਕਿ ਉਹ ਆਪਣੇ ਪਿਤਾ ਦੁਆਰਾ ਉਸ ਰਾਜ ਨੂੰ ਅੱਗੇ ਵਧਾਉਣ ਅਤੇ ਇਸਦੇ ਲੋਕਾਂ ਦੀ ਗਰੀਬੀ ਅਤੇ ਦੁੱਖਾਂ ਨੂੰ ਖਤਮ ਕਰਨ ਲਈ ਚੁੱਕੇ ਗਏ ਕਦਮਾਂ ਨੂੰ ਅੱਗੇ ਵਧਾਉਣਗੇ।

## ਟੋਏ 'ਚ ਗੱਡੀ ਡਿੱਗਣ ਕਾਰਨ 5 ਕਾਂਵੜੀਆਂ ਦੀ ਮੌਤ

ਭਾਗਲਪੁਰ, 4 ਅਗਸਤ (ਚੜ੍ਹਦੀਕਲਾ ਬਿਊਰੋ) : ਬਿਹਾਰ ਦੇ ਭਾਗਲਪੁਰ ਜ਼ਿਲ੍ਹੇ ਵਿੱਚ ਸੜਕ ਕਿਨਾਰੇ ਪਾਣੀ ਨਾਲ ਭਰੇ ਇੱਕ ਟੋਏ ਵਿੱਚ ਗੱਡੀ ਡਿੱਗਣ ਕਾਰਨ ਪੰਜ ਸ਼ਰਧਾਲੂ ਕਾਂਵੜੀਆਂ ਦੀ ਮੌਤ ਹੋ ਗਈ। ਇੱਕ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਸਬ-ਡਿਵੀਜ਼ਨਲ ਮੈਜਿਸਟ੍ਰੇਟ (ਸਦਰ) ਵਿਕਾਸ ਕੁਮਾਰ ਨੇ ਦੱਸਿਆ ਕਿ ਬਿਹਾਰ ਦੇ ਭਾਗਲਪੁਰ ਜ਼ਿਲ੍ਹੇ ਵਿੱਚ ਸੜਕ ਕਿਨਾਰੇ ਪਾਣੀ ਨਾਲ ਭਰੇ ਇੱਕ ਟੋਏ ਵਿੱਚ ਗੱਡੀ ਡਿੱਗਣ ਕਾਰਨ ਪੰਜ ਸ਼ਰਧਾਲੂ ਕਾਂਵੜੀਆਂ ਦੀ ਮੌਤ ਹੋ ਗਈ। ਇੱਕ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਸਬ-ਡਿਵੀਜ਼ਨਲ ਮੈਜਿਸਟ੍ਰੇਟ (ਸਦਰ) ਵਿਕਾਸ ਕੁਮਾਰ ਨੇ ਦੱਸਿਆ ਕਿ ਇਹ ਘਟਨਾ ਐਤਵਾਰ ਰਾਤ ਨੂੰ ਸ਼ਾਹਕੁੰਡ ਬਲਾਕ ਵਿੱਚ ਵਾਪਰੀ ਹੈ।ਉਨ੍ਹਾਂ ਕਿਹਾ, 'ਜ਼ਾਹਿਰ ਤੌਰ 'ਤੇ ਮੀਂਹ ਦੇ ਬਾਵਜੂਦ ਗੱਡੀ ਤੇਜ਼ ਰਫ਼ਤਾਰ ਨਾਲ ਚੱਲ ਰਹੀ ਸੀ ਅਤੇ ਡਰਾਈਵਰ ਨੇ ਸੰਤੁਲਨ ਗੁਆ ਦਿੱਤਾ। ਸਥਾਨਕ ਲੋਕਾਂ ਦੀ ਮੱਦਦ ਨਾਲ ਪੁਲੀਸ ਕਰਮਚਾਰੀਆਂ ਨੇ ਗੱਡੀ ਅਤੇ ਉਸ ਵਿੱਚ ਸਵਾਰ ਲੋਕਾਂ ਨੂੰ ਬਾਹਰ ਕੱਢਿਆ। ਡਰਾਈਵਰ ਸਮੇਤ ਸਾਰੇ ਪੰਜ ਸਵਾਰਾਂ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।'

ਉਨ੍ਹਾਂ ਦੱਸਿਆ ਕਿ ਮ੍ਰਿਤਕ ਸਾਰੇ ਸਥਾਨਕ ਵਸਨੀਕ ਸਨ ਅਤੇ ਗੁਆਂਢੀ ਬਾਂਕਾ ਜ਼ਿਲ੍ਹੇ ਵਿੱਚ ਇੱਕ ਧਾਰਮਿਕ ਅਸਥਾਨ 'ਤੇ ਜਾ ਰਹੇ ਸਨ। ਕੁਮਾਰ ਨੇ ਉਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਮੌਤਾਂ ਹਾਈ-ਟੈਂਸ਼ਨ ਤਾਰ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਕਰੰਟ ਲੱਗਣ ਕਾਰਨ ਹੋਈਆਂ।

ਉਨ੍ਹਾਂ ਕਿਹਾ ਕਿ ਸਥਾਨਕ ਵਸਨੀਕਾਂ ਨੇ ਗੁੱਸੇ ਵਿੱਚ ਆ ਕੇ ਸੜਕ 'ਤੇ ਆਵਾਜਾਈ ਰੋਕ ਕੇ ਪ੍ਰਦਰਸ਼ਨ ਕੀਤਾ, ਪਰ ਸਬੰਧਤ ਅਧਿਕਾਰੀਆਂ ਦੇ ਮੌਕੇ 'ਤੇ ਪਹੁੰਚ ਕੇ ਉਨ੍ਹਾਂ ਨੂੰ ਸ਼ਾਂਤ ਕਰਨ ਤੋਂ ਬਾਅਦ ਆਮ ਆਵਾਜਾਈ ਬਹਾਲ ਕਰ ਦਿੱਤੀ ਗਈ।ਉੱਧਰ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਜਾਨੀ ਨੁਕਸਾਨ 'ਤੇ ਦੁੱਖ ਪ੍ਰਗਟ ਕੀਤਾ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ।

## ਬੇਕਾਬੂ ਹੋ ਕੇ ਕਾਰ ਨਹਿਰ 'ਚ ਡਿੱਗੀ, ਇੱਕੋ ਪਰਿਵਾਰ ਦੇ 9 ਲੋਕਾਂ ਸਮੇਤ 11 ਦੀ ਮੌਤ

ਚੜ੍ਹਦੀਕਲਾ ਬਿਊਰੋ
================

ਗੋਂਡਾ, 4 ਅਗਸਤ: ਉੱਤਰ ਪ੍ਰਦੇਸ਼ ਦੇ ਗੋਂਡਾ 'ਚ ਐਤਵਾਰ ਨੂੰ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਇੱਥੇ ਇਟਿਆਥੋਕ ਥਾਣਾ ਖੇਤਰ ਦੇ ਬੇਲਵਾ ਬਹੁਤਾ ਮਾਜਰਾ ਰੇਹਰਾ 'ਚ, ਬੋਲੇਰੋ ਕਾਰ ਬੇਕਾਬੂ ਹੋ ਕੇ ਨਹਿਰ 'ਚ ਡਿੱਗ ਗਈ। ਇਸ ਹਾਦਸੇ ਵਿੱਚ ਕਾਰ ਵਿੱਚ ਸਵਾਰ 11 ਸ਼ਰਧਾਲੂਆਂ ਦੀ ਮੌਤ ਹੋ ਗਈ। ਇਨ੍ਹਾਂ 'ਚੋਂ 9 ਲੋਕ ਇੱਕੋ ਪਰਿਵਾਰ ਦੇ ਦੱਸੇ ਜਾ ਰਹੇ ਹਨ। ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਿਸ ਟੀਮ ਮੌਕੇ 'ਤੇ ਪਹੁੰਚ ਗਈ।




ਮੋਤੀਗੰਜ ਥਾਣਾ ਖੇਤਰ ਦੇ ਸਿਹਾਗਾਓਂ ਤੋਂ ਸ਼ਰਧਾਲੂਆਂ ਦਾ ਇੱਕ ਸਮੂਹ ਇੱਕ ਬੋਲੈਰੋ 'ਚ ਖਰਗੂਪੁਰ ਦੇ ਪ੍ਰਸਿੱਧ ਪ੍ਰਿਥਵੀ ਨਾਥ ਮੰਦਰ 'ਚ ਜਲ ਚੜ੍ਹਾਉਣ ਜਾ ਰਿਹਾ ਸੀ। ਇਸ ਦੌਰਾਨ, ਬੋਲੈਰੋ ਅਚਾਨਕ ਸਰਯੂ ਨਹਿਰ 'ਚ ਡਿੱਗ ਗਈ, ਜਿਸ ਕਾਰਨ 11 ਲੋਕ ਡੁੱਬ ਗਏ ਤੇ ਮੌਕੇ 'ਤੇ ਹੀ ਉਨ੍ਹਾਂ ਦੀ ਮੌਤ ਹੋ ਗਈ।

ਚਸ਼ਮਦੀਦਾਂ ਦੇ ਅਨੁਸਾਰ, ਬੋਲੈਰੋ ਗੱਡੀ 'ਚ ਕੁੱਲ 15 ਲੋਕ ਸਨ, ਜਿਨ੍ਹਾਂ 'ਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ। ਜਿਵੇਂ ਹੀ ਗੱਡੀ ਬੇਲਵਾ ਬਹੁਤਾ ਮਾਜਰਾ ਰੇਹਰਾ ਪਹੁੰਚੀ, ਡਰਾਈਵਰ ਨੇ ਅਚਾਨਕ ਗੱਡੀ ਤੋਂ ਕੰਟਰੋਲ ਗੁਆ ਦਿੱਤਾ ਤੇ ਕਾਰ ਸਿੱਧੀ ਸਰਯੂ ਨਹਿਰ 'ਚ ਡਿੱਗ ਗਈ। ਰਾਹਗੀਰਾਂ ਨੇ ਤੁਰੰਤ ਅਲਾਰਮ ਵਜਾਇਆ ਤੇ ਸਥਾਨਕ ਪਿੰਡ ਦੇ ਮੁਖੀ ਤੇ ਪੁਲਿਸ ਨੂੰ ਸੂਚਿਤ ਕੀਤਾ। ਸੂਚਨਾ ਮਿਲਦੇ ਹੀ ਇਟਿਆਥੋਕ ਪੁਲਿਸ ਸਟੇਸ਼ਨ ਮੌਕੇ 'ਤੇ ਪਹੁੰਚ ਗਿਆ ਤੇ ਸਥਾਨਕ ਲੋਕਾਂ ਦੀ ਮੱਦਦ ਨਾਲ ਬਚਾਅ ਕਾਰਜ ਸ਼ੁਰੂ ਕਰ ਦਿੱਤਾ ਗਿਆ।

ਮ੍ਰਿਤਕਾਂ 'ਚ ਪੁਰਸ਼, ਔਰਤਾਂ ਤੇ ਬੱਚੇ ਸ਼ਾਮਲ ਹਨ। ਬਾਕੀ ਚਾਰ ਲੋਕਾਂ ਨੂੰ ਗੰਭੀਰ ਹਾਲਤ 'ਚ ਹਸਪਤਾਲ ਭੇਜਿਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਪੁਲਿਸ ਨੇ ਸਾਰੀਆਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਇਸ ਘਟਨਾ ਨਾਲ ਪੂਰੇ ਇਲਾਕੇ 'ਚ ਸੋਗ ਦੀ ਲਹਿਰ ਦੌੜ ਗਈ ਹੈ। ਮ੍ਰਿਤਕਾਂ ਦੇ ਪਰਿਵਾਰਾਂ ਵਿੱਚ ਹਫੜਾ-ਦਫੜੀ ਹੈ ਤੇ ਪਿੰਡ 'ਚ ਸੋਗ ਦਾ ਮਾਹੌਲ ਹੈ। ਸਥਾਨਕ ਪ੍ਰਸ਼ਾਸਨ ਨੇ ਤੁਰੰਤ ਰਾਹਤ ਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਤੇ ਪ੍ਰਭਾਵਿਤ ਪਰਿਵਾਰਾਂ ਨੂੰ ਹਰ ਸੰਭਵ ਮੱਦਦ ਦਾ ਭਰੋਸਾ ਦਿੱਤਾ।

# ਵਿੱਤ ਮੰਤਰੀ ਚੀਮਾ ਵੱਲੋਂ ਜੰਗਲਾਤ ਤੇ ਸਿੱਖਿਆ ਵਿਭਾਗ ਦੀਆਂ ਯੂਨੀਅਨਾਂ ਨਾਲ ਮੀਟਿੰਗਾਂ



ਚੰਡੀਗੜ੍ਹ, 4 ਅਗਸਤ (ਚ.ਨ.ਸ.): ਮੁਲਾਜ਼ਮਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਬਣਾਈ ਗਈ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ, ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਜੰਗਲਾਤ ਵਿਭਾਗ ਅਤੇ ਸਿੱਖਿਆ ਵਿਭਾਗ ਦੀਆਂ ਵੱਖ-ਵੱਖ ਯੂਨੀਅਨਾਂ ਨਾਲ ਮੀਟਿੰਗਾਂ ਕੀਤੀਆਂ। ਸਿੱਖਿਆ ਵਿਭਾਗ ਦੀਆਂ ਯੂਨੀਅਨਾਂ ਨਾਲ ਮੀਟਿੰਗਾਂ ਦੌਰਾਨ ਉਨ੍ਹਾਂ ਦੇ ਨਾਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੀ ਮੌਜੂਦ ਸਨ।

ਪੰਜਾਬ ਸਿਵਲ ਸਕੱਤਰੇਤ 'ਚ ਵਿੱਤ ਮੰਤਰੀ ਦੇ ਦਫ਼ਤਰ ਵਿਖੇ ਹੋਈਆਂ ਇਨ੍ਹਾਂ ਮੀਟਿੰਗਾਂ ਦਾ ਉਦੇਸ਼ ਯੂਨੀਅਨਾਂ ਦੁਆਰਾ ਉਠਾਈਆਂ ਗਈਆਂ ਜਾਇਜ਼ ਮੰਗਾਂ ਅਤੇ ਮੁੱਦਿਆਂ ਨੂੰ ਹੱਲ ਕਰਨਾ ਸੀ। ਮੀਟਿੰਗਾਂ ਦੌਰਾਨ, ਜੰਗਲਾਤ ਵਰਕਰਜ਼ ਯੂਨੀਅਨ, ਈ.ਟੀ.ਟੀ. ਟੈਸਟ ਪਾਸ ਅਧਿਆਪਕ ਐਸੋਸੀਏਸ਼ਨ (ਜੈ ਸਿੰਘ ਵਾਲਾ), ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਤੇ ਬੇਰੁਜ਼ਗਾਰ ਬੀ.ਐੱਡ ਟੀ.ਈ.ਟੀ. ਪਾਸ ਅਧਿਆਪਕ ਯੂਨੀਅਨ ਦੇ ਨੁਮਾਇੰਦਿਆਂ ਨੇ ਆਪਣੀਆਂ ਮੰਗਾਂ ਅਤੇ ਮੁੱਦੇ ਪੇਸ਼ ਕੀਤੇ। ਜੰਗਲਾਤ ਕਰਮਚਾਰੀ ਯੂਨੀਅਨ ਨਾਲ ਮੀਟਿੰਗ ਦੌਰਾਨ, ਜੰਗਲਾਤ ਵਿਭਾਗ ਦੇ ਸਕੱਤਰ ਪ੍ਰਿਯਾਂਕ ਭਾਰਤੀ ਨੇ ਵਿੱਤ ਮੰਤਰੀ ਚੀਮਾ ਨੂੰ ਯੂਨੀਅਨ ਦੀਆਂ ਮੰਗਾਂ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਵਿੱਤ ਮੰਤਰੀ ਨੇ ਯੂਨੀਅਨ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰੇ ਤੋਂ ਬਾਅਦ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਉਹ ਅਫਸਰ ਕਮੇਟੀ ਵਿੱਚ ਯੂਨੀਅਨ ਦੀਆਂ ਮੁੱਖ ਮੰਗਾਂ 'ਤੇ ਵਿਚਾਰ ਕਰਨ ਉਪਰੰਤ ਕੈਬਨਿਟ ਸਬ-ਕਮੇਟੀ ਦੇ ਸਾਹਮਣੇ ਪ੍ਰਸਤਾਵ ਰੱਖਣ। ਸਿੱਖਿਆ ਵਿਭਾਗ ਦੀਆਂ ਯੂਨੀਅਨਾਂ ਨਾਲ ਮੀਟਿੰਗਾਂ ਦੌਰਾਨ ਵਿੱਤ ਮੰਤਰੀ ਚੀਮਾ ਤੇ ਸਿੱਖਿਆ ਮੰਤਰੀ ਬੈਂਸ ਨੇ ਯੂਨੀਅਨ ਆਗੂਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਜ਼ਿਆਦਾਤਰ ਮੰਗਾਂ ਪਹਿਲਾਂ ਹੀ ਵਿਚਾਰ ਅਧੀਨ ਹਨ। ਮੰਤਰੀਆਂ ਨੇ ਸਾਰੀਆਂ ਜਾਇਜ਼ ਮੰਗਾਂ ਨੂੰ ਸਮੇਂ ਸਿਰ ਪੂਰਾ ਕਰਨ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

ਮੀਟਿੰਗਾਂ 'ਚ ਹੋਰਨਾਂ ਤੋਂ ਇਲਾਵਾ, ਜੰਗਲਾਤ ਵਰਕਰਜ਼ ਯੂਨੀਅਨ ਤੋਂ ਯੂਨੀਅਨ ਪ੍ਰਧਾਨ ਅਮਰੀਕ ਸਿੰਘ, ਸੀਨੀਅਰ ਮੀਤ ਪ੍ਰਧਾਨ ਰਵੀ ਕਾਂਤ ਅਤੇ ਉਪ ਪ੍ਰਧਾਨ ਸਤਨਾਮ ਸਿੰਘ, ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਤੋਂ ਯੂਨੀਅਨ ਪ੍ਰਧਾਨ ਵਿਕਾਸ ਸਾਹਨੀ, ਉਪ ਪ੍ਰਧਾਨ ਲਖਵਿੰਦਰ ਕੌਰ ਅਤੇ ਸਕੱਤਰ ਅਮਨਦੀਪ ਕੌਰ, ਬੇਰੁਜ਼ਗਾਰ ਬੀ.ਐੱਡ ਟੀਈਟੀ ਪਾਸ ਅਧਿਆਪਕ ਯੂਨੀਅਨ ਤੋਂ ਯੂਨੀਅਨ ਪ੍ਰਧਾਨ ਜਸਵੰਤ ਸਿੰਘ, ਨਸ਼ੱਤਰ ਸਿੰਘ, ਕੁਲਦੀਪ ਸਿੰਘ, ਅਤੇ ਈਟੀਟੀ ਟੈਸਟ ਪਾਸ ਅਧਿਆਪਕ ਐਸੋਸੀਏਸ਼ਨ (ਜੈ ਸਿੰਘ ਵਾਲਾ) ਤੋਂ ਯੂਨੀਅਨ ਪ੍ਰਧਾਨ ਕਮਲ ਠਾਕੁਰ, ਜਨਰਲ ਸਕੱਤਰ ਸੋਹਣ ਸਿੰਘ ਅਤੇ ਕੈਸ਼ੀਅਰ ਗੁਰਮੁੱਖ ਸਿੰਘ ਸ਼ਾਮਲ ਸਨ।

# ਜੀ.ਐਸ.ਟੀ. ਇੰਫੋਰਸਮੈਂਟ ਦੀ ਮਜ਼ਬੂਤੀ ਲਈ ਪੰਜਾਬ ਵਿਸ਼ੇਸ਼ ਧੋਖਾਧੜੀ ਖੋਜ ਯੂਨਿਟ ਸਥਾਪਤ ਕਰੇਗਾ : ਹਰਪਾਲ ਸਿੰਘ ਚੀਮਾ

## ਏ.ਆਈ. ਸਮੇਤ ਉੱਨਤ ਤਕਨਾਲੋਜੀਆਂ ਦਾ ਲਾਭ ਉਠਾਏਗਾ ਐਸ.ਐਫ.ਡੀ.ਯੂ



ਚੰਡੀਗੜ੍ਹ, 4 ਅਗਸਤ (ਚ.ਨ.ਸ.): ਕਰ ਇੰਫੋਰਸਮੈਂਟ ਨੂੰ ਸੰਸਥਾਗਤ ਬਣਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਚੁੱਕਦੇ ਹੋਏ, ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇੱਕ ਸੂਬਾ ਪੱਧਰੀ ਵਿਸ਼ੇਸ਼ ਧੋਖਾਧੜੀ ਖੋਜ ਯੂਨਿਟ (ਸਪੈਸ਼ਲ ਫ਼ਰਾਡ ਡਿਟੈਕਸ਼ਨ ਯੂਨਿਟ) ਸਥਾਪਤ ਕਰਨ ਦੇ ਪ੍ਰਸਤਾਵ ਦਾ ਐਲਾਨ ਕੀਤਾ। ਜਿਸ ਦਾ ਹੈੱਡਕੁਆਟਰ ਪਟਿਆਲਾ ਵਿਖੇ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਸਮਰਪਿਤ ਯੂਨਿਟ ਵਸਤੂਆਂ ਅਤੇ ਸੇਵਾਵਾਂ ਕਰ (ਜੀਐਸਟੀ) ਉਲੰਘਣਾਵਾਂ ਨਾਲ ਸਬੰਧਤ ਗੁੰਝਲਦਾਰ ਮਾਮਲਿਆਂ ਦੀ ਜਾਂਚ ਵਿੱਚ ਇੱਕਸਾਰਤਾ ਲਿਆਏਗਾ ਅਤੇ ਜਾਂਚ ਨੂੰ ਸੁਚਾਰੂ ਬਣਾਏਗਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਸਪੈਸ਼ਲ ਫ਼ਰਾਡ ਡਿਟੈਕਸ਼ਨ ਯੂਨਿਟ (ਐੱਸ.ਐੱਫ.ਡੀ.ਯੂ.) ਨੂੰ ਵੱਡੇ ਪੱਧਰ ਦੀਆਂ ਜੀ.ਐਸ.ਟੀ ਧੋਖਾਧੜੀਆਂ ਦਾ ਪਰਦਾਫਾਸ਼ ਅਤੇ ਜਾਂਚ ਕਰਨ ਦਾ ਕੰਮ ਸੌਂਪਿਆ ਜਾਵੇਗਾ, ਜਿਸ ਵਿੱਚ ਖਾਸ ਤੌਰ 'ਤੇ ਸਰਕੂਲਰ ਟਰੇਡਿੰਗ ਓਪਰੇਸ਼ਨਾਂ ਨੂੰ ਰੋਕਣ, ਬੇਨਾਮੀ ਲੈਣ-ਦੇਣ ਦਾ ਪਰਦਾਫਾਸ਼ ਕਰਨ ਅਤੇ ਜਾਅਲੀ ਇਨਵੌਇਸਿੰਗ ਦੀਆਂ ਕਾਰਵਾਈਆਂ ਨੂੰ ਖ਼ਤਮ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਯੂਨਿਟ ਨੂੰ ਸ਼ੱਕੀ ਜੀ.ਐੱਸ.ਟੀ. ਪਛਾਣ ਨੰਬਰਾਂ (ਜੀ.ਐੱਸ.ਟੀ.ਆਈ.ਐੱਨ.) ਨੂੰ ਰੱਦ ਕਰਨ, ਇਨਪੁੱਟ ਟੈਕਸ ਕ੍ਰੈਡਿਟ (ਆਈ.ਟੀ.ਸੀ.) ਦੇ ਗਲਤ ਦਾਅਵਿਆਂ ਨੂੰ ਰੋਕਣ, ਅਤੇ ਕਾਨੂੰਨੀ ਜਵਾਬਦੇਹੀ ਨੂੰ ਬਰਕਰਾਰ ਰੱਖਣ ਲਈ ਅਪਰਾਧੀਆਂ ਵਿਰੁੱਧ ਮੁਕੱਦਮਾ ਚਲਾਉਣ ਦੀ ਸਿਫਾਰਸ਼ ਕਰਨ ਸਮੇਤ ਸਖ਼ਤ ਲਾਗੂਕਰਨ ਦੀਆਂ ਕਾਰਵਾਈਆਂ ਸ਼ੁਰੂ ਕਰਨ ਦੀ ਸ਼ਕਤੀ ਦਿੱਤੀ ਜਾਵੇਗੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਐੱਸ.ਐੱਫ.ਡੀ.ਯੂ. ਆਪਣੀ ਖੋਜ ਸਮਰੱਥਾ ਨੂੰ ਵਧਾਉਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ), ਡੇਟਾ ਐਨਾਲਿਟਿਕਸ ਅਤੇ ਕੇਂਦਰੀਕ੍ਰਿਤ ਬੈਕਐਂਡ ਓਪਰੇਸ਼ਨਾਂ ਸਮੇਤ ਉੱਨਤ ਤਕਨਾਲੋਜੀਆਂ ਦਾ ਲਾਭ ਉਠਾਏਗੀ। ਯੂਨਿਟ ਟੈਕਸ ਰਿਟਰਨ, ਲੈਣ-ਦੇਣ ਦੇ ਨੈੱਟਵਰਕ ਅਤੇ ਵਸਤਾਂ ਦੀ ਆਵਾਜਾਈ ਵਿੱਚ ਵਿਸੰਗਤੀਆਂ ਦੀ ਪਛਾਣ ਕਰਨ ਲਈ ਸੂਬੇ ਭਰ ਵਿੱਚ ਵਿਆਪਕ ਡਾਟਾ ਮਾਈਨਿੰਗ ਅਤੇ ਪੈਟਰਨ ਦੀ ਪਛਾਣ ਕਰੇਗਾ। ਵਿੱਤ ਮੰਤਰੀ ਨੇ ਅੱਗੇ ਕਿਹਾ ਕਿ ਯੂਨਿਟ ਡਾਟਾ-ਅਧਾਰਤ ਰੈੱਡ ਫਲੈਗਸ ਦੀ ਵਰਤੋਂ ਸਿਰਫ਼ ਸ਼ੱਕੀ ਜਾਂ ਸ਼ਰਾਰਤੀ ਕਰਦਾਤਾਵਾਂ ਦੀ ਜਾਂਚ ਕਰਨ ਲਈ ਕਰੇਗੀ ਤਾਂ ਜੋ ਇਮਾਨਦਾਰ ਕਰਦਾਤਾਵਾਂ ਨੂੰ ਬੇਲੋੜੀ ਜਾਂਚ ਤੋਂ ਬਚਾਇਆ ਜਾ ਸਕੇਗਾ।

ਐੱਸ.ਐੱਫ.ਡੀ.ਯੂ. ਦੀ ਬਣਤਰ ਬਾਰੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਇਕਾਈ ਵਿੱਚ ਤਜਰਬੇਕਾਰ ਕਰ ਅਫ਼ਸਰਾਂ, ਹੁਨਰਮੰਦ ਆਈ.ਟੀ. ਪੇਸ਼ੇਵਰਾਂ, ਇੱਕ ਚਾਰਟਰਡ ਅਕਾਊਂਟੈਂਟ ਅਤੇ ਇੱਕ ਕਾਨੂੰਨੀ ਅਧਿਕਾਰੀ ਵਾਲੀ ਇੱਕ ਬਹੁ-ਅਨੁਸ਼ਾਸਨੀ ਟੀਮ ਸ਼ਾਮਲ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਟੀਮ ਨੂੰ ਨਾਜ਼ੁਕ ਡੇਟਾਸੈਟਾਂ ਜਿਵੇਂ ਕਿ ਜੀ.ਐੱਸ.ਟੀ.ਐੱਨ. ਜਾਣਕਾਰੀ, ਈ-ਵੇਅ ਬਿੱਲ ਟਰੈਕਿੰਗ, ਟੋਲ ਰਿਕਾਰਡ ਅਤੇ ਆਰ.ਐੱਫ.ਆਈ.ਡੀ ਟ੍ਰੇਲ ਐਨਾਲਿਟਿਕਸ ਤੱਕ ਅਸਲ-ਸਮੇਂ ਦੀ ਪਹੁੰਚ ਨਾਲ ਲੈਸ ਕੀਤਾ ਜਾਵੇਗਾ, ਜਿਸ ਨਾਲ ਟੈਕਸ ਚੋਰੀ ਵਿਰੁੱਧ ਤੁਰੰਤ ਅਤੇ ਸਟੀਕ ਕਾਰਵਾਈ ਕੀਤੀ ਜਾ ਸਕੇਗੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਸਪੈਸ਼ਲ ਫ਼ਰਾਡ ਡਿਟੈਕਸ਼ਨ ਯੂਨਿਟ (ਐੱਸ.ਐੱਫ.ਡੀ.ਯੂ.) ਨੂੰ ਸੀ.ਜੀ.ਐੱਸ.ਟੀ./ਪੀ.ਜੀ.ਐੱਸ.ਟੀ. ਐਕਟਾਂ ਦੀਆਂ ਧਾਰਾਵਾਂ 67, 70, 74 ਅਤੇ 132 ਦੇ ਨਾਲ-ਨਾਲ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀਆਂ ਸਬੰਧਤ ਧਾਰਾਵਾਂ ਤਹਿਤ ਮਜ਼ਬੂਤ ਕਾਨੂੰਨੀ ਵਿਵਸਥਾਵਾਂ ਦੁਆਰਾ ਅਧਿਕਾਰਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਐੱਸ.ਐੱਫ.ਡੀ.ਯੂ. ਨੂੰ ਤਕਨੀਕੀ ਤੌਰ 'ਤੇ ਉੱਨਤ, ਖੁਫੀਆ-ਅਧਾਰਿਤ ਲਾਗੂਕਰਨ ਏਜੰਸੀ ਵਜੋਂ ਕੰਮ ਕਰਨ ਦੇ ਯੋਗ ਬਣਾਏਗਾ। ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਇਹ ਪਹਿਲਕਦਮੀ ਸੂਬੇ ਦੇ ਮਾਲੀਏ ਦੀ ਸੁਰੱਖਿਆ ਅਤੇ ਆਰਥਿਕ ਅਖੰਡਤਾ ਨੂੰ ਖਤਰੇ ਵਿੱਚ ਪਾਉਣ ਵਾਲੇ ਵਿਸਤ੍ਰਿਤ ਟੈਕਸ ਧੋਖਾਧੜੀ ਨੈੱਟਵਰਕਾਂ ਨੂੰ ਖ਼ਤਮ ਕਰਨ ਵੱਲ ਇੱਕ ਫੈਸਲਾਕੁੰਨ ਕਦਮ ਸਾਬਿਤ ਹੋਵੇਗਾ।

ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿ ਸਪੈਸ਼ਲ ਫ਼ਰਾਡ ਡਿਟੈਕਸ਼ਨ ਯੂਨਿਟ (ਐੱਸ.ਐੱਫ.ਡੀ.ਯੂ.) ਦੀ ਸਥਾਪਨਾ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਇੱਕ ਅਜਿਹਾ ਟੈਕਸ ਮਾਹੌਲ ਪੈਦਾ ਕਰਨ ਦੇ ਪੱਕੇ ਇਰਾਦੇ ਨੂੰ ਦਰਸਾਉਂਦੀ ਹੈ ਜੋ ਨਾ ਸਿਰਫ਼ ਵਧੇਰੇ ਜਵਾਬਦੇਹ ਅਤੇ ਪਾਰਦਰਸ਼ੀ ਸਗੋਂ ਧੋਖਾਧੜੀ ਵਾਲੀਆਂ ਗਤੀਵਿਧੀਆਂ ਪ੍ਰਤੀ ਵੀ ਪ੍ਰਭਾਵਸ਼ਾਲੀ ਹੋਵੇ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਐੱਸ.ਐੱਫ.ਡੀ.ਯੂ. ਟੈਕਸ ਚੋਰੀ ਦਾ ਪਤਾ ਲਗਾਉਣ ਅਤੇ ਰੋਕਣ ਲਈ ਸਰਗਰਮ ਉਪਾਅ ਕਰਕੇ ਸੂਬੇ ਦੇ ਮਾਲੀਏ ਦੀ ਰਾਖੀ ਕਰਨ ਅਤੇ ਪਾਲਣਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਿੱਚ ਇੱਕ ਅਹਿਮ ਭੂਮਿਕਾ ਨਿਭਾਏਗਾ, ਜਿਸ ਨਾਲ ਆਖਰਕਾਰ ਸੂਬੇ ਦੀ ਆਰਥਿਕ ਸਥਿਰਤਾ ਅਤੇ ਵਿਕਾਸ ਵਿੱਚ ਯੋਗਦਾਨ ਪਵੇਗਾ।

# ਮਹਾਨ ਸ਼ਹੀਦੀ ਸਮਾਗਮ ਮਨਾਇਆ



ਪਟਿਆਲਾ, 4 ਅਗਸਤ (ਚ.ਨ.ਸ.): ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਗੁ. ਭਾਈ ਸਾਹਿਬ ਲਾਲੋ ਜੀ ਰਾਮਗੜ੍ਹੀਆਂ ਭਵਨ ਗਲੀ ਨੰ. 9 ਗੁਰੂ ਨਾਨਕ ਨਗਰ ਵਿਖੇ ਮਨਾਏ ਗਏ। ਇਸ ਮੌਕੇ ਭਾਈ ਹਰਜਿੰਦਰ ਸਿੰਘ ਪਟਿਆਲੇ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।

ਇਸ ਸਮਾਗਮ ਦੀ ਹਫਤਾਵਾਰੀ ਸੇਵਾ ਭਾਈ ਹਰਵਿੰਦਰ ਸਿੰਘ ਜੀ ਨਾਗੀ ਵੱਲੋਂ ਕੀਤੀ ਗਈ। ਇਸ ਮੌਕੇ ਇਲਾਕੇ ਦੀ ਸੰਗਤਾਂ ਨੇ ਹੁੰਮ ਹੁਮਾ ਕੇ ਸਮਾਗਮ ਵਿਚ ਸ਼ਿਰਕਤ ਕੀਤੀ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# 'ਯੁੱਧ ਨਸ਼ਿਆਂ ਵਿਰੁੱਧ' ਦੇ 156ਵੇਂ ਦਿਨ 356 ਥਾਵਾਂ 'ਤੇ ਛਾਪੇਮਾਰੀ ਦੌਰਾਨ 87 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 4 ਅਗਸਤ (ਚ.ਨ.ਸ.): ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ" ਦੇ 156ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 356 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 63 ਐਫਆਈਆਰਜ਼ ਦਰਜ ਕਰਕੇ 87 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 156 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 24,592 ਹੋ ਗਈ ਹੈ। ਇਹਨਾਂ ਛਾਪੇਮਾਰੀਆਂ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ 'ਚੋਂ 967 ਗ੍ਰਾਮ ਹੈਰੋਇਨ, 267 ਕਿਲੋ ਭੁੱਕੀ ਅਤੇ 1869 ਨਸ਼ੀਲੀਆਂ ਗੋਲੀਆਂ/ਕੈਪਸੂਲ ਬਰਾਮਦ ਹੋਏ ਹਨ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ। ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 75 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1200 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 377 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 55 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣੇਗਾ ਜੋ ਸੰਕੇਤਿਕ ਭਾਸ਼ਾ ਦੇ ਇੰਟਰਪ੍ਰੇਟਰ, ਅਨੁਵਾਦਕ ਤੇ ਵਿਸ਼ੇਸ਼ ਸਿੱਖਿਅਕਾਂ ਨੂੰ ਸੂਚੀਬੱਧ ਕਰੇਗਾ : ਡਾ. ਬਲਜੀਤ ਕੌਰ



ਚੰਡੀਗੜ੍ਹ, 4 ਅਗਸਤ (ਚ.ਨ.ਸ.): ਸਭ ਲਈ ਪਹੁੰਚਯੋਗ ਅਤੇ ਸੰਵੇਦਨਸ਼ੀਲ ਨਿਆਂ ਨੂੰ ਯਕੀਨੀ ਬਣਾਉਣ ਵੱਲ ਇੱਕ ਨਵਾਂ ਇਤਿਹਾਸ ਰਚਦਿਆਂ, ਪੰਜਾਬ ਸਰਕਾਰ ਦੇਸ਼ ਦਾ ਪਹਿਲਾ ਸੂਬਾ ਬਣਨ ਜਾ ਰਿਹਾ ਹੈ, ਜੋ ਕਿ ਜੁਵੇਨਾਇਲ ਜਸਟਿਸ ਐਕਟ, 2015 ਦੇ ਤਹਿਤ ਸੰਕੇਤਿਕ ਭਾਸ਼ਾ ਇੰਟਰਪ੍ਰੇਟਰਾਂ, ਅਨੁਵਾਦਕਾਂ ਅਤੇ ਵਿਸ਼ੇਸ਼ ਸਿੱਖਿਅਕਾਂ ਨੂੰ ਰਸਮੀ ਤੌਰ 'ਤੇ ਸੂਚੀਬੱਧ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਚੁੱਕੀ ਹੈ। ਇਹ ਜਾਣਕਾਰੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਚੁੱਕਿਆ ਗਿਆ ਇਹ ਕਦਮ ਕਾਨੂੰਨੀ, ਵਿਦਿਅਕ ਤੇ ਰੋਜ਼ਾਨਾ ਜੀਵਨ ਵਿੱਚ ਸੰਚਾਰ ਦੀਆਂ ਰੁਕਾਵਟਾਂ ਨੂੰ ਦੂਰ ਕਰਕੇ, ਵਿਸ਼ੇਸ਼ ਯੋਗਤਾਵਾਂ ਵਾਲੇ ਬੱਚਿਆਂ ਨੂੰ ਸਸ਼ਕਤ ਬਣਾਉਣ ਵੱਲ ਇੱਕ ਮਜ਼ਬੂਤ ਕੋਸ਼ਿਸ਼ ਹੈ।

ਉਨ੍ਹਾਂ ਕਿਹਾ ਕਿ ਜੁਵੇਨਾਇਲ ਜਸਟਿਸ ਐਕਟ ਤੇ ਪੋਕਸੋ ਐਕਟ 2012 ਅਧੀਨ ਇਹ ਸੂਚੀਕਰਨ, ਸੰਚਾਰ ਦੇ ਪਾੜਿਆਂ ਨੂੰ ਪਾਰ ਕਰਕੇ, ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਅਤੇ ਕਾਨੂੰਨੀ ਪਹੁੰਚ ਨੂੰ ਅਸਾਨ ਬਣਾਵੇਗਾ। ਇਹ ਤਜਰਬੇਕਾਰ ਪੇਸ਼ੇਵਰ ਅਦਾਲਤੀ ਕਾਰਵਾਈ ਦੌਰਾਨ ਬੱਚਿਆਂ ਲਈ ਸਹਿਯੋਗੀ ਭੂਮਿਕਾ ਨਿਭਾਉਣਗੇ, ਜਿਸ ਨਾਲ ਨਿਰਪੱਖ ਅਤੇ ਪਾਰਦਰਸ਼ੀ ਨਤੀਜੇ ਸੁਨਿਸ਼ਚਿਤ ਹੋਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਇੱਕ ਅਜਿਹਾ ਸਮਾਜ ਬਣਾਉਣ ਲਈ ਵਚਨਬੱਧ ਹੈ, ਜਿੱਥੇ ਹਰ ਬੱਚਾ ਸੁਣਿਆ, ਸਮਝਿਆ ਅਤੇ ਸਨਮਾਨਤ ਮਹਿਸੂਸ ਕਰੇ। ਇਹ ਯਤਨ ਬਾਲ ਭਲਾਈ ਅਤੇ ਅਧਿਕਾਰ-ਅਧਾਰਤ ਪ੍ਰਸ਼ਾਸਨ ਵੱਲ ਸਰਕਾਰ ਦੀ ਦ੍ਰਿੜ ਵਚਨਬੱਧਤਾ ਦਾ ਪ੍ਰਤੀਕ ਹੈ।

ਮੰਤਰੀ ਨੇ ਦੱਸਿਆ ਕਿ ਸੂਚੀਬੱਧ ਪੇਸ਼ੇਵਰਾਂ ਦੀ ਜ਼ਿਲ੍ਹਾ-ਵਾਰ ਤਾਇਨਾਤੀ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਐਕਟਾਂ ਅਨੁਸਾਰ ਮਿਹਨਤਾਨਾ ਦਿੱਤਾ ਜਾਵੇਗਾ। ਜਿੱਥੇ ਵੀ ਲੋੜ ਹੋਵੇ, ਉੱਥੇ ਸਮੇਂ-ਸਿਰ ਅਤੇ ਨਿਰੰਤਰ ਸਹਾਇਤਾ ਯਕੀਨੀ ਬਣਾਈ ਜਾਵੇਗੀ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਪਹਿਲਾਂ ਹੀ ਪੰਜਾਬ ਵਿਧਾਨ ਸਭਾ ਦੇ ਅਹਿਮ ਕਾਰਜਾਂ ਨੂੰ ਸੰਕੇਤਿਕ ਭਾਸ਼ਾ ਵਿੱਚ ਪ੍ਰਸਾਰਿਤ ਕਰਕੇ ਇਕ ਮਿਸਾਲ ਕਾਇਮ ਕਰ ਚੁੱਕੀ ਹੈ। ਇਹ ਫੈਸਲਾ ਵਿਸ਼ੇਸ਼ ਯੋਗਤਾ ਵਾਲੇ ਬੱਚਿਆਂ ਤੇ ਵਿਅਕਤੀਆਂ (ਸੁਣਨ ਤੇ ਬੋਲਣ ਵਿੱਚ ਅਸਮੱਰਥ ਵਿਅਕਤੀਆਂ) ਲਈ ਨਾ ਸਿਰਫ ਸੰਚਾਰ ਦੀ ਰੁਕਾਵਟ ਦੂਰ ਕਰਦਾ ਹੈ, ਸਗੋਂ ਸਮਾਜਿਕ ਨਿਆਂ ਅਤੇ ਭਾਗੀਦਾਰੀ ਦੀ ਪ੍ਰਕਿਰਿਆ ਵਿੱਚ ਉਨ੍ਹਾਂ ਦੀ ਸਰਗਰਮ ਭੂਮਿਕਾ ਨੂੰ ਵੀ ਮਜ਼ਬੂਤ ਕਰਦਾ ਹੈ। ਸੰਕੇਤਿਕ ਭਾਸ਼ਾ ਦੇ ਦੁਭਾਸ਼ੀਏ, ਅਨੁਵਾਦਕ ਅਤੇ ਵਿਸ਼ੇਸ਼ ਸਿੱਖਿਅਕਾਂ ਦੀ ਨਵੀਨਤਮ ਸੂਚੀਬੱਧਤਾ ਇਸ ਦਿਸ਼ਾ ਵਿੱਚ ਪੰਜਾਬ ਸਰਕਾਰ ਦਾ ਇੱਕ ਹੋਰ ਵੱਡਾ ਉਪਰਾਲਾ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਆਮ ਇਜਲਾਸ ਅੱਜ

ਅੰਮ੍ਰਿਤਸਰ, 4 ਅਗਸਤ (ਗੁਰਦਿਆਲ ਸਿੰਘ): ਐਸਜੀਪੀਸੀ ਦਾ ਜਨਰਲ ਇਜਲਾਸ 5 ਅਗਸਤ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋ ਰਿਹਾ ਹੈ



ਜਿਸ ਦੀਆਂ ਤਿਆਰੀਆਂ ਮੁਕੰਮਲ ਕਰ ਲਈ ਗਈਆ। ਐਸਜੀਪੀਸੀ ਦੇ ਮੈਂਬਰਾਂ ਦਾ ਜਰਨਲ ਇਜਲਾਸ 5 ਅਗਸਤ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋ ਰਿਹਾ ਹੈ ਜਿਸ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਦੂਜੇ ਤਖਤਾਂ ਦੇ ਜਥੇਦਾਰਾਂ ਨੂੰ ਲਗਾਉਣ ਤੇ ਲਾਉਣ ਲਈ ਵਿਸਥਾਰ 'ਚ ਨਿਯਮਾਂ ਅਨੁਸਾਰ ਰਣਨੀਤੀ ਘੜੀ ਜਾਊਗੀ, ਜਿਸ 'ਚ ਮੈਂਬਰਾਂ ਦੀ ਰਹਿ ਲਈ ਹੋਗੀ ਤਖ਼ਤਾਂ ਦੇ ਜਥੇਦਾਰਾਂ ਨੂੰ ਲਗਾਉਣ ਤੇ ਲਾਉਣ ਦੇ ਕਿਹੜੇ ਕਿਹੜੇ ਨਿਜਮ ਹੋਣਗੇ, ਜਿਨ੍ਹਾਂ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਤੇ ਦੂਜੇ ਤਖਤਾਂ ਦੇ ਜਥੇਦਾਰਾਂ ਨੂੰ ਲਗਾਉਣ ਤੇ ਲਾਉਣ ਲਈ ਵਿਚਾਰ ਵਟਾਂਦਰਾ ਕੀਤਾ ਜਾਊਗਾ। ਸੂਤਰਾਂ ਨੇ ਦੱਸਿਆ ਕੱਲ੍ਹ ਹੋ ਰਹੇ ਜਰਨਲ ਅਜਲਾਸ 'ਚ ਅਕਾਲ ਤਖਤ ਸਾਹਿਬ ਵੱਲੋਂ ਬਣੀ ਭਰਤੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੇ 11 ਅਗਸਤ ਨੂੰ ਤੇਜਾ ਸਿੰਘ ਸਮੁੰਦਰੀ ਹਾਲ 'ਚ ਅਜਲਾਸ ਕਰਨ ਲਈ ਆਗਿਆ ਮੰਗੀ, ਇਸ 'ਤੇ ਵੀ ਵਿਚਾਰ ਹੋਏਗਾ, ਇਹ ਵੀ ਪਤਾ ਲੱਗਾ ਹੈ ਕਿ ਜਨਰਲ ਗਲਾਸ 'ਚ ਉਨ੍ਹਾਂ ਦਾ ਮਤਾ ਪਾ ਕੇ ਤੇਜਾ ਸਿੰਘ ਸਮੁੰਦਰੀ 'ਚ ਹੋਰ ਕਿਸੇ ਗਰੁੱਪ ਦਾ ਇਜਲਾਸ ਹੋਣ ਦੀ ਆਗਿਆਨੀ ਦਿੱਤੀ ਜਾਏਗੀ। ਇਹ ਵੀ ਮਤਾ ਪਾਸ ਕੀਤਾ ਜਾ ਸਕਦਾ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਹੁਕਮਾਂ ਦੀ ਪੂਰਤੀ ਲਈ ਐਸਜੀਪੀਸੀ ਤੇਜਾ ਸਿੰਘ ਸਮੁੰਦਰੀ ਹਾਲ ਦਿੱਤੇ ਜਾਣ ਦੀ ਇਜ਼ਾਜਤ ਵਾਲਾ ਪੱਤਰ ਜਾਰੀ ਕਰਕੇ ਸਟੇਟ ਤੇ ਜ਼ਿਲ੍ਹਾ ਡੈਲੀਗੇਟ ਚੁਣਨ ਦੀ ਪ੍ਰਕਿਰਿਆ ਲਗਭਗ ਮੁਕੰਮਲ



ਅੰਮ੍ਰਿਤਸਰ, 4 ਅਗਸਤ (ਬਬਲੂ ਮਹਾਜਨ): ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਦੇ ਕਾਰਜਸ਼ੀਲ ਪੰਜ ਮੈਂਬਰਾਂ ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜੱਥੇਦਾਰ ਇਕਬਾਲ ਸਿੰਘ ਝੂੰਦਾਂ, ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਪੁਰਜ਼ੋਰ ਅਪੀਲ ਕੀਤੀ ਗਈ ਹੈ ਕਿ ਪੰਥਕ ਜਮਾਤ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ (ਪ੍ਰਧਾਨ ) ਚੁਣੇ ਜਾਣ ਲਈ ਬੁਲਾਏ ਗਏ ਜਨਰਲ ਇਜਲਾਸ ਲਈ ਤੇਜਾ ਸਿੰਘ ਸਮੁੰਦਰੀ ਹਾਲ ਦੀ ਇਜਾਜ਼ਤ ਬਿਨਾਂ ਦੇਰੀ ਦਿੱਤੇ ਜਾਣ ਲਈ ਪੱਤਰ ਜਾਰੀ ਕਰਨ। ਜਾਰੀ ਬਿਆਨ ਵਿੱਚ ਭਰਤੀ ਕਮੇਟੀ ਮੈਂਬਰਾਂ ਨੇ ਕਿਹਾ ਕਿ, ਕਮੇਟੀ ਵਿੱਚ ਬਤੌਰ ਕਾਰਜਸ਼ੀਲ ਮੈਂਬਰਾਂ ਵਜੋਂ ਓਹਨਾਂ ਨੇ ਪੂਰਨ ਸਮਰਪਿਤ ਭਾਵਨਾ ਹੇਠ ਹੁਕਮਨਾਮਾ ਸਾਹਿਬ ਦੀ ਭਾਵਨਾ ਦੀ ਇੰਨ ਬਿੰਨ ਪਾਲਣਾ ਕੀਤੀ ਹੈ। ਦੋ ਦਸੰਬਰ ਨੂੰ ਜਾਰੀ ਹੁਕਮਨਾਮਾ ਸਾਹਿਬ ਦੀ ਭਾਵਨਾ ਦੇ ਆਖਰੀ ਪੜਾਅ ਨੂੰ ਪੂਰਾ ਕਰਨ ਲਈ ਪੰਥਕ ਪ੍ਰੰਪਰਾਵਾਂ ਤਹਿਤ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਨੇਪਰੇ ਚਾੜ੍ਹਨ ਲਈ ਸਿਰਫ ਤੇ ਸਿਰਫ ਇਤਿਹਾਸਿਕ ਹਾਲ ਲਈ ਇਜਾਜ਼ਤ ਬਾਕੀ ਬਚੀ ਹੋਈ, ਇਸ ਲਈ ਪ੍ਰਧਾਨ ਐਸਜੀਪੀਸੀ ਧਾਮੀ ਇਸ ਇਤਿਹਾਸਕ ਦਿਹਾੜੇ ਨੂੰ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਅਤੇ ਪੰਜਾਬੀਆਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੇ ਹੋਏ ਆਪਣਾ ਸਕਰਾਤਮਕ ਰੋਲ ਅਦਾ ਕਰਦੇ ਹੋਏ ਪੰਥਕ ਸ਼ਕਤੀ ਅਤੇ ਏਕਤਾ ਦੇ ਹਾਮੀ ਦੇ ਗਵਾਹ ਬਣਦੇ ਹੋਏ ਤੇਜਾ ਸਿੰਘ ਸਮੁੰਦਰੀ ਹਾਲ ਦੀ ਇਜਾਜ਼ਤ ਬਿਨਾਂ ਦੇਰੀ ਦੇਣ ਦੀ ਕ੍ਰਿਪਾਲਤਾ ਕਰਨ।

ਭਰਤੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਕੌਮ,ਪੰਥ ਤੇ ਪੰਜਾਬੀਆਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ 18 ਮਾਰਚ ਨੂੰ ਸ਼ੁਰੂ ਹੋਈ ਭਰਤੀ ਮੁਹਿੰਮ ਨੂੰ ਬਹੁਤ ਸਮੱਰਥਨ ਅਤੇ ਪਿਆਰ ਮਿਲਿਆ। ਪੂਰਨ ਵਿਧੀ ਵਿਧਾਨ ਅਤੇ ਲੋਕਤੰਤਰਿਕ ਤਰੀਕੇ ਜਰੀਏ ਸੂਬਾਈ ਅਤੇ ਜ਼ਿਲਾ ਡੈਲੀਗੇਟ ਦੀ ਚੋਣ ਮੁਕੰਮਲ ਹੋ ਚੁੱਕੀ ਹੈ। ਇਸ ਭਰਤੀ ਮੁਹਿੰਮ ਦਾ ਆਖਰੀ ਅਤੇ ਫੈਸਲਾਕੁੰਨ ਪੜਾਅ ਪ੍ਰਧਾਨ ਚੁਣੇ ਜਾਣ ਦੇ ਰੂਪ ਵਿੱਚ 11 ਅਗਸਤ ਨੂੰ ਪੂਰਾ ਕਰ ਲਿਆ ਜਾਵੇਗਾ। ਇਸ ਦੇ ਨਾਲ ਹੀ ਭਰਤੀ ਕਮੇਟੀ ਮੈਬਰਾਂ ਨੇ ਪੂਰਨ ਵਿਸ਼ਵਾਸ ਨਾਲ ਉਮੀਦ ਜਤਾਈ ਕਿ ਸਰਦਾਰ ਧਾਮੀ ਪੰਥ ਅਤੇ ਕੌਮ ਦੇ ਇਸ ਇਤਿਹਾਸਕ ਪੜਾਅ ਲਈ ਕਦੇ ਵੀ ਨਾ ਆਪਣੇ ਨਿੱਜੀ ਤੌਰ ਉੱਪਰ ਅਤੇ ਨ ਹੀ ਸੰਸਥਾ ਦੇ ਮੁਖੀ ਦੇ ਤੌਰ 'ਤੇ ਅੜਿੱਕਾ ਬਣਨਗੇ। ਭਰਤੀ ਕਮੇਟੀ ਮੈਬਰਾਂ ਨੇ ਕਿਹਾ ਕਿ ਇਸ ਵੱਡੇ ਕਾਰਜ ਦੇ ਇਤਿਹਾਸਿਕ ਦਿਨ ਨੂੰ ਵੇਖਣ ਲਈ ਪੂਰੇ ਪੰਥ ਅਤੇ ਪੰਜਾਬ ਦੀ ਨਜ਼ਰ ਐਸਜੀਪੀਸੀ ਉੱਪਰ ਜ਼ਰੂਰ ਹੈ ਕਿ ਪੰਥ ਦੀ ਸਭ ਤੋਂ ਵੱਡੀ ਸੰਸਥਾ ਪੰਥ ਦੀ ਸਭ ਤੋਂ ਵੱਡੀ ਅਤੇ ਨੁਮਾਇੰਦਾ ਜਮਾਤ ਦੇ ਪ੍ਰਧਾਨ ਦੀ ਚੋਣ ਲਈ ਇਜਾਜ਼ਤ ਦਿੰਦੀ ਹੈ ਕਿ ਨਹੀਂ। ਇਸ ਦੇ ਨਾਲ ਹੀ ਭਰਤੀ ਕਮੇਟੀ ਮੈਬਰਾਂ ਨੇ ਕਿਹਾ ਪੰਜਾਬ ਦੇ ਲੋਕ ਇਹ ਵੀ ਵੇਖ ਰਹੇ ਹਨ, ਐਸਜੀਪੀਸੀ ਦੇ ਸਥਾਨ ਵਰਤਣ ਦੀ ਇਜਾਜ਼ਤ ਸਿਰਫ ਬਾਦਲ ਪਰਿਵਾਰ ਕੋਲ ਹੀ ਹੈ ਜਾਂ ਫਿਰ ਸਮੁੱਚੇ ਪੰਥ ਲਈ ਵਰਤੋਂ ਕਰਨ ਦੀ ਇਜਾਜਤ ਹੈ।

# ਗੁ. ਅਕਾਲੀ ਬਾਬਾ ਫੂਲਾ ਸਿੰਘ ਜੀ ਵਿਖੇ ਮਹਾਨ ਸ਼ਹੀਦੀ ਸਮਾਗਮ ਕਰਵਾਇਆ



ਪਟਿਆਲਾ, 4 ਅਗਸਤ (ਚ.ਨ.ਸ.): ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਗੁ. ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ ਵਿਖੇ ਕਰਵਾਏ ਗਏ। ਇਸ ਮੌਕੇ ਹਜ਼ੂਰੀ ਰਾਗੀ ਭਾਈ ਸੁਰਿੰਦਰ ਸਿੰਘ ਜੀ ਅਤੇ ਭਾਈ ਸਤਵੰਤ ਸਿੰਘ ਗੁਰੂ ਨਾਨਕ ਆਸ਼ਰਮ ਪਟਿਆਲਾ ਵਾਲਿਆਂ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ। ਇਸ ਉਪਰੰਤ ਭਾਈ ਪਰਮਜੀਤ ਸਿੰਘ ਪ੍ਰਿੰਸ ਜੀ ਨੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ । ਇਸ ਮੌਕੇ ਗੁ. ਕਮੇਟੀ ਦੇ ਪ੍ਰਧਾਨ ਪਦਮਸ੍ਰੀ ਭਾਈ ਜਗਜੀਤ ਸਿੰਘ ਦਰਦੀ ਨੇ ਗੁਰੂ ਦਰਬਾਰ ਵਿਚ ਹਾਜ਼ਰੀ ਭਰੀ । ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਪਦਮਸ੍ਰੀ ਭਾਈ ਜਗਜੀਤ ਸਿੰਘ ਦਰਦੀ ਨੇ ਸੰਗਤਾਂ ਨੂੰ ਨੌਵੇਂ ਪਾਤਸ਼ਾਹ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ ਤੇ ਉਨ੍ਹਾਂ ਵੱਲੋਂ ਪਾਏ ਪੂਰਨਿਆਂ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਇਸ ਮੌਕੇ ਗੁ. ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਇਲਾਕੇ ਦੀ ਸੰਗਤ ਨੇ ਜੋਸ਼ੋ ਖਰੋਸ਼ ਨਾਲ ਇਸ ਸਮਾਗਮ ਵਿਚ ਸ਼ਿਰਕਤ ਕੀਤੀ । ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਪੰਜਾਬ ਨੂੰ ਡੇਟਾ ਐਨਾਲੈਟਿਕਸ 'ਚ ਮਿਲਿਆ ਤਕਨਾਲੌਜੀ ਸਭਾ ਐਕਸੀਲੈਂਸ ਪੁਰਸਕਾਰ




ਚੰਡੀਗੜ੍ਹ, 4 ਅਗਸਤ (ਚ.ਨ.ਸ.): ਕੌਮੀ ਪੱਧਰ 'ਤੇ ਵੱਡੀ ਮਾਨਤਾ ਹਾਸਲ ਕਰਦਿਆਂ ਪੰਜਾਬ ਸਰਕਾਰ ਨੇ ਡੇਟਾ ਐਨਾਲੈਟਿਕਸ ਸ਼੍ਰੇਣੀ ਵਿੱਚ ਤਕਨਾਲੋਜੀ ਸਭਾ ਐਕਸੀਲੈਂਸ ਐਵਾਰਡ 2025 ਪ੍ਰਾਪਤ ਕੀਤਾ ਹੈ, ਜੋ ਬਿਹਤਰੀਨ ਨਾਗਰਿਕ ਸੇਵਾਵਾਂ ਅਤੇ ਸੁਚੱਜੇ ਸ਼ਾਸਨ ਨੂੰ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਵੱਲੋਂ ਤਕਨਾਲੋਜੀ ਅਤੇ ਡੇਟਾ ਵਿਸ਼ਲੇਸ਼ਣ ਦੀ ਵਰਤੋਂ ਸਬੰਧੀ ਕੀਤੀਆਂ ਗਈਆਂ ਮਹੱਤਵਪੂਰਨ ਪਹਿਲਕਦਮੀਆਂ ਨੂੰ ਦਰਸਾਉਂਦਾ ਹੈ। ਇਹ ਵੱਕਾਰੀ ਪੁਰਸਕਾਰ ਪੰਜਾਬ ਦੇ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਡੀ.ਕੇ. ਤਿਵਾੜੀ ਵੱਲੋਂ ਜੈਪੁਰ (ਰਾਜਸਥਾਨ) ਵਿੱਚ ਇੰਡੀਅਨ ਐਕਸਪ੍ਰੈਸ ਗਰੁੱਪ ਵੱਲੋਂ ਕਰਵਾਏ ਗਏ ਇੱਕ ਸ਼ਾਨਦਾਰ ਸਮਾਰੋਹ ਵਿੱਚ ਹਾਸਲ ਕੀਤਾ ਗਿਆ। ਇਹ ਸਨਮਾਨ ਸੁਚੱਜੇ ਪ੍ਰਸ਼ਾਸਨ ਪ੍ਰਬੰਧਾਂ ਲਈ ਤਕਨਾਲੋਜੀ ਦੀ ਵਰਤੋਂ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਜ਼ਿਕਰਯੋਗ ਹੈ ਕਿ ਤਕਨਾਲੋਜੀ ਸਭਾ, ਜੋ ਇੱਕ ਪ੍ਰਮੁੱਖ ਈ-ਗਵਰਨੈਂਸ ਪਲੇਟਫਾਰਮ ਹੈ, ਦੇਸ਼ ਭਰ ਦੇ ਸਰਕਾਰੀ ਖੇਤਰ ਨਾਲ ਸਬੰਧਤ ਉੱਘੇ ਆਈਸੀਟੀ ਪੇਸ਼ੇਵਰਾਂ ਅਤੇ ਨੀਤੀ ਘਾੜਿਆਂ ਨੂੰ ਇੱਕ ਮੰਚ ਉੱਤੇ ਲਿਆ ਕੇ ਜਾਣਕਾਰੀ ਦੇ ਆਦਾਨ-ਪ੍ਰਦਾਨ, ਉੱਨਤ ਤਕਨੀਕੀ ਪਹਿਲਕਦਮੀਆਂ ਅਤੇ ਡਿਜੀਟਲ ਗਵਰਨੈਂਸ ਵਿੱਚ ਦੇਸ਼ ਦੇ ਭਵਿੱਖ 'ਤੇ ਵਿਚਾਰ-ਵਟਾਂਦਰੇ ਦੀ ਸਹੂਲਤ ਪ੍ਰਦਾਨ ਕਰਦਾ ਹੈ। ਦੱਸਣਯੋਗ ਹੈ ਕਿ ਤਕਨਾਲੋਜੀ ਸਭਾ ਵੱਲੋਂ ਸਰਕਾਰੀ ਵਿਭਾਗਾਂ ਤੇ ਸੰਸਥਾਵਾਂ ਦੁਆਰਾ ਵੱਖ-ਵੱਖ ਭਾਈਵਾਲਾਂ ਦੀ ਭਲਾਈ ਲਈ ਤਕਨਾਲੋਜੀ ਦੀ ਵਰਤੋਂ ਰਾਹੀਂ ਕੀਤੀਆਂ ਗਈਆਂ ਮਹੱਤਵਪੂਰਨ ਪਹਿਲਕਦਮੀਆਂ ਲਈ ਉਨ੍ਹਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਡੇਟਾ ਵਿਸ਼ਲੇਸ਼ਣ 'ਚ ਸ਼ਾਨਦਾਰ ਕਾਰਗੁਜ਼ਾਰੀ ਲਈ ਪੁਰਸਕਾਰ ਮਿਲਣਾ, ਇਹ ਦਰਸਾਉਂਦਾ ਹੈ ਕਿ ਅਸੀਂ ਸਿਰਫ਼ ਚੰਗਾ ਸ਼ਾਸਨ ਦੇਣ ਬਾਰੇ ਸਿਰਫ਼ ਗੱਲਾਂ ਹੀ ਨਹੀਂ ਕਰ ਰਹੇ, ਬਲਕਿ ਇਸਨੂੰ ਸਰਗਰਮੀ ਨਾਲ ਯਕੀਨੀ ਵੀ ਬਣਾ ਰਹੇ ਹਾਂ। ਅਮਨ ਅਰੋੜਾ ਨੇ ਕਿਹਾ ਕਿ ਆਧੁਨਿਕ ਸ਼ਾਸਨ ਵਿੱਚ ਡੇਟਾ ਵਿਸ਼ਲੇਸ਼ਣ ਦੀ ਅਹਿਮ ਭੂਮਿਕਾ ਹੈ। ਇਹ ਨਾਗਰਿਕਾਂ ਦੀਆਂ ਜ਼ਰੂਰਤਾਂ ਨੂੰ ਹੋਰ ਡੂੰਘਾਈ ਨਾਲ ਸਮਝਣ, ਸੇਵਾ ਦੇਣ ਵਿੱਚ ਰੁਕਾਵਟਾਂ ਦੀ ਪਛਾਣ ਕਰਨ ਅਤੇ ਨਾਗਰਿਕਾਂ ਦੇ ਜੀਵਨ-ਪੱਧਰ ਨੂੰ ਬਿਹਤਰ ਬਣਾਉਣ ਲਈ ਠੋਸ ਫੈਸਲੇ ਲੈਣ 'ਚ ਮੱਦਦ ਕਰਦਾ ਹੈ। ਉਨ੍ਹਾਂ ਕਿਹਾ ਕਿ ਇੰਡੀਅਨ ਐਕਸਪ੍ਰੈਸ ਦੀ ਤਕਨਾਲੋਜੀ ਸਭਾ ਵੱਲੋਂ ਇਹ ਸਨਮਾਨ ਮਿਲਣਾ, ਡਿਜੀਟਲ ਤਬਦੀਲੀ ਵੱਲ ਸਾਡੇ ਸਫ਼ਰ ਨੂੰ ਵਧੇਰੇ ਜੋਸ਼ ਨਾਲ ਅੱਗੇ ਵਧਾਉਣ ਲਈ ਇੱਕ ਵੱਡੀ ਹੱਲਾਸ਼ੇਰੀ ਹੈ।

ਇਹ ਪੁਰਸਕਾਰ ਪੰਜਾਬ ਸਰਕਾਰ ਲਈ ਇੱਕ ਵੱਡਾ ਮੀਲ ਪੱਥਰ ਹੈ, ਜੋ ਪ੍ਰਸ਼ਾਸਨਿਕ ਅਮਲ ਨੂੰ ਵਧੇਰੇ ਅਨੁਕੂਲ ਬਣਾਉਣ, ਜਨਤਕ ਸੇਵਾਵਾਂ ਦੀ ਮਜ਼ਬੂਤੀ ਨਾਲ ਵਧੇਰੇ ਜਵਾਬਦੇਹ ਪ੍ਰਸ਼ਾਸਨ ਅਤੇ ਜਵਾਬਦੇਹ ਸਰਕਾਰ ਨੂੰ ਯਕੀਨੀ ਬਣਾਉਣ ਲਈ ਆਧੁਨਿਕ ਡੇਟਾ ਵਿਸ਼ਲੇਸ਼ਣ ਦੀ ਪ੍ਰਭਾਵਸ਼ਾਲੀ ਵਰਤੋਂ ਨੂੰ ਦਰਸਾਉਂਦਾ ਹੈ। ਇਸ ਦੇ ਨਾਲ ਹੀ ਇਹ ਸੂਬੇ ਦੇ ਨਾਗਰਿਕਾਂ ਦੀ ਭਲਾਈ ਅਤੇ ਖੁਸ਼ਹਾਲੀ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਤਕਨਾਲੋਜੀ ਦੀ ਵਰਤੋਂ ਰਾਹੀਂ ਰੰਗਲਾ ਪੰਜਾਬ ਬਣਾਉਣ ਦੇ ਯਤਨਾਂ ਨੂੰ ਹੋਰ ਬਲ ਦਿੰਦਾ ਹੈ।

# ਲੱਚਰ ਗੀਤ-ਸੰਗੀਤ ਤੇ ਘਟੀਆ ਪੇਸ਼ਕਾਰੀ ਕਿਹੜੇ ਪੰਜਾਬ ਦਾ ਵਿਰਸਾ ਹੈ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਕਦੀ ਪੰਜਾਬ ਪੰਜਾਬੀਅਤ ਦਾ ਅਲੰਬਰਦਾਰ ਅਤੇ ਹਰ ਘਰ ਵਿੱਚ ਦੇਖਿਆ ਜਾਣ ਵਾਲਾ ਜਲੰਧਰ ਦੂਰਦਰਸ਼ਨ ਤੇ ਡੀਡੀ ਪੰਜਾਬੀ ਨੇ ਆਪਣਾ ਜਲੌਅ ਤੇ ਆਪਣੀ ਪਹੁੰਚ ਨੂੰ ਦਰਸ਼ਕਾਂ ਤੋਂ ਦੂਰ ਕੀਤਾ ਹੈ।ਅੱਜ ਜਦੋਂ ਡੀ ਡੀ ਪੰਜਾਬੀ ਦੇ 25 ਵ੍ਰਰੇ ਹੋਣ 'ਤੇ ਇਸ ਦਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ ਤਾਂ ਇਸ ਦੀ ਕਾਰਕਰਦਗੀ ਦਾ ਲੇਖਾ ਜੋਖਾ ਕਰਦਿਆਂ ਹੋਇਆਂ ਇਸ ਦੇ ਪ੍ਰੋਗਰਾਮਾਂ ਦੀ ਗੁਣਵੱਤਾ ਅਤੇ ਇਸ ਦੀ ਪਹੁੰਚ ਸੰਚਾਰ ਦਾ ਸਫ਼ਰ ਹੁਣ ਪਹਿਲਾਂ ਵਰਗਾ ਨਹੀਂ ਹੈ । ਹੁਣ ਇਹ ਪੰਜਾਬੀਆਂ ਦਾ ਹਰਮਨ ਪਿਆਰਾ ਚੈਨਲ ਨਹੀਂ ਰਿਹਾ ਹੈ ਅਤੇ ਅੱਜ ਪ੍ਰਾਈਵੇਟ ਚੈਨਲਾਂ ਦੀ ਦੌੜ ਵਿੱਚ ਦੂਰਦਰਸ਼ਨ ਦਾ ਜੋ ਇੱਕ ਮੋਕਲਾ ਚਿਹਰਾ ਅਲੱਗ ਪਹਿਚਾਣ ਸੀ, ਉਹ ਹੁਣ ਬੀਤੇ ਕੱਲ੍ਹ ਦੀਆਂ ਗੱਲਾਂ ਹੋ ਗਈਆਂ ਹਨ ।

ਪਿਛਲੇ 45 ਸਾਲ ਤੋਂ ਟੈਲੀਵਿਜ਼ਨ ਦੀ ਦੁਨੀਆਂ ਵਿੱਚ ਪੂਰੀ ਜ਼ਿੰਦਗੀ ਗੁਜ਼ਾਰਨ ਵਾਲੇ ਉੱਘੇ ਲੇਖਕ ਤੇ ਦੂਰਦਰਸ਼ਨ ਦੇ ਉੱਚ ਅਧਿਕਾਰੀ ਰਹੇ ਡਾਇਰੈਕਟਰ ਤੇ ਮੀਡੀਆ ਵਿਸ਼ਲੇਸ਼ਕ ਪ੍ਰੋਫੈਸਰ ਡਾ. ਕ੍ਰਿਸ਼ਨ ਕੁਮਾਰ ਰੱਤੂ ਦਾ ਕਹਿਣਾ ਹੈ, ਕਿ ਜਿਹੜੀ ਪੰਜਾਬੀ ਜੋ ਕਦੀ ਪੰਜਾਬੀਆਂ ਦੀ ਪਹਿਚਾਣ ਸੀ ਹੁਣ ਚੈਨਲਾਂ ਦੀ ਭੀੜ ਵਿੱਚ ਇਕ ਆਮ ਚੈਨਲ ਬਣ ਕੇ ਰਹਿ ਗਿਆ ਹੈ, ਜੋ ਸਿਰਫ਼ ਤੇ ਸਿਰਫ਼ ਉਹਨਾਂ ਲੋਕਾਂ ਦਾ ਚੈਨਲ ਹੈ ਜਿਹੜੇ ਇਸ ਨੂੰ ਪ੍ਰਸਾਰਿਤ ਕਰਦੇ ਹਨ ਤੇ ਜਿਨ੍ਹਾਂ ਦੀ ਸਿਫਾਰਸ਼ੀ ਦੇ ਨਾਲ ਉਹਨਾਂ ਲੋਕਾਂ ਦੀ ਭੀੜ ਇਸਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦੀ ਹੈ। ਇਸ ਦੀ ਗਵਾਹੀ ਇੱਥੋਂ ਪ੍ਰਸਾਰਿਤ ਹੋਣ ਵਾਲੇ ਉਹ ਸਾਰੇ ਪ੍ਰੋਗਰਾਮ ਹਨ, ਜਿਨ੍ਹਾਂ ਦੀ ਕੰਟੈਂਟ ਦਾ ਮਿਆਰ ਕੁੱਝ ਪ੍ਰਤੀਸ਼ਤ ਨੂੰ ਛੱਡ ਕੇ ਬਾਕੀ ਘਟੀਆ ਦਰਜੇ ਦਾ ਹੈ, ਹਾਲਾਂਕਿ ਇਤਿਹਾਸ ਅਤੇ ਕਈ ਪਾਪੂਲਰ ਸੀਰੀਜ਼ ਵੀ ਇੱਥੋਂ ਚੱਲੇ ਹਨ ਅਤੇ ਇਸਦਾ ਵਿਰਸਾ ਪੰਜਾਬ ਦੀ ਵਿਰਾਸਤ ਦੀ ਅਮੀਰੀ ਨਾਲ ਭਰਿਆ ਹੋਇਆ ਰਿਹਾ ਹੈ ।

ਜਿਹੜੀ ਪੰਜਾਬੀ ਦੇ ਮੂਲ ਰੂਪ ਵਿੱਚ ਪਿਛਲੇ 25 ਸਾਲਾਂ ਦਾ ਮੁਲਾਂਕਨ ਕਰਦਿਆਂ ਹੋਇਆਂ ਇਹ ਦੇਖਿਆ ਜਾ ਰਿਹਾ ਹੈ ਕਿ ਇਸਨੇ ਆਪਣੀ ਪਹਿਚਾਣ ਨੂੰ ਖੋਰਾ ਲਗਾਇਆ ਹੈ ਅਤੇ ਇਹ ਪੰਜਾਬੀਆਂ ਦੀ ਉਮੀਦ 'ਤੇ ਪੂਰਾ ਨਹੀਂ ਉਤਰਿਆ ਹੈ। ਇਸ ਦੇ ਲਈ ਜ਼ਿੰਮੇਦਾਰ ਇੱਥੋਂ ਦਾ ਉਹ ਸਟਾਫ ਵੀ ਹੈ, ਜਿਸਨੇ ਆਪਣੇ ਮੁਫ਼ਾਦ ਤੇ ਆਪਣੀਆਂ ਆਪਹੁਦਰੀਆਂ ਕਰਨ ਵਾਸਤੇ ਇਸ ਚੈਨਲ ਨੂੰ ਆਪਣੇ ਨਿੱਜੀ ਮੁਫਾਦਾਂ ਵਾਸਤੇ ਵਰਤਿਆ ਤੇ ਉਸਦਾ ਨਤੀਜਾ ਇਹ ਹੈ, ਕਿ ਅੱਜ ਚੈਨਲਾਂ ਦੀ ਭੀੜ ਵਿੱਚ ਇਹ ਵੀ ਆਮ ਚੈਨਲ ਹੋ ਗਿਆ ਹੈ ।

ਇਹ ਭਾਰਤ ਸਰਕਾਰ ਦਾ ਸਭ ਤੋਂ ਅਫਸੋਸਨਾਕ ਪਹਿਲੂ ਹੈ ਕਿ ਉਹਨਾਂ ਨੇ ਕਦੇ ਇਸ ਸਰਹਦੀ ਸੂਬੇ ਦੇ ਇਸ ਚੈਨਲ ਵੱਲ ਉਹ ਧਿਆਨ ਹੀ ਨਹੀਂ ਦਿੱਤਾ ਤੇ ਇੱਥੇ ਤੈਨਾਤ ਅਧਿਕਾਰੀਆਂ ਨੇ ਅਧਿਕਤਰ ਪੰਜਾਬੀ ਪਹਿਚਾਨ ਤੋਂ ਅਲੱਗ ਸਨ, ਜਿਨ੍ਹਾਂ ਨੇ ਇਸ ਨੂੰ ਇਹ ਰਸਾਤਲ ਤੱਕ ਪਹੁੰਚਾਇਆ ਹੈ ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਜਿਹੜੇ ਅਧਿਕਾਰੀ ਪੰਜਾਬੀਅਤ ਨਾਲ ਪਿਆਰ ਕਰਦੇ ਸਨ ਉਹਨਾਂ ਨੂੰ ਕਦੀ ਅੱਗੇ ਆਉਣ ਦਾ ਮੌਕਾ ਹੀ ਨਹੀਂ ਦਿੱਤਾ ਗਿਆ । ਇਹ ਇਸ ਚੈਨਲ ਦੀ ਇਸ ਦੀ ਸਭ ਤੋਂ ਵੱਡੀ ਤ੍ਰਾਸਦੀ ਰਹੀ ਹੈ, ਪ੍ਰੰਤੂ ਇੱਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਪਿਛਲੇ 25 ਵਰ੍ਹਿਆਂ ਵਿੱਚ ਡੀਡੀ ਪੰਜਾਬੀ ਦੀ ਜੋ ਇਕ ਵੱਖਰੀ ਪਹਿਚਾਣ ਪੰਜਾਬ ਦੇ ਸੱਭਿਆਚਾਰ ਭਾਸ਼ਾ ਤੇ ਸਾਹਿਤ ਨੂੰ ਲੈ ਕੇ ਸੀ ਉਹ ਲ ਅੱਜ ਲੱਚਰ ਸੰਗੀਤ ਵਿੱਚ ਸਮਾਪਤ ਹੋ ਗਈ ਹੈ।

ਦੂਰਦਰਸ਼ਨ ਦੇ ਪੰਜਾਬੀ ਸੈਟਲਾਈਟ ਚੈਨਲ ਡੀਡੀ ਪੰਜਾਬੀ ਦੀ ਸਥਾਪਨਾ ਦਿਵਸ ਤੇ 25 ਵਰੇ ਪੂਰੇ ਹੋਣ 'ਤੇ ਡੀਡੀ ਪੰਜਾਬੀ ਦੀ ਪੇਸ਼ਕਸ਼ ਨੂੰ ਉਸਦੇ ਦੁਆਰਾ ਪ੍ਰਚਾਰਿਤ ਕੀਤੇ ਗਏ ਪ੍ਰੋਗਰਾਮਾਂ ਦੀ ਗੁਣਵੱਤਾ 'ਤੇ ਗੱਲ ਕੀਤੀ ਜਾਏ, ਤਾਂ ਉਹ ਹੁਣ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਤੋਂ ਕੋਹਾਂ ਦੂਰ ਹਨ ਤੇ ਅਧਕਚਰੇ ਲੱਚਰਤਾ ਨਾਲ ਭਰੇ ਹੋਏ ਕਮਰਸ਼ੀਅਲ ਦੌੜ ਵਿੱਚ ਸ਼ਾਮਲ ਉਹ ਸਟੇਜ ਸ਼ੋਅ ਹਨ, ਜਿਹੜੇ ਘਰਾਂ ਵਿੱਚ ਬੈਠ ਕੇ ਤੁਸੀਂ ਪੂਰੇ ਪਰਿਵਾਰ ਨਾਲ ਦੇਖ ਨਹੀਂ ਸਕਦੇ ਅਤੇ ਲੱਚਰ ਕਿਸਮ ਦੇ ਗੀਤ ਸੰਗੀਤ ਨੇ ਇਸ ਚਕਾਚੌਂਧ ਦੀ ਦੁਨੀਆਂ ਵਿੱਚ ਇਸ ਨੂੰ ਦਰਸ਼ਕਾਂ ਵਿੱਚ ਖਤਮ ਕਰ ਦਿੱਤਾ ਹੈ। ਇਹ ਇਸ ਦਾ ਸਭ ਤੋਂ ਅਫਸੋਸਨਾਕ ਪਹਿਲੂ ਹੈ ਕਿ ਭਾਰਤ ਸਰਕਾਰ ਇਸ ਕੇਂਦਰ ਵੱਲ ਧਿਆਨ ਦੇਵੇਗੀ, ਕਿਉਂਕਿ ਪੰਜਾਬੀਆਂ ਦੀ ਉਮੀਦਾਂ ਦਾ ਆਪਣਾ ਚੈਨਲ ਸੀ।

## ਸੰਪਾਦਕੀ

# ਚੋਣ ਕਮਿਸ਼ਨ ਦੀ ਵਿਸ਼ਵਾਸਯੋਗਤਾ

ਕਿਸੇ ਵੀ ਦੇਸ਼ ਦੀ ਲੋਕਤੰਤਰੀ ਪ੍ਰਣਾਲੀ ਵਿੱਚ, ਵੋਟ ਪਾਉਣ ਦੇ ਅਧਿਕਾਰ ਬਹੁਤ ਮਹੱਤਵਪੂਰਨ ਹੁੰਦੇ ਹਨ। ਇਸ ਸਬੰਧ ਵਿੱਚ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਕਿਉਂਕਿ ਇੱਥੇ ਵੋਟ ਪਾਉਣ ਦੇ ਅਧਿਕਾਰ ਰੱਖਣ ਵਾਲੇ ਨਾਗਰਿਕਾਂ ਦੀ ਗਿਣਤੀ ਦੁਨੀਆ ਵਿੱਚ ਸਭ ਤੋਂ ਵੱਧ ਹੈ। ਇਹ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਏ ਕਿ ਹਰੇਕ ਯੋਗ ਨਾਗਰਿਕ ਦੇ ਵੋਟ ਪਾਉਣ ਦੇ ਅਧਿਕਾਰ ਦੀ ਰੱਖਿਆ ਕੀਤੀ ਜਾਵੇ। ਅਜਿਹੀ ਸਥਿਤੀ ਵਿੱਚ ਬਿਹਾਰ ਵਿਧਾਨ ਸਭਾ ਚੋਣਾਂ ਲਈ ਕਮਿਸ਼ਨ ਦੁਆਰਾ ਕੀਤੀ ਗਈ ਵਿਸ਼ੇਸ਼ ਤੀਬਰ ਸੋਧ ਦੇ ਤਹਿਤ ਤਿਆਰ ਕੀਤੀ ਗਈ ਡਰਾਫਟ ਵੋਟਰ ਸੂਚੀ ਵਿੱਚੋਂ ਰਾਜ ਦੇ 65 ਲੱਖ ਲੋਕਾਂ ਨੂੰ ਬਾਹਰ ਰੱਖਣਾ ਇੱਕ ਹੈਰਾਨ ਕਰਨ ਵਾਲਾ ਕਦਮ ਹੈ। ਸਵਾਲ ਇਹ ਹੈ ਕਿ ਇੰਨੀ ਵੱਡੀ ਗਿਣਤੀ ਵਿੱਚ ਵੋਟਰ ਕਿੱਥੇ ਗਏ? ਚੋਣ ਕਮਿਸ਼ਨ ਦਾ ਦਾਅਵਾ ਹੈ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਵਿਅਕਤੀ ਜਾਂ ਤਾਂ ਮਰ ਚੁੱਕੇ ਹਨ ਜਾਂ ਰਾਜ ਤੋਂ ਪਰਵਾਸ ਕਰ ਗਏ ਹਨ, ਯਾਨੀ ਕਿ ਉਹ ਕਿਸੇ ਹੋਰ ਰਾਜ ਵਿੱਚ ਰਹਿ ਰਹੇ ਹਨ। ਚੋਣ ਕਮਿਸ਼ਨ ਦੇ ਅਨੁਸਾਰ, ਬਿਹਾਰ ਵਿੱਚ ਰਜਿਸਟਰਡ ਵੋਟਰਾਂ ਦੀ ਕੁੱਲ ਗਿਣਤੀ ਲਗਭਗ 7.9 ਕਰੋੜ ਹੈ, ਜੋ ਕਿ ਨਵੀਂ ਡਰਾਫਟ ਵੋਟਰ ਸੂਚੀ ਵਿੱਚ ਘੱਟ ਕੇ 7.24 ਕਰੋੜ ਰਹਿ ਗਈ ਹੈ। ਇੱਕ ਅੰਦਾਜ਼ੇ ਅਨੁਸਾਰ, ਔਸਤਨ, ਇੱਕ ਵਿਧਾਨ ਸਭਾ ਹਲਕੇ ਦੇ ਪੱਚੀ ਤੋਂ ਤੀਹ ਹਜ਼ਾਰ ਲੋਕਾਂ ਦੇ ਨਾਮ ਸੂਚੀ ਵਿੱਚ ਸ਼ਾਮਲ ਨਹੀਂ ਹਨ। ਇਸ ਪੂਰੀ ਪ੍ਰਕਿਰਿਆ 'ਤੇ ਮੁੱਖ ਤੌਰ 'ਤੇ ਦੋ ਕਾਰਨਾਂ ਕਰਕੇ ਸਵਾਲ ਉਠਾਏ ਜਾ ਰਹੇ ਹਨ। ਪਹਿਲਾ, ਜਦੋਂ ਵਿਧਾਨ ਸਭਾ ਚੋਣਾਂ ਲਈ ਕੁਝ ਮਹੀਨੇ ਹੀ ਬਾਕੀ ਸਨ, ਤਾਂ ਇਹ ਪ੍ਰਕਿਰਿਆ ਕਿਉਂ ਸ਼ੁਰੂ ਕੀਤੀ ਗਈ? ਦੂਜਾ ਚੋਣ ਕਮਿਸ਼ਨ ਵੱਲੋਂ ਨਿਰਧਾਰਤ ਨਾਗਰਿਕਤਾ ਸਰਟੀਫਿਕੇਟ ਨਿਯਮਾਂ ਵਿੱਚ ਆਧਾਰ, ਵੋਟਰ ਆਈਡੀ ਕਾਰਡ ਅਤੇ ਰਾਸ਼ਨ ਕਾਰਡ ਨੂੰ ਵੈਧ ਦਸਤਾਵੇਜ਼ਾਂ ਵਜੋਂ ਕਿਉਂ ਸ਼ਾਮਲ ਨਹੀਂ ਕੀਤਾ ਗਿਆ? ਇਸ ਦੇ ਜਵਾਬ ਵਿੱਚ ਚੋਣ ਕਮਿਸ਼ਨ ਦੀਆਂ ਆਪਣੀਆਂ ਦਲੀਲਾਂ ਹਨ, ਪਰ ਕਈ ਸਮਾਜਿਕ ਸੰਗਠਨ ਅਤੇ ਵਿਰੋਧੀ ਪਾਰਟੀਆਂ ਉਨ੍ਹਾਂ ਨਾਲ ਸਹਿਮਤ ਨਹੀਂ ਹਨ। ਇਹ ਵੀ ਸੱਚ ਹੈ ਕਿ ਡਰਾਫਟ ਸੂਚੀ ਅੰਤਿਮ ਨਹੀਂ ਹੈ ਅਤੇ ਜਿਨ੍ਹਾਂ ਦੇ ਨਾਮ ਸ਼ਾਮਲ ਨਹੀਂ ਹਨ, ਉਨ੍ਹਾਂ ਨੂੰ ਨਵੇਂ ਸਿਰੇ ਤੋਂ ਅਰਜ਼ੀ ਦੇਣ ਦਾ ਮੌਕਾ ਮਿਲੇਗਾ। ਪਰ, ਇਸ ਤੋਂ ਸਭ ਤੋਂ ਵੱਧ ਪਰੇਸ਼ਾਨ ਲੋਕ ਉਹ ਹਨ, ਜਿਨ੍ਹਾਂ ਨੇ ਪਿਛਲੀਆਂ ਚੋਣਾਂ ਵਿੱਚ ਵੋਟ ਪਾਈ ਸੀ ਅਤੇ ਹੁਣ ਉਨ੍ਹਾਂ ਦੇ ਨਾਮ ਨਵੀਂ ਡਰਾਫਟ ਸੂਚੀ ਵਿੱਚੋਂ ਹਟਾ ਦਿੱਤੇ ਗਏ ਹਨ। ਇਹ ਸਵਾਲ ਵੀ ਉਠਾਇਆ ਜਾ ਰਿਹਾ ਹੈ ਕਿ ਜੇਕਰ ਡਰਾਫਟ ਸੂਚੀ ਵਿੱਚੋਂ ਬਾਹਰ ਰਹਿ ਗਏ ਲੋਕ ਵੋਟ ਪਾਉਣ ਦੇ ਯੋਗ ਨਹੀਂ ਸਨ, ਤਾਂ ਉਨ੍ਹਾਂ ਨੂੰ ਪਹਿਲਾਂ ਕਿਵੇਂ ਰਜਿਸਟਰ ਕੀਤਾ ਗਿਆ ਅਤੇ ਉਨ੍ਹਾਂ ਨੂੰ ਵੋਟਰ ਆਈਡੀ ਕਾਰਡ ਕਿਸ ਆਧਾਰ 'ਤੇ ਜਾਰੀ ਕੀਤੇ ਗਏ? ਜਵਾਬ ਆਉਣਾ ਚਾਹੀਦਾ ਹੈ ਕਿ ਸਿਸਟਮ ਵਿੱਚ ਇਹ ਖਾਮੀ ਪਹਿਲਾਂ ਸੀ ਜਾਂ ਹੁਣ ਹੈ। ਇੱਕ ਹੋਰ ਮਹੱਤਵਪੂਰਨ ਪਹਿਲੂ ਇਹ ਹੈ ਕਿ ਜਿਨ੍ਹਾਂ ਲੋਕਾਂ ਕੋਲ ਚੋਣ ਕਮਿਸ਼ਨ ਦੇ ਨਿਯਮਾਂ ਅਨੁਸਾਰ ਆਪਣੀ ਨਾਗਰਿਕਤਾ ਸਾਬਤ ਕਰਨ ਲਈ ਸਰਟੀਫਿਕੇਟ ਨਹੀਂ ਹੈ, ਉਨ੍ਹਾਂ ਨੂੰ ਇਹ ਬਣਾਉਣ ਵਿੱਚ ਸਮਾਂ ਲੱਗ ਸਕਦਾ ਹੈ ਅਤੇ ਜੇਕਰ ਇਹ ਸਭ ਨਿਰਧਾਰਤ ਸਮੇਂ ਦੇ ਅੰਦਰ ਨਹੀਂ ਕੀਤਾ ਜਾਂਦਾ ਹੈ, ਤਾਂ ਉਹ ਵੋਟਿੰਗ ਅਧਿਕਾਰ ਤੋਂ ਵਾਂਝੇ ਹੋ ਸਕਦੇ ਹਨ। ਵਿਰੋਧੀ ਪਾਰਟੀਆਂ ਇਹ ਵੀ ਦੋਸ਼ ਲਗਾ ਰਹੀਆਂ ਹਨ ਕਿ ਚੋਣ ਕਮਿਸ਼ਨ ਨੇ ਸ਼ੁਰੂ ਵਿੱਚ ਭਰੋਸਾ ਦਿੱਤਾ ਸੀ ਕਿ ਵੋਟਰ ਸੂਚੀ ਵਿੱਚੋਂ ਹਟਾਏ ਗਏ ਹਰ ਨਾਮ ਦੀ ਜਾਣਕਾਰੀ ਸਾਰੀਆਂ ਰਾਜਨੀਤਿਕ ਪਾਰਟੀਆਂ ਨਾਲ ਕਾਰਨ ਦੇ ਨਾਲ ਸਾਂਝੀ ਕੀਤੀ ਜਾਵੇਗੀ, ਪਰ ਹੁਣ ਅਜਿਹਾ ਨਹੀਂ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਸੱਤਾਧਾਰੀ ਪਾਰਟੀ ਦਾ ਕਹਿਣਾ ਹੈ ਕਿ ਬਿਹਾਰ ਵਿੱਚ ਵੱਡੀ ਗਿਣਤੀ ਵਿੱਚ ਬੰਗਲਾਦੇਸ਼ੀ ਅਤੇ ਰੋਹਿੰਗਿਆ ਰਹਿ ਰਹੇ ਹਨ ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਨੇ ਧੋਖਾਧੜੀ ਨਾਲ ਵੋਟਰ ਪਛਾਣ ਪੱਤਰ ਬਣਾਏ ਹਨ। ਅਜਿਹੀ ਸਥਿਤੀ ਵਿੱਚ ਉਨ੍ਹਾਂ ਨੂੰ ਵੋਟਰ ਸੂਚੀ ਵਿੱਚੋਂ ਹਟਾਉਣਾ ਜ਼ਰੂਰੀ ਹੈ। ਹਾਲਾਂਕਿ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਚੋਣ ਕਮਿਸ਼ਨ ਲਈ ਸਮੇਂ-ਸਮੇਂ 'ਤੇ ਵੋਟਰ ਸੂਚੀਆਂ ਨੂੰ ਅਪਡੇਟ ਕਰਨਾ ਜ਼ਰੂਰੀ ਹੈ ਤਾਂ ਜੋ ਵੋਟਿੰਗ ਦੀ ਸ਼ੁੱਧਤਾ ਬਣਾਈ ਰੱਖੀ ਜਾ ਸਕੇ। ਪਰ, ਇਹ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਕੋਈ ਵੀ ਯੋਗ ਨਾਗਰਿਕ ਬੇਲੋੜਾ ਪਰੇਸ਼ਾਨ ਨਾ ਹੋਵੇ ਅਤੇ ਨਾ ਹੀ ਉਹ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਰਹੇ।

**-ਜਗਜੀਤ ਸਿੰਘ ਦਰਦੀ**

# ਜਥੇਦਾਰ ਗੜਗੱਜ ਦੇ ਦਰਬਾਰ ਪੁੱਜਾ 11 ਦੀ ਚੋਣ ਦਾ ਮਾਮਲਾ



ਕਮਲਜੀਤ ਸਿੰਘ ਬਨਵੈਤ
98147 34035

- ਪੰਜ ਮੈਂਬਰੀ ਕਮੇਟੀ ਤੇਜਾ ਸਿੰਘ ਸਮੁੰਦਰੀ ਹਾਲ ਨਾ ਮਿਲਣ ਦੀ ਸੂਰਤ ਵਿੱਚ ਕਰੇਗੀ ਅਗਾਊਂ ਬਦਲਵੇਂ ਪ੍ਰਬੰਧ
- ਪ੍ਰਧਾਨਗੀ ਦਾ ਗੁਣਾ ਗਿਆਨੀ ਹਰਪ੍ਰੀਤ ਸਿੰਘ ਉੱਤੇ ਪੈਣ ਦੀ ਸੰਭਾਵਨਾ
- ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਅਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੂੰ ਵੀ ਮਿਲ ਸਕਦੀ ਹੈ ਪ੍ਰਧਾਨ ਦੀ ਜ਼ਿੰਮੇਵਾਰੀ
- ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਕੀਲ ਹਰਜਿੰਦਰ ਸਿੰਘ ਧਾਮੀ ਨੇ ਪੰਜ ਮੈਂਬਰੀ ਕਮੇਟੀ ਵੱਲੋਂ ਤੇਜਾ ਸਿੰਘ ਸਮੁੰਦਰੀ ਹਾਲ ਦੇਣ ਵਾਲੀ ਅਰਜ਼ੀ ਭੇਜੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ
- ਪੰਜ ਮੈਂਬਰੀ ਕਮੇਟੀ ਨੂੰ ਜਥੇਦਾਰ ਗੜਗੱਜ ਤੋਂ ਨਹੀਂ ਇਨਸਾਫ ਦੀ ਉਮੀਦ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਭਵਿੱਖਬਾਣੀ ਸੱਚ ਨਿਕਲੀ ਹੈ। ਉਹਨਾਂ ਨੇ ਖਦਸ਼ਾ ਪ੍ਰਗਟ ਕੀਤਾ ਸੀ ਕਿ ਪੰਜ ਮੈਂਬਰੀ ਕਮੇਟੀ ਵੱਲੋਂ 11 ਦੀ ਚੋਣ ਤੋਂ ਪਹਿਲਾਂ ਦੂਜੀ ਧਿਰ ਕੋਈ ਅੜਿੱਕਾ ਡਾਹ ਦੇਵੇਗੀ। ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਪੰਜ ਮੈਂਬਰੀ ਕਮੇਟੀ ਵੱਲੋਂ 11 ਅਗਸਤ ਨੂੰ ਚੋਣ ਰੱਖੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇੱਕ ਪੱਤਰ ਦੇ ਕੇ ਪੰਜ ਮੈਂਬਰੀ ਕਮੇਟੀ ਵੱਲੋਂ ਉਸ ਦਿਨ ਲਈ ਹਾਲ ਅਲਾਟ ਕਰਨ ਦੀ ਮੰਗ ਰੱਖੀ ਗਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਹ ਪੱਤਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਦਰਬਾਰ ਵਿੱਚ ਭੇਜ ਦਿੱਤਾ ਗਿਆ ਹੈ। ਉਹਨਾਂ ਨੇ ਖਦਸ਼ਾ ਤਾਂ ਇਹ ਵੀ ਪ੍ਰਗਟ ਕੀਤਾ ਸੀ ਕਿ ਦੋ ਦਸੰਬਰ ਦੇ ਹੁਕਮਨਾਮੇ ਉੱਤੇ ਵੀ ਰੋਕ ਲਾਈ ਜਾਵੇਗੀ। ਪੰਜ ਸਿੰਘ ਸਾਹਿਬਾਨ ਵੱਲੋਂ 2 ਦਸੰਬਰ ਦੇ ਹੁਕਮਾਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਨਵੇਂ ਅਕਾਲੀ ਦਲ ਦੀ ਭਰਤੀ ਲਈ ਫਰਮਾਨ ਜਾਰੀ ਕੀਤਾ ਗਿਆ ਸੀ। ਹੁਕਮਨਾਮੇ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਕੌਮ ਦੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗਵਾ ਚੁੱਕੀ ਹੈ, ਜਿਸ ਲਈ ਇੱਕ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਸੱਤ ਮੈਂਬਰੀ ਕਮੇਟੀ ਦੀ ਅਗਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਕੀਲ ਹਰਜਿੰਦਰ ਸਿੰਘ ਧਾਮੀ ਨੂੰ ਸੌਂਪੀ ਗਈ ਸੀ। ਉਹਨਾਂ ਨੇ ਕਈ ਚਿਰ ਦੀ ਜੱਕੋ ਤੱਕੋ ਬਾਅਦ ਕਮੇਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਵੀ ਕਮੇਟੀ ਤੋਂ ਲਾਂਭੇ ਹੋ ਗਏ ਸਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਜਿਨ੍ਹਾਂ ਦੀ ਅਗਵਾਈ ਹੇਠ ਪੰਜ ਸਿੰਘ ਸਾਹਿਬਾਨ ਵੱਲੋਂ ਦੋ ਦਸੰਬਰ ਦਾ ਹੁਕਮਨਾਮਾ ਜਾਰੀ ਕੀਤਾ ਗਿਆ ਸੀ, ਪਿੱਛੋਂ ਡਗਮਗਾਉਂਦੇ ਦਿਸੇ। ਬਾਵਜੂਦ ਇਸਦੇ ਉਹਨਾਂ ਨੇ ਪੰਜ ਮੈਂਬਰਾਂ ਨੂੰ ਇਹੀ ਭਰਤੀ ਕਰਨ ਦੇ ਅਖਤਿਆਰ ਦੇ ਦਿੱਤੇ। ਕਮੇਟੀ ਵਿੱਚ ਸੀਨੀਅਰ ਅਕਾਲੀ ਲੀਡਰ ਇਕਬਾਲ ਸਿੰਘ ਝੂੰਦਾ, ਸੰਤਾ ਸਿੰਘ ਉਮੈਦਪੁਰੀ, ਵਿਧਾਇਕ ਮਨਪ੍ਰੀਤ ਸਿੰਘ ਇਆਲੀ ਅਤੇ ਬੀਬੀ ਸਤਵੰਤ ਕੌਰ ਪੁੱਤਰੀ ਸ਼ਹੀਦ ਭਾਈ ਅਮਰੀਕ ਸਿੰਘ ਸ਼ਾਮਲ ਕੀਤੇ ਗਏ ਸਨ। ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ 15 ਲੱਖ ਦੀ ਭਰਤੀ ਕਰਕੇ ਸਟੇਟ ਪੱਧਰ ਤੱਕ ਦੇ ਡੈਲੀਗੇਟ ਚੁਣੇ ਗਏ ਹਨ। ਇਹਨਾਂ ਡੈਲੀਗੇਟਾਂ ਦਾ ਜਨਰਲ ਇਜਲਾਸ 11 ਅਗਸਤ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸੱਦ ਲਿਆ ਗਿਆ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੂਤਰਾਂ ਦਾ ਕਹਿਣਾ ਹੈ ਕਿ ਵਕੀਲ ਹਰਜਿੰਦਰ ਸਿੰਘ ਧਾਮੀ ਨੇ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਕੋਲ ਇਹ ਕਹਿ ਕੇ ਭੇਜ ਦਿੱਤਾ ਕਿ ਪੰਜ ਮੈਂਬਰੀ ਭਰਤੀ ਕਮੇਟੀ ਦਾ ਗਠਨ ਸਿੰਘ ਸਾਹਿਬਾਨ ਵੱਲੋਂ ਕੀਤਾ ਗਿਆ ਸੀ। ਇਸ ਕਰਕੇ ਹਾਲ ਅਲਾਟ ਕਰਨ ਦਾ ਫੈਸਲਾ ਵੀ ਉਹਨਾਂ ਉੱਤੇ ਛੱਡਿਆ ਜਾਂਦਾ ਹੈ। ਚਰਚਾ ਤਾਂ ਪਹਿਲਾਂ ਹੀ ਸ਼ੁਰੂ ਹੋ ਗਈ ਸੀ ਕਿ ਸਥਾਪਤ ਧਿਰ ਕੋਈ ਚਾਲ ਚੱਲ ਸਕਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਜਥੇਦਾਰਾਂ ਦਾ ਰਿਮੋਟ ਸਥਾਪਤ ਧਿਰ ਦੇ ਕੋਲ ਹੈ। ਸਥਾਪਤ ਧਿਰ ਨਹੀਂ ਚਾਹੇਗੀ ਤਾਂ ਪੰਜ ਮੈਂਬਰੀ ਕਮੇਟੀ ਨੂੰ ਚੋਣ ਲਈ ਤੇਜਾ ਸਿੰਘ ਸਮੁੰਦਰੀ ਹਾਲ ਕਿਸੇ ਵੀ ਹਾਲਤ ਵਿੱਚ ਪੰਜ ਮੈਂਬਰੀ ਕਮੇਟੀ ਹਵਾਲੇ ਨਹੀਂ ਕੀਤਾ ਜਾਵੇਗਾ। ਇੱਥੇ ਇਹ ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਦਾਗੀ ਧੜੇ ਵੱਲੋਂ ਪ੍ਰਧਾਨ ਦੀ ਚੋਣ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਕੀਤੀ ਗਈ ਸੀ। ਇਸ ਚੋਣ ਵਿੱਚ ਸੁਖਬੀਰ ਸਿੰਘ ਬਾਦਲ ਮੁੜ ਤੋਂ ਪ੍ਰਧਾਨ ਚੁਣੇ ਗਏ ਸਨ। ਦੋ ਦਸੰਬਰ ਦੇ ਹੁਕਮਨਾਮੇ ਵਿੱਚ ਤਾਂ ਇਹ ਕਿਹਾ ਗਿਆ ਸੀ ਕਿ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਕੋਲ ਕੌਮ ਦੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਨਹੀਂ ਹੈ, ਇਸ ਕਰਕੇ ਚਾਹੀਦਾ ਤਾਂ ਇਹ ਸੀ ਕਿ ਸੁਖਬੀਰ ਸਿੰਘ ਬਾਦਲ ਪ੍ਰਧਾਨਗੀ ਤੋਂ ਲਾਂਭੇ ਰਹਿੰਦੇ। ਦੋ ਦਸੰਬਰ ਦੇ ਹੁਕਮਨਾਮੇ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣ ਤੋਂ ਬਾਅਦ ਸਜ਼ਾ ਵੀ ਲਾਈ ਗਈ ਸੀ। ਉਹਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਨਿਮਾਣੇ ਸਿੱਖ ਵਜੋਂ ਸਾਰੇ ਗੁਨਾਹ ਆਪਣੀ ਝੋਲੀ ਪਾਏ ਪਰ ਬਾਅਦ ਵਿੱਚ ਧਾਰਮਿਕ ਸਜ਼ਾ ਭੁਗਤਣ ਤੋਂ ਬਾਅਦ ਸਿਆਸੀ ਤਨਖ਼ਾਹ ਪੂਰੀ ਕਰਨ ਤੋਂ ਮੁਨਕਰ ਹੋ ਗਏ ਸਨ।

ਚਰਚਾ ਤਾਂ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਮੈਨੇਜ ਕਰ ਲਿਆ ਹੈ। ਗਿਆਨੀ ਰਘਬੀਰ ਸਿੰਘ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਅਤੇ ਗਿਆਨੀ ਸੁਲਤਾਨ ਸਿੰਘ ਗ੍ਰੰਥੀ ਵਜੋਂ ਸੇਵਾ ਨਿਭਾ ਰਹੇ ਹਨ। ਇੱਥੇ ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋਹਾਂ ਜਥੇਦਾਰਾਂ ਨੂੰ ਆਯੋਗ ਕਰਾਰ ਦੇ ਕੇ ਅਹੁਦਿਆਂ ਤੋਂ ਲਾਂਭੇ ਕੀਤਾ ਗਿਆ ਸੀ। ਗਿਆਨੀ ਸੁਲਤਾਨ ਸਿੰਘ ਤਾਂ ਕੁਲਦੀਪ ਸਿੰਘ ਗੜਗੱਜ ਵੱਲੋਂ ਸੱਦੀਆਂ ਮੀਟਿੰਗਾਂ ਵਿੱਚ ਵੀ ਸ਼ਾਮਲ ਹੋਣ ਲੱਗੇ ਹਨ। ਪਿਛਲੇ ਦਿਨੀਂ ਗਿਆਨੀ ਰਘਬੀਰ ਸਿੰਘ ਵੀ ਕੁਲਦੀਪ ਸਿੰਘ ਗੜਗੱਜ ਦੇ ਘਰ ਜਾ ਕੇ ਮੁਲਾਕਾਤ ਕਰਕੇ ਆਏ ਹਨ।

ਪਹਿਲਾਂ ਤਾਂ ਇਹ ਸਮਝਿਆ ਜਾ ਰਿਹਾ ਸੀ ਕਿ ਗਿਆਨੀ ਕੁਲਦੀਪ ਸਿੰਘ ਗੜਗੱਜ ਵਾਸਤੇ ਦੋ ਦਸੰਬਰ ਦੇ ਹੁਕਮਨਾਮੇ ਨਾਲ ਛੇੜ ਛਾੜ ਕਰਨੀ ਮੁਸ਼ਕਲ ਹੋ ਜਾਵੇਗੀ ਪਰ ਹੁਣ ਉਹਨਾਂ ਵੱਲੋਂ ਸੱਦੀ ਜਾਣ ਵਾਲੀ ਸੰਭਾਵਿਤ ਮੀਟਿੰਗ ਵਿੱਚ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਸ਼ਾਮਲ ਹੋ ਕੇ ਹਾਂ ਵਿੱਚ ਹਾਂ ਮਿਲਾ ਦਿੰਦੇ ਹਨ ਤਾਂ ਸਾਰੀ ਖੇਡ ਬਦਲ ਸਕਦੀ ਹੈ। ਗਿਆਨੀ ਕੁਲਦੀਪ ਸਿੰਘ ਗੜਗੱਜ ਪਹਿਲਾਂ ਵੀ ਵਿਵਾਦਤ ਫੈਸਲੇ ਲੈਂਦੇ ਰਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਦਰਮਿਆਨ ਚੱਲੇ ਟਕਰਾਅ ਵਿੱਚ ਪਹਿਲ ਉਹਨਾਂ ਨੇ ਕੀਤੀ ਸੀ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿੱਚ ਵੱਡਿਆਂ ਨੇ ਵਿੱਚ ਪੈ ਕੇ ਮਾਮਲਾ ਹੋਰ ਵਧਣ ਤੋਂ ਰੋਕ ਲਿਆ ਸੀ। ਇਸ ਤੋਂ ਪਹਿਲਾਂ 6 ਜੂਨ ਨੂੰ ਜਦੋਂ ਕੁਲਦੀਪ ਸਿੰਘ ਗੜਗੱਜ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਵਿੱਚ ਕੌਮ ਦੇ ਨਾਂ ਸੰਦੇਸ਼ ਜਾਰੀ ਕਰਨ ਦਾ ਵਿਰੋਧ ਛਿੜ ਪਿਆ ਸੀ ਤਾਂ ਉਹਨਾਂ ਨੇ ਸ੍ਰੀ ਅਖੰਡ ਪਾਠ ਸਾਹਿਬ ਵੀ ਅਰਦਾਸ ਵੇਲੇ ਇੱਕ ਤਰ੍ਹਾਂ ਨਾਲ ਕੌਮ ਦੇ ਨਾਂ ਸੰਦੇਸ਼ ਪੜ੍ਹ ਦਿੱਤਾ ਸੀ।

ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਦਾ ਵਿਰੋਧ ਕਰਨ ਵਾਲਿਆਂ ਦੀ ਆਵਾਜ਼ ਵੀ ਦੱਬ ਕੇ ਰਹਿ ਗਈ ਹੈ। ਉਨ੍ਹਾਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਚੋਰੀ ਚੋਰੀ ਹੋਈ ਦਸਤਾਰਬੰਦੀ ਨੂੰ ਲੈ ਕੇ ਸਿੱਖ ਜਗਤ ਵਿੱਚ ਇੱਕ ਵੱਡਾ ਬਖੇੜਾ ਛਿੜ ਗਿਆ ਸੀ। ਸੱਚ ਤਾਂ ਇਹ ਹੈ ਕਿ ਉਹਨਾਂ ਨੂੰ ਹਾਲੇ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਪੂਰਨ ਤੌਰ ਉੱਤੇ ਮਾਨਤਾ ਨਹੀਂ ਮਿਲ ਸਕੀ ਹੈ।

ਇਸ ਤਰ੍ਹਾਂ ਦੀ ਜਾਣਕਾਰੀ ਮਿਲੀ ਹੈ ਪੰਜ ਮੈਂਬਰੀ ਕਮੇਟੀ ਜਾਂ ਸੁਧਾਰ ਲਹਿਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਰੌਂਅ ਦੇਖਦਿਆਂ ਤੇਜਾ ਸਿੰਘ ਸਮੁੰਦਰੀ ਹਾਲ ਦੇ ਬਦਲ ਵਜੋਂ ਹੋਰ ਥਾਂ ਵੀ ਬੁੱਕ ਕਰਨ ਦੀ ਤਿਆਰੀ ਕਰ ਲਈ ਹੈ। ਪੰਜ ਮੈਂਬਰੀ ਕਮੇਟੀ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਬਣਾਉਣ ਬਾਰੇ ਲਗਭਗ ਰਜ਼ਾਮੰਦੀ ਬਣ ਚੁੱਕੀ ਹੈ। ਵੈਸੇ ਬੀਬੀ ਸਤਵੰਤ ਕੌਰ ਅਤੇ ਸੁਰਜੀਤ ਸਿੰਘ ਰੱਖੜਾ ਉੱਤੇ ਵੀ ਗੁਣਾ ਪੈ ਸਕਦਾ ਹੈ। ਸੂਤਰ ਦੱਸਦੇ ਹਨ ਕਿ ਪੰਜ ਮੈਂਬਰੀ ਕਮੇਟੀ ਅਤੇ ਡੈਲੀਗੇਟਾਂ ਵਿੱਚ ਰਜ਼ਾਮੰਦੀ ਪਹਿਲਾਂ ਹੀ ਬਣਾ ਲਈ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਵਿੱਚ ਵੀ ਇਵੇਂ ਹੀ ਹੁੰਦਾ ਰਿਹਾ ਹੈ। ਸਵਾਲ ਇਹ ਵੀ ਉੱਠਦਾ ਹੈ ਕਿ ਜੇ ਪੰਜ ਮੈਂਬਰੀ ਕਮੇਟੀ ਦਾ ਫੈਸਲਾ ਡੈਲੀਗੇਟਾਂ ਜਾਂ ਹੋਰਾਂ ਉੱਤੇ ਥੋਪਿਆ ਜਾਂਦਾ ਹੈ ਤਾਂ ਬਾਗੀਆਂ ਤੇ ਦਾਗੀਆਂ ਵਿੱਚ ਕੋਈ ਫ਼ਰਕ ਨਹੀਂ ਰਹਿ ਜਾਵੇਗਾ। ਸਿੱਖ ਪੰਥ ਨੂੰ ਸਰਵ ਪ੍ਰਵਾਨਿਤ ਆਗੂ ਦੀ ਲੋੜ ਹੈ, ਜਿਹੜਾ ਕੌਮ ਨੂੰ ਜੋੜ ਕੇ ਨਾਲ ਤੁਰ ਸਕੇ। ਜਿਸ ਦਿਲ ਵਿੱਚ 'ਪੰਥ ਵਸੇ ਮੈਂ ਉਜੜਾਂ' ਦੀ ਭਾਵਨਾ ਹੋਵੇ, ਰਾਜ ਨਹੀਂ ਸੇਵਾ ਕਰਨ ਦੀ ਇੱਛਾ ਰੱਖਦਾ ਹੋਵੇ। ਅਕਾਲੀ ਦਲ ਕੋਈ ਵੀ ਅੱਗੇ ਆਵੇ ਬਸ ਇਹ ਹੈ ਕਿ ਸੱਤਾ ਨੂੰ ਹੱਥ ਪਾਉਣ ਨਾਲੋਂ ਪੰਜਾਬ ਲਈ ਹਿੱਕ ਡਾਹ ਕੇ ਲੜਨ ਦਾ ਮਾਦਾ ਹੋਣਾ ਚਾਹੀਦਾ ਹੈ। ਪੰਜਾਬੀ ਹਾਲੇ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਇੱਕ ਸੁਨੇਹੇ ਤੇ ਸੰਘਰਸ਼ ਦੇ ਮੈਦਾਨ ਵਿੱਚ ਨਿੱਤਰਨ ਲਈ ਤਿਆਰ ਬੈਠੇ ਹਨ।

ਸਿੱਖ ਕੌਮ ਲੰਮੇ ਸਮੇਂ ਤੋਂ ਨਿਰਾਸ਼ਤਾ ਦੇ ਦੌਰ ਵਿੱਚੋਂ ਦੀ ਗੁਜ਼ਰ ਰਹੀ ਹੈ। ਕੌਮ ਦੇ ਨੇਤਾ ਹਉਮੈ ਅਤੇ ਨਿੱਜੀ ਸਵਾਰਥਾਂ ਵਿੱਚ ਫਸ ਕੇ ਰਹਿ ਗਏ ਹਨ। ਇਸ ਸਾਰੇ ਕੁਝ ਦੇ ਚਲਦਿਆਂ ਸਰਬ ਉਚ ਸਿੱਖ ਸੰਸਥਾਵਾਂ ਅਤੇ ਉਹਨਾਂ ਉੱਤੇ ਬੈਠੀਆਂ ਸ਼ਖ਼ਸੀਅਤਾਂ ਦਾ ਕੱਦ ਛੋਟਾ ਹੋਇਆ ਹੈ। ਇਸ ਲਈ ਜਿੱਥੇ ਸਾਡੇ ਸਿਆਸੀ ਲੀਡਰ ਦੋਸ਼ੀ ਹਨ, ਉੱਥੇ ਉਹਨਾਂ ਦੇ ਆਪਣੇ ਕਿਰਦਾਰ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾਣਾ ਬਣਦਾ ਹੈ। ਦੁੱਖ ਤਾਂ ਇਹ ਹੈ ਕਿ ਦੇਸ਼ ਵਿਦੇਸ਼ ਵਸਦਾ ਸਿੱਖ ਜਗਤ ਦੁਬਿਧਾ ਵਿੱਚ ਹੈ ਪਰ ਸਾਡੇ ਧਾਰਮਿਕ ਅਤੇ ਸਿਆਸੀ ਨੇਤਾਵਾਂ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਹੈ। ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਅਤੇ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਬੜਾ ਕੁਝ ਗੁਆ ਕੇ ਵੀ ਸਬਕ ਨਹੀਂ ਸਿੱਖਿਆ ਹੈ। ਹਾਲੇ ਇਸ ਦਹਿਲੀਜ਼ ਉੱਤੇ ਆਉਣ ਦੀ ਸੰਭਾਵਨਾ ਵੀ ਨਹੀਂ ਦਿਸ ਰਹੀ ਹੈ। ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਤੌਰ 'ਤੇ ਕਈ ਚਿਰਾਂ ਤੋਂ ਹਾਸ਼ੀਏ ਤੋਂ ਬਾਹਰ ਧੱਕ ਚੁੱਕੇ ਹਨ। ਨਾ ਜਾਣੇ ਕਿਹੜੇ ਭਰਮ ਵਿੱਚ 2027 ਨੂੰ ਸੱਤਾ ਹਾਸਲ ਕਰਨ ਦੇ ਦਮਗਜ਼ੇ ਮਾਰੇ ਜਾ ਰਹੇ ਹਨ।

# ਭਾਰਤੀ ਰਾਜਨੀਤੀ ਦਾ ਆਦਿਵਾਸੀ ਮਸੀਹਾ: ਸ਼ਿਬੂ ਸੋਰੇਨ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**1970 ਦੇ ਦਹਾਕੇ ਵਿੱਚ ਉਨ੍ਹਾਂ ਨੇ ਸੰਜੋਗੋ ਮੁਕਤੀ ਅੰਦੋਲਨ ਚਲਾਇਆ ਜੋ ਮਹਾਜਨੀ ਸ਼ੋਸ਼ਣ ਦੇ ਵਿਰੁੱਧ ਸੀ। ਝਾਰਖੰਡ ਮੁਕਤੀ ਮੋਰਚੇ ਦੀ ਸਥਾਪਨਾ ਰਾਹੀਂ ਉਨ੍ਹਾਂ ਨੇ ਆਦਿਵਾਸੀ ਹੱਕਾਂ, ਭਾਸ਼ਾ, ਸੱਭਿਆਚਾਰ ਅਤੇ ਜ਼ਮੀਨ ਦੇ ਮਸਲੇ ਕਦੇ ਚੁੱਪ ਨਹੀਂ ਰਹਿਣ ਦਿੱਤੇ ਤੇ ਝਾਰਖੰਡ ਰਾਜ ਦੀ ਮੰਗ ਨੂੰ ਲੈ ਕੇ ਦਹਾਕਿਆਂ ਤੱਕ ਉਨ੍ਹਾਂ ਨੇ ਸੰਸਦ ਤੋਂ ਸੜਕ ਤੱਕ ਅੰਦੋਲਨ ਕੀਤਾ ਅਤੇ 2000 ਵਿੱਚ ਝਾਰਖੰਡ ਰਾਜ ਬਣਿਆ। ਉਹ ਸਰਕਾਰ ਵਿੱਚ ਭੂਮਿਕਾ ਨਿਭਾਉਣ ਵਾਲੇ ਕਈ ਵਾਰੀ ਲੋਕ ਸਭਾ ਦੇ ਮੈਂਬਰ ਰਹੇ। ਕੋਇਲਾ ਮੰਤਰੀ ਅਤੇ ਝਾਰਖੰਡ ਦੇ ਮੁੱਖ ਮੰਤਰੀ ਵੀ ਬਣੇ। ਆਦਿਵਾਸੀ ਨਾਇਕ ਹੋਣ ਦੇ ਬਾਵਜੂਦ ਉਨ੍ਹਾਂ ਨੇ ਰਾਸ਼ਟਰੀ ਪੱਧਰ 'ਤੇ ਰਾਜਨੀਤਿਕ ਸੰਵਾਦ ਬਰਕਰਾਰ ਰੱਖਿਆ। ਆਦਿਵਾਸੀ ਰਾਜਨੀਤੀ ਵਿੱਚ ਉਨ੍ਹਾਂ ਦਾ ਯੋਗਦਾਨ ਪਹਿਚਾਣ ਦੀ ਰਾਜਨੀਤੀ ਸੀ ਤੇ ਉਨ੍ਹਾਂ ਨੇ ਆਦਿਵਾਸੀ ਭਾਈਚਾਰੇ ਨੂੰ ਕੇਵਲ ਕਲਿਆਣ ਭੋਗੀ ਨਹੀਂ, ਸਗੋਂ ਇੱਕ ਸ਼ਕਤੀਸ਼ਾਲੀ ਰਾਜਨੀਤਿਕ ਹਿੱਸੇ ਵਜੋਂ ਦਰਸਾਇਆ। ਆਪਣੀ ਰਾਜ ਦੀ ਸਥਾਪਨਾ ਵਾਸਤੇ ਝਾਰਖੰਡ ਰਾਜ ਦਾ ਨਿਰਮਾਣ ਉਨ੍ਹਾਂ ਦਾ ਸਭ ਤੋਂ ਵੱਡਾ ਇਤਿਹਾਸਕ ਯੋਗਦਾਨ ਰਿਹਾ। ਸੰਵੈਧਾਨਕ ਹੱਕਾਂ ਦੀ ਰੱਖਿਆ ਲਈ ਉਨ੍ਹਾਂ ਨੇ ਪੰਜਵੀਂ ਅਨੁਸੂਚੀ, ਜ਼ਮੀਨ ਕਾਨੂੰਨ ਜੰਗਲ ਹੱਕ ਕਾਨੂੰਨ ਵਰਗੇ ਮੁੱਦਿਆਂ ਨੂੰ ਦਲੇਰੀ ਨਾਲ ਉਭਾਰਿਆ ਅਤੇ ਆਗੂ ਬਣਨ ਦੀ ਰਾਹ ਦਿਖਾਈ। ਉਨ੍ਹਾਂ ਨੇ ਸਾਬਤ ਕੀਤਾ ਕਿ ਆਦਿਵਾਸੀ ਆਗੂ ਸਿਰਫ਼ ਜਨ ਆਗੂ ਨਹੀਂ ਹੁੰਦਾ, ਉਹ ਸਰਕਾਰ ਵੀ ਚਲਾ ਸਕਦਾ ਹੈ।**

ਭਾਰਤੀ ਰਾਜਨੀਤੀ ਵਿੱਚ ਧਰਤੀ ਨਾਲ ਜੁੜੇ ਹੋਏ ਆਦਿਵਾਸੀ ਸਮਾਜ ਦੀ ਇੱਕ ਆਪਣੀ ਭੂਮਿਕਾ ਹੈ ਅਤੇ ਇਹ ਆਜ਼ਾਦੀ ਸੰਗਰਾਮ ਤੋਂ ਹੀ ਵਿਰਸਾ ਮੁੰਡਾ ਵਰਗੇ ਮਹਾਨ ਨਾਇਕਾਂ ਦੀ ਬਲਿਦਾਨ ਦੇ ਨਾਲ ਸ਼ੁਰੂ ਹੁੰਦੀ ਹੈ। ਲੱਖਾਂ ਸੈਂਕੜੇ ਉਹ ਬਲਿਦਾਨ ਆਦਿਵਾਸੀ ਅਸਮਿਤਾ ਦੇ ਲਈ ਇਸ ਮਿੱਟੀ ਵਿੱਚ ਆਪਣੀ ਕੁਰਬਾਨੀ ਦੇ ਗਏ। ਅਜਿਹੇ ਇੱਕ ਯੋਧਾ ਸਾਡੇ ਸਮੇਂ ਦੇ ਮਹਾਨ ਲੋਕ ਰਾਜ ਦੇ ਨਾਇਕ ਤੇ ਝਾਰਖੰਡ ਵਰਗੇ ਰਾਜ ਦੀ ਕਲਪਨਾ ਤੇ ਉਸਨੂੰ ਸਾਕਾਰ ਕਰਨ ਵਾਲੇ ਸ਼ਿਬੂ ਸੋਰੇਨ ਭਾਰਤੀ ਰਾਜਨੀਤੀ ਵਿੱਚ ਆਪਣਾ ਆਦਿਵਾਸੀ ਅੰਦੋਲਨ ਦਾ ਇਤਿਹਾਸ ਰਚ ਕੇ ਹੁਣ ਇਸ ਦੁਨੀਆ ਤੋਂ ਵਿਦਾ ਹੋ ਗਏ ਹਨ।

ਸ਼ਿਬੂ ਸੋਰੇਨ ਜਿਨ੍ਹਾਂ ਨੂੰ ਪਿਆਰ ਨਾਲ ਧਰਤੀ ਆਬਾ ਕਿਹਾ ਜਾਂਦਾ ਸੀ, ਨੇ ਅੱਜ ਸਵੇਰੇ ਇਸ ਦੁਨੀਆ ਤੋਂ ਵਿਦਾ ਲਈ। ਉਹ ਪਿਛਲੇ ਕਈ ਦਿਨਾਂ ਤੋਂ ਨਵੀਂ ਦਿੱਲੀ ਦੇ ਹਸਪਤਾਲ ਵਿੱਚ ਜ਼ੇਰੇ ਇਲਾਜ ਸਨ। ਭਾਰਤੀ ਰਾਜਨੀਤੀ ਦੇ ਵਿੱਚ ਉਹਨਾਂ ਦੇ ਚਲੇ ਜਾਣ ਨਾਲ ਲੋਕਤੰਤਰ ਅਤੇ ਆਦਿਵਾਸੀ ਸਮਾਜ ਵਿੱਚ ਜੋ ਖਿਲਾਅ ਪੈਦਾ ਹੋਇਆ ਹੈ, ਉਹ ਭਰਿਆ ਜਾਣ ਵਾਲਾ ਨਹੀਂ ਹੈ ਪਰ ਉਸਦੀ ਗੂੰਜ ਭਾਰਤੀ ਲੋਕਤੰਤਰ ਦੀ ਰੂਹ 'ਚ ਹਮੇਸ਼ਾ ਗੂੰਜਦੀ ਰਹੇਗੀ।

ਭਾਰਤੀ ਆਦਿਵਾਸੀ ਰਾਜਨੀਤੀ ਤੇ ਆਜ਼ਾਦੀ ਅੰਦੋਲਨ ਤੋਂ ਅੱਜ ਤੱਕ ਭਾਰਤ ਦੇ ਆਜ਼ਾਦੀ ਸੰਗ੍ਰਾਮ ਵਿੱਚ ਜਿੱਥੇ ਇੱਕ ਪਾਸੇ ਗਾਂਧੀ, ਪਟੇਲ ਭਗਤ ਸਿੰਘ ਵਰਗੇ ਨਾਂ ਰਾਸ਼ਟਰੀ ਪੱਧਰ 'ਤੇ ਚਮਕੇ, ਉਥੇ ਹੀ ਦੂਜੇ ਪਾਸੇ ਜੰਗਲਾਂ, ਪਹਾੜਾਂ ਅਤੇ ਪਿੰਡਾਂ ਵਿੱਚ ਵੱਸਦੇ ਆਦਿਵਾਸੀ ਭਾਈਚਾਰੇ ਨੇ ਵੀ ਆਪਣੀ ਜਾਨ ਦੇ ਕੇ ਅਜ਼ਾਦੀ ਦੀ ਲੜਾਈ ਲੜੀ। ਬਿਰਸਾ ਮੁੰਡਾ, ਸਿੱਧੋ-ਕਾਨ੍ਹੋ, ਤਿਲਕਾ ਮਾਂਝੀ ਵਰਗੇ ਨਾਇਕ ਉਸ ਗੁਪਤ ਧਾਰਾ ਦੇ ਪ੍ਰਤੀਨਿਧੀ ਰਹੇ, ਜਿਨ੍ਹਾਂ ਨੇ ਆਦਿਵਾਸੀ ਅਸਮੀਤਾ ਲਈ ਸੰਗਰਾਮ ਕੀਤਾ।

ਅਜ਼ਾਦੀ ਤੋਂ ਬਾਅਦ ਵੀ ਆਦਿਵਾਸੀ ਸਮਾਜ ਨੇ ਆਪਣੇ ਹੱਕਾਂ, ਪਹਿਚਾਣ ਅਤੇ ਅਸਤਿੱਤਵ ਲਈ ਲਗਾਤਾਰ ਜੱਦੋ-ਜਹਿਦ ਕੀਤੀ ਅਤੇ ਐਸੇ ਜੱਦੋ-ਜਹਿਦ ਨੇ ਰਾਜਨੀਤਿਕ ਰੂਪ ਧਾਰਣ ਕੀਤਾ। ਇੱਥੇ ਹੀ ਉਭਰੇ ਇੱਕ ਮਸੀਹਾ: ਸ਼ਿਬੂ ਸੋਰੇਨ।

ਸ਼ਿਬੂ ਸੋਰੇਨ ਇੱਕ ਯੁੱਗ ਦਾ ਨਾਂ ਸੀ।

ਸ਼ਿਬੂ ਸੋਰੇਨ, ਜਿਨ੍ਹਾਂ ਨੂੰ ਪਿਆਰ ਨਾਲ ਗੁਰੂਜੀ ਕਿਹਾ ਜਾਂਦਾ ਸੀ, ਝਾਰਖੰਡ ਦੀ ਰਾਜਨੀਤੀ ਅਤੇ ਸਮੂਹ ਭਾਰਤ ਵਿੱਚ ਆਦਿਵਾਸੀ ਲੀਡਰਸ਼ਿਪ ਦੇ ਪ੍ਰਤੀਕ ਬਣ ਗਏ ਸਨ। ਉਨ੍ਹਾਂ ਦਾ ਜਨਮ 1944 ਵਿੱਚ ਝਾਰਖੰਡ ਦੇ ਦੁਮਕਾ ਜ਼ਿਲ੍ਹੇ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦੀ ਹੱਤਿਆ ਮਹਾਜਨ ਵੱਲੋਂ ਕਰ ਦਿੱਤੀ ਗਈ ਸੀ ਅਤੇ ਇਹ ਵਿਅਕਤੀਗਤ ਦੁੱਖ ਹੀ ਉਨ੍ਹਾਂ ਦੀ ਰਾਜਨੀਤਕ ਦਿਸ਼ਾ ਬਣ ਗਿਆ।

ਉਹ ਜੱਦੋ-ਜਹਿਦ ਅਤੇ ਅੰਦੋਲਨ ਦੇ ਪ੍ਰਤੀਕ ਬਣੇ।

1970 ਦੇ ਦਹਾਕੇ ਵਿੱਚ ਉਨ੍ਹਾਂ ਨੇ ਸੰਜੋਗੋ ਮੁਕਤੀ ਅੰਦੋਲਨ ਚਲਾਇਆ ਜੋ ਮਹਾਜਨੀ ਸ਼ੋਸ਼ਣ ਦੇ ਵਿਰੁੱਧ ਸੀ। ਝਾਰਖੰਡ ਮੁਕਤੀ ਮੋਰਚਾ ਦੀ ਸਥਾਪਨਾ ਰਾਹੀਂ ਉਨ੍ਹਾਂ ਨੇ ਆਦਿਵਾਸੀ ਹੱਕਾਂ, ਭਾਸ਼ਾ, ਸੱਭਿਆਚਾਰ ਅਤੇ ਜ਼ਮੀਨ ਦੇ ਮਸਲੇ ਕਦੇ ਚੁੱਪ ਨਹੀਂ ਰਹਿਣ ਦਿੱਤੇ



ਤੇ ਝਾਰਖੰਡ ਰਾਜ ਦੀ ਮੰਗ ਨੂੰ ਲੈ ਕੇ ਦਹਾਕਿਆਂ ਤੱਕ ਉਨ੍ਹਾਂ ਨੇ ਸੰਸਦ ਤੋਂ ਸੜਕ ਤੱਕ ਅੰਦੋਲਨ ਕੀਤਾ ਅਤੇ 2000 ਵਿੱਚ ਝਾਰਖੰਡ ਰਾਜ ਬਣਿਆ। ਉਹ ਸਰਕਾਰ ਵਿੱਚ ਭੂਮਿਕਾ ਨਿਭਾਉਣ ਵਾਲੇ ਕਈ ਵਾਰੀ ਲੋਕ ਸਭਾ ਦੇ ਮੈਂਬਰ ਰਹੇ। ਕੋਇਲਾ ਮੰਤਰੀ ਅਤੇ ਝਾਰਖੰਡ ਦੇ ਮੁੱਖ ਮੰਤਰੀ ਵੀ ਬਣੇ। ਆਦਿਵਾਸੀ ਨਾਇਕ ਹੋਣ ਦੇ ਬਾਵਜੂਦ ਉਨ੍ਹਾਂ ਨੇ ਰਾਸ਼ਟਰੀ ਪੱਧਰ 'ਤੇ ਰਾਜਨੀਤਿਕ ਸੰਵਾਦ ਬਰਕਰਾਰ ਰੱਖਿਆ। ਆਦਿਵਾਸੀ ਰਾਜਨੀਤੀ ਵਿੱਚ ਉਨ੍ਹਾਂ ਦਾ ਯੋਗਦਾਨ ਪਹਿਚਾਣ ਦੀ ਰਾਜਨੀਤੀ ਸੀ ਤੇ ਉਨ੍ਹਾਂ ਨੇ ਆਦਿਵਾਸੀ ਭਾਈਚਾਰੇ ਨੂੰ ਕੇਵਲ ਕਲਿਆਣ ਭੋਗੀ ਨਹੀਂ, ਸਗੋਂ ਇੱਕ ਸ਼ਕਤੀਸ਼ਾਲੀ ਰਾਜਨੀਤਿਕ ਹਿੱਸੇ ਵਜੋਂ ਦਰਸਾਇਆ।

ਆਪਣੀ ਰਾਜ ਦੀ ਸਥਾਪਨਾ ਵਾਸਤੇ ਝਾਰਖੰਡ ਰਾਜ ਦੇ ਨਿਰਮਾਣ 'ਚ ਉਨ੍ਹਾਂ ਦਾ ਸਭ ਤੋਂ ਵੱਡਾ ਇਤਿਹਾਸਕ ਯੋਗਦਾਨ ਰਿਹਾ। ਸੰਵੈਧਾਨਕ ਹੱਕਾਂ ਦੀ ਰੱਖਿਆ ਲਈ ਉਨ੍ਹਾਂ ਨੇ ਪੰਜਵੀਂ ਅਨੁਸੂਚੀ, ਜ਼ਮੀਨ ਕਾਨੂੰਨ ਜੰਗਲ ਹੱਕ ਕਾਨੂੰਨ ਵਰਗੇ ਮੁੱਦਿਆਂ ਨੂੰ ਦਲੇਰੀ ਨਾਲ ਉਭਾਰਿਆ ਅਤੇ ਆਗੂ ਬਣਨ ਦੀ ਰਾਹ ਦਿਖਾਈ ਸੀ। ਉਨ੍ਹਾਂ ਨੇ ਸਾਬਤ ਕੀਤਾ ਕਿ ਆਦਿਵਾਸੀ ਆਗੂ ਸਿਰਫ਼ ਜਨ ਆਗੂ ਨਹੀਂ ਹੁੰਦਾ, ਉਹ ਸਰਕਾਰ ਵੀ ਚਲਾ ਸਕਦਾ ਹੈ। ਹੁਣ ਜਦੋਂ ਸ਼ਿਬੂ ਸੋਰੇਨ ਨਹੀਂ ਰਹੇ ਤਾਂ ਨਵੀਂ ਆਦਿਵਾਸੀ ਰਾਜਨੀਤੀ ਦੀ ਦਿਸ਼ਾ ਵਿਚ ਗੁਰੂਜੀ ਦਾ ਚਲੇ ਜਾਣਾ ਇੱਕ ਯੁੱਗ ਦਾ ਅੰਤ ਹੈ।

ਹੁਣ ਸਵਾਲ ਹੈ ਕਿ ਆਉਣ ਵਾਲੀ ਭਾਰਤੀ ਰਾਜਨੀਤੀ ਵਿੱਚ ਆਦਿਵਾਸੀ ਭਾਈਚਾਰੇ ਦੀ ਭੂਮਿਕਾ ਕਿਹੋ ਜਿਹੀ ਹੋਵੇਗੀ?

ਨਵੇਂ ਆਗੂ ਵਜੋਂ ਹੇਮੰਤ ਸੋਰੇਨ, ਅਰਜੁਨ ਮੁੰਡਾ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵਰਗੇ ਚਿਹਰੇ ਉਭਰ ਰਹੇ ਹਨ, ਪਰ ਕੀ ਇਹ ਸ਼ਿਬੂ ਸੋਰੇਨ ਵਰਗਾ ਜਨ ਆਧਾਰਿਤ ਰਾਜਨੀਤਿਕ ਮਾਡਲ ਲੈ ਕੇ ਚੱਲ ਸਕਣਗੇ?

ਸੰਸਥਾਗਤ ਭਾਗੀਦਾਰੀ: ਆਦਿਵਾਸੀ ਭਾਈਚਾਰੇ ਨੂੰ ਕੇਵਲ ਵੋਟ ਬੈਂਕ ਨਾ ਮੰਨ ਕੇ, ਨੀਤੀ-ਨਿਰਧਾਰਨ ਵਿੱਚ ਭਰਪੂਰ ਭੂਮਿਕਾ ਦਿੱਤੀ ਜਾਵੇ। ਸ਼ਹਿਰੀਕਰਨ ਦੇ ਵੱਧਦੇ ਸ਼ਹਿਰੀਕਰਨ ਅਤੇ ਕਾਰਪੋਰੇਟ ਦਖਲ ਵਿਚ ਆਦਿਵਾਸੀ ਸੱਭਿਆਚਾਰ, ਜਲ-ਜੰਗਲ-ਜ਼ਮੀਨ ਨੂੰ ਕਿਵੇਂ ਬਚਾਇਆ ਜਾਵੇ-ਇਹ ਵੱਡਾ ਚੁਣੌਤੀਪੂਰਨ ਮਸਲਾ ਹੈ।

ਸ਼ਿਬੂ ਸੋਰੇਨ ਇਕ ਮਸੀਹਾ ਸਨ। ਉਹ ਚਲੇ ਗਏ, ਪਰ ਉਹਨਾਂ ਦੇ ਵਿਚਾਰ ਜੀਵੰਤ ਹਨ। ਸ਼ਿਬੂ ਸੋਰੇਨ ਹੁਣ ਸਾਡੇ ਵਿਚ ਨਹੀਂ ਰਹੇ, ਪਰ ਉਨ੍ਹਾਂ ਦੇ ਵਿਚਾਰ, ਉਨ੍ਹਾਂ ਦਾ ਸੰਘਰਸ਼, ਉਨ੍ਹਾਂ ਦੀ ਦਿਸ਼ਾ ਸਦਾ ਜੀਵੰਤ ਰਹੇਗੀ। ਉਨ੍ਹਾਂ ਨੇ ਦੱਸ ਦਿੱਤਾ ਕਿ ਆਦਿਵਾਸੀ ਭਾਈਚਾਰਾ ਸਿਰਫ਼ ਪਹਾੜਾਂ ਅਤੇ ਜੰਗਲਾਂ 'ਚ ਨਹੀਂ ਵੱਸਦਾ- ਉਹ ਸੰਸਦ ਵੀ ਚਲਾ ਸਕਦਾ ਹੈ, ਰਾਜ ਵੀ ਬਣਾ ਸਕਦਾ ਹੈ ਅਤੇ ਨੀਤੀਆਂ ਵੀ ਬਦਲ ਸਕਦਾ ਹੈ। ਹੁਣ ਇਹ ਆਉਣ ਵਾਲੀ ਪੀੜ੍ਹੀ, ਆਗੂਆਂ ਅਤੇ ਦੇਸ਼ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਵਿਰਾਸਤ ਨੂੰ ਸਿਰਫ਼ ਯਾਦ ਨਾ ਕਰੇ, ਸਗੋਂ ਉਸਨੂੰ ਨਵੀਂ ਦਿਸ਼ਾ ਅਤੇ ਜੋਸ਼ ਦੇਣ। ਸ਼ਿਬੂ ਸੋਰੇਨ ਨਹੀਂ ਰਹੇ, ਪਰ ਆਦਿਵਾਸੀ ਆਤਮਾ ਦੇ ਗੁਰੂ ਭਾਰਤੀ ਰਾਜਨੀਤੀ ਵਿੱਚ ਹਮੇਸ਼ਾ ਲਈ ਜੀਵੰਤ ਰਹਿਣਗੇ।

# ਮਾਨਵਤਾ ਦਾ ਅਮਰ ਪੁਜਾਰੀ-ਭਗਤ ਪੂਰਨ ਸਿੰਘ ਪਿੰਗਲਵਾੜਾ



ਭਗਵਾਨ ਸਿੰਘ ਜੌਹਲ
ਮੋ. 98143-24040

ਸਮੁੱਚੀ ਮਨੁੱਖਤਾ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਪਿਆਰ ਕਰਨ ਵਾਲੇ ਅਤੇ ਮਨੁੱਖੀ ਦਰਦ ਨਾਲ ਓਤ-ਪ੍ਰੋਤ ਭਗਤ ਪੂਰਨ ਸਿੰਘ ਅਤੇ ਪਿੰਗਲਵਾੜਾ ਦੋਵੇਂ ਸ਼ਬਦ ਆਪਸ ਵਿੱਚ ਰਲਗੱਡ ਹੋ ਚੁੱਕੇ ਹਨ। ਜਦੋਂ ਪਿੰਗਲਵਾੜਾ ਸ਼ਬਦ ਸਹਿਜ-ਸੁਭਾਅ ਹੀ ਜ਼ਿਹਨ ਵਿੱਚ ਆਉਂਦਾ ਹੈ ਤਾਂ ਭਗਤ ਪੂਰਨ ਸਿੰਘ ਦਾ ਸਰੂਪ ਧਿਆਨ ਗੋਚਰੇ ਆ ਜਾਂਦਾ ਹੈ। ਉਨ੍ਹਾਂ 88 ਵਰ੍ਹੇ ਆਪਣਾ ਘਰ ਨਹੀਂ ਵਸਾਇਆ, ਬਿਨਾਂ ਕਿਸੇ ਜਾਤ, ਮਜ਼੍ਹਬ, ਨਸਲੀ ਵਿਤਕਰੇ ਤੋਂ ਮਨੁੱਖਤਾ ਦੀ ਸੇਵਾ ਲਈ ਸਮਰਪਿਤ ਕਰ ਦਿੱਤੇ। ਸਾਰੀ ਜ਼ਿੰਦਗੀ ਲੋਕ-ਭਲੇ ਦੇ ਦਰਦ ਨੂੰ ਹੰਢਾਉਂਦੇ ਸਨੇਹ ਤੇ ਪਿਆਰ ਦੀ ਖੁਸ਼ਬੂ ਵੰਡਦੇ ਰਹੇ। ਅੱਜ ਸਮੁੱਚੀ ਲੋਕਾਈ ਲਈ ਮੂੰਹ ਅੱਡੀ ਖੜ੍ਹੀਆਂ ਸਮੱਸਿਆਵਾਂ ਪ੍ਰਤੀ ਸੁਚੇਤ ਹੋ ਕੇ ਅੱਜ ਤੋਂ 60-65 ਸਾਲ ਪਹਿਲਾਂ ਸਮਾਜ ਨੂੰ ਜਾਗ੍ਰਿਤ ਕਰਨਾ ਸ਼ੁਰੂ ਕੀਤਾ। ਅੱਜ ਅਸੀਂ ਘੱਟ ਰਹੇ ਪਾਣੀ ਦੇ ਪੱਧਰ, ਪ੍ਰਦੂਸ਼ਣ, ਵੱਧ ਰਹੀ ਅਬਾਦੀ, ਦਰੱਖਤਾਂ ਤੋਂ ਸੱਖਣੀ ਧਰਤੀ ਦੀਆਂ ਗੰਭੀਰ ਸਮੱਸਿਆਵਾਂ ਦੇ ਖਤਰਿਆਂ ਤੋਂ ਆਪਣੀ ਆਉਣ ਵਾਲੀ ਨਸਲ ਨੂੰ ਸੁਚੇਤ ਕਰਦਿਆਂ ਭਗਤ ਜੀ ਨੂੰ ਯਾਦ ਕਰ ਰਹੇ ਹਾਂ। ਉਨ੍ਹਾਂ ਇਸ ਕਾਰਜ ਨੂੰ ਪੁਸਤਕ-ਟ੍ਰੈਕਟ ਅਤੇ ਲੇਖ ਆਦਿ ਲਿਖ ਕੇ ਤਾਂ ਕਾਰਜ ਕਰਨਾ ਹੀ ਸੀ, ਸਗੋਂ ਦੇਸ਼ ਭਰ ਦੇ ਸਕੂਲਾਂ, ਕਾਲਜਾਂ ਵਿੱਚ ਸਮਾਜ ਦੇ ਬੁੱਧੀਜੀਵੀ ਅਤੇ ਵਿੱਦਿਆਰਥੀ ਵਰਗ ਤੱਕ ਪੈਦਲ ਚੱਲ ਕੇ ਲਹਿਰ ਦਾ ਸੁਪਨਾ ਸਾਕਾਰ ਕਰਨ ਦੇ ਯਤਨ ਕੀਤੇ। ਭਗਤ ਜੀ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਾਜੋਵਾਲ ਰੋਹਣੇ ਦੇ ਇਕ ਹਿੰਦੂ ਪਰਿਵਾਰ ਦੇ ਲਾਲਾ ਸਿੱਧੂ ਮੱਲ ਖੱਤਰੀ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁੱਖ ਤੋਂ 4 ਜੂਨ, 1904 ਈ: ਨੂੰ ਹੋਇਆ। ਪਿਤਾ ਜੀ ਸ਼ਾਹੂਕਾਰੇ ਦਾ ਧੰਦਾ ਕਰਦੇ ਸਨ। ਭਗਤ ਜੀ ਦਾ ਮੁੱਢਲਾ ਨਾਂਅ ਰਾਮਜੀ ਦਾਸ ਸੀ। 1914 ਈ: ਦੇ ਭਿਆਨਕ ਦਿਲ-ਕੰਬਾਊ ਕਾਲ ਨੇ ਭਗਤ ਜੀ ਦੇ ਪਰਿਵਾਰ ਨੂੰ ਬਰਬਾਦ ਕਰ ਦਿੱਤਾ। ਸਾਰਾ ਪਰਿਵਾਰ ਦਰ-ਦਰ ਭਟਕਣ ਲਈ ਮਜਬੂਰ ਹੋ ਗਿਆ। ਕੁਝ ਸਮਾਂ ਖੰਨਾ ਸ਼ਹਿਰ ਵਿੱਚ ਵੀ ਸਿੱਖਿਆ ਹਾਸਲ ਕੀਤੀ।

ਭਗਤ ਜੀ ਜ਼ਿਕਰ ਕਰਦੇ ਹੋਏ ਕਹਿੰਦੇ ਹੁੰਦੇ ਸਨ, ਇਕ ਵਾਰ ਉਨ੍ਹਾਂ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿੱਚ ਪਟਿਆਲਾ ਦੇ ਮਹਾਰਾਜਾ ਸ. ਭੁਪਿੰਦਰ ਸਿੰਘ ਨੂੰ ਗੁਰਦੁਆਰਾ ਸਾਹਿਬ ਵਿਖੇ ਸਾਹਿਬਜ਼ਾਦਿਆਂ ਨੂੰ ਨਤਮਸਤਕ ਹੁੰਦਿਆਂ ਤੱਕਿਆ। ਉਨ੍ਹਾਂ ਦੇ ਸੁੰਦਰ ਸਰੂਪ, ਸ਼ਾਹੀ ਸੱਜ-ਧੱਜ ਨੂੰ ਦੇਖ ਕੇ ਅਤੇ ਉਨ੍ਹਾਂ ਦੇ ਨਾਲ ਆਏ ਸ਼ਾਹੀ ਅਹਿਲਕਾਰਾਂ ਦੇ ਸਿੱਖੀ ਸਰੂਪ ਨੂੰ ਦੇਖ ਕੇ ਮੇਰੇ ਬਾਲ-ਮਨ ਉੱਪਰ ਡੂੰਘਾ ਅਸਰ ਹੋਇਆ। ਹੁਣ ਉਨ੍ਹਾਂ ਦੇ ਮਨ ਹੀ ਮਨ ਅੰਦਰ ਸਿੱਖੀ ਸਰੂਪ ਧਾਰਨ ਕਰਨ ਲਈ ਚਾਅ ਪੈਦਾ ਹੋ ਗਿਆ। ਆਪ ਜੀ ਦੱਸਦੇ ਹੁੰਦੇ ਸਨ ਕਿ ਉਨ੍ਹਾਂ ਨੂੰ ਸਿੱਖੀ ਮਾਰਗ ਵੱਲ ਪ੍ਰੇਰਿਤ ਕਰਨ ਵਾਲਿਆਂ ਵਿੱਚ ਸ. ਤੇਜਾ ਸਿੰਘ ਸਮੁੰਦਰੀ, ਸ. ਬ. ਮਹਿਤਾਬ ਸਿੰਘ ਅਤੇ ਸ. ਤੇਜਾ ਸਿੰਘ ਚੂਹੜਕਾਣਾ ਵਰਗੀਆਂ ਸ਼ਖ਼ਸੀਅਤਾਂ ਦਾ ਵੀ ਯੋਗਦਾਨ ਹੈ। ਰਾਮਜੀ ਦਾਸ ਤੋਂ ਅੰਮ੍ਰਿਤ ਛਕ ਕੇ ਬਣੇ ਭਗਤ ਪੂਰਨ ਸਿੰਘ। ਬਚਪਨ ਵਿੱਚ ਪ੍ਰਭੂ ਦੀ ਪ੍ਰਾਪਤੀ ਦੀ ਇੱਛਾ ਵਿੱਚੋਂ ਹੀ ਮਨੁੱਖਤਾ ਦੀ ਸੇਵਾ ਦਾ ਅੰਕੁਰ ਪ੍ਰਗਟ ਹੋਇਆ। ਇਹ ਸੇਵਾ ਕਾਰਜ ਪੂਰਨ





ਰੂਪ ਵਿੱਚ 1924 ਈ: ਵਿੱਚ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਤੋਂ ਆਰੰਭ ਹੋਇਆ। ਆਪ ਜੀ ਦਾ ਵਿਸ਼ਵਾਸ ਸੀ ਕਿ ਗੁਰਦੁਆਰਾ ਸਾਹਿਬਾਨ ਸੰਸਾਰ ਵਿੱਚ ਸਭ ਤੋਂ ਵੱਡੇ ਸਮਾਜਿਕ ਅਤੇ ਅਧਿਆਤਮਕ ਕੇਂਦਰ ਹਨ। ਪਿੰਗਲਿਆਂ, ਅਪਾਹਜਾਂ ਦੀ ਸੇਵਾ ਕਰਨ ਦੀ ਲਗਨ ਇਕ ਚਾਰ ਸਾਲਾ ਦੇ ਬੇਸਹਾਰਾ ਅਪਾਹਜ ਬਾਲਕ ਨੂੰ ਲਾਵਾਰਸ ਹਾਲਤ ਵਿੱਚ ਮਿਲਣ ਤੋਂ ਬਾਅਦ ਸ਼ੁਰੂ ਹੋਈ। ਇਹ ਬੱਚਾ ਗੁਰਦੁਆਰਾ ਡੇਹਰਾ ਸਾਹਿਬ ਤੋਂ ਲਾਵਾਰਸ ਹਾਲਤ ਵਿੱਚ ਮਿਲਿਆ। ਭਗਤ ਜੀ ਨੇ ਇਸ ਬੱਚੇ ਦਾ ਨਾਂਅ ਪਿਆਰਾ ਰੱਖਿਆ ਅਤੇ ਲਗਾਤਾਰ 14 ਸਾਲ ਉਸ ਨੂੰ ਮੋਢਿਆਂ 'ਤੇ ਚੁੱਕ ਕੇ ਪਾਲਿਆ ਅਤੇ ਵੱਡਾ ਕੀਤਾ। ਇਸ ਬਾਲਕ ਨੂੰ ਸੰਭਾਲਣ ਲਈ ਕੋਈ ਟਿਕਾਣਾ ਜਾਂ ਥਾਂ ਨਹੀਂ ਸੀ। ਦੇਸ਼ ਦੀ ਵੰਡ ਤੋਂ ਬਾਅਦ ਅੰਮ੍ਰਿਤਸਰ ਵਿਖੇ ਪੂਰਨ ਰੂਪ ਵਿੱਚ ਲੋਕ ਸੇਵਾ ਨੂੰ ਸਮਰਪਿਤ ਹੋ ਗਏ।

ਅੱਜ ਇਹੋ ਭਗਤ ਜੀ ਵੱਲੋਂ ਸਥਾਪਿਤ ਪਿੰਗਲਵਾੜਾ ਬੋਹੜ ਦੇ ਦਰੱਖਤ ਦਾ ਵਿਸ਼ਾਲ ਰੂਪ ਧਾਰਨ ਕਰ ਚੁੱਕਾ ਹੈ। ਭਗਤ ਜੀ ਵੱਲੋਂ ਕੀਤੇ ਇਨ੍ਹਾਂ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਪਦਮਸ਼੍ਰੀ ਐਵਾਰਡ, ਹਾਰਮਨੀ ਐਵਾਰਡ, ਲੋਕ ਰਤਨ ਐਵਾਰਡ, ਭਾਈ ਘਨੱਈਆ ਐਵਾਰਡ ਆਦਿ ਪ੍ਰਾਪਤ ਹੋਏ। 1984 ਈ: ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਫੌਜੀ ਹਮਲੇ ਸਮੇਂ ਭਗਤ ਜੀ ਨੇ ਪਦਮਸ਼੍ਰੀ ਐਵਾਰਡ ਭਾਰਤ ਸਰਕਾਰ ਨੂੰ ਵਾਪਸ ਕਰ ਦਿੱਤਾ। ਭਗਤ ਜੀ 5 ਅਗਸਤ, 1992 ਨੂੰ ਸਦੀਵੀਂ ਵਿਛੋੜਾ ਦੇ ਗਏ। ਉਨ੍ਹਾਂ ਨੇ ਆਪਣੀ ਹਯਾਤੀ ਦੌਰਾਨ ਪਿੰਗਲਵਾੜੇ ਦੀ ਸੇਵਾ ਡਾ: ਇੰਦਰਜੀਤ ਕੌਰ ਨੂੰ ਸੰਭਾਲ ਦਿੱਤੀ। ਅੱਜ ਡਾ: ਬੀਬੀ ਇੰਦਰਜੀਤ ਪਿੰਗਲਵਾੜਾ ਸੰਸਥਾ ਦੇ ਸਮੂਹ ਟਰੱਸਟੀਜ਼ ਦੇ ਸਹਿਯੋਗ ਨਾਲ ਪਿੰਗਲਵਾੜਾ ਸੰਸਥਾ ਨੂੰ ਵਿਸ਼ਾਲ ਸੰਸਥਾ ਦਾ ਰੂਪ ਦੇ ਚੁੱਕੇ ਹਨ। ਅੱਜ ਪਿੰਗਲਵਾੜਾ ਅੰਮ੍ਰਿਤਸਰ ਵੱਲੋਂ ਸੰਗਰੂਰ, ਪਲਸੌਰ (ਚੰਡੀਗੜ੍ਹ) ਗੋਇੰਦਵਾਲ ਸਾਹਿਬ, ਜਲੰਧਰ, ਪੰਡੋਰੀ ਵੜੈਚ ਵਿਖੇ ਸਾਰੀਆਂ ਬਰਾਂਚਾਂ ਵਿੱਚ ਬੇਸਹਾਰਾ ਲੋਕਾਂ ਨੂੰ ਸੰਭਾਲਿਆ ਜਾ ਰਿਹਾ ਹੈ। ਮਾਨਾਂਵਾਲਾ ਜੀ.ਟੀ. ਰੋਡ (ਅੰਮ੍ਰਿਤਸਰ) ਵਿਖੇ ਆਧੁਨਿਕ ਇਮਾਰਤਾਂ ਵਿੱਚ ਫਿਜ਼ਿਓਥੈਰੇਪੀ, ਬਨਾਵਟੀ ਅੰਗ ਕੇਂਦਰ, ਭਗਤ ਪੂਰਨ ਸਿੰਘ ਆਦਰਸ਼ ਸਕੂਲ, ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮੰਦਬੁੱਧੀ ਬੱਚਿਆਂ ਦਾ ਕੇਂਦਰ, ਗਊਸ਼ਾਲਾ, ਵਿਸ਼ਾਲ ਨਰਸਰੀ ਕਾਰਜਸ਼ੀਲ ਹਨ। ਪਿੰਗਲਵਾੜਾ ਅੰਮ੍ਰਿਤਸਰ ਵਿਖੇ ਡਿਸਪੈਂਸਰੀ, ਮਾਤਾ ਮਹਿਤਾਬ ਕੌਰ, ਭਾਈ ਪਿਆਰਾ ਸਿੰਘ ਵਾਰਡਾਂ, ਟਰੌਮਾ ਵੈਨ ਦੀ ਸਹੂਲਤ, ਲਵਾਰਸ, ਅਪਾਹਜ, ਮੰਦਬੁੱਧੀ ਰੋਗੀਆਂ ਦੀ ਸੇਵਾ ਨਿਭਾਈ ਜਾ ਰਹੀ ਹੈ। ਇਨ੍ਹਾਂ ਸਾਰੀਆਂ ਬਰਾਂਚਾਂ ਵਿੱਚ ਹਜ਼ਾਰਾਂ ਲੋੜਵੰਦ ਰੋਗੀਆਂ ਦੀ ਸੇਵਾ ਲਈ ਵੱਡੀ ਗਿਣਤੀ ਵਿੱਚ ਸਟਾਫ ਡਾ: ਬੀਬੀ ਇੰਦਰਜੀਤ ਕੌਰ ਦੀ ਅਗਵਾਈ ਵਿੱਚ ਸੇਵਾ ਨਿਭਾਅ ਰਿਹਾ ਹੈ। ਭਗਤ ਜੀ ਦੀ ਯਾਦ ਵਿੱਚ ਲਗਾਤਾਰ ਵੱਖ-ਵੱਖ ਸਮਾਗਮ ਰਚੇ ਜਾ ਰਹੇ ਹਨ। 5 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਤੇ ਸ਼ਰਧਾਂਜਲੀ ਸਮਾਗਮ ਹੋਵੇਗਾ।




# ਸ਼ਬਦ ਕੀਰਤਨ ਸਤਸੰਗ ਨੇ ਜੀਵਨ ਜੁਗਤ ਸਮਾਗਮਾਂ ਦੀ ਲੜੀ ਦੇ ਸੱਤਵੇਂ ਸਮਾਗਮ ਭਾਈ ਵੀਰ ਸਿੰਘ ਨਿਵਾਸ ਵਿਖੇ ਸਜਾਏ

ਅੰਮ੍ਰਿਤਸਰ, 4 ਅਗਸਤ (ਬਬਲੂ ਮਹਾਜਨ): ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ (ਰਜਿ.) ਸ੍ਰੀ ਅੰਮ੍ਰਿਤਸਰ ਵੱਲੋਂ ਸ੍ਰੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੈਨੇਜਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸਥਾਨਕ ਧਾਰਮਿਕ ਜਥੇਬੰਦੀਆਂ ਤੇ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਜੀਵਨ ਜੁਗਤਿ ਸਮਾਗਮਾਂ ਦੀ ਲੜੀ ਤਹਿਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਅੱਜ 04 ਅਗਸਤ ਦਿਨ ਸੋਮਵਾਰ ਲੜੀ ਦੇ ਸਤਵੇਂ ਸਮਾਗਮ ਸਵੇਰੇ 5 ਵਜੇ ਤੋਂ 6.30 ਵਜੇ ਤੱਕ ਭਾਈ ਵੀਰ ਸਿੰਘ ਨਿਵਾਸ, ਭਾਈ ਵੀਰ ਸਿੰਘ ਮਾਰਗ ਲਾਰੰਸ ਰੋਡ ਵਿਖੇ ਸਜਾਏ ਗਏ। ਇਸ ਵਿੱਚ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਅਡੀਸ਼ਨਲ ਹੈਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਗੁਰਮਤਿ ਵਿਚਾਰਾਂ ਦੁਆਰਾ ਭਾਈ ਵੀਰ ਸਿੰਘ ਦੀ ਜੀਵਨੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਚਨ ਜੋ ਕਿ ਅੱਜ ਦੇ ਸਮਾਗਮ ਦਾ ਵਿਸ਼ਾ ਸੀ, ਵਿਸਥਾਰ ਨਾਲ ਵਿਆਖਿਆ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।



ਇਸ ਤੋਂ ਇਲਾਵਾ ਭਾਈ ਸਤਬੀਰ ਸਿੰਘ ਚੋਜੀ ਬੈਂਕ ਵਾਲੇ, ਬੀਬੀ ਭਜਨ ਕੌਰ ਜੀ ਦੀ ਅਗਵਾਈ ਹੇਠ ਜੱਥਾ ਬੀਬੀਆਂ ਸੰਗਤ ਭਾਈ ਵੀਰ ਸਿੰਘ ਨਿਵਾਸ ਤੇ ਆਖਿਰ ਵਿੱਚ ਭਾਈ ਸਾਹਿਬ ਭਾਈ ਸ਼ੌਕੀਨ ਸਿੰਘ ਜੀ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਨੇ ਰਸ ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।
ਅੱਜ ਦੇ ਸਮਾਗਮ ਦਾ ਵਿਸ਼ਾ ਸੀ "ਨਾਮੁ ਰਹਿਓ ਸਾਧੂ ਰਹਿਓ" ਰਹਿਓ ਗੁਰੁ ਗੋਬਿੰਦੁ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤ॥
ਸਟੇਜ ਦੀ ਸੇਵਾ ਭਾਈ ਜਸਬੀਰ ਸਿੰਘ ਜੀ ਤੇ ਭਾਈ ਦਵਿੰਦਰ ਸਿੰਘ ਜੀ ਨੇ ਨਿਭਾਈ। ਸਾਰੇ ਕੀਰਤਨੀ ਜਥਿਆਂ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।

ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਅਡੀਸ਼ਨਲ ਹੈਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਜੁਗਰਾਜ ਸਿੰਘ ਅਡੀਸ਼ਨਲ ਮੈਨੇਜਰ ਗੁਰਦੁਆਰਾ ਬਾਬਾ ਦੀਪ ਸਿੰਘ ਜੀ, ਬੀਬੀ ਭਜਨ ਕੌਰ, ਕੁਲਵੰਤ ਸਿੰਘ ਗੁਰੂ ਰਾਮਦਾਸ ਸੇਵਾ ਸੋਸਾਇਟੀ ਵਾਲੇ ਅਤੇ ਸਰਦਾਰ ਜਗਦੀਸ਼ ਸਿੰਘ ਜੀ ਵਡਾਲਾ ਮੁੱਖ ਸੇਵਾਦਾਰ ਗੁਰਦੁਆਰਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਜੀਠਾ ਰੋਡ ਨੂੰ ਵੀ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਵਿਸ਼ੇਸ਼ ਤੌਰ 'ਤੇ ਸੰਗਤ ਵੀਰ ਸਿੰਘ ਨਿਵਾਸ ਸਥਾਨ, ਰਾਜਾ ਜੀ ਤੇ ਉਹਨਾਂ ਦੀ ਸੰਗਤ ਗਰੀਨ ਐਵੀਨਿਊ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੇ ਮੈਂਬਰ, ਸਰਦਾਰ ਚਰਨਜੀਤ ਸਿੰਘ ਅਖੰਡ ਕੀਰਤਨੀ ਜਥੇ ਵਾਲੇ, ਸਤਿੰਦਰ ਸਿੰਘ ਚਾਵਲਾ, ਸ਼ਰਨਜੀਤ ਸਿੰਘ ਡੀਈਸੀ ਫੈਨਸ ਵਾਲੇ, ਅਵਤਾਰ ਸਿੰਘ ਖਾਲਸਾ, ਭੁਪਿੰਦਰ ਸਿੰਘ ਜਸਬੀਰ ਸਿੰਘ ਸਾਬਕਾ ਏਜੀਐਮ, ਭਾਈ ਜਗਦੀਸ਼ ਸਿੰਘ ਵਾਲੀਆ, ਅਮਰਜੀਤ ਸਿੰਘ, ਭਾਈ ਜਗਦੀਸ਼ ਸਿੰਘ ਜੀ ਬਾਰਦਾਨੇ ਵਾਲੇ, ਭਾਈ ਉਦੇ ਸਿੰਘ, ਜਵਾਹਰ ਲਾਲ ਸਿੰਘ ਜੀ, ਦਲਜੀਤ ਸਿੰਘ ਜੀ, ਬਲਬੀਰ ਸਿੰਘ ਸੈਣੀ, ਗੁਰਬਖਸ਼ ਸਿੰਘ ਬੱਗਾ ਤੇ ਹੋਰ ਸੋਸਾਇਟੀ ਦੇ ਮੈਂਬਰ ਹਾਜ਼ਰ ਸਨ।

ਸਮਾਗਮ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸੋਸਾਇਟੀ ਦੇ ਅਗਲੇ ਸਮਾਗਮ 5 ਅਗਸਤ ਮੰਗਲਵਾਰ ਗੁਰਦੁਆਰਾ ਤੂਤ ਸਾਹਿਬ ਸੁਲਤਾਨ ਵਿੰਡ ਰੋਡ ਸ੍ਰੀ ਅੰਮ੍ਰਿਤਸਰ ਸਵੇਰੇ 5.00 ਤੋਂ 6.30 ਵਜੇ ਤੇ 06 ਅਗਸਤ ਬੁੱਧਵਾਰ ਦੇ ਸਮਾਗਮ ਸਵੇਰੇ 5.00 ਤੋਂ 6.30 ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸੰਤ ਐਵੀਨਿਊ, ਸਾਹਮਣੇ ਅਲਫਾ ਵਨ, ਜੀਟੀ ਰੋਡ ਸ੍ਰੀ ਅੰਮ੍ਰਿਤਸਰ ਵਿਖੇ ਸਜਾਏ ਜਾਣਗੇ।

## ਵਿਧਾਇਕ ਤੇ ਸਾਬਕਾ ਮੰਤਰੀ ਨੇ ਲਗਾਇਆ ਜਨਤਾ ਦਰਬਾਰ

# ਅਜਨਾਲਾ ਸਮੇਤ ਸੂਬੇ ਦੇ 5 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਸਹਾਇਕਾਂ ਦੀਆਂ ਖਾਲੀ ਅਸਾਮੀਆਂ ਸਤੰਬਰ 'ਚ ਭਰੀਆਂ ਜਾਣਗੀਆਂ : ਧਾਲੀਵਾਲ

ਅਜਨਾਲਾ, 4 ਅਗਸਤ (ਸੁਖਦੇਵ ਸਿੰਘ ਖਾਲਸਾ): ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਇਤਿਹਾਸਕ ਨਗਰੀ ਰਮਦਾਸ ਸਮੇਤ ਨੇੜੇ ਦੇ ਪਿੰਡਾਂ ਦੇ ਲੋਕਾਂ ਨੂੰ ਦਰਪੇਸ਼ ਪ੍ਰਸ਼ਾਸਨੀ ਸਮੱਸਿਆਵਾਂ ਦਾ ਨਿਆਂ ਦਿਵਾਉਣ ਲਈ ਸਿਵਲ ਤੇ ਪੁਲਿਸ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ 'ਚ ਨਗਰ ਰਮਦਾਸ ਵਿਖੇ ਜਨਤਾ ਦਰਬਾਰ ਲਗਾਇਆ ਗਿਆ, ਜਿਸ ਦੌਰਾਨ ਵਿਧਾਇਕ ਧਾਲੀਵਾਲ ਨੇ ਪੁਲਿਸ, ਸਿਹਤ, ਸਿੱਖਿਆ, ਵਿਕਾਸ, ਬਿਜਲੀ ਵਿਭਾਗ, ਸਿੰਚਾਈ ਵਿਭਾਗ, ਆਂਗਣਵਾੜੀ ਕੇਂਦਰਾਂ ਤੇ ਪੰਚਾਇਤੀ ਰਾਜ ਸਮੇਤ ਅਜਨਾਲਾ ਸਬ ਡਵੀਜ਼ਨ 'ਚੋਂ ਲੰਘਦੇ ਕੌਮਾਂਤਰੀ ਰਾਵੀ ਦਰਿਆ 'ਚ ਸੰਭਾਵੀ ਹੜ੍ਹਾਂ ਬਾਰੇ ਵੀ ਮੁੱਦਾ ਉਠਾਉਣ ਆਦਿ ਵਿਭਾਗਾਂ ਨਾਲ ਜੁੜੀਆਂ ਦਰਜਨਾਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਮੌਕੇ 'ਤੇ ਪ੍ਰਸ਼ਾਸਨ ਕੋਲੋਂ ਹੱਲ ਕਰਵਾ ਕੇ ਇਨ੍ਹਾਂ ਦਿੱਕਤਾਂ ਦਾ ਹੱਲ ਕਰਵਾਉਣ ਲਈ ਦੂਰ ਨੇੜੇ ਦਫਤਰਾਂ 'ਚ ਜਾਣ ਸਮੇਂ ਹੁੰਦੀ



ਖੱਜਲ-ਖੁਆਰੀ ਤੋਂ ਵੱਡੀ ਰਾਹਤ ਦਿਵਾਈ। ਜਨਤਾ ਦਰਬਾਰ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਲੋਕ ਸੇਵਾ ਹੀ ਉਤਮ ਸੇਵਾ ਹੈ ਤੇ ਮਾਨਵਤਾ ਦੀ ਸੇਵਾ 'ਚੋਂ ਹੀ ਰੱਬ ਦੀ ਸੇਵਾ ਨਜ਼ਰ ਆਉਂਦੀ ਹੈ, ਜਿਸ ਦੇ ਮੱਦੇਨਜ਼ਰ ਉਨ੍ਹਾਂ ਸਮੇਤ ਉਨ੍ਹਾਂ ਦੇ ਪਰਿਵਾਰ ਦੇ ਵਿਧਾਨ ਸਭਾ ਹਲਕਾ ਅਜਨਾਲਾ ਦੇ ਲੋਕਾਂ ਦੀ ਸੇਵਾ ਲਈ 24 ਘੰਟੇ ਦਰਵਾਜ਼ੇ ਖੁੱਲ੍ਹੇ ਹਨ। ਉਨ੍ਹਾਂ ਨੇ ਹਲਕੇ 'ਚ ਆਂਗਣਵਾੜੀ ਕੇਂਦਰਾਂ 'ਚ ਮੁਲਾਜ਼ਮਾਂ ਦੀ ਘਾਟ ਬਾਰੇ ਉੱਠੇ ਮਸਲੇ 'ਚ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਅਗਲੇ ਮਹੀਨੇ 30 ਸਤੰਬਰ ਤੱਕ 5 ਹਜ਼ਾਰ ਤੋਂ ਵੱਧ ਆਂਗਣਵਾੜੀ ਵਰਕਰ ਤੇ ਸਹਾਇਕਾਂ ਦੀ ਮੈਰਿਟ ਦੇ ਅਧਾਰ 'ਤੇ ਭਰਤੀ ਕਰਨ ਜਾ ਰਹੀ ਹੈ, ਜਿਸ ਬਾਰੇ ਬਕਾਇਦਾ ਇਸੇ ਮਹੀਨੇ 22 ਅਗਸਤ ਨੂੰ ਨਵੀਂ ਭਰਤੀ ਲਈ ਮੀਡੀਆ 'ਚ ਇਸ਼ਤਿਹਾਰ ਜਾਰੀ ਕਰ ਦਿੱਤਾ ਜਾਵੇਗਾ ਤੇ ਆਂਗਣਵਾੜੀ ਵਰਕਰਾਂ ਤੇ ਸਹਾਇਕਾਂ ਲਈ ਨੌਕਰੀ ਲੈਣ ਦੇ ਇੱਛੁਕ ਉਮੀਦਵਾਰਾਂ ਨੂੰ ਵਿਭਾਗੀ ਪਤੇ 'ਤੇ ਆਪਣੀਆਂ ਅਰਜ਼ੀਆਂ 22 ਸਤੰਬਰ ਤੱਕ ਪੁੱਜਦੀਆਂ ਕਰਨੀਆਂ ਹੋਣਗੀਆਂ। ਸਾਬਕਾ ਮੰਤਰੀ ਤੇ ਵਿਧਾਇਕ ਧਾਲੀਵਾਲ ਨੇ ਸਿੱਖਾਂ ਦੇ 3 ਗੁਰੂਆਂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਮੇਤ ਬ੍ਰਹਮ ਗਿਆਨੀ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਪਹਿਲੇ ਹੈੱਡ ਗ੍ਰੰਥੀ ਬਾਬਾ ਬੁੱਢਾ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਨਗਰੀ ਰਮਦਾਸ ਦੇ ਵਿਕਾਸ ਪੱਖੋਂ ਸੁੰਦਰੀਕਰਨ ਦੀ ਜਾਣਕਾਰੀ ਦਿੰਦਿਆਂ ਪ੍ਰਗਟਾਵਾ ਕੀਤਾ ਕਿ ਰਮਦਾਸ ਵਿਖੇ 2.75 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਬਾਹਰੀ ਗੇਟ ਬਣਾਉਣ ਲਈ ਬਕਾਇਦਾ ਰਕਮ ਜਾਰੀ ਹੋ ਗਈ ਹੈ। ਜਦੋਂਕਿ ਅਜ਼ਾਦੀ ਪਿੱਛੋਂ ਸਾਬਕਾ ਸਰਕਾਰਾਂ ਦੇ ਥਪੇੜੇ ਝਲਦਾ ਆ ਰਿਹਾ ਖਸਤਾ ਹਾਲਤ ਰੇਲਵੇ ਪਲੇਟਫਾਰਮ ਦੀ ਨਵ ਉਸਾਰੀ ਤੇ ਇਸ ਰੇਲਵੇ ਸਟੇਸ਼ਨ ਦਾ ਨਾਮ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦੇ ਨਾਂ 'ਤੇ ਰੱਖਣ ਲਈ ਪ੍ਰਵਾਨਗੀਆਂ ਲਈਆਂ ਹਨ।

ਇਸ ਮੌਕੇ 'ਤੇ ਖੁਸ਼ਪਾਲ ਸਿੰਘ ਧਾਲੀਵਾਲ ਸਮੇਤ ਰਮਦਾਸ ਸ਼ਹਿਰੀ ਦੇ ਕੌਂਸਲਰ, ਇਲਾਕੇ ਦੇ ਪੰਚ ਸਰਪੰਚ ਤੇ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਸਨ।

# ਵਕੀਲ ਲਖਵਿੰਦਰ ਸਿੰਘ ਦੇ ਕਤਲ ਦੇ ਰੋਸ 'ਚ ਵਕੀਲਾਂ ਵੱਲੋਂ ਜ਼ਬਰਦਸਤ ਰੋਸ ਪ੍ਰਦਰਸ਼ਨ

ਅੰਮ੍ਰਿਤਸਰ, 4 ਅਗਸਤ (ਬਬਲੂ ਮਹਾਜਨ): ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਦੇ ਵਕੀਲ ਲਖਵਿੰਦਰ ਸਿੰਘ ਦੇ ਕਤਲ ਦੀ ਘਟਨਾ ਨੇ ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਕਤਲ ਦੇ ਰੋਸ 'ਚ ਵਕੀਲਾਂ ਵੱਲੋਂ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ।



ਵਕੀਲਾਂ ਨੇ ਅਦਾਲਤ ਦੀਆਂ ਕਾਰਵਾਈਆਂ ਨੂੰ ਠੱਪ ਕਰਦਿਆਂ ਕਚਹਿਰੀ ਨੂੰ ਜਾਣ ਵਾਲੇ ਸਾਰੇ ਰਸਤੇ ਬੰਦ ਕਰ ਦਿੱਤੇ। ਹੱਥਾਂ 'ਚ ਬੈਨਰ-ਪਲੇਕਾਰਡ ਫੜ ਕੇ ਨਾਅਰੇਬਾਜ਼ੀ ਕਰਦਿਆਂ ਵਕੀਲਾਂ ਨੇ ਸੂਬਾ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਖ਼ਿਲਾਫ਼ ਆਪਣਾ ਗੁੱਸਾ ਜਤਾਇਆ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਅੰਮ੍ਰਿਤਸਰ ਬਾਹਰ ਐਸੋਸੀਏਸ਼ਨ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਕਨੇਸ ਨੇ ਕਿਹਾ ਕਿ "ਜੇਕਰ ਵਕੀਲ, ਜੋ ਲੋਕਾਂ ਨੂੰ ਅਦਾਲਤਾਂ ਰਾਹੀਂ ਇਨਸਾਫ ਦਿਵਾਉਂਦੇ ਨੇ, ਉਹੀ ਸੁਰੱਖਿਅਤ ਨਹੀਂ ਰਹੇ, ਤਾਂ ਆਮ ਲੋਕਾਂ ਦੀ ਕੀ ਹਾਲਤ ਹੋਵੇਗੀ? ਪੰਜਾਬ 'ਚ ਕਾਨੂੰਨ ਵਿਵਸਥਾ ਦਾ ਬੁਰੀ ਤਰ੍ਹਾਂ ਹਾਲ ਹੋ ਗਿਆ ਹੈ। ਹਰ ਕੇਸ ਵਿਚ ਸਿਰਫ਼ ਆਸ਼ਵਾਸਨ ਮਿਲਦੇ ਨੇ, ਕਾਰਵਾਈ ਨਹੀਂ। ਉਨ੍ਹਾਂ ਦੱਸਿਆ ਕਿ ਵਕੀਲ ਲਖਵਿੰਦਰ ਸਿੰਘ ਨੂੰ 21 ਤਾਰੀਖ਼ ਨੂੰ ਫਾਇਰ ਕਰਕੇ ਜ਼ਖ਼ਮੀ ਕੀਤਾ ਗਿਆ ਸੀ। ਕਈ ਦਿਨ ਤੱਕ ਉਹ ਅਮਨਦੀਪ ਹਸਪਤਾਲ 'ਚ ਜੀਵਨ ਮੌਤ ਦੀ ਲੜਾਈ ਲੜਦੇ ਰਹੇ। ਰਾਜ ਪੱਧਰੀ ਧਰਨੇ ਦੀ ਘੋਸ਼ਣਾ ਕਰਦਿਆਂ ਸੂਬਾ ਸਰਕਾਰ ਨੂੰ ਤੁਰੰਤ ਕਾਰਵਾਈ ਦੀ ਚੇਤਾਵਨੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਜਦੋਂ ਐਡ. ਲਖਵਿੰਦਰ ਸਿੰਘ ਦਾ ਸਸਕਾਰ ਕੀਤਾ ਗਿਆ ਸੀ ਤਾਂ ਉਸ ਸਮੇਂ ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਮੌਕੇ 'ਤੇ ਪਹੁੰਚੇ ਅਤੇ ਪਰਿਵਾਰ ਨਾਲ ਮਿਲ ਕੇ ਪੁਲਸ ਨੂੰ ਤਤਕਾਲ ਕਾਰਵਾਈ ਲਈ ਨਿਰਦੇਸ਼ ਦਿੱਤੇ। ਵਕੀਲਾਂ ਨੇ ਚੇਤਾਵਨੀ ਦਿੱਤੀ ਹੈ ਕਿ ਜਦ ਤੱਕ ਮੁੱਖ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਰੋਸ ਪ੍ਰਦਰਸ਼ਨ ਜਾਰੀ ਰਹੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਨਸਾਫ ਨਾ ਮਿਲਿਆ ਤਾਂ ਰਾਜ ਪੱਧਰ 'ਤੇ ਵੱਡਾ ਅੰਦੋਲਨ ਚਲਾਇਆ ਜਾਵੇਗਾ।

# ਦਰਿਆ ਨੇੜਲੇ ਇਲਾਕੇ ਦੀਆਂ ਪੰਚਾਇਤਾਂ ਆਪਣੀਆਂ ਜ਼ਮੀਨਾਂ ਮਾਈਨਿੰਗ ਵਿਭਾਗ ਨੂੰ ਦੇ ਕੇ ਕਰ ਸਕਦੀਆਂ ਨੇ ਵੱਧ ਕਮਾਈ

ਅੰਮ੍ਰਿਤਸਰ, 4 ਅਗਸਤ (ਬਬਲੂ ਮਹਾਜਨ): ਜ਼ਿਲ੍ਹਾ ਮਿਨਰਲ ਫਾਊਂਡੇਸ਼ਨ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਦੀ ਸਪਲੀਮੈਂਟਰੀ ਡਿਸਟਰਿਕਟ ਸਰਵੇ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ, ਇਸ ਲਈ ਜ਼ਿਲ੍ਹਾ ਅੰਮ੍ਰਿਤਸਰ ਅਧੀਨ ਆਉਂਦੇ ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਮਾਲ ਅਫਸਰ, ਬੀਡੀਪੀਓਜ਼ ਆਪਣੇ ਆਪਣੇ ਵਿਭਾਗ ਨਾਲ ਸਬੰਧਤ ਸਰਕਾਰੀ ਜਾਂ ਪੰਚਾਇਤੀ ਜ਼ਮੀਨਾਂ ਮਾਈਨਿੰਗ ਵਿਭਾਗ ਨੂੰ ਦੇ ਸਕਦੇ ਹਨ, ਜਿਸ ਨਾਲ ਜ਼ਮੀਨ ਨੂੰ ਡਿਸਟਰਿਕਟ ਸਰਵੇ ਰਿਪੋਰਟ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ ਅਤੇ ਇਸ ਨਾਲ ਪੰਚਾਇਤਾਂ ਤੇ ਸਬੰਧਤ ਵਿਭਾਗ ਆਮਦਨੀ ਦਾ ਵਾਧੂ ਸਰੋਤ ਬਣ ਸਕਦਾ ਹੈ। ਉਹਨਾਂ ਕਿਹਾ ਕਿ ਖਾਸ ਕਰਕੇ ਦਰਿਆ ਨੇੜਲੇ ਇਲਾਕੇ ਜਿਵੇਂ ਕਿ ਅਜਨਾਲਾ, ਬਾਬਾ ਬਕਾਲਾ ਸਾਹਿਬ ਤੇ ਲੋਪੋਕੇ ਆਦਿ ਦੀਆਂ ਪੰਚਾਇਤਾਂ ਤੇ ਸਰਕਾਰੀ ਵਿਭਾਗ ਆਪਣੀਆਂ ਜ਼ਮੀਨਾਂ ਮਾਈਨਿੰਗ ਵਿਭਾਗ ਨੂੰ ਦੇ ਕੇ ਆਮਦਨ ਦਾ ਆਪਣੇ ਸਰੋਤ ਪੈਦਾ ਕਰਨ।



ਉਹਨਾਂ ਨੇ ਇਸ ਤੋਂ ਇਲਾਵਾ ਸ਼ਹਿਰੀ ਵਿਭਾਗ ਵਿੱਚ ਕੰਮ ਕਰ ਰਹੇ ਨਗਰ ਕੌਂਸਲ, ਨਗਰ ਸੁਧਾਰ ਟਰੱਸਟ ਅਤੇ ਪੁੱਡਾ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਮਾਈਨਰ ਮਿਨਰਲ ਰੂਲਸ ਦੀ ਨੋਟੀਫਿਕੇਸ਼ਨ ਅਨੁਸਾਰ ਕਿਸੇ ਵੀ ਕਮਰਸ਼ੀਅਲ ਕੰਮ ਲਈ ਪੁੱਟੀ ਗਈ ਬੇਸਮੈਂਟ ਉੱਤੇ ਪੰਜ ਰੁਪਏ ਪ੍ਰਤੀ ਵਰਗ ਫੁੱਟ ਚਾਰਜ ਸਬੰਧਤ ਧਿਰ ਕੋਲੋਂ ਲਿਆ ਜਾਣਾ ਜ਼ਰੂਰੀ ਹੈ। ਉਹਨਾਂ ਕਿਹਾ ਕਿ ਇਸ ਲਈ ਰਿਹਾਇਸ਼ੀ ਘਰਾਂ ਨੂੰ ਛੋਟ ਦਿੱਤੀ ਗਈ ਹੈ, ਜਦ ਕਿ ਬਾਕੀ ਅਦਾਰਿਆਂ ਵੱਲੋਂ ਇਹ ਫੀਸ ਮਾਈਨਿੰਗ ਵਿਭਾਗ ਨੂੰ ਦਿੱਤੀ ਜਾਣੀ ਹੈ, ਸੋ ਸਾਰੇ ਵਿਭਾਗ ਬੇਸਮੈਂਟਾਂ ਦੇ ਕੇਸ ਵਿੱਚ ਇਹ ਫੀਸ ਲੈਣੀ ਯਕੀਨੀ ਬਣਾਉਣ। ਉਹਨਾਂ ਨੇ ਸਬੰਧਤ ਐਸਡੀਐਮ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਇਸ ਫੰਡ ਦੀ ਵਰਤੋਂ ਆਪਣੇ ਆਪਣੇ ਇਲਾਕੇ 'ਚ ਕੀਤੇ ਜਾਣ ਵਾਲੇ ਕਲਿਆਣਕਾਰੀ ਕੰਮਾਂ ਲਈ ਕਰ ਸਕਦੇ ਹਨ ਅਤੇ ਉਹ ਇਸ ਅਨੁਸਾਰ ਆਪਣੀ ਯੋਜਨਾ ਉਲੀਕਣ। ਇਸ ਮੌਕੇ ਐਕਸੀਅਨ ਗੁਰਬੀਰ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਚੀਫ਼ ਖ਼ਾਲਸਾ ਦੀਵਾਨ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮਾਂ ਦੀ ਲੜੀ ਦੀ ਸ਼ੁਰੂਆਤ

ਅੰਮ੍ਰਿਤਸਰ, 4 ਅਗਸਤ (ਬਬਲੂ ਮਹਾਜਨ): ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮਾਂ ਦੀ ਲੜੀ ਦੀ ਅਰੰਭਤਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ, ਮਜੀਠਾ ਰੋਡ ਬਾਈਪਾਸ ਵਿਖੇ ਆਯੋਜਿਤ ਪ੍ਰੋਗਰਾਮ ਨਾਲ ਕੀਤੀ ਗਈ, ਜਿਸ ਵਿਚ ਸਿੱਖ ਹੈਰੀਟੇਜ ਸਿੰਫਨੀ ਕੈਲੀਫੋਰਨੀਆ (ਯੂ.ਐਸ.ਏ) ਵੱਲੋਂ 31 ਰਾਗਾਂ 'ਚ ਪੁਰਾਤਨ ਗੁਰਮਤਿ ਰਾਗਾਤਮਕ ਤੰਤੀ ਸਾਜ਼ ਪ੍ਰਸਤੁਤੀ ਕੀਤੀ ਗਈ। ਚੀਫ਼ ਖ਼ਾਲਸਾ ਦੀਵਾਨ ਵੱਲੋਂ ਵਿਦਿਆਰਥੀਆਂ ਵਿਚ ਗੁਰਮਤਿ ਸੰਗੀਤ ਪ੍ਰਤੀ ਰੁਚੀ ਵਧਾਉਣ, ਪੁਰਾਤਨ ਸਿੱਖ ਰਾਗੀ ਪਰੰਪਰਾ ਨੂੰ ਜੀਵੰਤ ਰੱਖਣ ਦੇ ਮਨੋਰਥ ਨਾਲ ਉਲੀਕੇ, ਇਸ ਪ੍ਰੋਗਰਾਮ 'ਚ ਲੀਨਾ ਬੇਦੀ ਤੇ ਉਨ੍ਹਾਂ ਦੇ ਵਿਦਿਆਰਥੀਆਂ ਵੱਲੋਂ ਪੁਰਾਤਨ ਤੰਤੀ ਸਾਜ਼ ਜਿਵੇਂ ਰਬਾਬ, ਦਿਲਰੁਬਾ, ਸਿਤਾਰ ਆਦਿ ਨਾਲ ਸਿੱਖ ਇਤਿਹਾਸ ਦੀ ਪੁਰਾਤਨ ਰਾਗ ਪਰੰਪਰਾ ਦੀ ਝਲਕ ਨੂੰ ਜੀਵੰਤ ਕਰਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ



ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ ਨੇ ਵਿਲੱਖਣ ਪੇਸ਼ਕਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਪੇਸ਼ਕਾਰੀ ਸਿਰਫ਼ ਗੁਰਮਤਿ ਸੰਗੀਤਕ ਪ੍ਰਸਤੁਤੀ ਨਹੀਂ ਹੈ ਸਗੋਂ ਇਕ ਅਨੁਭਵ ਹੈ ਜੋ ਨਵੀਂ ਪੀੜ੍ਹੀ ਨੂੰ ਸਿੱਖੀ ਦੇ ਪਰੰਪਰਾਗਤ ਅੰਮ੍ਰਿਤਮਈ ਰੰਗ ਵਿਚ ਰੰਗ ਕੇ ਆਪਣੀ ਰੂਹਾਨੀ ਪੁਰਾਤਨ ਜੜ੍ਹਾਂ ਨਾਲ ਜੋੜਦਾ ਹੈ।

ਪ੍ਰੋਗਰਾਮ ਦੇ ਅੰਤ 'ਚ ਸਿੱਖ ਹੈਰੀਟੇਜ ਸਿੰਫਨੀ ਕੈਲੀਫੋਰਨੀਆ (ਯੂ.ਐਸ.ਏ) ਤੋਂ ਗੁਰਮਤਿ ਰਾਗਾਤਮਕ ਤੰਤੀ ਸਾਜ਼ ਪ੍ਰਸਤੁਤੀ ਕਰਨ ਵਿਸ਼ੇਸ਼ ਤੌਰ 'ਤੇ ਪੁੱਜੇ ਲੀਨਾ ਬੇਦੀ ਤੇ ਉਨ੍ਹਾਂ ਦੇ ਵਿਦਿਆਰਥੀਆਂ ਨੂੰ ਦੀਵਾਨ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਰਮਣੀਕ ਸਿੰਘ, ਐਡੀ. ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਆਨਰੇਰੀ ਜਾਇੰਟ ਸਕੱਤਰ ਇੰਜੀ.ਜਸਪਾਲ ਸਿੰਘ, ਧਰਮ ਪ੍ਰਚਾਰ ਕਮੇਟੀ ਤੋਂ ਤਰਲੋਚਨ ਸਿੰਘ, ਗੁਰਬਖਸ਼ ਸਿੰਘ ਬੇਦੀ, ਗੁਰਭੇਜ ਸਿੰਘ, ਸਕੂਲ ਮੈਂਬਰ ਇੰਚਾਰਜ ਏ.ਪੀ.ਐਸ.ਮਾਨ, ਮਨਮੋਹਨ ਸਿੰਘ, ਦੀਵਾਨ ਮੈਂਬਰ ਇੰਦਰਜੀਤ ਸਿੰਘ ਅੜੀ, ਡਾਇਰੈਕਟਰ ਡਾ. ਏ.ਪੀ.ਐਸ. ਚਾਵਲਾ, ਡਾ. ਜਸਵਿੰਦਰ ਕੌਰ ਮਾਹਲ, ਪ੍ਰਿੰਸੀਪਲ ਰਿਪੁਦਮਨ ਕੌਰ, ਬੀਬੀ ਪ੍ਰਭਜੋਤ ਕੌਰ ਸਮੇਤ ਵੱਡੀ ਗਿਣਤੀ ਵਿਚ ਗੁਰਮਤਿ ਸੰਗੀਤ ਅਧਿਆਪਕ ਤੇ ਵਿਦਿਆਰਥੀ ਮੌਜੂਦ ਸਨ।

# ਨਗਰ ਨਿਗਮ ਦਾ ਸ਼ਹਿਰ ਦੀਆਂ ਸੜਕਾਂ ਦੇ ਸੁੰਦਰੀਕਰਨ ਤੇ ਸਾਫ਼-ਸਫ਼ਾਈ ਦਾ ਅਭਿਆਨ 7ਵੇਂ ਦਿਨ ਵੀ ਰਿਹਾ ਜਾਰੀ

ਅੰਮ੍ਰਿਤਸਰ, 4 ਅਗਸਤ (ਚ.ਨ.ਸ.): ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੀ ਅਗਵਾਈ ਹੇਠ ਸ਼ਹਿਰ ਦੀਆਂ ਸੜਕਾਂ ਦੇ ਸੁੰਦਰੀਕਰਨ ਅਤੇ ਸਾਫ ਸਫਾਈ ਦਾ 7 ਦਿਨਾ ਅਭਿਆਨ ਚਲਾਇਆ ਜਾ ਰਿਹਾ ਹੈ। ਇਸ ਅਭਿਆਨ ਦੀ ਸ਼ੁਰੂਆਤ 28 ਜੁਲਾਈ ਨੂੰ ਸ਼ਹਿਰ ਦੇ ਮੁੱਖ ਐਂਟਰੀ ਪੁਆਇੰਟ ਗੋਲਡਨ ਗੇਟ ਤੋਂ ਕੀਤੀ ਗਈ ਸੀ। ਇਸ ਅਭਿਆਨ ਵਿੱਚ ਡੇਰਾ ਬਾਬਾ ਭੂਰੀ ਵਾਲਿਆਂ ਵਲੋਂ ਆਪਣਾ ਯੋਗਦਾਨ ਦਿੱਤਾ ਜਾ ਰਿਹਾ ਹੈ ਅਤੇ ਨਗਰ ਨਿਗਮ ਅਤੇ ਡੇਰਾ ਬਾਬਾ ਭੂਰੀ ਵਾਲਿਆਂ ਦੀਆਂ ਟੀਮਾਂ ਮਿਲ ਕੇ ਜੀ.ਟੀ. ਰੋਡ ਤੇ ਸੜਕਾਂ ਦੀ ਸਾਫ ਸਫਾਈ, ਘਾਹ ਅਤੇ ਜੰਗਲੀ ਬੂਟੀ ਦੀ ਸਫਾਈ, ਅਸਟੇਟ ਵਿਭਾਗ ਵੱਲੋਂ ਸੜਕਾਂ ਦੇ ਆਸੇ-ਪਾਸੇ ਹੋਏ ਨਜਾਇਜ਼ ਕਬਜ਼ੇ ਅਤੇ ਰੇਹੜੀਆਂ ਨੂੰ ਹਟਾਉਣਾ, ਸਿਵਲ ਵਿਭਾਗ ਵਲੋਂ ਮਲਬੇ ਦੇ ਢੇਰ ਚੁੱਕਣ ਤੋਂ ਇਲਾਵਾ ਸੜਕਾਂ ਦੀ ਮੁਰੰਮਤ ਅਤੇ ਪੈਚ-ਵਰਕ ਦਾ ਕੰਮ, ਓ ਐਂਡ ਐਮ ਵਿਭਾਗ ਵੱਲੋਂ ਹੋਦੀਆਂ ਅਤੇ ਸੀਵਰੇਜ ਦੇ ਢੱਕਣਾਂ ਦੀ ਰਿਪੇਅਰ ਤੇ ਵਿਗਿਆਪਨ ਵਿਭਾਗ ਵਲੋਂ ਸੜਕਾਂ ਦੇ ਆਲੇ-ਦੁਆਲੇ ਲੱਗੇ ਨਜਾਇਜ਼ ਇਸ਼ਤਿਹਾਰ ਅਤੇ ਬੋਰਡਾਂ ਨੂੰ ਉਤਾਰਨ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਅਭਿਆਨ ਵਿੱਚ ਸ਼ਹਿਰ ਦੀਆਂ ਵੱਖ-2 ਰਿਹਾਇਸ਼ੀ



ਸਮਾਜਸੇਵੀ ਅਤੇ ਕਾਰੋਬਾਰੀ ਸੰਸਥਾਵਾਂ ਵੱਧ-ਚੜ੍ਹ ਕੇ ਹਿੱਸਾ ਪਾ ਰਹੀਆਂ ਹਨ।

ਇਸੇ ਹੀ ਲੜੀ ਵਿੱਚ 4 ਅਗਸਤ ਨੂੰ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਦੀ ਅਗਵਾਈ ਵਿੱਚ ਇਹ ਅਭਿਆਨ ਆਪਣੇ ਸੱਤਵੇਂ ਦਿਨ ਵੀ ਜਾਰੀ ਰਿਹਾ ਤੇ ਅੱਜ ਜੀ.ਟੀ. ਰੋਡ ਮਕਬੂਲਪੁਰਾ ਚੌਂਕ ਵਿਖੇ ਇਸ ਅਭਿਆਨ ਦੀ ਵਿਧੀਵਤ ਸ਼ੁਰੂਆਤ ਕੀਤੀ ਗਈ। ਅੱਜ ਦੇ ਇਸ ਅਭਿਆਨ ਵਿੱਚ ਮਹਿਤਾ ਰੋਡ ਮਕਬੂਲਪੁਰਾ ਚੌਂਕ ਦੀ ਰਿਹਾਇਸ਼ੀ ਵੈਲਫੇਅਰ ਸੋਸਾਇਟੀ ਦੇ ਮੈਂਬਰਾਂ ਵੱਲੋਂ ਆਪਣਾ ਪੂਰਾ ਸਹਿਯੋਗ ਦਿੱਤਾ ਗਿਆ ਅਤੇ ਸੜਕਾਂ 'ਤੇ ਸਾਫ-ਸਫਾਈ ਆਦਿ ਦੇ ਕੰਮ ਕੀਤੇ ਗਏ। ਇਸ ਮੌਕੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦੱਸਿਆ ਕਿ ਨਿਗਮ ਵੱਲੋਂ ਚਲਾਈ ਜਾ ਰਹੀ ਇਸ ਮੁਹਿੰਮ ਨੂੰ ਸ਼ਹਿਰਵਾਸੀਆਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਸ਼ਹਿਰ ਦੀਆਂ ਕਈ ਧਾਰਮਿਕ ਵਪਾਰਕ ਅਤੇ ਸਮਾਜਸੇਵੀ ਸੰਸਥਾਵਾਂ ਸ਼ਹਿਰ ਦੀ ਸੁੰਦਰਤਾ ਲਈ ਆਪਣਾ ਯੋਗਦਾਨ ਪਾਉਣ ਲਈ ਨਗਰ ਨਿਗਮ ਨੂੰ ਸੰਪਰਕ ਕਰ ਰਹੇ ਹਨ। ਉਹਨਾਂ ਕਿਹਾ ਕਿ ਇਹ ਅਭਿਆਨ ਸ਼ਹਿਰ ਦੇ ਹਰ ਇਕ ਹਿੱਸੇ ਵਿੱਚ ਚਲਾਇਆ ਜਾਵੇਗਾ। ਉਹਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਸ਼ਹਿਰ ਨੂੰ ਸਾਫ-ਸੁਥਰਾ ਹਰਾ ਭਰਾ ਬਣਾਉਣ ਵਿੱਚ ਨਗਰ ਨਿਗਮ ਦਾ ਸਹਿਯੋਗ ਦੇਣ। ਨਿਗਰਾਨ ਇੰਜੀਨੀਅਰ ਸੰਦੀਪ ਸਿੰਘ ਸਿਹਤ ਅਫਸਰ ਡਾ. ਕਿਰਨ, ਡਾ. ਯੋਗੇਸ਼ ਅਰੋੜਾ, ਅਸਟੇਟ ਅਫਸਰ ਧਰਮਿੰਦਰਜੀਤ ਸਿੰਘ, ਕਾਰਜਕਾਰੀ ਇੰਜੀਨਿਅਰ ਭਲਿੰਦਰ ਸਿੰਘ, ਚੀਫ ਸੈਨੇਟਰੀ ਇੰਸਪੈਕਟਰ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਕਰਮਚਾਰੀ ਅਤੇ ਸ਼ਹਿਰਵਾਸੀ ਸ਼ਾਮਲ ਸਨ।

# ਪੰਜਾਬ ਨੂੰ ਨਸ਼ਾ ਮੁਕਤ ਬਣਾ ਕੇ ਹੀ ਛੱਡਾਂਗੇ : ਤਲਬੀਰ ਸਿੰਘ ਗਿੱਲ

ਤਰਸਿੱਕਾ, 4 ਅਗਸਤ (ਦਵਿੰਦਰ ਸਿੰਘ ਤਰਸਿੱਕਾ): ਪੰਜਾਬ 'ਚ ਭਗਵੰਤ



ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਨਸ਼ਿਆਂ ਵਿਰੁੱਧ ਯੁੱਧ 'ਚ ਆਮ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ, ਜਿਸ ਕਾਰਨ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਆਪੋ ਆਪਣੇ ਇਲਾਕਿਆਂ ਨੂੰ ਨਸ਼ੇ ਤੋਂ ਮੁਕਤ ਕਰ ਸਕਣ ਵਿੱਚ ਕਾਮਯਾਬ ਹੋ ਜਾਵਾਂਗੇ।

ਇਹ ਸ਼ਬਦ ਹਲਕਾ ਮਜੀਠਾ ਦੇ ਆਮ ਆਦਮੀ ਪਾਰਟੀ ਦੇ ਇੰਚਾਰਜ ਸਰਦਾਰ ਤਰਬੀਤ ਸਿੰਘ ਗਿੱਲ ਨੇ ਪਿੰਡ ਕਲੇਰ ਵਿੱਚ ਹੋਈ ਨਸ਼ਿਆਂ ਵਿਰੁੱਧ ਰੈਲੀ ਨੂੰ ਸੰਬੋਧਨ ਕਰਦਿਆਂ ਕਹੇ। ਉਹਨਾਂ ਕਿਹਾ ਕਿ ਮਾਨ ਸਰਕਾਰ ਨਸ਼ਿਆਂ ਦੇ ਵੱਡੇ ਵੱਡੇ ਸੌਦਾਗਰਾਂ ਨੂੰ ਸਲਾਖਾਂ ਪਿੱਛੇ ਡੱਕ ਰਹੇ ਨੇ, ਜਿਨ੍ਹਾਂ ਨੇ ਪੰਜਾਬ ਦੀ ਜਵਾਨੀ ਨੂੰ ਰੋਲ ਕੇ ਰੱਖ ਦਿੱਤਾ ਹੈ। ਜੋ ਨਸ਼ਿਆਂ ਵਿੱਚ ਗਲਤਾਨ ਵਿਅਕਤੀ ਇਹਨਾਂ ਨਸ਼ਿਆਂ ਦੀ ਲੱਤ ਤੋਂ ਪਰੇ ਹੋਣਾ ਚਾਹੁੰਦੇ ਹਨ, ਉਹਨਾਂ ਲਈ ਮਾਨ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰ ਵੀ ਬਣਾਏ ਗਏ ਹਨ। ਉਨ੍ਹਾਂ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਤੁਸੀਂ ਸਾਰੇ ਆਮ ਆਦਮੀ ਪਾਰਟੀ ਦਾ ਇਸ ਨਾ ਮੁਰਾਦ ਬਿਮਾਰੀ ਨੂੰ ਖਤਮ ਕਰਨ ਵਿੱਚ ਸਾਥ ਦਿਓ ਤਾਂ ਜੋ ਪੰਜਾਬ ਨੂੰ ਫੇਰ ਰੰਗਲਾ ਪੰਜਾਬ ਬਣਾਇਆ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਸੇਮ ਸਿੰਘ ਗਿੱਲ ਯੁੱਧ ਨਸ਼ੇ ਵਿਰੁੱਧ ਕੋਡੀਨੇਟਰ, ਬਲਵੀਰ ਸਿੰਘ ਬੋਪਾਰਾਏ ਜਿਲਾ ਕਿਸਾਨ ਵਿੰਗ, ਗੁਰਵਿੰਦਰ ਸਿੰਘ ਸਰਪੰਚ, ਰਵਿੰਦਰ ਸਿੰਘ ਕਲੇਰ ਬਲਾਕ ਪ੍ਰਭਾਰੀ, ਮਨਜੀਤ ਸਿੰਘ ਬਲਾਕ ਪ੍ਰਧਾਨ, ਬਲਿਹਾਰ ਸਿੰਘ ਬਲਾਕ ਪ੍ਰਭਾਰੀ, ਬਲਾਕ ਪ੍ਰਧਾਨ ਸੁਰਜੀਤ ਸਿੰਘ, ਬਲਾਕ ਪ੍ਰਧਾਨ ਤਲਵਿੰਦਰ ਸਿੰਘ, ਮਨਦੀਪ ਸਿੰਘ ਸਰਪੰਚ ਤਦੇਲ, ਯੁੱਧ ਨਸ਼ੇ ਵਿਰੁੱਧ ਵਾਈਸ ਪ੍ਰਧਾਨ ਪਰਮਿੰਦਰ ਸਿੰਘ, ਸਿੱਖਿਆ ਕ੍ਰਾਂਤੀ ਕੋਡੀਨੇਟਰ ਸੁਖਚੈਨ ਸਿੰਘ, ਬਲਾਕ ਪ੍ਰਧਾਨ ਕਿਰਪਾਲ ਸਿੰਘ ਸੰਗਠ ਮੰਤਰੀ, ਸਿਕੰਦਰ ਸਿੰਘ ਖਿਦੋਵਾਲੀ ਆਦਿ ਵੀ ਹਾਜ਼ਰ ਸਨ।

# ਤਹਿਸੀਲ ਕੰਪਲੈਕਸ 'ਚ ਬਿਜਲੀ ਸਪਲਾਈ ਬੰਦ ਹੋਣ ਕਾਰਨ ਲੋਕ ਪ੍ਰੇਸ਼ਾਨ

ਬਾਬਾ ਬਕਾਲਾ ਸਾਹਿਬ, 4 ਅਗਸਤ (ਬਲਰਾਜ ਸਿੰਘ ਰਾਜਾ): ਤਹਿਸੀਲ ਕੰਪਲੈਕਸ ਵਿਚ ਲਗਾਤਾਰ ਦੋ ਘੰਟੇ ਬਿਜਲੀ ਸਪਲਾਈ ਬੰਦ ਰਹਿਣ ਕਾਰਨ ਫ਼ਰਦ ਕੇਂਦਰ ਤੇ ਸਾਰੇ ਦਫ਼ਤਰੀ ਕੰਮ ਬੰਦ ਰਹੇ, ਲੋਕ ਖੱਜਲ-ਖ਼ੁਆਰ ਹੁੰਦੇ ਦੇਖੇ ਗਏ। ਮੌਕੇ 'ਤੇ ਜਾ ਕੇ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਅੱਜ ਕਰੀਬ 12 ਵਜੇ ਤੋਂ ਬਾਅਦ ਬਿਜਲੀ ਸਪਲਾਈ ਬੰਦ ਹੋਣ ਕਾਰਨ ਉੱਥੇ ਵੱਖ ਵੱਖ ਕੰਮਾਂ ਲਈ ਪੁੱਜੇ ਲੋਕ ਬਾਅਦ ਦੁਪਹਿਰ ਤੱਕ ਭਾਰੀ ਪਰੇਸ਼ਾਨ ਹੁੰਦੇ ਰਹੇ। ਕਿਸੇ ਵੀ ਅਧਿਕਾਰੀ ਨੇ ਉੱਥੇ ਜਨਰੇਟਰ ਚਾਲੂ ਕਰਨ ਲਈ ਹਦਾਇਤ ਨਹੀਂ ਕੀਤੀ। ਇਸ ਸਬੰਧੀ ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਮੁਖਤਾਰ ਸਿੰਘ ਨੇ ਦੱਸਿਆ ਕਿ ਉਹ ਜਮ੍ਹਾਂਬੰਦੀ ਲੈਣ ਲਈ ਫ਼ਰਦ ਕੇਂਦਰ ਤੋਂ ਜਮ੍ਹਾਂਬੰਦੀ ਲੈਣ ਕਰੀਬ 11 ਵਜੇ ਦੇ ਆਏ ਹੋਏ ਹਨ ਪਰ ਬਿਜਲੀ ਬੰਦ ਹੋਣ ਕਾਰਨ ਹੁਣ ਤਿੰਨ ਵੱਜ ਗਏ ਹਨ। ਅਜੇ ਤੱਕ ਜਮ੍ਹਾਂਬੰਦੀ ਪ੍ਰਾਪਤ ਨਹੀਂ ਹੋਈ। ਇਸ ਸਬੰਧੀ ਤਹਿਸੀਲਦਾਰ ਬਾਬਾ ਬਕਾਲਾ ਰੋਬਨਜੀਤ ਕੌਰ ਨੇ ਕਿਹਾ ਕਿ ਸਾਰਾ ਕੰਮ ਠੀਕ ਤਰ੍ਹਾਂ ਨਾਲ ਚੱਲ ਰਿਹਾ ਹੈ, ਜਿਸ ਵਕਤ ਉਨ੍ਹਾਂ ਦਾ ਧਿਆਨ ਬਿਜਲੀ ਬੰਦ ਹੋਣ ਕਾਰਨ ਲੋਕਾਂ ਦੀ ਹੁੰਦੀ ਖੱਜਲ-ਖ਼ੁਆਰੀ ਵੱਲ ਦਿਵਾਇਆ ਤਾਂ ਉਨ੍ਹਾਂ ਸਿਰਫ਼ ਇਨ੍ਹਾਂ ਹੀ ਕਿਹਾ ਬਿਜਲੀ ਚੱਲ ਰਹੀ ਹੈ।

# ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਪ੍ਰਬੰਧਕੀ ਬਲਾਕ ਦਾ ਉਦਘਾਟਨ



ਅੰਮ੍ਰਿਤਸਰ, 4 ਅਗਸਤ (ਗੁਰਦਿਆਲ ਸਿੰਘ): ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖ ਤਿਆਰ ਕਰਵਾਏ ਪ੍ਰਬੰਧਕੀ ਬਲਾਕ ਤੇ ਡਿਸਪੈਂਸਰੀ ਦਾ ਉਦਘਾਟਨ ਸ਼੍ਰੋਮਣੀ ਕਮਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਪ੍ਰਮੁੱਖ ਸ਼ਖਸੀਅਤ ਦੀ ਹਾਜ਼ਰੀ ਵਿਚ ਕੀਤਾ। ਇਸ ਨਵੇਂ ਦਫਤਰ ਦੀ ਤਿਆਰੀ ਦੀ ਸੇਵਾ ਭਾਈ ਗੁਰਇਕਬਾਲ ਸਿੰਘ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਾਲਿਆਂ ਨੇ ਸੰਗਤ ਦੇ ਸਹਿਯੋਗ ਨਾਲ ਕਰਵਾਈ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਸੰਗਤਾਂ ਦੀ ਅਥਾਹ ਸ਼ਰਧਾ ਹੈ ਅਤੇ ਇਥ ਵੱਡੀ ਗਿਣਤੀ ਵਿਚ ਸੰਗਤ ਦੀ ਆਮਦ ਬਣੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਭਾਈ ਗੁਰਇਕਬਾਲ ਸਿੰਘ ਜਿਥੇ ਧਰਮ ਪ੍ਰਚਾਰ ਦੇ ਖੇਤਰ ਵਿੱਚ ਵੱਡੀਆਂ ਸੇਵਾਵਾਂ ਨਿਭਾ ਰਹੇ ਹਨ, ਉਥੇ ਗੁਰੂ-ਘਰ ਦੀਆਂ ਸੇਵਾਵਾਂ ਵਿੱਚ ਵੀ ਵੱਡਾ ਹਿੱਸਾ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਇਨ੍ਹਾਂ ਨੇ ਸੰਗਤ ਦੇ ਸਹਿਯੋਗ ਨਾਲ ਕਈ ਸੇਵਾਵਾਂ ਕੀਤੀਆਂ ਹਨ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਭਾਈ ਗੁਰਇਕਬਾਲ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਜਤਿੰਦਰਪਾਲ ਸਿੰਘ, ਹੈੱਡ ਗ੍ਰੰਥੀ ਗਿਆਨੀ ਸੁਰਜੀਤ ਸਿੰਘ ਸਭਰਾ, ਵਧੀਕ ਮੈਨੇਜਰ ਯੁਵਰਾਜ ਸਿੰਘ, ਹਰਵਿੰਦਰਪਾਲ ਸਿੰਘ ਲਿਟਲ, ਮਨਦੀਪ ਸਿੰਘ, ਪਰਮਜੀਤ ਸਿੰਘ, ਸਤਨਾਮ ਸਿੰਘ, ਤਰਵਿੰਦਰ ਸਿੰਘ ਸਮੇਤ ਹੋਰ ਹਾਜ਼ਰ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 'ਚ ਮਨਾਇਆ 'ਤੀਆਂ ਦਾ ਤਿਉਹਾਰ'



ਅਜਨਾਲਾ, 4 ਅਗਸਤ (ਸੁਖਦੇਵ ਸਿੰਘ ਖਾਲਸਾ): ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਦੇਵ ਕਲਾਂ 'ਚ ਪ੍ਰਿੰਸੀਪਲ ਰਜਿੰਦਰ ਕੌਰ ਦੀ ਅਗਵਾਈ 'ਚ ਸਾਉਣ ਮਹੀਨੇ ਨੂੰ ਸਮਰਪਿਤ ਤੀਆਂ ਦਾ ਤਿਉਹਾਰ ਮਨਾਇਆ। ਅਧਿਆਪਕਾਂ ਤੇ ਵਿਦਿਆਰਥੀਆਂ 'ਚ ਇਸ ਤਿਉਹਾਰ ਨੂੰ ਲੈ ਕੇ ਬਹੁਤ ਉਤਸ਼ਾਹ ਪਾਇਆ ਗਿਆ। ਪੁਰਾਣੇ ਪੰਜਾਬ ਵਾਂਗ ਸਕੂਲ 'ਚ ਪੀਂਘਾਂ ਪਾਈਆਂ ਗਈਆਂ ਤੇ ਇਸੇ ਤਰ੍ਹਾਂ ਦੀ ਹੀ ਸਜਾਵਟੀ ਦਿੱਖ ਵੀ ਕੀਤੀ ਗਈ। ਵਿਦਿਆਰਥਣਾਂ ਨੇ ਪੂਰੇ ਜੋਸ਼ ਨਾਲ ਪੀਂਘਾਂ ਝੂਟੀਆਂ ਤੇ ਗਿੱਧਾ ਪਾਇਆ। ਵਿਦਿਆਰਥੀਆਂ ਨੂੰ ਇਸ ਮੌਕੇ ਖੀਰ ਤੇ ਪੂੜੇ ਵੀ ਖਵਾਏ ਗਏ। ਇਸ ਮੌਕੇ ਸਕੂਲ ਦੇ ਰਿਟਾਇਰ ਅਧਿਆਪਕ ਸੁਖਵਿੰਦਰ ਸਿੰਘ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਸਨਮਾਨਿਤ ਵੀ ਕੀਤਾ। ਇਸ ਮੌਕੇ ਪਰਮਜੀਤ ਕੌਰ, ਚੰਦਰ ਮੋਹਨ ਗੁਪਤਾ, ਗੁਰਵਿੰਦਰ ਸਿੰਘ, ਸੁਖਰਾਜ ਸਿੰਘ, ਬਲਤੇਜ ਸਿੰਘ, ਗੁਰਿੰਦਰਜੀਤ ਸਿੰਘ, ਨਿਰਮਲ ਸਿੰਘ, ਬਲਵਿੰਦਰ ਕੁਮਾਰ, ਵਿਸ਼ਾਲ ਮਸੀਹ, ਵਿਕਾਸ ਨੇਬ, ਹਰਜੀਤ ਕੌਰ, ਰਿੰਪਲ ਚੌਧਰੀ, ਅਮਨਦੀਪ ਕੌਰ, ਮਨਵੀਤ ਕੌਰ, ਕੁਲਵਿੰਦਰ ਕੌਰ, ਸ਼ੈਫੀ ਮਹੇਸ਼ਵਰੀ, ਮਲਕੀਅਤ ਸਿੰਘ, ਸੁਰਿੰਦਰ ਸਿੰਘ, ਸੁਖਜਿੰਦਰ ਕੌਰ ਹਾਜ਼ਰ ਸਨ।

# ਤੀਆਂ ਮਾਪਿਆਂ ਦੇ ਸਤਿਕਾਰ ਹਿੱਤ ਇੱਕ ਪਵਿੱਤਰ ਤਿਉਹਾਰ : ਸਵਰਨ ਸਿੰਘ ਖ਼ਾਲਸਾ

ਲੋਹੀਆਂ ਖਾਸ, 4 ਅਗਸਤ (ਸਬਪ੍ਰੀਤ ਸਿੰਘ): ਪੰਜਾਬ ਦੇ ਰਵਾਇਤੀ ਤੀਆਂ ਦੇ ਤਿਉਹਾਰ ਨੂੰ ਮਾਪਿਆਂ ਦੇ ਸਤਿਕਾਰਹਿੱਤ ਇੱਕ ਪਵਿੱਤਰ ਤਿਉਹਾਰ ਮੰਨਿਆ ਗਿਆ ਹੈ। ਨਵ-ਵਿਆਹੀਆਂ ਧੀਆਂ ਜਿੱਥੇ ਪਹਿਲਾਂ ਹੀ ਸਾਵਨ ਦੀ ਉਡੀਕ ਵਿੱਚ ਆਪਣੇ ਪੈਤ੍ਰਿਕ ਵਿਹੜੇ ਵਿੱਚ ਜਲਦ ਤੋਂ ਜਲਦ ਪਰਤਣਾ ਲੋਚਦੀਆਂ ਹਨ, ਉੱਥੇ ਪਿੰਡ ਦੇ ਪਿੱਪਲਾਂ 'ਤੇ ਪਾਈਆਂ ਪੀਂਘਾਂ 'ਤੇ ਛੇਤੀ ਤੋਂ ਛੇਤੀ ਹੁਲਾਰਾ ਲੈਣ ਲਈ ਸਖੀਆਂ ਸਹੇਲੀਆਂ ਦੀ ਤਾਂਘ ਵੀ ਰੱਖਦੀਆਂ ਹਨ। ਇਹ ਵੱਖਰੀ ਗੱਲ ਹੈ ਕਿ ਅੱਜ ਕੱਲ ਇਹ ਤਿਉਹਾਰ ਸ਼ਹਿਰਾਂ ਦੀ ਸਾਂਝੀ ਮਿਲਣਗਾਹ ਅਤੇ ਪਿੰਡਾਂ ਦੀ ਸਾਂਝੀ ਸੱਥ 'ਚੋਂ ਅਲੋਪ ਹੋ ਰਿਹਾ ਹੈ। ਇਸ ਅਲੋਪ ਹੋ ਰਹੇ ਵਿਰਸੇ ਲਈ ਕੈਂਬਰਿਜ ਇੰਟਰਨੈਸ਼ਨਲ ਸਕੂਲ ਸੁਲਤਾਨਪੁਰ ਲੋਧੀ ਅਤੇ ਦਸਮੇਸ਼ ਅਕੈਡਮੀ ਸੁਲਤਾਨਪੁਰ ਲੋਧੀ ਵੱਲੋਂ ਇੱਕ ਸਾਂਝਾ ਉਪਰਾਲਾ ਕੀਤਾ ਗਿਆ। ਜਿਸ ਵਾਸਤੇ ਮੈਨੇਜਮੈਂਟ ਦੀ ਵਧਾਈ ਦੀ ਪਾਤਰ ਹੈ- ਇਹ ਸ਼ਬਦ ਸਕੂਲ ਦੇ ਚੇਅਰਮੈਨ ਸਵਰਨ ਸਿੰਘ ਖਾਲਸਾ ਨੇ ਉਸ ਸਮੇਂ ਆਪਣੇ ਮੁਖਾਰਬਿੰਦ 'ਚੋਂ ਉਚਾਰੇ ਜਦ ਉਹ ਉਕਤ ਰਵਾਇਤੀ ਤੀਆਂ ਦੇ ਮੇਲੇ ਦਾ ਸ਼ੁਭ ਮਹੂਰਤ ਕਰ ਰਹੇ ਸਨ। ਸਾਵਣ ਮਹੀਨੇ ਦਾ ਵਿਸ਼ੇਸ਼ ਤਿਉਹਾਰ ਕੈਂਬਰਿਜ ਇੰਟਰਨੈਸ਼ਨਲ ਸਕੂਲ ਦੇ ਵਿਹੜੇ ਵਿੱਚ



ਮਨਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸਕੂਲ ਦੇ ਚੇਅਰਮੈਨ ਸਵਰਨ ਸਿੰਘ ਖਾਲਸਾ ਜੀ ਨੇ ਸ਼ਿਰਕਤ ਕੀਤੀ, ਜਦਕਿ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸਕੂਲ ਦੇ ਐਮ.ਡੀ ਕਮਲਪ੍ਰੀਤ ਕੌਰ, ਕੈਂਬਰਿਜ ਇੰਟਰਨੈਸ਼ਨਲ ਸਕੂਲ ਦੇ ਪ੍ਰਿੰਸੀਪਲ ਰਾਜਬੀਰ ਕੌਰ ਸੈਣੀ, ਵਾਈਸ ਪ੍ਰਿੰਸੀਪਲ ਆਸ਼ੂ ਵਾਹੀ, ਦਸਮੇਸ਼ ਅਕੈਡਮੀ ਦੇ ਪ੍ਰਿੰਸੀਪਲ ਅਮਨਦੀਪ ਸਿੰਘ, ਡਾਇਰੈਕਟਰ ਆਫ ਐਜੂਕੇਸ਼ਨ ਦਸਮੇਸ਼ ਅਕੈਡਮੀ ਰਜਵੰਤ ਕੌਰ ਤੇ ਰਮਨਦੀਪ ਕੌਰ ਨੇ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਵੱਖ ਵੱਖ ਸੱਭਿਆਚਾਰਕ ਵੰਨਗੀਆਂ ਦੀ ਜੱਜਮੈਂਟ ਮੋਹਿਤ ਸਿੰਘ ਅਤੇ ਕ੍ਰਿਸ਼ਨਾ ਭਾਰਦਵਾਜ ਨੇ ਕੀਤੀ। ਇਸ ਸਮਾਗਮ ਵਿੱਚ ਕਲਾਸ ਪਹਿਲੀ ਤੋਂ ਲੈ ਕੇ ਅੱਠਵੀਂ ਕਲਾਸ ਦੇ ਬੱਚਿਆਂ ਨੇ ਪੰਜਾਬੀ ਸੱਭਿਆਚਾਰਕ ਗੀਤਾਂ 'ਤੇ ਪੇਸ਼ਕਾਰੀਆਂ ਕਰਕੇ ਆਏ ਹੋਏ ਮਹਿਮਾਨਾਂ ਦਾ ਮਨ ਮੋਹਿਆ, ਜਦਕਿ ਕਲਾਸ ਚੌਥੀ ਦੀਆਂ ਵਿਦਿਆਰਥਣਾਂ ਨਦਰ ਕੌਰ ਅਤੇ ਐਮਰੀਨ ਕੌਰ ਨੇ ਗੈਸਟ ਪ੍ਰਫੋਰਮੈਂਸ ਦੇ ਕੇ ਸਭ ਨੂੰ ਝੂਮਣ 'ਤੇ ਮਜਬੂਰ ਕਰ ਦਿੱਤਾ। ਸਕੂਲ ਦੇ ਪ੍ਰਿੰਸੀਪਲ ਰਾਜਬੀਰ ਕੌਰ ਸੈਣੀ ਨੇ ਬੱਚਿਆਂ ਨੂੰ ਆਪਣੇ ਪੰਜਾਬੀ ਰਵਾਇਤੀ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਪ੍ਰੇਰਤ ਕੀਤਾ। ਮੰਚ ਦਾ ਸੰਚਾਲਨ ਸਬਪ੍ਰੀਤ ਸਿੰਘ, ਸੰਜੇ ਸੌਰੰਗ ਅਤੇ ਸਵਲੀਨ ਕੌਰ ਨੇ ਬਾਖੂਬੀ ਕੀਤਾ। ਜਦਕਿ ਸਮੁੱਚੇ ਪ੍ਰੋਗਰਾਮ ਦੀ ਸਜਾਵਟ ਦੀ ਭੂਮਿਕਾ ਮੈਡਮ ਰੇਖਾ ਅਤੇ ਸੁਮਨ ਸ਼ਰਮਾ ਨੇ ਨਿਭਾਈ। ਇਸ ਮੌਕੇ ਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ। ਇਸ ਸਮਾਗਮ ਵਿੱਚ ਅੰਤ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਦੁਆਰਾ ਪਾਇਆ ਗਿੱਧਾ ਖਿੱਚ ਦਾ ਕੇਂਦਰ ਰਿਹਾ, ਜਿਸ ਦੀ ਤਿਆਰੀ ਮੈਡਮ ਪੂਜਾ ਕੁਮਾਰੀ ਤੇ ਅਨੁਰੂਪਦੀਪ ਕੌਰ ਨੇ ਕਰਵਾਈ। ਇਸ ਮੌਕੇ 'ਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

# ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਪ੍ਰੀਖਿਆਵਾਂ 'ਚ ਮਾਰੀਆਂ ਮੱਲਾਂ



ਜਲੰਧਰ, 4 ਅਗਸਤ (ਸੰਦੀਪ ਕੌਲ): ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਮ.ਏ. ਪੋਲੀਟੀਕਲ ਸਾਇੰਸ ਚੌਥਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੀ ਵਿਦਿਆਰਥਣ ਯੋਗੀਤਾ ਨੇ 10 ਵਿਚੋਂ 8.10 ਸੀ.ਜੀ.ਪੀ.ਏ. ਪ੍ਰਾਪਤ ਕਰਦੇ ਹੋਏ ਯੂਨੀਵਰਸਿਟੀ ਮੈਰਿਟ ਵਿਚੋਂ ਦੂਜਾ ਸਥਾਨ, ਅਨੀਸ਼ਾ ਨੇ 7.65 ਸੀ.ਜੀ.ਪੀ.ਏ. ਪ੍ਰਾਪਤ ਕਰਕੇ ਅੱਠਵਾਂ ਸਥਾਨ ਅਤੇ ਸੰਜਨਾ ਨੇ 7.50 ਸੀ.ਜੀ.ਪੀ.ਏ. ਪ੍ਰਾਪਤ ਕਰਕੇ ਗਿਆਰਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ।

ਇਸ ਮੌਕੇ ਪ੍ਰੋ. ਅਨੂ ਕੁਮਾਰੀ ਮੁਖੀ ਪੋਲੀਟੀਕਲ ਸਾਇੰਸ ਵਿਭਾਗ, ਡਾ. ਅਜੀਤਪਾਲ ਸਿੰਘ ਅਤੇ ਪ੍ਰੋ. ਸੰਜੇ ਸ਼ਾਦ ਵੀ ਹਾਜ਼ਰ ਸਨ।

## ਸ਼੍ਰੋਮਣੀ ਲਿਖਾਰੀ ਬੋਰਡ ਵੱਲੋਂ ਪ੍ਰਭਕਿਰਨ ਸਿੰਘ ਦੀ ਪ੍ਰਧਾਨਗੀ ਹੇਠ ਮਹੀਨਾਵਾਰ ਸਾਹਿਤਕ ਮਿਲਣੀ ਅਤੇ ਕਵੀ ਦਰਬਾਰ ਦੀ ਸ਼ੁਰੂਆਤ



ਲੁਧਿਆਣਾ, 4 ਅਗਸਤ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਲਿਖਾਰੀ ਬੋਰਡ ਪੰਜਾਬ ਰਜਿ ਦੇ ਪ੍ਰਧਾਨ ਪ੍ਰਭ ਕਿਰਨ ਸਿੰਘ ਨੇ ਕਿਹਾ ਕਿ ਬੋਰਡ ਵੱਲੋਂ ਸਾਹਿਤਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਮਹੀਨੇ ਦੇ ਪਹਿਲੇ ਐਤਵਾਰ ਇਕ ਸਾਹਿਤਕ ਮਿਲਣੀ ਕਰਵਾਈ ਜਾਇਆ ਕਰੇਗੀ। ਜਿਸ ਲਈ ਕਿਸੇ ਵੀ ਲੇਖਕ ਕੋਲੋਂ ਮੈਂਬਰਸ਼ਿਪ ਫੀਸ ਜਾਂ ਪੈਸਾ ਨਹੀਂ ਵਸੂਲਿਆ ਜਾਵੇਗਾ, ਜਦਕਿ ਇਸ ਦੇ ਸਮੁੱਚੇ ਪ੍ਰਬੰਧਾਂ ਦਾ ਸਾਰਾ ਖਰਚਾ ਤੂਫ਼ਾਨ ਸਾਹਿਬ ਮੈਮੋਰੀਅਲ ਐਜੂਕੇਸ਼ਨਲ ਸੁਸਾਇਟੀ ਰਜਿ ਵੱਲੋਂ ਕੀਤਾ ਜਾਵੇਗਾ। ਇਸੇ ਸਬੰਧ ਵਿੱਚ ਸਥਾਨਕ ਗਿੱਲ ਰੋਡ ਸਥਿਤ ਬੋਰਡ ਦੇ ਦਫ਼ਤਰ ਵਿਖੇ ਕੱਲ੍ਹ ਦੇਰ ਸ਼ਾਮ ਹੋਈ ਪਲੇਠੀ ਸਾਹਿਤਕ ਮਿਲਣੀ ਦੌਰਾਨ ਇਹ ਪ੍ਰਗਟਾਵਾ ਪ੍ਰਭ ਕਿਰਨ ਸਿੰਘ ਵੱਲੋਂ ਹਾਜ਼ਰ ਹੋਏ ਸਾਹਿਤਕਾਰਾਂ/ਕਵੀਆਂ/ਕਵਿਤਰੀਆਂ ਦੇ ਸਨਮੁੱਖ ਕੀਤਾ ਗਿਆ। ਇਸ ਮੌਕੇ ਕਰਵਾਏ ਕਵੀ/ਕਵਿਤਰੀ ਦਰਬਾਰ ਦਾ ਸੰਚਾਲਨ ਜਿੱਥੇ ਗੀਤਕਾਰ ਤੇ ਗਾਇਕ ਪ੍ਰਮਿੰਦਰ ਸਿੰਘ ਅਲਬੇਲਾ ਨੇ ਬੜੇ ਸੁਚਾਰੂ ਰੂਪ ਨਾਲ ਕੀਤਾ, ਉੱਥੇ ਆਪਣਾ ਲਿਖਿਆ ਗੀਤ ਸੁਣਾ ਕੇ ਸਭ ਨੂੰ ਮੰਤਰ-ਮੁਗਧ ਕਰ ਦਿੱਤਾ। ਸਾਵਣ ਮਹੀਨੇ ਪੈਂਦੇ ਮੀਂਹ ਦੇ ਛਰਾਟਿਆਂ ਦਾ ਗੀਤ ਜ਼ੋਰਾਵਰ ਸਿੰਘ ਪੰਛੀ ਅਤੇ ਗ਼ਜ਼ਲ ਕੁਲਵਿੰਦਰ ਕੌਰ ਕਿਰਨ ਨੇ ਸੁਣਾ ਕੇ ਵਾਹਵਾਹੀ ਖੱਟੀ ਜਦਕਿ ਗੀਤਕਾਰ ਸੁਖਬੀਰ ਸੰਦੇ ਅਤੇ ਕਲਵਿੰਦਰ ਕੌਰ ਕਿਰਨ ਵੱਲੋਂ ਪੀਂਘਾਂ ਅਤੇ ਕੁੜੀਆਂ ਬਾਰੇ ਜਜ਼ਬਾਤੀ ਗੀਤ ਗਾਏ ਗਏ। ਸੁਰਜੀਤ ਸਿੰਘ ਜੀਤ ਨੇ ਨਸ਼ਿਆਂ ਵਿਰੁੱਧ ਹੋਕਾ ਦਿੰਦਿਆਂ ਕਵਿਤਾ ਸੁਣਾਈ ਤੇ ਮਲਕੀਤ ਸਿੰਘ ਮਾਲੜਾ ਨੇ ਆਪਣੇ ਵਿਲੱਖਣ ਅੰਦਾਜ਼ ਵਿਚ ਕਵਿਤਾਵਾਂ ਪੇਸ਼ ਕੀਤੀਆਂ। ਜਸਵਿੰਦਰ ਕੌਰ ਜੱਸੀ ਨੇ ਲੋਕਾਂ ਦੀ ਅਜੋਕੀ ਪ੍ਰੇਸ਼ਾਨੀ ਧਿਆਨ ਵਿੱਚ ਰੱਖ ਕੇ ਅਤੇ ਪ੍ਰਮਜੀਤ ਕੌਰ ਮਹਿਕ ਵੱਲੋਂ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਹੋਏ ਹਮਲਿਆਂ ਦੀ ਵਰ੍ਹੇਗੰਢ ਨੂੰ ਸਮਰਪਿਤ ਭਾਵਪੂਰਤ ਕਵਿਤਾਵਾਂ ਪੜ੍ਹ ਕੇ ਅਮਨ ਸ਼ਾਂਤੀ ਦਾ ਸੰਦੇਸ਼ ਦਿੱਤਾ। ਗੁਰਮੀਤ ਕੌਰ ਬਾਜੀਦਪੁਰ ਨੇ ਮਾਂ ਬੋਲੀ ਨੂੰ ਸਮਰਪਿਤ ਅਤੇ ਪੰਥਕ ਕਵੀ ਚਰਨਜੀਤ ਸਿੰਘ ਚੰਨ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਵਿਤਾਵਾਂ ਪੜ੍ਹੀਆਂ, ਜਦਕਿ ਇੰਦਰਜੀਤ ਕੌਰ ਲੋਟੇ ਨੇ ਇਕ ਜਜ਼ਬਾਤੀ ਜਿਹੀ ਕਵਿਤਾ ਅਤੇ ਗ਼ਜ਼ਲ ਗੋ ਹਰਦੀਪ ਸਿੰਘ ਬਿਰਦੀ ਨੇ ਬਹੁਤ ਖ਼ੂਬਸੂਰਤ ਗ਼ਜ਼ਲ ਸੁਣਾ ਕੇ ਖੂਬ ਰੰਗ ਬੰਨ੍ਹਿਆ। ਉਚੇਚੇ ਤੌਰ 'ਤੇ ਪਹੁੰਚੇ ਕਹਾਣੀਕਾਰ ਪੰਮੀ ਹਬੀਬ ਨੇ ਮਿੰਨੀ ਕਹਾਣੀ ਪੇਸ਼ ਕੀਤੀ। ਜਦਕਿ ਗਾਇਕ ਜਗਪਾਲ ਸਿੰਘ ਜੱਗਾ ਨੇ ਅਮਰਜੀਤ ਸ਼ੇਰਪੁਰੀ ਦਾ ਧੀਆਂ ਅਤੇ ਤੀਆਂ 'ਤੇ ਅਧਾਰਿਤ ਗੀਤ ਸੁਣਾਇਆ। ਗੀਤਕਾਰ ਦਲਬੀਰ ਸਿੰਘ ਕਲੇਰ ਨੇ ਲੰਬੀ ਹੇਕ ਲਾ ਕੇ ਗੀਤ ਰਾਹੀਂ ਅਤੇ ਨਵੇਂ ਉੱਭਰਦੇ ਕਵੀ ਅਰਸ਼ਦੀਪ ਸਿੰਘ ਨੇ ਕਵਿਤਾ ਪੜ੍ਹ ਕੇ ਆਪਣੀ ਆਪਣੀ ਹਾਜ਼ਰੀ ਲਗਵਾਈ। ਇਸ ਸਾਹਿਤਕ ਮਿਲਣੀ ਲਈ ਦਫਤਰ ਇੰਚਾਰਜ ਅਮਰਪ੍ਰੀਤ ਕੌਰ ਅਤੇ ਵਿਜੇ ਕਲਿਆਣ ਨੇ ਯੋਗ ਤੇ ਸੁਚੱਜੇ ਪ੍ਰਬੰਧ ਕੀਤੇ ਹੋਏ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਭਜਨ ਸਿੰਘ ਅਤੇ ਕਮਲਦੀਪ ਸਿੰਘ ਆਦਿ ਵੀ ਮੌਜੂਦ ਸਨ।

## ਸੰਗਤਾਂ ਨੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ



ਲੁਧਿਆਣਾ, 4 ਅਗਸਤ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਂਕ ਵਿਖੇ ਬੀਤੀ ਸ਼ਾਮ ਨੂੰ ਹਫਤਾਵਾਰੀ ਧਾਰਮਿਕ ਗੁਰਮਤਿ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ। ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਹਰਪ੍ਰੀਤ ਸਿੰਘ ਖਾਲਸਾ, ਭਾਈ ਗੁਰਸ਼ਰਨ ਸਿੰਘ , ਭਾਈ ਪਰਮਵੀਰ ਸਿੰਘ ਅਤੇ ਵਿਸੇਸ ਤੌਰ ਤੇ ਸਾਮ ਦੇ ਸਮਾਗਮਾਂ ਵਿੱਚ ਦਵਿੰਦਰ ਸਿੰਘ ਬਟਾਲਾ ਵਾਲੇ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲਿਆਂ ਅਤੇ ਉਨ੍ਹਾਂ ਦੇ ਜੱਥੇ ਨੇ ਗੁਰੂ ਕੀ ਬਾਣੀ ਰਾਹੀਂ ਸੰਗਤਾਂ ਨੂੰ ਨਾਮ ਰਸ ਨਾਲ ਜੋੜਿਆ। ਇਸ ਮੌਕੇ ਗਿਆਨੀ ਮਨਪ੍ਰੀਤ ਸਿੰਘ ਹਜ਼ੂਰੀ ਕਥਾ ਵਾਚਕ ਗੁਰਦੁਆਰਾ ਸਾਹਿਬ ਵਾਲਿਆਂ ਨੇ ਗੁਰੂ ਘਰ ਨਤਮਸਤਕ ਹੋਈਆਂ ਸੰਗਤਾਂ ਨਾਲ ਗੁਰਮਤਿ ਵਿਚਾਰ ਦੀ ਸਾਂਝ ਪਾਈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਪ੍ਰਮਜੀਤ ਸਿੰਘ ਲਾਇਲਪੁਰੀ ਨੇ ਸੰਗੀਤ ਰੂਪ ਵਿੱਚ ਰਾਗੀ ਜਥਿਆਂ ਨੂੰ ਸਿਰਪਾਓ ਭੇਟ ਕੀਤੇ ਅਤੇ ਦੱਸਿਆ ਕਿ ਅਗਲੇ ਹਫਤੇ 10 ਅਗਸਤ ਦਿਨ ਐਤਵਾਰ ਨੂੰ ਭਾਈ ਜੋਰਾ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲੇ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਉਣਗੇ। ਗੁਰੂ ਕੇ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਪ੍ਰਲਾਦ ਸਿੰਘ ਢੱਲ, ਤਰਲੋਚਨ ਸਿੰਘ ਬੱਬਰ, ਤਜਿੰਦਰ ਸਿੰਘ ਡੰਗ, ਇੰਦਰਜੀਤ ਸਿੰਘ ਮੱਕੜ, ਜਤਿੰਦਰਪਾਲ ਸਿੰਘ ਸਲੂਜਾ, ਨਰਿੰਦਰ ਸਿੰਘ ਸੀਟੀਆਰ, ਜਗਦੇਵ ਸਿੰਘ ਗੋਹਲਵੜੀਆ, ਮੋਹਨ ਸਿੰਘ ਚੌਹਾਨ, ਸੁਰਜੀਤ ਸਿੰਘ ਮਠਾੜੂ, ਅਰਜਨ ਸਿੰਘ ਚੀਮਾ, ਬਲਜੀਤ ਸਿੰਘ ਦੁਖੀਆ, ਸੁਰਿੰਦਰਜੀਤ ਸਿੰਘ ਮੱਕੜ, ਇੰਦਰਜੀਤ ਸਿੰਘ ਗੋਲਾ, ਸਵਰਨ ਸਿੰਘ ਮਹੌਲੀ, ਭੁਪਿੰਦਰ ਸਿੰਘ ਐਨ.ਐਸ, ਦਵਿੰਦਰ ਸਿੰਘ ਸਿੱਬਲ, ਸੁਰਿੰਦਰ ਸਿੰਘ ਨਾਰੰਗ, ਜਸਵੀਰ ਸਿੰਘ ਗੋਗੀਆ, ਲਖਵਿੰਦਰ ਸਿੰਘ ਲੱਖਾ ਵੀ ਗੁਰੂ ਘਰ ਨਤਮਸਤਕ ਹੋਏ।

## ਆਈ.ਐਮ.ਏ. ਨੇ ਮਹਿਲਾ ਡਾਕਟਰਾਂ ਲਈ ਸਸ਼ਕਤੀਕਰਨ ਪ੍ਰੋਗਰਾਮ ਨਾਲ ਤੀਜ ਮਨਾਈ



ਲੁਧਿਆਣਾ, 4 ਅਗਸਤ (ਵਿਸ਼ਾਲ ਸ਼ਰਮਾ) : ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ. ਐਮ. ਏ.), ਲੁਧਿਆਣਾ ਨੇ ਕੱਲ੍ਹ, 3 ਅਗਸਤ ਨੂੰ ਆਪਣੀਆਂ ਮਹਿਲਾ ਡਾਕਟਰਾਂ ਲਈ ਇੱਕ ਵਿਸ਼ੇਸ਼ ਤੀਜ ਸਮਾਰੋਹ ਦੀ ਸਫਲਤਾਪੂਰਵਕ ਮੇਜ਼ਬਾਨੀ ਕੀਤੀ। ਇਹ ਸਮਾਗਮ ਆਈ.ਐਮ.ਏ. ਹਾਊਸ, ਲੁਧਿਆਣਾ ਵਿਖੇ ਆਯੋਜਿਤ ਕੀਤਾ ਗਿਆ। ਬਜਾਜ ਫਿਨਸਰਵ ਦੇ ਜ਼ੋਨਲ ਹੈੱਡ ਸ਼੍ਰੀ ਗੌਰਵ ਰਹੇਜਾ ਦੁਆਰਾ ਮਹਿਲਾ ਡਾਕਟਰਾਂ ਲਈ ਵਿੱਤ ਪ੍ਰਬੰਧਨ 'ਤੇ ਇੱਕ ਸੈਸ਼ਨ ਸ਼ੁਰੂ ਕੀਤਾ ਗਿਆ।

ਦੁਪਹਿਰ ਦਾ ਪ੍ਰੋਗਰਾਮ, ਮਨੋਰੰਜਨ ਅਤੇ ਸਿੱਖਣਾ ਇਕੱਠੇ ਦੇ ਥੀਮ 'ਤੇ, ਸ਼ਹਿਰ ਭਰ ਦੀਆਂ ਮਹਿਲਾ ਡਾਕਟਰਾਂ ਨੂੰ ਸੂਝਵਾਨ ਸੈਸ਼ਨਾਂ ਅਤੇ ਦਿਲਚਸਪ ਗਤੀਵਿਧੀਆਂ ਦੇ ਮਿਸ਼ਰਣ ਲਈ ਇਕੱਠਾ ਕੀਤਾ। ਹਾਜ਼ਰੀਨ ਨੇ ਕਈ ਤਰ੍ਹਾਂ ਦੇ ਮਨੋਰੰਜਨ ਦਾ ਆਨੰਦ ਮਾਣਿਆ, ਜਿਸ ਵਿੱਚ ਦਿਲਚਸਪ ਖੇਡਾਂ ਅਤੇ ਇੱਕ ਪੇਸ਼ੇਵਰ ਕੋਰੀਓਗ੍ਰਾਫਰ ਦੀ ਅਗਵਾਈ ਵਿੱਚ ਇੱਕ ਜੀਵੰਤ ਡਾਂਸ ਸੈਸ਼ਨ ਸ਼ਾਮਲ ਸੀ। ਪਹਿਲੇ 60 ਹਾਜ਼ਰੀਨ ਨੂੰ ਆਈਐਮਏ ਲੁਧਿਆਣਾ ਵੱਲੋਂ ਤੀਜ ਤੋਹਫ਼ੇ ਦਿੱਤੇ ਗਏ। ਇਸ ਸਮਾਗਮ ਵਿੱਚ 100 ਤੋਂ ਵੱਧ ਮਹਿਲਾ ਡਾਕਟਰਾਂ ੴ ਲੁਧਿਆਣਾ ਨੇ ਸ਼ਿਰਕਤ ਕੀਤੀ। ਆਈਐਮਏ ਲੁਧਿਆਣਾ ਦੇ ਪ੍ਰਧਾਨ ਡਾ: ਧੀਰਜ ਅਗਰਵਾਲ ਅਤੇ ਡਾ: ਰੁਚੀ ਮੁਤਨੇਜਾ, ਸਕੱਤਰ ਨੇ ਮਤਦਾਨ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਮੈਂਬਰਾਂ ਦੀ ਉਤਸ਼ਾਹੀ ਸ਼ਮੂਲੀਅਤ 'ਤੇ ਟੀਮ ਮੈਂਬਰਾਂ ਦਾ ਧੰਨਵਾਦ ਕੀਤਾ। ਜਿਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਦਿਨ-ਰਾਤ ਮਿਹਨਤ ਕੀਤੀ।

## ਸ਼ਿਵਾਲਿਕ ਮਾਡਲ ਸਕੂਲ ਵਿਖੇ ਇਨਵੈਸਟੀਚਰ ਸਮਾਰੋਹ



ਜਗਰਾਓਂ, 4 ਅਗਸਤ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਸ਼ਿਵਾਲਿਕ ਮਾਡਲ ਸਕੂਲ ਵਿੱਚ ਇਨਵੈਸਟੀਚਰ ਸਮਾਰੋਹ ਬੜੇ ਵਧੀਆ ਢੰਗ ਨਾਲ ਆਯੋਜਿਤ ਕੀਤਾ ਗਿਆ। ਇਸ ਸਮੇਂ ਨਵੇਂ ਚੁਣੇ ਗਏ ਹੈਡ ਬੋਏ ਮੁਕਲ ਕੁਮਾਰ, ਹੈਡ ਗਰਲ ਮਾਨਵੀ ਅਰੋੜਾ, ਡਿਪਟੀ ਹੈਡ ਬੋਏ ਤੁਸ਼ਾਰ ਕਪਾਹੀ, ਡਿਪਟੀ ਹੈਡ ਗਰਲ ਹਰਸ਼ਿਕਾ ਹਾਂਡਾ, ਜੂਨੀਅਰ ਹੈਡ ਬੋਏ ਪ੍ਰਭ ਨੂਰ ਸਿੰਘ, ਜੂਨੀਅਰ ਹੈੱਡ ਗਰਲ ਸ੍ਰਿਸ਼ਟੀ, ਹਾਊਸ ਕੈਪਟਨ, ਕਲੱਬ ਹੈੱਡ, ਸੰਸਕ੍ਰਿਤ ਹੈੱਡ, ਅਨੁਸ਼ਾਸਨ ਹੈੱਡ ਨੂੰ ਉਨਾਂ ਦੇ ਪਦਾਂ ਦੀ ਸਹੁੰ ਚੁਕਾਈ ਗਈ। ਸਾਰੇ ਜਮਾਤਾਂ ਦੇ ਪ੍ਰੋਕਟਰ ਚੁਣੇ ਗਏ।

ਇਸ ਤੋਂ ਬਾਅਦ ਵਿਦਿਆਰਥੀ ਕੌਂਸਲ ਦਾ ਚੁਣਾਵ ਕੀਤਾ ਗਿਆ। ਅਤੇ ਦਸਵੀਂ ਦੀ ਵਿਦਿਆਰਥਣ ਚਾਹਤ ਅਰੋੜਾ ਨੂੰ ਕੌਂਸਲ ਸੈਕਟਰੀ ਬਣਾਇਆ ਗਿਆ। ਚੁਣੇ ਹੋਏ ਸੈਕਟਰੀ ਨੇ ਮਤਾ ਪਾਸ ਕੀਤਾ ਕਿ ਸਕੂਲ ਵਿੱਚ ਅਨੁਸ਼ਾਸਨ ਕਿਵੇਂ ਬਣਾ ਕੇ ਰੱਖਿਆ ਜਾਵੇ, ਵਿਦਿਆਰਥੀਆਂ ਨੂੰ ਸਕੂਲ ਟਰਿਪ ਵਿੱਚ ਲੈਂ ਕੇ ਜਾਇਆ ਜਾਵੇ। ਇਸ ਸਮਾਰੋਹ 'ਤੇ ਦੇਖ ਰੇਖ ਨੂੰ ਅਧਿਆਪਕ ਨੀਰਜ ਖੰਨਾ, ਨਰਿੰਦਰ ਕੁਮਾਰ, ਬਲਵਿੰਦਰ ਸਿੰਘ, ਰਜਿੰਦਰ ਕੁਮਾਰ ਨੇ ਬਹੁਤ ਮਿਹਨਤ ਅਤੇ ਲਗਨ ਦੇ ਨਾਲ ਨਿਭਾਇਆ। ਇਹ ਇਨਵੈਸਟੀਚਰ ਸਮਾਰੋਹ ਦੀ ਸ਼ੁਰੂਆਤ ਡਾਇਰੈਕਟਰ ਡੀ.ਕੇ. ਸ਼ਰਮਾ, ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ, ਉਪ ਪ੍ਰਧਾਨ ਇਸ਼ਿਤਾ ਗੁਪਤਾ, ਦੁਆਰਾ ਕੀਤੀ ਗਈ। ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ ਨੇ ਆਪਣੇ ਪ੍ਰੇਰਨਾਦਾਇਕ ਭਾਸ਼ਣ ਦੁਆਰਾ ਵਿਦਿਆਰਥੀਆਂ ਨੂੰ ਆਪਣੇ ਕਰਤੱਬਾ ਦੀ ਸਹੀ ਪਾਲਣਾ ਕਰਨੀ, ਇਮਾਨਦਾਰੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੇ ਪਰੇਡ ਦੁਆਰਾ ਇੱਕ ਸ਼ਾਨਦਾਰ ਮਾਰਚ ਪਾਸਟ ਦਾ ਪ੍ਰਦਰਸ਼ਨ ਕੀਤਾ। ਇਹ ਸਮਾਰੋਹ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਆਤਮ ਨਿਰਭਰਤਾ, ਆਤਮ ਸਮਰਪਣ ਅਤੇ ਲੀਡਰਸ਼ਿਪ ਦੇ ਗੁਣ ਪੈਦਾ ਕਰਨ ਲਈ ਸਭ ਤੋਂ ਵੱਡਾ ਕਦਮ ਹੈ। ਪ੍ਰਿੰਸੀਪਲ ਮੈਡਮ ਨੂੰ ਦੱਸਿਆ ਕਿ ਇਹ ਸਕੂਲ ਸਿੱਖਿਆ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਹੋਰ ਗਤੀਵਿਧੀਆਂ ਵਿੱਚ ਭਾਗ ਲੈਣ ਪ੍ਰੇਰਿਤ ਕਰਦਾ ਹੈ। ਕਿਉਂਕਿ ਅੱਜ ਦੇ ਵਿਦਿਆਰਥੀ ਭਵਿੱਖ ਵਿੱਚ ਨਵੇਂ ਸਮਾਜ ਦੀ ਸਿਰਜਣਾ ਕਰ ਸਕਦੇ ਹਨ। ਇਸ ਲਈ ਵਿਦਿਆਰਥੀਆਂ ਨੂੰ ਉਹਨਾਂ ਦੀ ਜਿੰਮੇਵਾਰੀਆਂ ਸਮਝਣ ਅਤੇ ਸਕੂਲ ਵਿੱਚ ਅਨੁਸ਼ਾਸਨ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ ਗਿਆ। ਸਮਾਰੋਹ ਦੇ ਅੰਤ ਵਿੱਚ ਸ਼ਿਵਾਲਿਕ ਗੀਤ ਗਾਇਆ ਗਿਆ। ਇਸ ਸਮੇਂ ਸਕੂਲ ਦੇ ਸਾਰੇ ਸਟਾਫ ਮੈਂਬਰ ਹਾਜ਼ਰ ਸਨ।

## ਗੁਰੂ ਨਾਨਕ ਮਿਸ਼ਨ ਸਕੂਲ 'ਚ ਤੀਜ ਦਾ ਤਿਉਹਾਰ ਮਨਾਇਆ



ਲੁਧਿਆਣਾ, 4 ਅਗਸਤ (ਰਵਿੰਦਰ ਸਿੰਘ ਨਿੱਝਰ) : ਗੁਰੂ ਨਾਨਕ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਐਮ ਡੀ ਮੈਡਮ ਮਧੂ ਬਾਲਾ ਦੀ ਅਗਵਾਈ ਹੇਠ ਤੀਜ ਦਾ ਤਿਉਹਾਰ ਬੱਚਿਆਂ ਵੱਲੋਂ ਬੜੇ ਹੀ ਉਤਸ਼ਾਹ ਤੇ ਰਵਾਇਤੀ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਵਿਹੜੇ ਨੂੰ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਇੱਕ ਮੇਲੇ ਦਾ ਰੂਪ ਦਿੱਤਾ ਗਿਆ। ਸਕੂਲ ਦੀ ਵਿਦਿਆਰਥਣ ਨੇ ਰਵਾਇਤੀ ਪੰਜਾਬੀ ਪਹਿਰਾਵੇ ਪਾ ਕੇ ਗੀਤ, ਬੋਲੀਆਂ ਤੇ ਲੋਕ ਨਾਚ ਰਾਹੀਂ ਸੱਭਿਆਚਾਰਕ ਪੇਸ਼ਕਾਰੀ ਦਿੱਤੀ। ਇਸ ਦੇ ਨਾਲ ਹੀ ਮਹਿੰਦੀ ਲਾਉਣ, ਚੂੜੀਆਂ ਪਾਉਣ ਤੇ ਹੋਰ ਰੀਤਾਂ ਨੂੰ ਵੀ ਰੰਗੀਨ ਢੰਗ ਨਾਲ ਪੇਸ਼ ਕੀਤਾ ਗਿਆ। ਸਕੂਲ ਦੇ ਸਟਾਫ ਤੇ ਵਿਦਿਆਰਥੀਆਂ ਨੇ ਇਸ ਤੀਜ ਦੇ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ। ਸਕੂਲ ਦੇ ਐਮ ਡੀ ਮੈਡਮ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀ ਆਪਣੇ ਬੱਚਿਆਂ ਨੂੰ ਸਿੱਖਿਆ ਦੇ ਨਾਲ-ਨਾਲ ਆਪਣੀ ਸੱਭਿਆਚਾਰ ਤੇ ਵਿਰਾਸਤ ਨਾਲ ਜੋੜਨਾ ਚਾਹੁੰਦੇ ਹਾਂ। ਤੀਜ ਵਰਗੇ ਤਿਉਹਾਰ ਸਾਡੀ ਸੱਭਿਆਚਾਰਕ ਪਛਾਣ ਨੂੰ ਪੱਕਾ ਕਰਦੇ ਹਨ। ਸਕੂਲ ਦੇ ਚੀਫ ਕੋਆਰਡੀਨੇਟਰ ਮੈਡਮ ਰਮਨਦੀਪ ਸੀਨੀਅਰ ਕੋਆਰਡੀਨੇਟਰ ਮੈਡਮ ਅਮਨ ਜੋਤੀ ਅਤੇ ਪ੍ਰਾਇਮਰੀ ਕੋਆਰਡੀਨੇਟਰ ਮੈਡਮ ਜਸਪ੍ਰੀਤ ਕੌਰ ਵੱਲੋਂ ਵਿਦਿਆਰਥੀਆਂ ਦੀ ਭੂਮਿਕਾ ਦੀ ਖੂਬ ਪ੍ਰਸ਼ੰਸਾ ਕੀਤੀ ਗਈ। ਬੱਚਿਆਂ ਦੀ ਹੌਂਸਲਾ ਅਫਜ਼ਾਈ ਲਈ ਕ੍ਰਿਸ਼ਨਾ ਬਿਊਟੀ ਪਾਰਲਰ ਵਾਲੇ ਮੈਡਮ ਗੀਤਾ ਨੇ ਬੱਚਿਆਂ ਨੂੰ ਸਰਪ੍ਰਾਈਜ਼ ਤੋਹਫੇ ਦੇ ਕੇ ਉਨ੍ਹਾਂ ਦੀ ਹੁਨਰਤਾ ਦੀ ਹੋਰ ਵੀ ਪ੍ਰਸ਼ੰਸਾ ਕੀਤੀ। ਅੰਤ 'ਚ ਐਮ ਡੀ ਮੈਡਮ ਵੱਲੋਂ ਸਾਰੇ ਵਿਦਿਆਰਥੀਆਂ ਤੇ ਸਕੂਲ ਸਟਾਫ ਨੂੰ ਤੀਜ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਮੂਹ ਸਕੂਲ ਸਟਾਫ ਤੇ ਵਿਦਿਆਰਥੀ ਆਦਿ ਹਾਜ਼ਰ ਸਨ।

## ਸੇਵਾ ਸੁਸਾਇਟੀ ਨੇ ਲੰਗਰ ਲਗਾਇਆ



ਲੁਧਿਆਣਾ, 4 ਅਗਸਤ (ਰਵਿੰਦਰ ਸਿੰਘ ਨਿੱਝਰ) : ਸਾਵਣ ਦੇ ਪਵਿੱਤਰ ਮਹੀਨੇ ਸਬੰਧੀ ਸਹਿਯੋਗ ਵੈਲਫੇਅਰ ਸੇਵਾ ਸੋਸਾਇਟੀ ਵੱਲੋਂ ਅੱਜ ਇੱਕ ਲੰਗਰ ਲਗਾਇਆ ਗਿਆ, ਜਿਸ ਵਿੱਚ ਸੈਂਕੜੇ ਭਗਤ ਅਤੇ ਸਥਾਨਕ ਨਾਗਰਿਕਾਂ ਨੇ ਭਾਗ ਲਿਆ। ਲੰਗਰ ਕਾਰਜ ਦੀ ਸ਼ੁਰੂਆਤ ਭਗਵਾਨ ਸ਼ਿਵ ਜੀ ਦੇ ਜੈਕਾਰਿਆਂ ਅਤੇ ਭਜਨ-ਕੀਰਤਨ ਨਾਲ ਹੋਈ। ਇਸ ਤੋਂ ਬਾਅਦ ਭਗਤਾਂ ਨੂੰ ਭੋਜਨ ਪਰੋਸਿਆ ਗਿਆ। ਸਹਿਯੋਗ ਵੈਲਫੇਅਰ ਸੇਵਾ ਸੋਸਾਇਟੀ ਦੇ ਸੇਵਾਦਾਰ ਸੁਸ਼ੀਲ ਕੁਮਾਰ ਮਲਹੋਤਰਾ (ਮੈਂਬਰ ਪੀ.ਪੀ.ਸੀ.ਸੀ.) ਨੇ ਕਿਹਾ ਕਿ ਦੇਸ਼ ਵਿੱਚ ਸ਼ਾਂਤੀ, ਪਿਆਰ, ਤੇ ਭਾਈਚਾਰੇ ਨੂੰ ਵਧਾਵਣ ਲਈ ਅਤੇ ਲੋੜਵੰਦਾਂ ਦੀ ਸੇਵਾ ਲਈ ਹਰ ਮਹੀਨੇ ਦੇ ਪਹਿਲੇ ਹਫਤੇ ਵਿੱਚ ਇਹ ਲੰਗਰ ਸ਼੍ਰੀ ਕ੍ਰਿਸ਼ਨਾ ਮੰਦਰ ਦੇ ਮੁੱਖ ਦਰਵਾਜ਼ੇ ਕੋਲ, ਇਸ਼ਵਰ ਦੀ ਕਿਰਪਾ ਤਕ ਲਗਾਤਾਰ ਚਲਦਾ ਰਹੇਗਾ। ਰਜਨੀਸ਼ ਰੋਮੀ ਨੇ ਕਿਹਾ ਕਿ ਸੰਸਥਾ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸੇਵਾ ਕਾਰਜ ਕਰਦੀ ਰਹੇਗੀ। ਲੰਗਰ ਮੌਕੇ ਦੇ ਸਫਲ ਆਯੋਜਨ ਵਿੱਚ ਇੰਸਟੀਟਿਊਟ ਦੇ ਸ਼ਰਦ ਸਿੰਘ (ਪੂਰਵ ਬੈਂਕ ਮੈਨੇਜਰ, ਐਸ.ਬੀ.ਆਈ.), ਦਵਿੰਦਰ ਸਿੰਘ, ਸੁਦਰਸ਼ਨ ਚੌਹਾਨ, ਪਰਿੰਸ, ਰਣਜੀਤ ਸਿੰਘ, ਅਨਿਲ ਸਚਦੇਵਾ, ਵਿਵੇਕ ਭਾਰਤੀ, ਰਾਕੇਸ਼ ਮਲਹੋਤਰਾ, ਕੁਲਦੀਪ ਦੁਗਰੀ, ਸ. ਸੁਖਵਿੰਦਰ ਸਿੰਘ ਸੋਹਲ (ਖ਼ਜ਼ਾਨਚੀ, ਪੰਜਾਬ ਉਦਯੋਗ ਤੇ ਵਪਾਰ ਮੰਡਲ) ਅਤੇ ਸਾਰੇ ਮੈਂਬਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ।

## 2027 ਦੀਆਂ ਚੋਣਾਂ ਲਈ ਸੂਬਾ ਪ੍ਰਧਾਨ ਦੀ ਅਗਵਾਈ ਹੇਠ ਮਹਿਲਾ ਵਿੰਗ ਸਰਗਰਮ : ਅਜਿੰਦਰ ਕੌਰ



ਲੁਧਿਆਣਾ, 4 ਅਗਸਤ (ਵਿਸ਼ਾਲ ਸ਼ਰਮਾ) : ਪੰਜਾਬ ਵਿੱਚ ਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਸੂਬੇ ਦੇ ਹਰ ਵਰਗ ਦੇ ਹਿੱਤ ਵਿੱਚ ਪ੍ਰਮੁੱਖਤਾ ਨਾਲ ਕੰਮ ਕਰ ਰਹੀ ਹੈ ਅਤੇ ਬੇਸ਼ੱਕ, ਭਾਵੇਂ ਉਹ ਸੂਬੇ ਦੇ ਨੌਜਵਾਨ ਹੋਣ, ਔਰਤਾਂ, ਮਰਦ, ਵਿਦਿਆਰਥੀ, ਕਿਸਾਨ ਜਾਂ ਵਪਾਰੀ ਵਰਗ, ਸੂਬਾ ਸਰਕਾਰ ਦੀਆਂ ਨੀਤੀਆਂ ਹਰ ਵਰਗ ਲਈ ਲਾਭਦਾਇਕ ਸਾਬਤ ਹੋ ਰਹੀਆਂ ਹਨ। ਉਪਰੋਕਤ ਗੱਲਾਂ ਆਮ ਆਦਮੀ ਪਾਰਟੀ ਮਹਿਲਾ ਵਿੰਗ ਮਾਲਵਾ ਜ਼ੋਨ ਇੰਚਾਰਜ ਅਜਿੰਦਰ ਕੌਰ ਨੇ ਸਥਾਨਕ ਸਤਲੁਜ ਕਲੱਬ ਵਿਖੇ ਆਗਾਜ਼ ਸੰਸਥਾ ਵੱਲੋਂ ਆਯੋਜਿਤ ਸ਼ਹਿਰ ਦੇ ਪ੍ਰਮੁੱਖ ਉਦਯੋਗਪਤੀਆਂ ਦੀ ਮੀਟਿੰਗ ਵਿੱਚ ਬੋਲਦਿਆਂ ਕਹੀਆਂ। ਇਸ ਦੌਰਾਨ ਸ਼ਹਿਰ ਦੀ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਅਤੇ ਸ਼੍ਰੀ ਹਿੰਦੂ ਤਖ਼ਤ ਦੇ ਮੁੱਖ ਸੂਬਾ ਪ੍ਰਚਾਰਕ ਵਰੁਣ ਮਹਿਤਾ ਅਤੇ ਹੋਰ ਬਹੁਤ ਸਾਰੇ ਪ੍ਰਮੁੱਖ ਲੋਕ ਮੌਜੂਦ ਸਨ।

ਉਦਯੋਗਪਤੀਆਂ ਨੂੰ ਸੰਬੋਧਨ ਕਰਦਿਆਂ ਮੇਅਰ ਨੇ ਕਿਹਾ ਕਿ ਸ਼ਹਿਰ ਦੇ ਉਦਯੋਗ ਦੀ ਬਿਹਤਰੀ ਲਈ, ਨਗਰ ਨਿਗਮ ਚੰਗੀਆਂ ਸੜਕਾਂ, ਵਧੀਆ ਸੀਵਰੇਜ ਸਿਸਟਮ, ਸਾਫ਼ ਪਾਣੀ ਦੀ ਸਪਲਾਈ ਅਤੇ ਚਮਕਦਾਰ ਸੜਕਾਂ 'ਤੇ ਰੋਸ਼ਨੀ ਅਤੇ ਸਥਾਨਕ ਸਰਕਾਰ ਦੇ ਕੰਮਾਂ ਵਿੱਚ ਨਿੱਜੀ ਸੰਸਥਾਵਾਂ ਦੇ ਸਹਿਯੋਗ ਲਈ ਵਧੀਆ ਕੰਮ ਕਰ ਰਿਹਾ ਹੈ। ਅਤੇ ਭਾਗੀਦਾਰੀ ਦੇ ਕਾਰਨ, ਕੰਮ ਦੁੱਗਣੀ ਗਤੀ ਨਾਲ ਅੱਗੇ ਵਧਦਾ ਹੈ। ਮਾਲਵਾ ਸੈਂਟਰਲ ਜ਼ੋਨ ਇੰਚਾਰਜ ਅਜਿੰਦਰ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਅਤੇ ਖਾਸ ਕਰਕੇ ਲੁਧਿਆਣਾ ਸ਼ਹਿਰ ਦੇ ਉਦਯੋਗਾਂ ਨੂੰ ਸਰਕਾਰੀ ਕਾਗਜ਼ੀ ਕਾਰਵਾਈ ਤੋਂ ਬਚਾਉਣ ਅਤੇ ਉਨ੍ਹਾਂ ਨੂੰ ਨਵੇਂ ਉਦਯੋਗ ਸਥਾਪਤ ਕਰਨ ਲਈ ਉਤਸ਼ਾਹਿਤ ਕਰਨ ਲਈ ਹਰ ਚੰਗੀ ਯੋਜਨਾ ਨੂੰ ਲਾਗੂ ਕਰ ਰਹੇ ਹਨ। ਪਿਛਲੇ ਸਮੇਂ ਦੌਰਾਨ, ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਨੇ ਉਦਯੋਗਪਤੀਆਂ ਨਾਲ ਸਿੱਧੇ ਤੌਰ 'ਤੇ ਗੱਲ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਜਾਣ ਕੇ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਲਈ ਉਦਯੋਗਿਕ ਘਰਾਣਿਆਂ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਹੁਣ ਵੀ ਪੰਜਾਬ ਸਰਕਾਰ ਦੂਜੇ ਰਾਜਾਂ ਤੋਂ ਆਉਣ ਵਾਲੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਜੋ ਪੰਜਾਬ ਦੇ ਵਿਕਾਸ ਅਤੇ ਤਰੱਕੀ ਲਈ ਕੰਮ ਕਰਦੇ ਹਨ। ਸ਼੍ਰੀ ਹਿੰਦੂ ਤਖ਼ਤ ਦੇ ਮੁੱਖ ਸੂਬਾ ਪ੍ਰਚਾਰਕ ਵਰੁਣ ਮਹਿਤਾ ਨੇ ਨਗਰ ਨਿਗਮ ਨੂੰ ਸੁਝਾਅ ਦਿੱਤਾ ਕਿ ਉਹ ਡੇਅਰੀ ਸੰਚਾਲਕਾਂ ਨਾਲ ਬੈਠ ਕੇ ਸੜਕਾਂ 'ਤੇ ਘੁੰਮਦੇ ਪਸ਼ੂਆਂ ਨੂੰ ਸੰਭਾਲਣ ਲਈ ਚਿੱਪ ਸਿਸਟਮ ਸ਼ੁਰੂ ਕਰੇ, ਜਿਸ ਨਾਲ ਸਰਦੀਆਂ ਦੇ ਮੌਸਮ ਵਿੱਚ ਹਾਦਸੇ ਘੱਟ ਹੋਣਗੇ। ਸ਼ਹਿਰ ਦੇ ਉੱਘੇ ਸਮਾਜ ਸੇਵਕ ਰਾਜੇਸ਼ ਬੌਬੀ ਜੈਨ ਨੇ ਸਥਾਨਕ ਘੰਟਾਘਰ ਚੌਕ, ਜੋ ਕਿ ਭਗਵਾਨ ਮਹਾਂਵੀਰ ਦੇ ਨਾਮ 'ਤੇ ਰਜਿਸਟਰਡ ਹੈ, ਦਾ ਨਾਮ ਸ਼ਹਿਰ ਵਿੱਚ ਪ੍ਰਚਾਰ ਕਰਨ ਲਈ ਇੱਕ ਸਰਕਾਰੀ ਬੋਰਡ ਲਗਾਉਣ ਦੀ ਮੰਗ ਕੀਤੀ।

## ਐਨ.ਐਚ.ਏ.ਆਈ. ਦੇ ਚੇਅਰਮੈਨ ਨੇ ਅਰੋੜਾ ਨੂੰ ਰੁਕੇ ਪ੍ਰੋਜੈਕਟਾਂ 'ਤੇ ਤੁਰੰਤ ਕਾਰਵਾਈ ਦਾ ਦਿੱਤਾ ਭਰੋਸਾ



ਲੁਧਿਆਣਾ, 4 ਅਗਸਤ (ਵਿਸ਼ਾਲ ਸ਼ਰਮਾ) : ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਸੋਮਵਾਰ ਨੂੰ ਨਵੀਂ ਦਿੱਲੀ ਵਿੱਚ ਨੈਸ਼ਨਲ ਹਾਈਵੇਜ਼ ਅਥਾਰਟੀ ਆਫ਼ ਇੰਡੀਆ (ਐਨਐਚਏਆਈ) ਦੇ ਚੇਅਰਮੈਨ ਸੰਤੋਸ਼ ਕੁਮਾਰ ਯਾਦਵ ਨਾਲ ਮੁਲਾਕਾਤ ਕੀਤੀ ਅਤੇ ਲਾਡੋਵਾਲ ਬਾਈਪਾਸ ਅਤੇ ਦਿੱਲੀ-ਕਟੜਾ ਐਕਸਪ੍ਰੈਸਵੇਅ ਵਿਚਕਾਰ ਬਿਹਤਰ ਸੰਪਰਕ ਲਈ ਰਾਸ਼ਟਰੀ ਰਾਜਮਾਰਗ ਦੇ ਵਿਸਥਾਰ ਦੀ ਬੇਨਤੀ ਕੀਤੀ। ਉਨ੍ਹਾਂ ਨੇ ਲੁਧਿਆਣਾ-ਰੂਪਨਗਰ ਪ੍ਰੋਜੈਕਟਾਂ ਅਤੇ ਦਿੱਲੀ-ਕਟੜਾ ਐਕਸਪ੍ਰੈਸਵੇਅ ਪੈਕੇਜ 8, 10 ਅਤੇ 11 ਦੇ ਬਾਕੀ ਕੰਮਾਂ ਲਈ ਨਵੇਂ ਟੈਂਡਰ ਫਲੋਟ ਕਰਨ ਦੀ ਵੀ ਬੇਨਤੀ ਕੀਤੀ।

ਸੋਮਵਾਰ ਨੂੰ ਜਾਰੀ ਇੱਕ ਪ੍ਰੈਸ ਰਿਲੀਜ਼ ਵਿੱਚ, ਅਰੋੜਾ ਨੇ ਕਿਹਾ ਕਿ ਉਨ੍ਹਾਂ ਨੇ ਐਨ ਐਚ ਏ ਆਈ ਦੇ ਚੇਅਰਮੈਨ ਦਾ ਧਿਆਨ ਲਾਡੋਵਾਲ ਬਾਈਪਾਸ ਨੂੰ ਦਿੱਲੀ-ਕਟੜਾ ਐਕਸਪ੍ਰੈਸਵੇਅ ਨਾਲ ਜੋੜਨ ਵਾਲੀ ਸੜਕ ਦੀ ਮਹੱਤਤਾ ਵੱਲ ਖਿੱਚਿਆ। ਉਨ੍ਹਾਂ ਦੱਸਿਆ ਕਿ ਇਹ ਰਸਤਾ ਆਵਾਜਾਈ ਅਤੇ ਖੇਤਰੀ ਸੰਪਰਕ ਨੂੰ ਵਧਾਉਣ ਲਈ ਮਹੱਤਵਪੂਰਨ ਹੈ, ਜਿਸ ਨਾਲ ਵਸਨੀਕਾਂ ਅਤੇ ਯਾਤਰੀਆਂ ਦੋਵਾਂ ਲਈ ਸੁਚਾਰੂ ਯਾਤਰਾ ਸੰਭਵ ਹੋਵੇਗੀ। ਉਨ੍ਹਾਂ ਚੇਅਰਮੈਨ ਨੂੰ ਦੱਸਿਆ ਕਿ ਪੰਜਾਬ ਸਰਕਾਰ ਇਸ ਪ੍ਰੋਜੈਕਟ ਲਈ ਐਨਐਚਏਆਈ ਨੂੰ ਜ਼ਮੀਨ (ਨਹਿਰ ਦੇ ਨਾਲ ਮੌਜੂਦਾ ਸੜਕ) ਪ੍ਰਦਾਨ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਨਾਲ ਜਨਤਾ ਨੂੰ ਬਹੁਤ ਫਾਇਦਾ ਹੋਵੇਗਾ ਅਤੇ ਖੇਤਰ ਵਿੱਚ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ।

ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਦਿੱਲੀ-ਕਟੜਾ ਐਕਸਪ੍ਰੈਸਵੇਅ ਨੂੰ ਹੰਬੜਾਂ ਰੋਡ ਅਤੇ ਫਿਰੋਜ਼ਪੁਰ ਰੋਡ ਰਾਹੀਂ ਜੋੜਨ ਵਾਲੇ ਇੰਟਰਚੇਂਜ ਲੁਧਿਆਣਾ ਸ਼ਹਿਰ ਤੋਂ ਬਹੁਤ ਦੂਰ ਹਨ, ਜਿਸ ਨਾਲ ਪਹੁੰਚ ਅਤੇ ਗਤੀਸ਼ੀਲਤਾ ਦੀਆਂ ਚੁਣੌਤੀਆਂ ਪੈਦਾ ਹੋ ਰਹੀਆਂ ਹਨ। ਖੇਤਰ ਵਿੱਚ ਸੰਪਰਕ ਨੂੰ ਬਿਹਤਰ ਬਣਾਉਣ ਨਾਲ ਭਾਈਚਾਰੇ ਨੂੰ ਲਾਭ ਹੋਵੇਗਾ ਅਤੇ ਵਿਕਾਸ ਦੇ ਯਤਨਾਂ ਨੂੰ ਹੁਲਾਰਾ ਮਿਲੇਗਾ। ਉਨ੍ਹਾਂ ਨੇ ਐਨਐਚਏਆਈ ਚੇਅਰਮੈਨ ਨੂੰ ਇਹ ਵੀ ਦੱਸਿਆ ਕਿ ਭਾਈਚਾਰਾ ਨਿਵਾਸੀਆਂ ਦੀ ਸਮੁੱਚੀ ਭਲਾਈ ਲਈ ਇਨ੍ਹਾਂ ਪ੍ਰੋਜੈਕਟਾਂ ਦੇ ਸਫਲ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਪੂਰਾ ਸਹਿਯੋਗ ਦੇਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਐਨਐਚਏਆਈ ਚੇਅਰਮੈਨ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਲਾਡੋਵਾਲ ਬਾਈਪਾਸ ਨੂੰ ਦਿੱਲੀ-ਕਟੜਾ ਐਕਸਪ੍ਰੈਸਵੇਅ ਨਾਲ ਜੋੜਨ ਲਈ ਐਨਐਚ ਨੂੰ ਵਧਾਉਣ ਦੀ ਬੇਨਤੀ 'ਤੇ ਵਿਚਾਰ ਕੀਤਾ ਜਾਵੇਗਾ। ਅਰੋੜਾ ਨੇ ਚੇਅਰਮੈਨ ਨੂੰ ਲੁਧਿਆਣਾ-ਰੂਪਨਗਰ ਦੇ ਦੋ ਪੈਕੇਜਾਂ (ਪੈਕੇਜ 1 ਅਤੇ ਪੈਕੇਜ 2) ਦੀ ਸਥਿਤੀ ਬਾਰੇ ਵੀ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਪੈਕੇਜ 1 ਜੀਆਰ ਇਨਫਰਾਪ੍ਰੋਜੈਕਟਸ ਲਿਮਟਿਡ ਨੂੰ ਅਤੇ ਪੈਕੇਜ 2 ਸੀਗਲ ਇੰਡੀਆ ਲਿਮਟਿਡ ਨੂੰ ਦਿੱਤਾ ਗਿਆ ਹੈ। ਹਾਲਾਂਕਿ, ਜੀਆਰ ਇਨਫਰਾਪ੍ਰੋਜੈਕਟਸ ਲਿਮਟਿਡ ਨੂੰ ਦਿੱਤਾ ਗਿਆ ਪ੍ਰੋਜੈਕਟ ਉਮੀਦ ਅਨੁਸਾਰ ਅੱਗੇ ਨਹੀਂ ਵਧਿਆ ਹੈ ਅਤੇ ਇਸਨੂੰ ਖਤਮ ਕਰ ਦਿੱਤਾ ਗਿਆ ਹੈ, ਜਦੋਂ ਕਿ ਪੈਕੇਜ 2 ਨੂੰ ਐਨਐਚਏਆਈ ਵੱਲੋਂ ਖਤਮ ਕਰ ਦਿੱਤਾ ਗਿਆ ਹੈ। ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਦੋਵੇਂ ਪ੍ਰੋਜੈਕਟ ਖੇਤਰ ਦੇ ਵਿਕਾਸ ਅਤੇ ਜਨਤਕ ਹਿੱਤ ਲਈ ਮਹੱਤਵਪੂਰਨ ਹਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਉਨ੍ਹਾਂ ਨੇ ਐਨਐਚਏਆਈ ਚੇਅਰਮੈਨ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਕੰਮਾਂ ਨੂੰ ਸਮੇਂ ਸਿਰ ਪੂਰਾ ਕਰਨ ਅਤੇ ਪ੍ਰੋਜੈਕਟ ਸਮਾਂ-ਸੀਮਾ ਅਨੁਸਾਰ ਪੂਰਾ ਕਰਨ ਨੂੰ ਯਕੀਨੀ ਬਣਾਉਣ ਲਈ ਨਵੇਂ ਟੈਂਡਰ ਮੰਗਵਾਉਣ 'ਤੇ ਵਿਚਾਰ ਕਰਨ। ਉਨ੍ਹਾਂ ਅੱਗੇ ਕਿਹਾ ਕਿ ਐਨਐਚਏਆਈ ਚੇਅਰਮੈਨ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਲੁਧਿਆਣਾ-ਰੂਪਨਗਰ ਪ੍ਰੋਜੈਕਟਾਂ (ਪੈਕੇਜ 1 ਅਤੇ ਪੈਕੇਜ 2) ਲਈ ਨਵੇਂ ਟੈਂਡਰ ਜਾਰੀ ਕੀਤੇ ਜਾਣਗੇ।

## ਅਮਜਦ ਆਰਫ਼ੀ ਦਾ ਗ਼ਜ਼ਲ ਸੰਗ੍ਰਹਿ 'ਰਮਜ਼ਾਂ ਚੁੱਪ ਦੀਆਂ' ਲੋਕ ਅਰਪਣ



ਲੁਧਿਆਣਾ, 4 ਅਗਸਤ (ਰਵਿੰਦਰ ਸਿੰਘ ਨਿੱਝਰ) : ਪਰਵਾਸੀ ਸਾਹਿਤ ਅਧਿਐਨ ਕੇਂਦਰ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵੱਲੋਂ ਜਰਮਨੀ ਵੱਸਦੇ ਸ਼ਾਇਰ ਅਮਜਦ ਆਰਫ਼ੀ ਦਾ ਗ਼ਜ਼ਲ ਸੰਗ੍ਰਹਿ 'ਰਮਜ਼ਾਂ ਚੁੱਪ ਦੀਆਂ' ਲੋਕ ਅਰਪਨ ਕੀਤਾ ਗਿਆ। ਇਸ ਮੌਕੇ ਦਲਜਿੰਦਰ ਰਹਿਲ ਲੇਖਕ ਇਟਲੀ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਡਾ. ਸ. ਪ. ਸਿੰਘ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਤੇ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਆਏ ਹੋਏ ਮਹਿਮਾਨਾਂ ਨੂੰ ਰਸਮੀ ਤੌਰ 'ਤੇ ਜੀ ਆਇਆਂ ਕਿਹਾ। ਉਨ੍ਹਾਂ ਨੇ ਕਿਹਾ ਕਿ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਕੇਂਦਰ ਵੱਲੋਂ ਪਾਕਿਸਤਾਨੀ ਮੂਲ ਦੇ ਲੇਖਕ ਅਤੇ ਜਰਮਨੀ ਵੱਸਦੇ ਸ਼ਾਇਰ ਅਮਜਦ ਆਰਫ਼ੀ ਦਾ ਗ਼ਜ਼ਲ ਸੰਗ੍ਰਹਿ ਲੋਕ ਅਰਪਨ ਕੀਤਾ ਗਿਆ ਹੈ। ਦਲਜਿੰਦਰ ਰਹਿਲ ਨੇ ਇਸ ਮੌਕੇ ਦੱਸਿਆ ਕਿ ਅਮਜਦ ਆਰਫ਼ੀ ਦਾ ਪੂਰਾ ਨਾਮ ਅਮਜਦ ਅਲੀ ਸ਼ਾਕਿਰ ਹੈ। ਉਨ੍ਹਾਂ ਦਾ ਜਨਮ ਪਾਕਿਸਤਾਨ ਦੇ ਜ਼ਿਲ੍ਹਾ ਲਾਇਲਪੁਰ ਵਿਚ ਹੋਇਆ ਤੇ ਪਿਛਲੇ ਚਾਰ ਦਹਾਕਿਆਂ ਤੋਂ ਉਹ ਜਰਮਨੀ ਵਾਸੀ ਹਨ। ਉਹ ਪੰਜਾਬੀ ਬੋਲੀ ਪ੍ਰਤੀ ਸਮਰਪਿਤ ਭਾਵਨਾ ਆਪਣੇ ਦਿਲ ਵਿਚ ਰੱਖਦਾ ਹੈ। ਤ੍ਰੈਲੋਚਨ ਲੋਚੀ ਨੇ ਇਸ ਮੌਕੇ ਦੱਸਿਆ ਕਿ ਇਸ ਗ਼ਜ਼ਲ ਸੰਗ੍ਰਹਿ ਵਿਚ ਆਰਫ਼ੀ ਨੇ ਮਨੁੱਖੀ ਮਨ ਸਮਾਜ ਕਾਦਰ, ਕੁਦਰਤ, ਰਿਸ਼ਤੇ-ਨਾਤੇ ਆਦਿ ਵਿਸ਼ਿਆਂ ਨੂੰ ਖ਼ੂਬਸੂਰਤ ਅੰਦਾਜ਼ ਵਿਚ ਪੇਸ਼ ਕੀਤਾ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਇਸ ਮੌਕੇ ਸਭ ਦਾ ਰਸਮੀ ਤੌਰ 'ਤੇ ਧੰਨਵਾਦ ਕਰਦਿਆਂ ਹੋਇਆ। ਅਮਜਦ ਆਰਫ਼ੀ ਨੂੰ ਇਸ ਪੁਸਤਕ ਲਈ ਵਧਾਈ ਦਿੱਤੀ ਤੇ ਭਵਿੱਖ ਲਈ ਸ਼ੁਭਕਾਮਨਾਵਾਂ ਵੀ।

ਇਸ ਮੌਕੇ ਹਰਸ਼ਰਨ ਸਿੰਘ ਨਰੂਲਾ ਆਨਰੇਰੀ ਜਨਰਲ ਸਕੱਤਰ, ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ, . ਕੁਲਜੀਤ ਸਿੰਘ ਮੈਂਬਰ , . ਹਰਦੀਪ ਸਿੰਘ ਮੈਂਬਰ , ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ.ਜੀ.ਐਨ.ਆਈ.ਐਮ.ਟੀ., ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸ਼ਰਨਜੀਤ ਕੌਰ ਹਾਜ਼ਰ ਰਹੇ। ਪ੍ਰੋਗਰਾਮ ਦਾ ਸੰਚਾਲਨ ਡਾ. ਤੇਜਿੰਦਰ ਕੌਰ ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਕੀਤਾ ਗਿਆ।

## ਤੀਜ ਦਾ ਤਿਉਹਾਰ 'ਰੌਣਕ ਤੀਆਂ ਦੀ'ਮਨਾਇਆ



ਲੁਧਿਆਣਾ, 4 ਅਗਸਤ (ਰਵਿੰਦਰ ਸਿੰਘ ਨਿੱਝਰ) : ਮੁਹੱਲਾ ਪ੍ਰਭਾਤ ਨਗਰ ਅਤੇ ਭਗਵਾਨ ਨਗਰ ਦੀਆਂ ਔਰਤਾਂ ਵੱਲੋਂ ਤੀਜ ਦਾ ਤਿਉਹਾਰ ਪ੍ਰਿੰਸੀਪਲ ਕਮਲਜੀਤ ਕੌਰ ਕਲਸੀ ਦੀ ਅਗਵਾਈ ਹੇਠ ਮਨਾਇਆ । ਡੋਲੀ ਨਾਹੀਮ ਅਤੇ ਸੁਖਜੀਤ ਕੌਰ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਸਮਾਰਸ ਨੂੰ ਸ਼ਾਨਦਾਰ ਤਰੀਕੇ ਨਾਲ ਚਾਰ ਚੰਨ ਲਾਏ। ਹਾਲ ਚਰਖਾ, ਗਾਗਰ, ਫੁਲਕਾਰੀ, ਪੀਂਘ , ਘਰ ਦੀਆਂ ਬਣੀਆਂ ਦਰੀਆਂ ਅਤੇ ਪੱਖੀਆਂ ਖਿੱਚ ਦਾ ਕੇਂਦਰ ਸਨ । ਇਸ ਮੌਕੇ ਇਕੱਠੀਆਂ ਹੋਈਆਂ ਮੁਟਿਆਰਾਂ ਨੇ ਖੇਡਾਂ, ਡਾਂਸ, ਭੰਗੜਾ, ਟੰਨ ਗੇਮਜ਼ ਅਤੇ ਡੀ.ਜੇ 'ਤੇ ਧਮਾਲ ਨਾਲ ਸਾਰਿਆਂ ਨੂੰ ਆਕਰਸ਼ਿਤ ਕੀਤਾ। ਸਟੇਜ ਸੰਚਾਲਨ ਦੀ ਭੂਮਿਕਾ ਨਵਨੀਤ ਕੌਰ, ਹਰਿੰਦਰ ਪਾਲ ਸਿੰਘ ਅਤੇ ਜਸ ਕੌਰ ਨੇ ਖੂਬਸੂਰਤ ਅੰਦਾਜ਼ ਵਿੱਚ ਨਿਭਾਈ। ਪ੍ਰਿੰਸੀਪਲ ਮਨਦੀਪ ਕੌਰ ਮੁੱਖ ਸਹਿਮਾਨ ਵਜੋਂ ਪਹੁੰਚੇ। ਅੱਜ ਦੇ ਵਿਸ਼ੇਸ਼ ਸਹਿਮਾਨ ਰਜਿੰਦਰ ਕੌਰ ਅਤੇ ਗੋਲਡੀ ਵਾਲੀਆ ਨੇ ਸਮਾਗਮ ਨੂੰ ਚਾਰ ਚੰਨ ਲਗਾਏ । ਇਸ ਮੌਕੇ ਪ੍ਰਿੰਸੀਪਲ ਕਲਸੀ ਨੇ ਕਿਹਾ ਕਿ ਤੀਜ ਦਾ ਤਿਉਹਾਰ ਸਾਡੇ ਸਭਿਆਚਾਰ ਦਾ ਅਨਿੱਖੜਵਾਂ ਅੰਗ ਹੈ। ਅੱਜ ਦੇ ਮਿਸਿਜ ਤੀਜ ਦਾ ਖਿਤਾਬ ਨਵਨੀਤ ਕੌਰ ਦੀ ਝੋਲੀ ਪਿਆ । ਮਿਸ ਬਾਣੀ ਮਿਸ ਤੀਜ ਚੁਣੀ ਗਈ । ਸੰਦੀਪ ਕੌਰ ਦੇ ਹਿੱਸੇ ਖ਼ੂਬਸੂਰਤ ਸਮਾਈਲ ਦਾ ਖਿਤਾਬ ਆਇਆ। ਡਾ ਮਨਮੀਤ ਖੂਬਸੂਰਤ ਪੰਜਾਬੀ ਮੁਟਿਆਰ ਅਤੇ ਮਨਦੀਪ ਕੌਰ ਖੂਬਸੂਰਤ ਅੰਦਾਜ਼ ਦਾ ਖਿਤਾਬ ਜਿੱਤਣ ਵਿੱਚ ਕਾਮਯਾਬ ਰਹੀਆਂ। ਮਿਸ ਬਾਣੀ ਨੇ ਮਿਸ ਤੀਜ ਦਾ ਖਿਤਾਬ ਹਾਸਲ ਕੀਤਾ । ਇਸ ਮੌਕੇ ਵਧੀਆ ਪ੍ਰਦਰਸ਼ਨ ਕਰਨ ਵਾਲੀਆਂ ਔਰਤਾਂ ਨੂੰ ਤੋਹਫੇ ਦੇ ਕੇ ਸਨਮਾਨਿਤ ਕੀਤਾ। ਸਾਰੀਆਂ ਔਰਤਾਂ ਨੂੰ ਅਖੀਰ ਵਿੱਚ ਵੈਲਕਮ ਗਿਫਟ ਦਿੱਤੇ ਗਏ।

## ਪੰਜਾਬੀ ਸੱਭਿਆਚਾਰ ਦੀ ਪਹਿਚਾਣ ਤੀਆਂ ਤੀਜ ਦੀਆਂ ਮਨਾਈਆਂ



ਲੁਧਿਆਣਾ, 4 ਅਗਸਤ (ਰਵਿੰਦਰ ਸਿੰਘ ਨਿੱਝਰ) : ਪੰਜਾਬੀ ਸੱਭਿਆਚਾਰ ਦੀ ਅਸਲੀ ਪਹਿਚਾਣ ਤੀਜ ਤੀਆਂ ਦਾ ਤਿਉਹਾਰ ਹੈ, ਜੋ ਹਰ ਸਾਲ ਸਾਉਣ ਦੇ ਮਹੀਨੇ ਪੰਜਾਬ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਬੜੀ ਧੂਮ ਧਾਮ ਨਾਲ ਮਨਾਉਂਦੇ ਹਨ । ਦਿਓਲ ਸਟੂਡੀਓ ਵਿਖੇ ਤੀਆਂ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਲੜਕੀਆਂ ਨੇ ਗਿੱਧਾ, ਭੰਗੜਾ ਅਤੇ ਹੋਰ ਆਈਟਮਾਂ ਪੇਸ਼ ਕੀਤੀਆਂ। ਇਸ ਮੌਕੇ ਗਾਇਕਾ ਬਬੀਤਾ ਸੰਧੂ ਦਾ ਧੀ ਪੰਜਾਬ ਦੀ ਐਵਾਰਡ ਦੇ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਮਲਕੀਤ ਸਿੰਘ ਦਿਓਲ, ਗਾਇਕ ਨਰਿੰਦਰ ਨੂਰ,, ਅਮਨਦੀਪ ਸਿੰਘ ਅਤੇ ਦੀਪ ਆਦਿ ਵੀ ਮੌਜੂਦ ਰਹੇ।

## ਸੁਤੰਤਰਤਾ ਦਿਵਸ ਮੌਕੇ ਬੀ. ਐਸ. ਐਨ.ਐਲ. ਵੱਲੋਂ ਨਵੇਂ ਪਲਾਨ ਦਾ ਐਲਾਨ




ਲੁਧਿਆਣਾ, 4 ਅਗਸਤ (ਵਿਸ਼ਾਲ ਸ਼ਰਮਾ) : ਬੀਐਸਐਨਐਲ ਪੰਜਾਬ ਸਰਕਲ ਨੇ ਸਵਤੰਤਰਤਾ ਦਿਵਸ ਮੌਕੇ ਨਵੇਂ ਉਪਭੋਗਤਾਵਾਂ ਦੇ ਲਈ ਪ੍ਰੀਪੇਡ ਸੈਗਮੈਂਟ ਵਿੱਚ ਇੱਕ ਨਵੀਂ ਯੋਜਨਾ ਬੀਐਸਐਨਐਲ ਫਰੀਡਮ ਪਲਾਨ ਸਿਰਫ ਇਕ ਰੁਪਏ ਵਿੱਚ ਸ਼ੁਰੂ ਕੀਤੀ ਹੈ। ਇਸ ਯੋਜਨਾ ਦੀ ਮੁੱਖ ਵਿਸ਼ੇਸ਼ਤਾ ਹੈ ਕਿ ਇਹ 30 ਦਿਨਾਂ ਦੀ ਮਿਆਦ ਦੇ ਨਾਲ ਅਨ-ਲਿਮਿਟਿਡ ਕਾਲਿੰਗ ਹਰ ਰੋਜ਼ 2 ਜੀ.ਬੀ ਡਾਟਾ ਅਤੇ ਹਰ ਰੋਜ਼ 100 ਐਸ.ਐਮ.ਐਸ ਹੋਣਗੇ ਨਵਾਂ ਸਿਮ ਬਿਲਕੁਲ ਮੁਫਤ ਹੋਵੇਗਾ। ਅਤੇ ਇਸ ਲਈ ਉਪਭੋਗਤਾ ਨੂੰ ਸਿਰਫ ਇਕ ਰੁਪਏ ਦਾ ਰੀਚਾਰਜ ਕਰਨਾ ਹੋਵੇਗਾ ਲੁਧਿਆਣਾ ਦੇ ਮੁੱਖ ਪ੍ਰਬੰਧਕ ਏ ਏ ਤਾਜ਼ੀਰ ਨੇ ਅੱਜ ਲੁਧਿਆਣਾ ਦੇ ਭਾਰਤ ਨਗਰ ਚੌਂਕ ਸਥਿਤ ਮਹਾਂ ਪ੍ਰਬੰਧਕ ਦਫਤਰ ਵਿੱਚ ਬੀਐਸਐਨਐਲ ਫਰੀਡਮ ਪਲੈਨ ਦਾ ਉਦਘਾਟਨ ਕੀਤਾ। ਇਸ ਮੌਕੇ ਉਪ ਮਹਾ ਪ੍ਰਬੰਧਕ ਡੀਕੇ ਜੈਨ, ਹਰਜਿੰਦਰ ਸਿੰਘ, ਵਲੀ ਮੁਹੰਮਦ, ਗੋਪਾਲ ਕ੍ਰਿਸ਼ਨ, ਮਾਲ ਸਿੰਘ, ਹਰਜਿੰਦਰ ਸਿੰਘ ਭੱਟੀ, ਵਿਨੇ ਕੁਮਾਰ ਐਸ.ਡੀ.ਓ, ਦੇਸਰਾਜ ਐਸ.ਡੀ.ਓ, ਪਰਮਪ੍ਰੀਤ ਜੇ.ਈ ਹਾਜ਼ਰ ਸਨ।

## ਸੋਨੀਆ ਅਲਗ ਦਾ ਇੱਕ ਨਵੀਂ ਉਡਾਣ ਐਨ.ਜੀ.ਓ. 'ਚ ਸਵਾਗਤ



ਲੁਧਿਆਣਾ, 4 ਅਗਸਤ (ਵਿਸ਼ਾਲ ਸ਼ਰਮਾ) ਅੱਜ ਇਕ ਨਵੀਂ ਉਡਾਣ ਐਨ.ਜੀ ਓ ਵੱਲੋਂ ਸੰਸਥਾ ਦੀ ਪ੍ਰਧਾਨ ਇੰਦਰਜੀਤ ਕੌਰ, ਸੀਨੀਅਰ ਮੈਂਬਰਾਂ ਅਤੇ ਸਾਰੇ ਮੈਂਬਰਾਂ ਨੇ ਸੋਨੀਆ ਅਲਗ ਨੂੰ ਜ਼ਿਲ੍ਹਾ ਪ੍ਰਧਾਨ ਬਣਨ ਦੀ ਵਧਾਈ ਦਿੰਦੇ ਹੋਏ, ਉਹਨਾਂ ਦਾ ਐਨਜੀਓ ਵਿੱਚ ਹਾਰਦਿਕ ਸਵਾਗਤ ਕੀਤਾ। ਇਹ ਮੌਕਾ ਸੰਗਠਨ ਨੂੰ ਹੋਰ ਮਜ਼ਬੂਤ ਬਣਾਉਣ ਵੱਲ ਇਕ ਨਵਾਂ ਕਦਮ ਸਾਬਤ ਹੋਇਆ। ਸੋਨੀਆ ਅਲਗ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਹ ਸਮਾਜਿਕ ਭਲਾਈ ਲਈ ਪੂਰੀ ਤਨਦੇਹੀ ਨਾਲ ਕੰਮ ਕਰਦੀਆਂ ਰਹਿਣਗੀਆਂ ਅਤੇ ਮਹਿਲਾ ਸ਼ਕਤੀਕਰਨ ਲਈ ਇਕ ਨਵੀਂ ਉਡਾਣ ਐਨਜੀਓ ਦੇ ਨਾਲ ਮਿਲ ਕੇ ਅਹੰਕਾਰ ਰਹਿਤ ਸੇਵਾ ਦੇ ਰਾਹ 'ਤੇ ਅੱਗੇ ਵਧਣਗੀਆਂ।

## ਜੈ ਜਗਦੰਬੇ ਕਲੱਬ ਜਗਰਾਓਂ ਨੇ ਮਾਤਾ ਜਵਾਲਾ ਜੀ ਵਿਖੇ 4 ਰੋਜ਼ਾ ਭੰਡਾਰਾ ਲਗਾਇਆ



ਜਗਰਾਓਂ, 4 ਅਗਸਤ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਜੈ ਜਗਦੰਬੇ ਕਲੱਬ ਲਾਜਪਤ ਰਾਏ ਰੋਡ ਜਗਰਾਓਂ ਵੱਲੋਂ ਸਲਾਨਾ 31 ਵਾਂ ਵਾਰਸ਼ਿਕ ਭੰਡਾਰਾ 29,30 ਜੁਲਾਈ ਅਤੇ 1 ਤੇ 2 ਅਗਸਤ ਨੂੰ ਜਵਾਲਾ ਮੁਖੀ (ਹਿਮਾਚਲ ਪ੍ਰਦੇਸ) ਵਿਖੇ ਲਗਾਇਆ ਗਿਆ। ਇਸ ਸਮੇਂ ਕਲੱਬ ਦੇ ਪ੍ਰਧਾਨ ਕਾਲਪਨਿਕ ਬਾਂਸਲ ਤੇ ਚੇਅਰਮੈਨ ਵਿਨੈ ਕੱਕੜ ਨੇ ਦੱਸਿਆ ਕਿ ਕਲੱਬ ਵੱਲੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਜਵਾਲਾ ਮੁਖੀ ਹਿਮਾਚਲ ਪ੍ਰਦੇਸ਼) 'ਚ ਮਾਤਾ ਜਵਾਲਾ ਦੇਵੀ ਜੀ ਸਤਿਥ ਗੀਤਾ ਭਵਨ ਵਿੱਚ ਲਗਾਏ ਸਾਵਣ ਦੇ ਨਰਾਤਿਆਂ ਮੌਕੇ 29 ਜੁਲਾਈ ਤੋਂ 2 ਅਗਸਤ ਤੱਕ ਵਿਸ਼ਾਲ 4 ਰੋਜਾ ਭੰਡਾਰਾ ਲਗਾਇਆ ਗਿਆ। ਜਿਸ ਵਿੱਚ ਦੇਸ਼-ਵਿਦੇਸ਼ ਤੋਂ ਮਾਤਾ ਜਵਾਲਾ ਦੇਵੀ ਜੀ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਦੀ ਸਾਹੂਲਤ ਲਈ ਕਲੱਬ ਵੱਲੋਂ ਇਸ ਵਿਸ਼ਾਲ ਭੰਡਾਰੇ ਵਿੱਚ ਦਰਜ਼ਨਾ ਤਰ੍ਹਾਂ ਦੇ ਸਵਾਦਿਸਟ ਵਿਅੰਜਨ ਬਣਾ ਕੇ ਪੂਰਨ ਸ਼ਰਧਾ ਨਾਲ ਵਰਤਾਏ ਗਏ।

ਇਸ ਮੌਕੇ ਕਲੱਬ ਦੇ ਆਗੂ ਸੁਨੀਲ ਪਾਸੀ, ਸਾਬਕਾ ਕੌਂਸਲਰ ਕਰਮਜੀਤ ਸਿੰਘ ਕੈਂਥ, ਸੰਜੀਵ ਕਲਸੀ, ਗੋਪਾਲ ਕ੍ਰਿਸ਼ਨ ਕਲਸੀ, ਗੁਰਲਾਲ ਸਿੰਘ ਲਾਲੀ, ਵਿੱਕੀ ਬਾਵਾ, ਗਗਨਦੀਪ ਗੁਪਤਾ, ਕੁਲਵੰਤ ਰਾਏ ਕਲਸੀ, ਪੰਕਜ ਹਾਂਡਾ, ਬਲਜਿੰਦਰ ਸਿੰਘ, ਉਦਹੇ ਕੁਮਾਰ ਆਦਿ ਹਾਜ਼ਰ ਸਨ।

## ਬਲੌਜ਼ਮਜ਼ ਕਾਨਵੈਂਟ ਸਕੂਲ ਦੀਆਂ ਕੁੜੀਆਂ (19) ਨੇ ਬੈਡਮਿੰਟਨ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ



ਜਗਰਾਓਂ, 4 ਅਗਸਤ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਬਲੌਜ਼ਮਜ ਕਾਨਵੈਂਟ ਸਕੂਲ ਵੱਲੋਂ ਜੋਨ ਪੱਧਰ ਦੀਆਂ ਚੱਲ ਰਹੀਆਂ ਖੇਡਾਂ ਦੌਰਾਨ ਬੈਡਮਿੰਟਨ-19 ਕੁੜੀਆਂ ਦੀ ਟੀਮ ਵੱਲੋਂ ਬਹੁਤ ਸਾਰੀਆਂ ਟੀਮਾਂ ਨੂੰ ਪਛਾੜਦੇ ਹੋਏ ਪਹਿਲੇ ਸਥਾਨ ਦਾ ਖਿਤਾਬ ਆਪਣੇ ਨਾਮ ਕੀਤਾ। ਇਹ ਮੈਚ ਸਿੰਗਲ ਅਤੇ ਡਬਲ ਪਲੇਅਰ ਰਾਊਂਡ ਵਿਚ ਹੋਏ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ.ਨਵਨੀਤ ਕੌਰ ਨੇ ਇਹਨਾਂ ਦੇ ਕੋਚ ਸਾਹਿਬਾਨ ਮਿ.ਅਮਨਦੀਪ ਸਿੰਘ, ਮਿਸਿਜ ਦਲਜੀਤ ਕੌਰ ਅਤੇ ਮਿ. ਸੁਖਜਿੰਦਰ ਸਿੰਘ ਦੇ ਨਾਲ ਹੀ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹਨਾਂ ਵਿਦਿਆਰਥੀਆਂ ਵੱਲੋਂ ਆਪਣੀ ਚੰਗੀ ਖੇਡ ਦਾ ਪ੍ਰਦਰਸ਼ਨ ਹੀ ਇਹਨਾਂ ਨੂੰ ਪਹਿਲੇ ਸਥਾਨ ਵੱਲ ਲੈ ਕੇ ਗਿਆ। ਇਹਨਾਂ ਨੇ ਆਪਣੇ ਚੰਗੇ ਭਵਿੱਖ ਦੀ ਸ਼ੁਰੂਆਤ ਹੁਣੇ ਤੋਂ ਹੀ ਕਰ ਲਈ ਹੈ ਆਉਣ ਵਾਲੇ ਸਮੇਂ ਵਿਚ ਇਹ ਵਿਦਿਆਰਥੀ ਇਸ ਤੋਂ ਅਗਲੇ ਪੱਧਰ ਦੇ ਮੁਕਾਬਲਿਆਂ ਵਿੱਚ ਵੀ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਨਗੇ।

ਇਸ ਮੌਕੇ ਸਕੂਲ ਦੇ ਪ੍ਰੈਜੀਡੈਂਟ ਸ.ਮਨਪ੍ਰੀਤ ਸਿੰਘ ਬਰਾੜ ਸ.ਰਛਪਾਲ ਸਿੰਘ ਅਤੇ ਸ.ਗੁਰਜਿੰਦਰ ਸਿੰਘ ਨੇ ਵੀ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ।

# ‘ਯੁਵਾ ਕਨੈਕਟ’ ਵੀ.ਸੀ. ਮੀਟਿੰਗ ’ਚ ਦੇਸ਼ ਭਗਤ ਯੂਨੀਵਰਸਿਟੀ ਨੇ ਮਜ਼ਬੂਤ ਯੁਵਾ ਸ਼ਮੂਲੀਅਤ ਦਾ ਕੀਤਾ ਪ੍ਰਦਰਸ਼ਨ



ਮੰਡੀ ਗੋਬਿੰਦਗੜ੍ਹ, 4 ਅਗਸਤ (ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਪੰਜਾਬ ਦੇ ਰਾਜਪਾਲ ਤੇ ਯੂਟੀ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਦੀ ਪ੍ਰਧਾਨਗੀ ਹੇਠ ਹੋਈ ਯੁਵਾ ਕਨੈਕਟ ਵੀਡੀਓ ਕਾਨਫਰੰਸ ਦੌਰਾਨ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੀਆਂ ਗਤੀਸ਼ੀਲ ਤੇ ਸਮਾਵੇਸ਼ੀ ਯੁਵਾ ਸ਼ਮੂਲੀਅਤ ਪਹਿਲਕਦਮੀਆਂ ਪੇਸ਼ ਕੀਤੀਆਂ। ਇਸ ਦੌਰਾਨ ਸਮਾਗਮ ਦਾ ਉਦੇਸ਼ ਵਿਕਸਿਤ ਭਾਰਤ ਯੁਵਾ ਕਨੈਕਟ ਪ੍ਰੋਗਰਾਮ ਦੇ ਵਿਜ਼ਨ ਵੱਲ ਡਾ. ਸਦਾਵਰਤੀ ਨੇ ਪ੍ਰਭਾਵਸ਼ਾਲੀ ਪ੍ਰੋਗਰਾਮਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਰਾਹੀਂ ਯੁਵਾ ਸਸ਼ਕਤੀਕਰਨ, ਨਾਗਰਿਕ ਸ਼ਮੂਲੀਅਤ ਤੇ ਰਾਸ਼ਟਰ ਨਿਰਮਾਣ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ। ਜਿਸ ਵਿੱਚ ਮੇਰੀ ਭਾਰਤ ਰਜਿਸਟ੍ਰੇਸ਼ਨ ਡਰਾਈਵ 2,000 ਤੋਂ ਵੱਧ ਵਿਦਿਆਰਥੀਆਂ ਨੂੰ ਸ਼ਾਮਲ ਕਰਨਾ, ਵਿਦਿਆਰਥੀ ਨੌਕਰਸ਼ਾਹਾਂ ਵਜੋਂ, ਸਾਫ਼-ਸੁਥਰੀ ਰਾਜਨੀਤੀ, ਜਲਵਾਯੂ ਕਾਰਵਾਈ ਵਰਗੇ ਵਿਸ਼ਿਆਂ ’ਤੇ ਬਹਿਸ, ਯੁਵਾ ਸੰਵਾਦ, ਨਸ਼ਾ ਮੁਕਤ ਕੈਂਪਸ ਲੈਬ 500+ ਵਿਦਿਆਰਥੀਆਂ ਨੂੰ ਨਸ਼ੇ ਦੀ ਦੁਰਵਰਤੋਂ ਬਾਰੇ ਸੰਵੇਦਨਸ਼ੀਲ ਬਣਾਉਣ, ਨਿਆਂ ਦੀ ਪਾਠਸ਼ਾਲਾ, 2,500+ ਪੇਂਡੂ ਨਿਵਾਸੀਆਂ ਤੱਕ ਪਹੁੰਚਣ ਵਾਲੀ ਕਾਨੂੰਨੀ ਸਾਖਰਤਾ ਮੁਹਿੰਮ, ਵੋਟ ਵਰਸ-ਈਵੀਐਮ ਸਿਮੂਲੇਸ਼ਨ ਤੇ ਪ੍ਰਤੀਬੱਧਤਾ ਦੀਵਾਰ ਨਾਲ ਵੋਟਰ ਜਾਗਰੂਕਤਾ ਕਾਰਨੀਵਲ, ਮਾਹਿਰ ਪੈਨਲ ਚਰਚਾਵਾਂ, ਰਾਸ਼ਟਰ ਨਿਰਮਾਣ ਲਈ ਮਾਸ ਵਿਕਸਿਤ ਭਾਰਤ ਸਪਤ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਹ ਗਤੀਵਿਧੀਆਂ ਯੂਨੀਵਰਸਿਟੀ ਦੇ ਸਮਾਰਟ ਟੈਕ-ਸਮਰਥਿਤ ਕੇਂਦਰੀ ਆਡੀਟੋਰੀਅਮ ਵਿੱਚ ਆਯੋਜਿਤ ਕੀਤੀਆਂ ਗਈਆਂ ਸਨ, ਜਿਸ ਵਿੱਚ 800 ਤੋਂ ਵੱਧ ਭਾਗੀਦਾਰ ਸ਼ਾਮਲ ਸਨ। ਸ੍ਰੀ ਕਟਾਰੀਆ ਨੇ ਦੇਸ਼ ਭਗਤ ਯੂਨੀਵਰਸਿਟੀ ਦੀ ਨੌਜਵਾਨਾਂ ਦੀ ਅਗਵਾਈ ਵਾਲੀ ਤਬਦੀਲੀ, ਨਾਗਰਿਕ ਜ਼ਿੰਮੇਵਾਰੀ ਤੇ ਵਿਕਸਿਤ ਭਾਰਤ 2047 ਦੇ ਦ੍ਰਿਸ਼ਟੀਕੋਣ ਨਾਲ ਇਕਸਾਰਤਾ ਨੂੰ ਉਤਸ਼ਾਹਿਤ ਕਰਨ ਲਈ ਇਸਦੇ ਯਤਨਾਂ ਲਈ ਸਰਗਰਮ ਤੇ ਕਿਰਿਆਸ਼ੀਲ ਪਹੁੰਚ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਾਰੀਆਂ ਯੂਨੀਵਰਸਿਟੀਆਂ ਨੂੰ ਅਜਿਹੇ ਵਧੀਆ ਅਭਿਆਸਾਂ ਨੂੰ ਦੁਹਰਾਉਣ ਤੇ ਮਾਈ ਭਾਰਤ ਪਲੇਟਫਾਰਮ ’ਤੇ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਯਕੀਨੀ ਬਣਾਉਣ ਦੀ ਅਪੀਲ ਕੀਤੀ।

# ਹਾਈਕੋਰਟ ’ਚ ਸਿੱਖ ਕਤਲੇਆਮ ਮਾਮਲੇ ਦੇ 133 ਕੇਸਾਂ ਦੀ ਅਹਿਮ ਸੁਣਵਾਈ ਅੱਜ

ਮੋਗਾ, 4 ਅਗਸਤ (ਚ.ਨ.ਸ.): 1984 ’ਚ ਹਰਿਆਣਾ ਵਿਖੇ ਹੋਏ ਸਿੱਖਾਂ ਦੇ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਲੰਬੇ ਸਮੇਂ ਤੋਂ ਕਾਨੂੰਨੀ ਚਾਰਾਜੋਈ ਲੜਾਈ ਲੜ ਰਹੇ ਹੋਂਦ ਚਿੱਲੜ ਸਿੱਖ ਇਨਸਾਫ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰਿਆਣਾ ਦੇ ਗੁੜਗਾਉਂ ਤੇ ਪਟੌਦੀ ’ਚ ਹੋਏ 47 ਸਿੱਖਾਂ ਦੇ ਕਤਲੇਆਮ ਸਮੇਤ 83 ਹੋਰ ਪੀੜਤਾਂ ਦੇ ਮਾਮਲਿਆਂ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈਕੋਰਟ ’ਚ ਦਾਇਰ ਕੀਤੇ 133 ਕੇਸਾਂ ਮਾਮਲਿਆਂ ਦੀ ਪੰਜਾਬ-ਹਰਿਆਣਾ ਹਾਈਕੋਰਟ ਵੱਲੋਂ ਕੱਲ੍ਹ ਦੀ ਅਹਿਮ ਸੁਣਵਾਈ 5 ਅਗਸਤ ਨੂੰ ਹੈ। ਉਨ੍ਹਾਂ ਦੱਸਿਆ ਕਿ ਹੋਂਦ ਚਿੱਲੜ ’ਚ 32 ਸਿੱਖਾਂ ਦੇ ਕਤਲੇਆਮ ਦੇ ਮਾਮਲੇ ਦੀ ਲੜਾਈ ਦੇ ਨਾਲ-ਨਾਲ ਗੁੜਗਾਉਂ ਤੇ ਪਟੌਦੀ ’ਚ ਹੋਏ 47 ਸਿੱਖਾਂ ਦੇ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਇਹ ਕਾਨੂੰਨੀ ਚਾਰਾਜੋਈ ਰਾਹੀਂ ਮੁੱਦਾ ਚੁੱਕਿਆ ਹੈ। ਭਾਈ ਘੋਲੀਆ ਨੇ ਕਿਹਾ ਕਿ ਉਪਰੋਕਤ ਦੋਨਾਂ ਸ਼ਹਿਰਾਂ ’ਚ ਹੋਏ ਕਤਲੇਆਮ ਦੌਰਾਨ 297 ਸਿੱਖਾਂ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਦੌਰਾਨ 47 ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ ਸੀ ਤੇ ਘਰ ਵੀ ਉਜਾੜ ਦਿੱਤੇ ਗਏ ਸਨ। ਇਸ ਇਲਾਕੇ ’ਚ ਸਿੱਖਾਂ ਦੀਆਂ 6 ਫੈਕਟਰੀਆਂ ਤਬਾਹ ਕਰ ਦਿੱਤੀਆਂ ਗਈਆਂ ਸਨ। ਇਸ ਮਾਮਲੇ ਦੀ ਕਾਨੂੰਨੀ ਪੈਰਵਾਈ ਹਾਈਕੋਰਟ ਦੇ ਸੀਨੀਅਰ ਵਕੀਲ ਗਗਨਦੀਪ ਸਿੰਘ ਬੱਲ ਕਰ ਰਹੇ ਹਨ। ਮੌਕੇ ਦੇ ਅੱਖੀਂ ਡਿੱਠੇ ਗਵਾਹ ਪੀੜਤ ਗੁਰਜੀਤ ਸਿੰਘ ਪਟੌਦੀ ਨੇ ਦੱਸਿਆ ਕਿ 1984 ਦੀ ਹਨੇਰੀ ਨੇ ਸਾਰਾ ਕੁਝ ਸਾੜ ਫੂਕ ਕੇ ਮਲੀਆਮੇਟ ਕਰ ਦਿੱਤਾ ਸੀ, ਅੱਜ ਵੀ ਅੱਲੇ ਜ਼ਖ਼ਮ ਹਨ। ਘਰ ਦੇ 12 ਜੀਅ ਗੁਆ ਚੁੱਕੀ ਪੀੜਤ ਸੁਰਜੀਤ ਕੌਰ ਅੱਜ ਵੀ ਗਹਿਰੇ ਸਦਮੇ ’ਚ ਹੈ। ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰਾਂ ਲਈ ਕਾਨੂੰਨੀ ਲੜਾਈ ਲੜ ਰਹੇ ਸਮਾਜਿਕ ਕਾਰਜਕਰਤਾ ਦਰਸ਼ਨ ਸਿੰਘ ਘੋਲੀਆ ਤੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਵਿਸ਼ਵਾਸ ਹੈ ਕਿ ਉਹ ਇਨਸਾਫ ਦੀ ਵੱਡੀ ਲੜਾਈ ਲੜ ਰਹੇ ਹਨ ਅਤੇ ਦੋਸ਼ੀਆਂ ਨੂੰ ਇੱਕ ਦਿਨ ਸਲਾਖਾਂ ਪਿੱਛੇ ਕਾਨੂੰਨੀ ਕਾਰਵਾਈ ਰਾਹੀਂ ਸਜ਼ਾਵਾਂ ਦਿਵਾਉਣਗੇ।

# ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜਾ ਪੰਜ ਮੈਂਬਰੀ ਕਮੇਟੀ ਵੱਲੋਂ 11 ਨੂੰ ਇਜਲਾਸ ਦੀ ਮੰਗ ਸਬੰਧੀ ਮਾਮਲਾ



ਅੰਮ੍ਰਿਤਸਰ, 4 ਅਗਸਤ (ਚ.ਨ.ਸ.): ਪੰਜ ਮੈਂਬਰੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਤੋਂ ਬਾਅਦ 26 ਜੁਲਾਈ ਨੂੰ ਪੱਤਰ ਦੇ ਕੇ ਸ਼੍ਰੋਮਣੀ ਕਮੇਟੀ ਪਾਸੋਂ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਜਨਰਲ ਇਜਲਾਸ ਕਰਨ ਦੀ ਜੋ ਮੰਗ ਕੀਤੀ ਸੀ, ਉਸ ਸਬੰਧੀ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਪਾਸੋਂ ਅਗਲੇ ਆਦੇਸ਼ ਦੀ ਮੰਗ ਕੀਤੀ ਹੈ। ਕਿਉਂਕਿ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜਿਆ ਹੈ, ਇਸ ਲਈ ਇਸ ਸਬੰਧੀ ਉੱਥੋਂ ਹੀ ਆਦੇਸ਼ ਆਉਣ ’ਤੇ ਅਗਲੇਰੀ ਕਾਰਵਾਈ ਕੀਤੀ ਜਾ ਸਕਦੀ ਹੈ। ਪੰਜ ਮੈਂਬਰੀ ਕਮੇਟੀ ਇਸ ਭਰਤੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ ਦਾ ਹੋਕਾ ਦੇ ਕੇ ਪ੍ਰਚਾਰਦੀ ਰਹੀ ਹੈ, ਜਿਸ ਦਰਮਿਆਨ ਕਮੇਟੀ ਦਾ ਦਾਅਵਾ ਹੈ ਕਿ 15 ਲੱਖ ਦੇ ਕਰੀਬ ਵਰਕਰਾਂ ਦੀ ਭਰਤੀ ਕੀਤੀ ਗਈ ਹੈ। ਇਸ ਤੋਂ ਬਾਅਦ ਕਮੇਟੀ ਵੱਲੋਂ ਡੈਲੀਗੇਟਾਂ ਦੀ ਚੋਣ ਵੀ ਕੀਤੀ ਗਈ ਹੈ, ਜਿਨ੍ਹਾਂ ਦੇ ਵਲੋਂ ਜਨਰਲ ਇਜਲਾਸ ਵਿੱਚ ਪ੍ਰਧਾਨ ਦੀ ਚੋਣ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਹੁਣ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜਣ ਕਾਰਨ ਪ੍ਰਧਾਨ ਦੀ ਚੋਣ ਵੀ ਲਟਕ ਸਕਦੀ ਹੈ। ਇਥੇ ਇਹ ਦੱਸਣਯੋਗ ਹੈ ਕਿ ਬੀਤੇ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਹੋਏ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੋ ਧੜਿਆਂ ਵਿਚ ਵੰਡਿਆ ਨਜ਼ਰ ਆ ਰਿਹਾ ਹੈ। ਸੁਖਬੀਰ ਸਿੰਘ ਬਾਦਲ ਧੜੇ ਵੱਲੋਂ ਹੋਏ ਹੁਕਮਨਾਮੇ ਤੋਂ ਬਾਅਦ ਭਰਤੀ ਕਰਕੇ ਪ੍ਰਕਿਰਿਆ ਨੂੰ ਪੂਰੀ ਕਰਦਿਆਂ 12 ਅਪ੍ਰੈਲ ਨੂੰ ਪ੍ਰਧਾਨ ਦੀ ਚੋਣ ਕਰਦਿਆਂ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨ ਚੁਣ ਲਿਆ ਸੀ। ਦੂਜੇ ਪਾਸੇ ਭਰਤੀ ਕਮੇਟੀ ਵੱਲੋਂ ਬੀਬੀ ਸਤਵੰਤ ਕੌਰ ਦੇ ਰਾਹੀਂ 11 ਅਗਸਤ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਦੀ ਮੰਗ ਵਾਲਾ ਬੇਨਤੀ ਪੱਤਰ ਸ਼੍ਰੋਮਣੀ ਕਮੇਟੀ ਨੂੰ ਸੌਂਪਿਆ ਸੀ, ਜਿਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜ ਦਿੱਤਾ ਹੈ। ਹੁਣ ਭਰਤੀ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਦੇਸ਼ ਦਾ ਇੰਤਜ਼ਾਰ ਕਰਨਾ ਪੈ ਸਕਦਾ ਹੈ। ਉਧਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਆਪਣੇ ਪਰਿਵਾਰਕ ਮੈਂਬਰ ਦੀ ਹੋਈ ਮੌਤ ਕਾਰਨ ਘਰ ਗਏ ਹੋਏ ਹਨ। ਜਥੇਦਾਰ ਅਜਿਹੇ ਸਮੇਂ ਪੰਥਕ ਰੁਝੇਵੇਂ ਛੱਡ ਕੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਸਮਾਂ ਬਤੀਤ ਕਰ ਰਹੇ ਹਨ। 10 ਅਗਸਤ ਨੂੰ ਭੋਗ ਤੋਂ ਬਾਅਦ ਹੀ ਉਹ ਸਕੱਤਰੇਤ ਵਿਖੇ ਆਉਣਗੇ ਤੇ ਇਸ ਮਾਮਲੇ ਦੀ ਅਗਲੀ ਕਾਰਵਾਈ ਆਰੰਭ ਕਰਨਗੇ।

# ਗਰਮਖਿਆਲੀਆਂ ਦਾ ਵਿਰੋਧ ਕਰਨ ਵਾਲੇ ਸੁੱਖੀ ਚਾਹਲ ਦੀ ਅਮਰੀਕਾ ’ਚ ਹੋਈ ਮੌਤ



ਕੈਲੀਫੋਰਨੀਆ, 4 ਅਗਸਤ (ਚ.ਨ.ਸ.): ਗਰਮਖਿਆਲੀਆਂ ਦਾ ਵਿਰੋਧ ਕਰਨ ਵਾਲੇ ਸੁੱਖੀ ਚਾਹਲ ਦੀ ਕੈਲੀਫੋਰਨੀਆ ’ਚ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ ਹੈ। ਸੁੱਖੀ ਚਾਹਲ ਅਮਰੀਕਾ ਵਿੱਚ ਕਾਰੋਬਾਰ ਕਰਦਾ ਸੀ ਅਤੇ ਉਹ ਅਕਸਰ ਗਰਮਖਿਆਲੀਆਂ ਵਿਰੁੱਧ ਬਿਆਨ ਦਿੰਦੇ ਰਹਿੰਦੇ ਸਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਉਸਨੇ ਅਮਰੀਕਾ ਵਿੱਚ ਗਰਮਖਿਆਲੀਆਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਸਨ। ਸੁੱਖੀ ਚਾਹਲ ਦੇ ਕਰੀਬੀ ਦੋਸਤ ਬੂਟਾ ਸਿੰਘ ਕਲੇਰ ਨੇ ਦੱਸਿਆ ਕਿ ਉਹਨਾਂ ਨੂੰ ਇੱਕ ਜਾਣਕਾਰ ਨੇ ਰਾਤ ਦੇ ਖਾਣੇ ਲਈ ਬੁਲਾਇਆ ਸੀ ਅਤੇ ਖਾਣਾ ਖਾਣ ਤੋਂ ਬਾਅਦ ਸੁੱਖੀ ਚਾਹਲ ਦੀ ਸਿਹਤ ਵਿਗੜ ਗਈ, ਜਿਸ ਤੋਂ ਬਾਅਦ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਸੁੱਖੀ ਚਾਹਲ ਦੀ ਅਚਾਨਕ ਹੋਈ ਮੌਤ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਗਰਮਖਿਆਲੀ ਅਕਸਰ ਹੀ ਖਾਲਸਾ ਟੂਡੇ ਦੇ ਸੰਸਥਾਪਕ ਅਤੇ ਸੀਈਓ ਸੁੱਖੀ ਚਾਹਲ ਨੂੰ ਧਮਕੀਆਂ ਦਿੰਦੇ ਰਹਿੰਦੇ ਸਨ। ਪਰ ਇਸ ਦੇ ਬਾਵਜੂਦ ਵੀ ਸੁੱਖੀ ਚਾਹਲ ਨਿਡਰਤਾ ਨਾਲ ਗਰਮਖਿਆਲੀਆਂ ਦੀ ਆਲੋਚਨਾ ਕਰਦੇ ਰਹਿੰਦੇ ਸਨ। ਸੁੱਖੀ ਦੇ ਕਰੀਬੀ ਦੋਸਤ ਬੂਟਾ ਸਿੰਘ ਕਲੇਰ ਨੇ ਦੱਸਿਆ ਕਿ ਉਹਨਾਂ ਦੀ ਮੌਤ ਤੋਂ ਬਾਅਦ ਭਾਰਤ ਦਾ ਸਮਰਥਨ ਕਰਨ ਵਾਲਿਆਂ ’ਚ ਸੋਗ ਦੀ ਲਹਿਰ ਫੈਲ ਗਈ ਹੈ। ਪੁਲਿਸ ਵੱਲੋਂ ਸੁੱਖੀ ਦੀ ਅਚਾਨਕ ਹੋਈ ਮੌਤ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਪੋਸਟ ਮਾਰਟਮ ਤੋਂ ਬਾਅਦ ਹੀ ਮੌਤ ਦੀ ਅਸਲ ਸਚਾਈ ਸਾਹਮਣੇ ਆਵੇਗੀ।

# ਬਰੈਂਪਟਨ ’ਚ ਪੰਜਾਬਣ ਦੀ ਸੜਕ ਹਾਦਸੇ ’ਚ ਮੌਤ



ਬਰੈਂਪਟਨ, 4 ਅਗਸਤ (ਚ.ਨ.ਸ.): ਕੈਨੇਡਾ ਤੋਂ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਇਥੇ ਪੰਜਾਬਣ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਮੇਨਬੀਰ ਕੌਰ (17) ਵਜੋਂ ਹੋਈ ਹੈ। ਮ੍ਰਿਤਕ ਜ਼ੀਰਾ ਨੇੜਲੇ ਪਿੰਡ ਬੋਤੀਆਂ ਵਾਲਾ ਦੀ ਵਸਨੀਕ ਸੀ। ਇਸ ਸਬੰਧੀ ਮ੍ਰਿਤਕ ਲੜਕੀ ਦੇ ਪਿਤਾ ਸਰਤਾਜ ਸਿੰਘ ਢਿੱਲੋਂ ਨੇ ਦੱਸਿਆ ਕਿ ਉਸ ਦੀ ਲੜਕੀ ਮੇਨਬੀਰ ਕੌਰ ਮਾਰਚ 2023 ਵਿਚ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਪੜ੍ਹਨ ਗਈ ਸੀ ਤੇ ਹੁਣ ਵਰਕ ਪਰਮਿਟ ਅਪਲਾਈ ਕਰਨਾ ਸੀ, ਇਹ ਘਟਨਾ ਵਾਪਰ ਗਈ। ਮ੍ਰਿਤਕਾ ਦੇ ਪਿਤਾ ਨੇ ਦੱਸਿਆ ਕਿ ਮੇਨਬੀਰ ਕੌਰ ਦੇ ਸਾਰੇ ਅੰਗ ਲੋੜਵੰਦਾਂ ਨੂੰ ਦਾਨ ਕੀਤੇ ਜਾਣਗੇ। ਮੇਨਬੀਰ ਦਾ ਅੰਤਿਮ ਸਸਕਾਰ ਸੋਮਵਾਰ ਅੱਜ 4 ਅਗਸਤ ਨੂੰ ਬਰੈਂਪਟਨ ਵਿਚ ਕੀਤਾ ਜਾਵੇਗਾ।

# ਪੰਜਾਬ ’ਚ ਨਸ਼ਾ ਖ਼ਤਮ ਕਰਨ ਲਈ ਸਰਕਾਰ ਵਚਨਬੱਧ: ਵਿਧਾਇਕ ਬੜਿੰਗ

ਅਮਲੋਹ, 4 ਅਗਸਤ (ਜਸਵੰਤ ਸਿੰਘ): ਅਮਲੋਹ ਹਲਕੇ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਅਮਲੋਹ ਦੇ ਵਾਰਡ ਨੰਬਰ 10 ਵਿੱਚ ਮੁਹੱਲਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਤਿਹਾਸਕ ਸ਼ਹਿਰ ਅਮਲੋਹ ਦੀਆਂ ਸਮੱਸਿਆਵਾਂ ਹੱਲ ਕਰ ਕੇ ਵਾਰਡ ਨੂੰ ਵਿਕਾਸ ਪੱਖੋਂ ਮੋਹਰੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਵਾਰਡ ਨੰਬਰ 10 ਵਿੱਚ ਆ ਰਹੀ ਸਮੱਸਿਆ ਦਾ ਮੁਕੰਮਲ ਹੱਲ ਕਰ ਦਿੱਤਾ ਹੈ ਅਤੇ ਜੇਕਰ ਕਿਸੇ ਵੀ ਸ਼ਹਿਰ ਵਾਸੀ ਨੂੰ ਕੋਈ ਮੁਸ਼ਕਲ ਆਵੇ ਤਾਂ ਉਨ੍ਹਾਂ ਦੇ ਧਿਆਨ ਵਿਚ ਲਿਆਂਦੀ ਜਾਵੇ, ਜਿਸ ਦਾ ਤੁਰੰਤ ਹੱਲ ਕੀਤਾ ਜਾਵੇਗਾ। ਉਨ੍ਹਾਂ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਵਿਚ ਲੋਕਾਂ ਨੂੰ ਸਹਿਯੋਗ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪੰਜਾਬ ਨੂੰ ਮੁਕੰਮਲ ਨਸ਼ਾ ਮੁਕਤ ਕਰਨ ਦਾ ਬੀੜਾ ਚੁਕਿਆ ਹੋਇਆ ਹੈ ਅਤੇ ਜਿਹੜੇ ਨੌਜਵਾਨ ਨਸ਼ਾ ਛੱਡਣਾ ਚਾਹੁੰਦੇ ਹਨ, ਉਨ੍ਹਾਂ ਨੂੰ ਮੁਫ਼ਤ ਇਲਾਜ ਦੇਣ ਉਪਰੰਤ ਸਵੈ-ਰੁਜ਼ਗਾਰ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਮੁਹੱਲਾ ਵਾਸੀਆਂ ਨੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਅਤੇ ਮਨੀ ਬੜਿੰਗ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਕੌਂਸਲ ਪ੍ਰਧਾਨ ਹਰਪ੍ਰੀਤ ਸਿੰਘ ਗੋਗੀ, ਸੀਨੀਅਰ ਮੀਤ ਪ੍ਰਧਾਨ ਵਿੱਕੀ ਮਿੱਤਲ, ਮੀਤ ਪ੍ਰਧਾਨ ਜਗਤਾਰ ਸਿੰਘ, ਕੌਂਸਲਰ ਲਵਪ੍ਰੀਤ ਸਿੰਘ, ਮੋਨੀ ਪੰਡਤ, ਸੁਸ਼ੀਲ ਪੰਡਤ, ਸੰਜੇ ਗਰਗ, ਅਜੇ ਗਰਗ, ਖੁਸ਼ਪ੍ਰੀਤ ਸਿੰਘ, ਅਭਿਸ਼ੇਕ ਵਰਮਾ, ਹੈਪੀ ਠੇਕੇਦਾਰ, ਦਿਨੇਸ਼ ਗੋਇਲ, ਆਸ਼ੂ ਜਿੰਦਲ, ਪਰਵੀਨ ਸਿੰਘ, ਸ਼ਾਮ ਲਾਲ ਗਰਗ, ਦਿਨੇਸ਼ ਗਰਗ, ਦਰਸ਼ਨ ਗਰਗ, ਭੂਸ਼ਣ ਬਾਂਸਲ, ਅਸ਼ੋਕ ਮੋਦੀ, ਸੁਨੀਲ ਗੋਇਲ, ਗੋਪਾਲ ਕ੍ਰਿਸ਼ਨ ਗਰਗ, ਦਰਸ਼ਨ ਨਿਟਵਾ, ਰਾਮ ਸਰੂਪ ਗਰਗ, ਸੁਸ਼ੀਲ ਗਰਗ, ਵਿਪਨ ਸ਼ਰਮਾ, ਕਾਲਾ ਅਵਿਨਾਸ਼ ਪੁਰੀ, ਪਰਮੇਸ਼ ਰਾਣੀ, ਪੁਸ਼ਪਾ ਦੇਵੀ, ਨੀਲਮ ਰਾਣੀ, ਪ੍ਰਿਅੰਕਾ ਗਰਗ, ਯਸ਼ਿਕਾ ਗਰਗ, ਰਿਤੂ ਵਰਮਾ, ਰਿਤੂ ਗੋਇਲ, ਰਿਤੂ ਗਰਗ, ਮੀਨੂੰ, ਜੋਤੀ, ਕਨਿਸ਼ਕਾ, ਰਾਘਵ ਗਰਗ, ਹਿਮਾਗ ਕੁਮਾਰ ਅਤੇ ਮਿਨਲ ਕੁਮਾਰ ਆਦਿ ਮੌਜੂਦ ਸਨ।



## ਇੱਕ ਹੋਰ ਨਵ-ਵਿਆਹੀ ਕੁੜੀ ਚੜ੍ਹੀ ਦਾਜ ਦੀ ਬਲੀ

# ਨਵ-ਵਿਆਹੀ ਕੁੜੀ ਦੀ ਸ਼ੱਕੀ ਹਾਲਤ ’ਚ ਮੌਤ

ਪੱਟੀ, 4 ਅਗਸਤ (ਚ.ਨ.ਸ.): ਜ਼ਿਲ੍ਹਾ ਤਰਨਤਾਰਨ ਦੇ ਪੱਟੀ ਤੋਂ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇਥੇ ਇਕ ਨਵ-ਵਿਆਹੀ ਕੁੜੀ ਦਾਜ ਦੀ ਬਲੀ ਚੜ੍ਹ ਗਈ। ਪੁਲਿਸ ਥਾਣਾ ਸਿਟੀ ਪੱਟੀ ਅਧੀਨ ਪੈਂਦੇ ਪਿੰਡ ਸਰਾਲੀ ਮੰਡ ਵਿਖੇ ਨਵ-ਵਿਆਹੀ ਕੁੜੀ ਦੀ ਸ਼ੱਕੀ ਹਾਲਤ ਵਿਚ ਮੌਤ ਹੋ ਗਈ। ਸਹੁਰੇ ਪਰਿਵਾਰ ’ਤੇ ਨਵ-ਵਿਆਹੀ ਕੁੜੀ ਨੂੰ ਫਾਹਾ ਦੇ ਕੇ ਮਾਰਨ ਦੇ ਦੋਸ਼ ਲਗਾਏ ਗਏ ਹਨ। ਮ੍ਰਿਤਕਾ ਦੀ ਪਛਾਣ ਨਵਨੀਤ ਕੌਰ ਪੁੱਤਰੀ ਮਹਿੰਗਾ ਸਿੰਘ ਵਾਸੀ ਕੋਟ ਬੁੱਢਾ ਵਜੋਂ ਹੋਈ ਹੈ। ਪੁਲਿਸ ਨੇ ਲਾਸ਼ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਥਾਣਾ ਸਿਟੀ ਪੱਟੀ ਦੇ ਮੁਖੀ ਇੰਸ. ਕਵਲਜੀਤ ਰਾਏ ਨੇ ਦੱਸਿਆ ਕਿ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਮਹਿੰਗਾ ਸਿੰਘ ਪੁੱਤਰ ਜਗਰੂਪ ਸਿੰਘ ਵਾਸੀ ਕੋਟ ਦੁਸੰਦੀ ਮੱਲ ਨੇ ਦੱਸਿਆ ਕਿ ਕਰੀਬ 7 ਮਹੀਨੇ ਪਹਿਲਾਂ ਉਸ ਦੀ ਕੁੜੀ ਦਾ ਵਿਆਹ ਹਰਵਿੰਦਰ ਸਿੰਘ ਪੁੱਤਰ ਹੀਰਾ ਸਿੰਘ ਵਾਸੀ ਸਰਾਲੀ ਮੰਡ ਨਾਲ ਹੋਇਆ ਸੀ। ਕਰੀਬ 7 ਮਹੀਨੇ ਬਾਅਦ 01 ਅਗਸਤ ਨੂੰ ਦਿਲਬਾਗ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਸਰਾਲੀ ਮੰਡ ਦਾ ਫੋਨ ਆਇਆ ਕਿ ਨਵਨੀਤ ਕੌਰ ਨੀਤੂ ਤੇ ਹਰਵਿੰਦਰ ਸਿੰਘ ਆਪਸ ਵਿੱਚ ਲੜਦੇ-ਝਗੜਦੇ ਰਹਿੰਦੇ ਹਨ। ਉਸੇ ਦਿਨ ਅਗਸਤ ਨੂੰ ਕੁੜੀ ਨਵਨੀਤ ਕੌਰ ਨੇ ਦੱਸਿਆ ਕਿ ਉਸ ਦਾ ਚਾਚਾ ਸਹੁਰਾ ਦਿਲਬਾਗ ਸਿੰਘ ਤੇ ਉਸ ਦਾ ਪਤੀ ਹਰਵਿੰਦਰ ਸਿੰਘ ਨਵਨੀਤ ਦੀ ਕੁੱਟਮਾਰ ਕਰਦੇ ਹਨ। ਮੈਨੂੰ ਲੈ ਜਾਓ ਅਤੇ ਉਸ ਨੇ ਕਿਹਾ ਕਿ ਮੈਂ ਆ ਕੇ ਦੱਸਾਂਗੀ, ਜਿਸ ’ਤੇ ਮੈਂ ਕਿਹਾ ਕਿ ਕੱਲ੍ਹ ਆ ਕੇ ਤੈਨੂੰ ਲੈ ਜਾਵਾਂਗਾ। ਇਸ ਤੋਂ ਬਾਅਦ ਪਤਾ ਲੱਗਾ ਕਿ ਕੁੜੀ ਦੇ ਸਹੁਰੇ ਪਰਿਵਾਰ ਵਾਲੇ ਉਸ ਨੂੰ ਦਾਜ ਖ਼ਾਤਰ ਤੰਗ ਪ੍ਰੇਸ਼ਾਨ ਕਰਦੇ ਸਨ ਅਤੇ ਦੋ ਅਗਸਤ ਨੂੰ ਨਵਨੀਤ ਕੌਰ ਦੇ ਸਹੁਰੇ ਪਰਿਵਾਰ ਵੱਲੋਂ ਫੋਨ ਆਇਆ ਕਿ ਨਵਨੀਤ ਦੀ ਫਾਹਾ ਲੈਣ ਨਾਲ ਮੌਤ ਹੋ ਗਈ ਹੈ। ਮਹਿੰਗਾ ਸਿੰਘ ਨੇ ਦੱਸਿਆ ਕਿ ਉਹ ਆਪਣੇ ਚਾਚੇ ਦੇ ਮੁੰਡੇ ਗੁਰਮੀਤ ਸਿੰਘ ਸਾਬਕਾ ਥਾਣੇਦਾਰ ਨੂੰ ਨਾਲ ਲੈ ਕੇ ਸਰਾਲੀ ਮੰਡ ਪਹੁੰਚੇ ਤਾਂ ਵੇਖਿਆ ਕਿ ਨਵਨੀਤ ਕੌਰ ਦੀ ਲਾਸ਼ ਕਮਰੇ ਵਿੱਚ ਬੈੱਡ ’ਤੇ ਪਈ ਸੀ। ਜਿਸ ਦੇ ਗਲ, ਖੱਬੇ ਗੋਡੇ ਅਤੇ ਲੱਕ ਵਿੱਚ ਨੀਲ ਦੇ ਨਿਸ਼ਾਨ ਪਏ ਸਨ ਅਤੇ ਲਾਸ਼ ਨੇੜੇ ਲਾਲ ਰੰਗ ਦਾ ਪਰਨਾ ਪਿਆ ਸੀ। ਮੁੱਦਈ ਨੇ ਕਿਹਾ ਕਿ ਇਸ ਸਾਰੀ ਘਟਨਾ ਨੂੰ ਨਵਨੀਤ ਕੌਰ ਦੇ ਪਤੀ ਹਰਵਿੰਦਰ ਸਿੰਘ ਅਤੇ ਉਸ ਦੇ ਚਾਚੇ ਸਹੁਰੇ ਦਿਲਬਾਗ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਸਰਾਲੀ ਮੰਡ ਨੇ ਅੰਜਾਮ ਦਿੱਤਾ ਹੈ। ਨਵਨੀਤ ਕੌਰ ਦਾ ਗਲਾ ਘੁੱਟ ਕੇ ਕਤਲ ਕੀਤਾ ਗਿਆ ਹੈ। ਪੁਲਿਸ ਨੇ ਲਾਸ਼ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀ ਹੈ। ਇਸ ਘਟਨਾ ਦੇ ਜਾਂਚ ਅਧਿਕਾਰੀ ਬਲਬੀਰ ਸਿੰਘ ਇੰਚਾਰਜ ਪੁਲਿਸ ਚੌਂਕੀ ਨੇ ਕਿਹਾ ਕਿ ਮੁੱਦਈ ਦੇ ਬਿਆਨਾਂ ’ਤੇ ਹਰਵਿੰਦਰ ਸਿੰਘ ਅਤੇ ਉਸ ਦੇ ਚਾਚੇ ਦਿਲਬਾਗ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰਕੇ ਹਿਰਾਸਤ ਵਿੱਚ ਲੈਣ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਹਲਕਾ ਫ਼ਿਰੋਜ਼ਪੁਰ ਸ਼ਹਿਰੀ ਦੇ 31 ਪਿੰਡਾਂ ’ਚ ਕਰੀਬ 8.10 ਕਰੋੜ ਰੁਪਏ ਦੀ ਲਾਗਤ ਨਾਲ ਬਣਨਗੇ ਮਾਡਲ ਖੇਡ ਮੈਦਾਨ: ਵਿਧਾਇਕ ਭੁੱਲਰ



ਫ਼ਿਰੋਜ਼ਪੁਰ, 4 ਅਗਸਤ (ਤਿਵਾੜੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਵਧਾਵਾ ਦੇਣ ਦੀ ਦਿਸ਼ਾ ਵੱਲ ਵੱਡਾ ਕਦਮ ਪੁੱਟਦੇ ਹੋਏ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਦੇ 31 ਪਿੰਡਾਂ ਦੇ ਵਿੱਚ 8.10 ਕਰੋੜ ਰੁਪਏ ਦੀ ਲਾਗਤ ਨਾਲ ਮਾਡਲ ਖੇਡ ਮੈਦਾਨ ਬਣਾਏ ਜਾਣਗੇ। ਇਹ ਜਾਣਕਾਰੀ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਰਾਜ ਪੱਧਰ ’ਤੇ 13 ਹਜ਼ਾਰ ਪਿੰਡਾਂ ’ਚ ਅਤਿ-ਆਧੁਨਿਕ ਖੇਡ ਮੈਦਾਨਾਂ ਦੀ ਉਸਾਰੀ ਦੀ ਘੋਸ਼ਣਾ ਕੀਤੀ ਗਈ ਹੈ, ਜਿਸ ਤਹਿਤ ਫਿਰੋਜ਼ਪੁਰ ਸ਼ਹਿਰੀ ਹਲਕੇ ਅਧੀਨ 31 ਪਿੰਡਾਂ ਵਿੱਚ ਵੀ ਮਾਡਲ ਖੇਡ ਮੈਦਾਨ ਬਣਾਏ ਜਾਣੇ ਹਨ। ਉਨ੍ਹਾਂ ਦੱਸਿਆ ਕਿ ਨੌਜਵਾਨਾਂ ਨੂੰ ਸਿਹਤਮੰਦ ਗਤੀਵਿਧੀਆਂ ਤੇ ਖੇਡਾਂ ਨਾਲ ਜੋੜਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਕਰੋੜਾਂ ਰੁਪਏ ਦੀ ਰਾਸ਼ੀ ਦੇ ਨਾਲ ਮਾਡਲ ਖੇਡ ਮੈਦਾਨ ਤਿਆਰ ਕੀਤੇ ਜਾਣਗੇ। ਇਨ੍ਹਾਂ ਖੇਡ ਸਟੇਡੀਅਮਾਂ ਅਤੇ ਖੇਡ ਮੈਦਾਨਾਂ ਵਿੱਚ ਸੂਬੇ ਦੇ ਜੋ ਖਿਡਾਰੀ ਨੈਸ਼ਨਲ ਜਾਂ ਇੰਟਰਨੈਸ਼ਨਲ ਖੇਡਾਂ ਵਿੱਚ ਮੱਲਾਂ ਮਾਰ ਚੁੱਕੇ ਹਨ, ਉਨ੍ਹਾਂ ਖਿਡਾਰੀਆਂ ਨੂੰ ਕੋਚ ਦੇ ਤੌਰ ’ਤੇ ਰੱਖਿਆ ਜਾਵੇਗਾ। ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਦੱਸਿਆ ਕਿ ਫਿਰੋਜ਼ਪੁਰ ਸ਼ਹਿਰੀ ਹਲਕੇ ਅਧੀਨ ਪੈਂਦੇ ਪਿੰਡ ਅਲੀ ਕੇ ਵਿਖੇ 19.49 ਲੱਖ, ਆਰਿਫ ਕੇ ਵਿਖੇ 12.69 ਲੱਖ, ਆਸਲ ਵਿਖੇ 14.22 ਲੱਖ ਅਟਾਰੀ ਵਿਖੇ 29.66 ਲੱਖ, ਬੱਗੇ ਕੇ ਖੁਰਦ ਵਿਖੇ 22.76 ਲੱਖ, ਬੱਗੇ ਕੇ ਪਿੱਪਲ ਵਿਖੇ 21.76 ਲੱਖ, ਬੰਡਾਲਾ ਵਿਖੇ 42.72 ਲੱਖ, ਬਸਤੀ ਭਾਣ ਸਿੰਘ ਵਿਖੇ 14.17 ਲੱਖ, ਬਸਤੀ ਵਕੀਲਾਂ ਵਾਲੀ ਵਿਖੇ 53.59 ਲੱਖ, ਦੁਲਚੀ ਕੇ ਵਿਖੇ 49.27 ਲੱਖ, ਗੋਖੀ ਵਾਲਾ ਵਿਖੇ 27.95 ਲੱਖ, ਗੁਰਦਿਤੀ ਵਾਲਾ ਵਿਖੇ 44.19 ਲੱਖ, ਹਬੀਬ ਕੇ ਵਿਖੇ 22.16 ਲੱਖ, ਜੈਮਲ ਵਾਲਾ ਵਿਖੇ 18.02 ਲੱਖ, ਕਾਮਲ ਵਾਲਾ ਵਿਖੇ 19.10 ਲੱਖ, ਕਾਮਲ ਵਾਲਾ ਖੁਰਦ ਵਿਖੇ 24.77 ਲੱਖ, ਖਾਈ ਵਿਖੇ 1 ਕਰੋੜ 11 ਲੱਖ 43 ਹਜ਼ਾਰ, ਖਿਲਚੀ ਕਦੀਮ ਵਿਖੇ 12.05 ਲੱਖ, ਖੁਸ਼ਹਾਲ ਸਿੰਘ ਵਾਲਾ ਵਿਖੇ 19.13 ਲੱਖ, ਰੱਜੀ ਵਾਲਾ ਵਿਖੇ 32.11 ਲੱਖ, ਰੁਕਨੇ ਵਾਲਾ ਵਿਖੇ 12.71 ਲੱਖ, ਸ਼ਾਹਦੀਨ ਵਾਲਾ ਵਿਖੇ 12.71 ਲੱਖ, ਸੋਢੇ ਵਾਲਾ ਵਿਖੇ 29.65 ਲੱਖ, ਚੂੜੀ ਵਾਲਾ ਵਿਖੇ 19.49 ਲੱਖ, ਗੱਟੀ ਰਾਜੋ ਕੇ ਵਿਖੇ 17.48 ਲੱਖ ਰੁਪਏ ਦੀ ਲਾਗਤ ਦੇ ਨਾਲ ਮਾਡਲ ਖੇਡ ਸਟੇਡੀਅਮ ਬਣਾਏ ਜਾਣਗੇ।

# ਪ੍ਰਧਾਨ ਓਂਕਾਰ ਸਿੰਘ ਸ਼ੇਰੇ ਪੰਜਾਬ ਦੇ ਗ੍ਰਹਿ ਵਿਖੇ ਗੁਰਮਤਿ ਸਮਾਗਮ



ਭੋਗਪੁਰ, 4 ਅਗਸਤ (ਅਮਰਜੀਤ ਸਿੰਘ ਸੈਣੀ ਜੰਡੀਰ): ਗੁਰਦੁਆਰਾ ਗੁਰੂ ਨਾਨਕ ਯਾਦਗਾਰ ਭੋਗਪੁਰ ਦੇ ਪ੍ਰਧਾਨ ਓਂਕਾਰ ਸਿੰਘ ਸ਼ੇਰੇ ਪੰਜਾਬ ਦੇ ਗ੍ਰਹਿ ਗੁਰਮਤਿ ਸਮਾਗਮ ਕਰਵਾਏ ਗਏ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ, ਕੀਰਤਨ ਦਰਬਾਰ ਸਜਾਏ ਗਏ। ਵੱਖ ਵੱਖ ਕੀਰਤਨੀ ਜਥਿਆਂ ਨੇ ਨਿਰੋਲ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਪ੍ਰਭੂ ਚਰਨਾਂ ਨਾਲ ਜੋੜਨਾ ਕੀਤਾ, ਕੀਰਤਨੀ ਜੱਥਾ ਬੀਬੀ ਮਨਜੀਤ ਕੌਰ ਟਾਂਡੇ ਵਾਲੇ, ਬੀਬੀ ਬਲਵੀਰ ਕੌਰ ਲੜੋਏ ਵਾਲੇ ਅਤੇ ਸ੍ਰੀ ਸੁਖਮਨੀ ਸਾਹਿਬ ਸੋਸਾਇਟੀ ਬੀਬੀ ਜਸਵਿੰਦਰ ਕੌਰ, ਬੀਬੀ ਸਿਮਰਨ ਕੌਰ, ਬੀਬੀ ਸਤਨਾਮ ਕੌਰ ਅਤੇ ਬੀਬੀ ਰਾਣੀ ਆਦਿ ਸੰਗਤਾਂ ਨੇ ਹਾਜ਼ਰੀਆਂ ਭਰੀਆਂ, ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਪਰਿਵਾਰ ਦੇ ਵਡੇਰਿਆਂ ਦੀਆਂ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ, ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ’ਤੇ ਪ੍ਰਧਾਨ ਓਂਕਾਰ ਸਿੰਘ ਸ਼ੇਰੇ ਪੰਜਾਬ ਨੇ ਗੁਰਬਾਣੀ ਅਨੁਸਾਰ ਕਥਾ ਵਿਚਾਰ ਕਰਕੇ ਸੰਗਤਾਂ ਨੂੰ ਪ੍ਰਭੂ ਚਰਨਾਂ ਨਾਲ ਜੋੜਨਾ ਕੀਤਾ। ਇਸ ਮੌਕੇ ’ਤੇ ਬਲਦੇਵ ਸਿੰਘ, ਪਰਮਜੀਤ ਕੌਰ, ਅਮਰਜੀਤ ਸਿੰਘ, ਜਸਕਰਨ ਸਿੰਘ, ਸੁਰਿੰਦਰ ਸਿੰਘ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਚੱਕਵਾਲ ਵਿਖੇ ਲੱਗੀਆਂ ਤੀਜ ਦੇ ਤਿਉਹਾਰ ਦੀਆਂ ਰੌਣਕਾਂ



ਮੁਕੇਰੀਆਂ, 4 ਅਗਸਤ (ਧਰਮ ਚੰਦ): ਪੰਜਾਬੀ ਰਵਾਇਤ ਤੇ ਸੱਭਿਆਚਾਰ ਨੂੰ ਜੀਵੰਤ ਰੱਖਣ ਲਈ ਮੁਕੇਰੀਆਂ ਦੇ ਪਿੰਡ ਚੱਕਵਾਲ ਵਿਖੇ ਪਿੰਡ ਦੇ ਸਰਪੰਚ ਜਸਵੀਰ ਸਿੰਘ, ਪੰਚਾਇਤ ਮੈਂਬਰ ਤੇ ਸਮਾਜ ਸੇਵਿਕਾ ਗੁਰਮੀਤ ਕੌਰ ਤੇ ਪੰਚਾਇਤ ਮੈਂਬਰ ਮੀਨੂੰ ਦੇ ਵਿਸ਼ੇਸ਼ ਉਪਰਾਲੇ ਦੇ ਨਾਲ ਤੀਜ ਦਾ ਤਿਉਹਾਰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪੰਜਾਬੀ ਰਵਾਇਤੀ ਪਹਿਰਾਵੇ ਵਿੱਚ ਸੱਜ ਧੱਜ ਕੇ ਪਿੰਡ ਦੀਆਂ ਲੜਕੀਆਂ, ਬੱਚਿਆਂ ਤੇ ਮਹਿਲਾਵਾਂ ਵੱਲੋਂ ਗਿੱਧਾ, ਲੋਕ ਗੀਤ, ਭੰਗੜਾ ਤੇ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀਆਂ ਵੰਨਗੀਆਂ ਪੇਸ਼ ਕੀਤੀਆਂ, ਜਿਸਨੇ ਇਕੱਤਰਤਾ ਦਾ ਮੰਨ ਮੋਹਿਆ। ਲੜਕੀਆਂ ਤੇ ਮਹਿਲਾਵਾਂ ਵੱਲੋਂ ਟੋਲੀਆਂ ਬਣਾ ਪੇਸ਼ ਕੀਤੇ। ਗਿੱਧੇ ਨੇ ਖ਼ੂਬ ਰੰਗ ਬਿਖੇਰੇ ਜਦਕਿ ਛੋਟੇ ਬੱਚਿਆਂ ਨੇ ਭੰਗੜੇ ਦੀ ਪੇਸ਼ਕਾਰੀ ਕਰ ਕੇ ਉਤਸ਼ਾਹ ਦਿਖਾਇਆ। ਪੀਂਘਾਂ, ਮਹਿੰਦੀ, ਚੂੜੀਆਂ ਪ੍ਰੰਪਰਾਗਤ ਗਹਿਣੇ, ਰੰਗੀਨ ਦੁਪੱਟਿਆਂ ਤੇ ਫੁਲਕਾਰੀਆਂ ਨਾਲ ਸੱਜੀ ਪਿੰਡ ਦੀ ਸਰਾਂ ਮੇਲੇ ਦਾ ਅਹਿਸਾਸ ਕਰਵਾ ਰਹੀ ਸੀ। ਇਸ ਮੌਕੇ ਪੰਚਾਇਤ ਮੈਂਬਰ ਗੁਰਮੀਤ ਕੌਰ ਤੇ ਸਰਪੰਚ ਜਸਵੀਰ ਸਿੰਘ ਹੋਰਾਂ ਇਕੱਤਰ ਮਹਿਲਾਵਾਂ ਅਤੇ ਪਿੰਡ ਵਾਸੀਆਂ ਨੂੰ ਤੀਜ ਦੇ ਤਿਉਹਾਰ ਦੀ ਵਿਸ਼ੇਸ਼ਤਾ ਦੱਸਦੇ ਹੋਏ ਇਸ ਆਯੋਜਨ ਨੂੰ ਸਫਲ ਬਣਾਉਣ ਲਈ ਸਮੂਹ ਪਿੰਡ ਵਾਸੀਆਂ ਨੂੰ ਵਧਾਈ ਦਿੱਤੀ ਤੇ ਪੰਜਾਬੀ ਵਿਰਸੇ ਨੂੰ ਜੀਵੰਤ ਰੱਖਣ ਲਈ ਅੱਗੇ ਤੋਂ ਵੀ ਸਮੇਂ ਸਮੇਂ ਸਿਰ ਅਜਿਹੇ ਅਯੋਜਨ ਕਰਵਾਉਂਦੇ ਰਹਿਣ ਦੀ ਗੱਲ ਆਖੀ। ਇਸ ਮੌਕੇ ਸੀਤਾ ਰਾਣੀ, ਪਿੰਕੀ, ਸਵਿਤਾ, ਸੁਦੇਸ਼, ਰਾਣੀ, ਮੰਜੂ, ਨੀਲਮ, ਰਾਧਾ, ਰੱਜੂ, ਪਿਆ, ਅਮਨ, ਸ਼ਿਵਾਨੀ, ਦਰਸ਼ਨ ਕੌਰ, ਵਿਮਲਾ, ਸੁਮਨ ਰਜਨੀ, ਸ਼ਿਲਪਾ, ਪੀਨੂ, ਰੋਜ਼ੀ, ਨੀਸ਼ਾ, ਰਜਨੀ ਤੇ ਸਮੂਹ ਪਿੰਡ ਵਾਸੀ ਹਾਜ਼ਰ ਸਨ।

# ਆਮ ਆਦਮੀ ਕਲੀਨਿਕਾਂ ’ਚ ਵਟਸਐਪ ਚੈਟਬੋਟ ਸੁਵਿਧਾ ਨਾਲ ਹੋਵੇਗਾ ਵੱਡਾ ਫਾਇਦਾ: ਪੂਜਾ ਲੂਥਰਾ ਸੱਚਦੇਵਾ



ਫ਼ਾਜ਼ਿਲਕਾ, 4 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਸਰਕਾਰ ਨੇ ਸੂਬੇ ਦੇ ਸਿਹਤ ਖੇਤਰ ’ਚ ਇਕ ਵੱਡਾ ਇਤਿਹਾਸਕ ਕਦਮ ਚੁੱਕਦਿਆਂ ਆਮ ਆਦਮੀ ਕਲੀਨਿਕਾਂ ਲਈ ਵਟਸਐਪ ਚੈਟਬੋਟ ਦੀ ਸ਼ੁਰੂਆਤ ਕੀਤੀ ਹੈ। ਇਸ ਪਹਿਲਕਦਮੀ ਨੂੰ ਸ਼ਲਾਘਾਯੋਗ ਕਦਮ ਦੱਸਦਿਆਂ ਆਮ ਆਦਮੀ ਪਾਰਟੀ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਤੇ ਕੌਂਸਲਰ ਪੂਜਾ ਲੂਥਰਾ ਸਚਦੇਵਾ ਨੇ ਦੱਸਿਆ ਕਿ ਹੁਣ ਸੂਬੇ ਦੇ ਸਾਰੇ 881 ਆਮ ਆਦਮੀ ਕਲੀਨਿਕਾਂ ਨੂੰ ਨਵੀਂ ਤਕਨੀਕ ਨਾਲ ਜੋੜ ਦਿੱਤਾ ਗਿਆ ਹੈ, ਜਿਸ ਦਾ ਸਿੱਧਾ ਫ਼ਾਇਦਾ ਲੱਖਾਂ ਮਰੀਜ਼ਾਂ ਨੂੰ ਹੋਵੇਗਾ। ਉਨ੍ਹਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਮਾਨ ਵੱਲੋਂ ਬੀਤੇ ਦਿਨੀਂ ਚੰਡੀਗੜ੍ਹ ਵਿਖੇ ਇਹ ਐਪ ਲਾਂਚ ਕੀਤੀ ਗਈ। ਪੂਜਾ ਲੂਥਰਾ ਸਚਦੇਵਾ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਕਦਮ ਸੂਬੇ ਦੀ ਜਨਤਾ ਲਈ ਸਿਹਤ ਸੇਵਾਵਾਂ ਨੂੰ ਹੋਰ ਪਾਰਦਰਸ਼ੀ ਅਤੇ ਸੁਵਿਧਾਜਨਕ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਯਤਨ ਹੈ। ਪੰਜਾਬ ’ਚ 90 ਫ਼ੀਸਦੀ ਤੋਂ ਵੱਧ ਲੋਕਾਂ ਕੋਲ ਸਮਾਰਟਫੋਨ ਹਨ ਤੇ ਉਹ ਵਟਸਐਪ ਦੀ ਵਰਤੋਂ ਕਰਦੇ ਹਨ। ਵਟਸਐਪ ਚੈਟਬੋਟ ਦੀ ਸਹੂਲਤ ਨਾਲ ਮਰੀਜ਼ ਆਪਣੇ ਮੋਬਾਈਲ ਫੋਨਾਂ ਰਾਹੀਂ ਕਿਸੇ ਵੀ ਸਮੇਂ ਕਲੀਨਿਕਾਂ ਨਾਲ ਜੁੜ ਸਕਣਗੇ। ਇਹ ਚੈਟਬੋਟ ਮਰੀਜ਼ਾਂ ਨੂੰ ਨੇੜਲੇ ਕਲੀਨਿਕ ਦੀ ਜਾਣਕਾਰੀ, ਡਾਕਟਰਾਂ ਦੀ ਉਪਲਬਧਤਾ, ਅਪਾਇੰਟਮੈਂਟ ਬੁੱਕ ਕਰਨ ਤੇ ਮੁਢਲੀ ਸਿਹਤ ਸਬੰਧੀ ਸਲਾਹ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ। ਪੂਜਾ ਲੂਥਰਾ ਸਚਦੇਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਸਿਹਤ ਤੇ ਸਿੱਖਿਆ ਵਰਗੇ ਮਹੱਤਵਪੂਰਨ ਖੇਤਰਾਂ ਵਿੱਚ ਨਿਰੰਤਰ ਸੁਧਾਰ ਕਰ ਰਹੀ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਚੈਟਬੋਟ ਸਿਸਟਮ ਸੂਬੇ ਦੇ ਸਿਹਤ ਢਾਂਚੇ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਲੋਕਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਵਿੱਚ ਵੀ ਯੋਗਦਾਨ ਪਾਵੇਗਾ।

# ਪਿਮਟ ’ਚ 2 ਮਹੀਨੇ ਚੱਲਣ ਵਾਲਾ ਇਨ-ਹਾਊਸ ਸਮਰ ਇੰਟਰਨਸ਼ਿਪ ਪ੍ਰੋਗਰਾਮ ਸਫ਼ਲਤਾ ਪੂਰਵਕ ਸੰਪੰਨ



ਮੰਡੀ ਗੋਬਿੰਦਗੜ੍ਹ, 4 ਅਗਸਤ (ਸੂਦ): ਪੰਜਾਬ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਅਲੌੜ੍ਹ ਦੇ ਚੇਅਰਮੈਨ ਨਰੇਸ਼ ਕੁਮਾਰ ਅਗਰਵਾਲ ਅਤੇ ਕਾਰਜਕਾਰੀ ਨਿਰਦੇਸ਼ਕ ਕੁਲਦੀਪ ਸਿੰਘ ਸੇਖੋਂ ਦੀ ਅਗਵਾਈ ਹੇਠ 2 ਮਹੀਨੇ ਦਾ ਇਨ-ਹਾਊਸ ਸਮਰ ਇੰਟਰਨਸ਼ਿਪ ਪ੍ਰੋਗਰਾਮ ‘ਇਨ-ਹਾਊਸ ਸਮਰ ਇੰਟਰਨਸ਼ਿਪ’ ਸਫਲਤਾ ਪੂਰਵਕ ਪੂਰਾ ਹੋ ਗਿਆ, ਜਿਸ ਦਾ ਉਦੇਸ਼ ਵਿਦਿਆਰਥੀਆਂ ਦੇ ਵਿਹਾਰਕ ਹੁਨਰ ਤੇ ਗਿਆਨ ਨੂੰ ਵਿਕਸਤ ਕਰਨਾ ਤੇ ਯੋਗਿਕ ਤਿਆਰੀ ਨੂੰ ਵਧਾਉਣਾ ਹੈ। ਸੰਸਥਾ ਦੇ ਵਿਦਿਆਰਥੀਆਂ ਤੋਂ ਇਲਾਵਾ ਗੋਬਿੰਦਗੜ੍ਹ ਪਬਲਿਕ ਕਾਲਜ ਤੇ ਏ.ਐਸ. ਕਾਲਜ ਵੂਮੈਨ ਖੰਨਾ ਦੇ 70 ਵਿਦਿਆਰਥੀਆਂ ਨੇ ਇਸ ਇੰਟਰਨਸ਼ਿਪ ਵਿੱਚ ਹਿੱਸਾ ਲਿਆ। ਸਮਰ ਇੰਟਰਨਸ਼ਿਪ ਬੀਸੀਏ-ਪਹਿਲੇ ਸਾਲ ਦੇ ਵਿਦਿਆਰਥੀਆਂ ਨੂੰ ਸੀ ਪ੍ਰੋਗਰਾਮਿੰਗ ਤੇ ਐਚਟੀਐਮਐਲ ਵਿੱਚ ਇੰਟਰਨਸ਼ਿਪ ਪ੍ਰਦਾਨ ਕੀਤੀ ਜੋ ਪਲੇਸਮੈਂਟ-ਕੁੰਜੀ ਹੁਨਰਾਂ ’ਤੇ ਕੇਂਦ੍ਰਿਤ ਸੀ। ਬੀਸੀਏ ਭਾਗ ਦੂਜਾ ਤੇ ਐਮਸੀਏ ਭਾਗ ਦੂਜਾ ਦੇ ਵਿਦਿਆਰਥੀ ਪ੍ਰੋਗਰਾਮਿੰਗ, ਐਚਟੀਐਮਐਲ, ਸੀਐਸਐਸ ਸਿੱਖਦੇ ਹਨ, ਜਾਵਾ ਸਕ੍ਰਿਪਟ ਤੇ ਡੀਬੀਐਮਐਸ ਵਿੱਚ ਇੰਟਰਨਸ਼ਿਪ ਪ੍ਰਦਾਨ ਕੀਤੀ ਜਾਂਦੀ ਹੈ, ਬੀਬੀਏ-II ਸਾਲ 1 ਦੇ ਵਿਦਿਆਰਥੀਆਂ ਨੂੰ ਟੈਲੀਓਲੋਜੀ ਤੇ ਪਿਕੁਐਂਸੀ ਸਿਖਾਈ ਗਈ ਜੋ ਕਿ ਵਿੱਤੀ ਪੇਸ਼ੇਵਰਾਂ ਦੁਆਰਾ ਵਰਤੀ ਜਾਂਦੀ ਹੈ। ਇੰਟਰਨਸ਼ਿਪ ਦੇ ਸਫਲਤਾ ਪੂਰਵਕ ਸੰਪੂਰਨਤਾ ਦੇ ਆਧਾਰ ’ਤੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਵਿਦਿਆਰਥੀਆਂ ਨੇ ਕਿਹਾ ਕਿ ਇੰਟਰਨਸ਼ਿਪ ਉਨ੍ਹਾਂ ਨੂੰ ਪੇਸ਼ੇਵਰ ਤੌਰ ’ਤੇ ਵਧਣ ਤੇ ਉਨ੍ਹਾਂ ਦੇ ਹੁਨਰਾਂ ਨੂੰ ਨਿਖਾਰਨ ਵਿੱਚ ਮਦਦ ਕਰੇਗੀ। ਅੰਤ ਵਿੱਚ ਸਹਾਇਕ ਡਾਇਰੈਕਟਰ ਕੁਲਦੀਪ ਸਿੰਘ ਸੇਖੋਂ ਨੇ ਧੰਨਵਾਦ ਕੀਤਾ।

# ਸੀਨੀਅਰ ਸਿਟੀਜ਼ਨ ਕੌਂਸਲ ਨੇ ਰੇਲਵੇ ਪਾਰਕ ’ਚ ਸ਼ੁੱਧ ਵਾਤਾਵਰਨ ਲਈ ਪੌਦੇ ਲਗਾਏ



ਫਿਰੋਜ਼ਪੁਰ, 4 ਅਗਸਤ (ਤਿਵਾੜੀ): ਅੱਜ ਸੀਨੀਅਰ ਸਿਟੀਜ਼ਨ ਕੌਂਸਲ ਵੱਲੋਂ ਪੀ.ਡੀ. ਸ਼ਰਮਾ ਪ੍ਰਧਾਨ ਦੀ ਅਗਵਾਈ ਵਿੱਚ ਵਾਤਾਵਰਨ ਮੁੱਖ ਰੱਖਦਿਆਂ ਰੇਲਵੇ ਸਟੇਸ਼ਨ ਫਿਰੋਜ਼ਪੁਰ ਦੇ ਨਾਲ ਅਵਤਾਰ ਸਿੰਘ ਵੱਲੋਂ ਆਪਣੀ ਮਾਤਾ ਜੀ ਸ਼੍ਰੀਮਤੀ ਸੁਰਜੀਤ ਕੌਰ ਦੀ ਯਾਦ ਵਿੱਚ ਫਿਰੋਜ਼ਪੁਰ ਦੇ ਨਾਮਵਰ ਵਿਅਕਤੀਆਂ ਦੇ ਸਹਿਯੋਗ ਨਾਲ ਤਿਆਰ ਕੀਤੇ ਪਾਰਕ ਵਿੱਚ ਪੌਦੇ ਲਗਾ ਕੇ ਵਾਤਾਵਰਨ ਦੀ ਸਾਂਭ ਸੰਭਾਲ ਦਾ ਪ੍ਰਣ ਲਿਆ। ਸਪਤਾਹਿਕ ਮੀਟਿੰਗ ਹਾਸਿਆਂ ਦੀ ਪਟਾਰੀ, ਜਿਸ ਵਿੱਚ ਸਮੂਹ ਸੀਨੀਅਰ ਸਿਟੀਜ਼ਨ ਕਲਾਕਾਰਾਂ ਵੱਲੋਂ ਚੁਟਕਲੇ ਗੀਤ ਸਕਿੱਟ ਪੇਸ਼ ਕਰਕੇ ਮਾਹੌਲ ਨੂੰ ਖੁਸ਼ਹਾਲ ਬਣਾਇਆ। ਇਸ ਖੁਸ਼ੀ ਭਰੇ ਸੀਨੀਅਰ ਸਿਟੀਜ਼ਨ ਆਊਟਿੰਗ ਦੇ ਪ੍ਰੋਗਰਾਮ ਵਿੱਚ ਚਲਦੇ ਹੋਏ ਬਾਗਬਾਨ ਤੋਂ ਰੇਲਵੇ ਸ਼ਹਿਰ ਵੱਲ ਵਾਤਾਵਰਨ ਦੀ ਸਾਂਭ ਸੰਭਾਲ ਪ੍ਰੋਗਰਾਮ ਨੇਪਰੇ ਚਾੜ੍ਹਨ ਲਈ ਚਾਲੇ ਪਾਏ। ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੇ ਪੌਦੇ ਰੇਲਵੇ ਪਾਰਕ ਵਿੱਚ ਲਾ ਕੇ ਵਾਤਾਵਰਨ ਨੂੰ ਸ਼ੁੱਧ ਕਰਨ ਦਾ ਸੰਦੇਸ਼ ਦਿੱਤਾ। ਸੀਨੀਅਰ ਸਿਟੀਜ਼ਨ ਦਾ ਨਿਵੇਕਲਾ ਪ੍ਰੋਗਰਾਮ, ਜਿਸ ਵਿੱਚ ਸਮੂਹ ਸੀਨੀਅਰ ਸਿਟੀਜ਼ਨ ਵੱਲੋਂ ਰੁਝੇਵਿਆਂ ਭਰੇ ਸਮੇਂ ਵਿੱਚੋਂ ਖੁਸ਼ੀਆਂ ਤੇ ਖੇੜਿਆਂ ਦੇ ਨਾਲ ਨਾਲ ਵਾਤਾਵਰਨ ਸ਼ੁੱਧ ਕਰਨ ਲਈ ਉਪਰਾਲਾ ਕਰਨ ਦਾ ਪ੍ਰੋਗਰਾਮ ਰੱਖਦੇ ਹੋਏ ਸ਼ੁੱਧ ਹਵਾ ਪੌਦਿਆਂ ਤੋਂ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ। ਅੱਜ ਦੇ ਇਸ ਪ੍ਰੋਗਰਾਮ ਵਿੱਚ ਸੀਨੀਅਰ ਸਿਟੀਜ਼ਨ ਕਲਾਕਾਰਾਂ ਵੱਲੋਂ ਜਿਨ੍ਹਾਂ ਵਿੱਚ ਸਰਵਸ੍ਰੀ ਅਸ਼ੋਕ ਕੁਮਾਰ ਕੱਕੜ ਚਰਨਜੀਤ ਸ਼ਰਮਾ ਗੁਲਸ਼ਨ ਧਵਨ ਵੱਲੋਂ ਹਨੂੰਮਾਨ ਚਾਲੀਸਾ ਪਾਠ ਪੜ੍ਹਦੇ ਹੋਏ ਸਭ ਸੀਨੀਅਰ ਸਿਟੀਜ਼ਨ ਲਈ ਸੁੱਖ ਸ਼ਾਂਤੀ ਦੀ ਕਾਮਨਾ ਕੀਤੀ। ਉਪਰੰਤ ਸਰਵਸ੍ਰੀ ਹਰੀ ਚੰਦ ਚੋਪੜਾ, ਪ੍ਰੇਮ ਨਾਥ, ਮਨੋਹਰ ਲਾਲ ਢੀਂਗੜਾ, ਮਨਜੀਤ ਸਿੰਘ, ਅਵਤਾਰ ਸਿੰਘ ਐਸਡੀਓ, ਜਤਿੰਦਰ ਨਿਸ਼ਚਲ, ਰਵਿੰਦਰ ਸ਼ਰਮਾ ਤੇ ਅਵਤਾਰ ਸਿੰਘ ਖਜ਼ਾਨਾ ਅਫਸਰ ਆਦਿ ਕਲਾਕਾਰਾਂ ਨੇ ਆਪਣੇ ਆਪਣੇ ਗੀਤ ਚੁਟਕਲੇ ਸੁਣਾ ਕੇ ਆਏ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਇਸ ਪਾਰਕ ਵਾਲੀ ਥਾਂ ’ਤੇ ਬਹੁਤ ਜ਼ਿਆਦਾ ਗੰਦਗੀ ਹੋਇਆ ਕਰਦੀ ਸੀ ਜਦੋਂ ਵੀ ਰੇਲਵੇ ਸਟੇਸ਼ਨ ਸ਼ਹਿਰ ਲੋਕਾਂ ਨੂੰ ਜਾਣਾ ਪੈਂਦਾ ਤਾਂ ਇਸ ਗੰਦੇ ਮਾਹੌਲ ’ਚੋਂ ਟੱਪਣਾ ਪੈਂਦਾ ਸੀ। ਇਸ ਨੂੰ ਮੁੱਖ ਰੱਖਦੇ ਹੋਏ ਅਵਤਾਰ ਸਿੰਘ ਜੋ ਖਜ਼ਾਨਾ ਅਫਸਰ ਵੱਲੋਂ ਸ਼ਹਿਰ ਦੇ ਨਾਮਵਰ ਵਿਅਕਤੀਆਂ ਦੇ ਸਹਿਯੋਗ ਨਾਲ ਇਸ ਗੰਦਗੀ ਵਾਲੀ ਜਗ੍ਹਾ ਨੂੰ ਖੁਸ਼ਬੂਦਾਰ ਫੁੱਲਾਂ ਦੇ ਪੌਦਿਆਂ ਨਾਲ ਸਜਾ ਦਿੱਤਾ, ਸਿਰਫ ਇਹੀ ਨਹੀਂ ਉਨਾਂ ਨੇ ਬਹੁਤ ਸਾਰੇ ਐਸੇ ਪੌਦੇ ਵੀ ਲਗਾਏ, ਜਿਸ ਤੋਂ ਕਈ ਤਰ੍ਹਾਂ ਦੀਆਂ ਦਵਾਈਆਂ ਬਣਦੀਆਂ ਹਨ।

# ਅਲਾਇੰਸ ਇੰਟਰਨੈਸ਼ਨਲ ਸਕੂਲ ਵਿਖੇ ਅੰਗਰੇਜ਼ੀ ਪਾਠ ਮੁਕਾਬਲਾ



ਜੈਤੋ, 4 ਅਗਸਤ (ਸੰਜੀਵ ਗੋਇਲ/ਵਿਪਨ ਗੋਇਲ): ਅਲਾਇੰਸ ਇੰਟਰਨੈਸ਼ਨਲ ਸਕੂਲ, ਜੈਤੋ ਨੇ ਨਰਸਰੀ ਤੋਂ ਚੌਥੀ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਬਹੁਤ ਉਤਸ਼ਾਹ ਨਾਲ ਇੱਕ ਅੰਗਰੇਜ਼ੀ ਪਾਠ ਮੁਕਾਬਲਾ ਕਰਵਾਇਆ। ਇਸ ਮੁਕਾਬਲੇ ਵਿੱਚ ਛੋਟੇ ਵਿਦਿਆਰਥੀਆਂ ਨੇ ਸੁੰਦਰ ਉਚਾਰਨ ਤੇ ਪ੍ਰਗਟਾਵੇ ਵਾਲੀਆਂ ਕਵਿਤਾਵਾਂ ਪੇਸ਼ ਕੀਤੀਆਂ। ਸਕੂਲ ਦਾ ਉਦੇਸ਼ ਬੱਚਿਆਂ ਵਿੱਚ ਆਤਮ-ਵਿਸ਼ਵਾਸ, ਭਾਸ਼ਾ ਦੇ ਹੁਨਰ ਤੇ ਸਟੇਜ ਪੇਸ਼ਕਾਰੀ ਦੀ ਕਲਾ ਨੂੰ ਵਿਕਸਤ ਕਰਨਾ ਸੀ। ਮੁਕਾਬਲੇ ਦੇ ਜੇਤੂ ਬੱਚੇ ਕਲਾਸ ਨਰਸਰੀ ਅਧਿਆ ਗੋਇਲ, ਰਹਿਮਤ-II, ਕਲਾਸ ਐਲਕੇਜੀ, ਨਈਸ਼ਾ, ਸਮਰ, ਜਕਸ਼, ਕੈਰਾ, ਅਗਮਪ੍ਰੀਤ, ਕਲਾਸ ਯੂਕੇਜੀ, ਅਮਾਨਤ ਕੌਰ, ਅਰਸ਼ੀਆ, ਸਕਸ਼ਮ, ਭਾਵੁਕ, ਜਮਾਤ 1 ਜਸਮੇਹਰ ਸਿੰਘ, ਕੈਰਾ ਕਾਂਸਲ, ਪ੍ਰਯਾਗ ਰਾਏ ਗਰਗ, ਕਲਾਸ II, ਸੋਮਿਲ, ਰੁਜਲ, ਕਲਾਸ III, ਆਇਰਾ ਗੋਇਲ, ਜਸਕੀਰਤ ਸਿੰਘ, ਭੁਵਿਕਾ, ਤੁਸ਼ਾਰ, ਕਲਾਸ IV, ਰੇਹਾਨ ਗੋਇਲ, ਹਿਨਯਾ, ਦਿਵਿਆ, ਪ੍ਰਿੰਸੀਪਲ ਸ਼੍ਰੀਮਤੀ ਗੁਰਸੇਵਕ ਕੌਰ ਮਾਨ ਅਤੇ ਸਮੂਹ ਅਧਿਆਪਕ ਸਾਰੇ ਭਾਗੀਦਾਰਾਂ ਨੂੰ ਉਤਸ਼ਾਹਿਤ ਕੀਤਾ ਅਤੇ ਜੇਤੂਆਂ ਨੂੰ ਵਧਾਈ ਦਿੱਤੀ। ਇਹ ਪ੍ਰੋਗਰਾਮ ਵਿਦਿਆਰਥੀਆਂ ਦੇ ਸ਼ਖਸੀਅਤ ਵਿਕਾਸ ਵੱਲ ਇੱਕ ਸ਼ਲਾਘਾਯੋਗ ਯਤਨ ਸੀ।

# 12ਵਾਂ ਖ਼ੂਨਦਾਨ ਕੈਂਪ ਲਗਾਇਆ



ਸ੍ਰੀ ਅਨੰਦਪੁਰ ਸਾਹਿਬ, 4 ਅਗਸਤ (ਤਰਲੋਚਨ ਸਿੰਘ): ਸ਼੍ਰੀ ਸ਼ਾਦੀ ਲਾਲ ਆਂਗਰਾ ਮੈਮੋਰੀਅਲ ਸੋਸਾਇਟੀ (ਰਜਿ.) ਵੱਲੋਂ ਭਾਈ ਜੈਤਾ ਜੀ ਸਿਵਲ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਵਿਖੇ 12ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 203 ਯੂਨਿਟ ਇਕੱਤਰ ਕੀਤੇ ਗਏ। ਇਸ ਮੌਕੇ ਵੱਖ-ਵੱਖ ਪਿੰਡਾਂ ਦੇ ਸਰਪੰਚ ਸਾਹਿਬਾਨ, ਨੰਬਰਦਾਰ ਸਾਹਿਬਾਨ, ਯੂਥ ਕਲੱਬਾਂ ਦੇ ਪ੍ਰਧਾਨ ਤੇ ਹੋਰ ਸਮਾਜ ਭਲਾਈ ਜਥੇਬੰਦੀਆਂ ਵੱਲੋਂ ਵੱਡੀ ਗਿਣਤੀ ’ਚ ਨੌਜਵਾਨਾਂ ਸਹਿਤ ਕੈਂਪ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਪੱਤਰਕਾਰ ਭਾਈਚਾਰੇ ਵੱਲੋਂ ਵੀ ਸਮੂਹਿਕ ਰੂਪ ਵਿੱਚ ਸ਼ਮੂਲੀਅਤ ਕੀਤੀ। ਇੱਕ 60 ਸਾਲਾਂ ਦੇ ਬਜ਼ੁਰਗ ਲਖਵੀਰ ਸਿੰਘ ਵੱਲੋਂ ਖ਼ੂਨ ਦਾਨ ਕਰਕੇ ਨੌਜਵਾਨ ਪੀੜ੍ਹੀ ਨੂੰ ਵਿਸ਼ੇਸ਼ ਸੰਦੇਸ਼ ਦਿੱਤਾ। ਸਵਾਮੀ ਕਿਰਪਾਲਾ ਨੰਦ ਦੜੌਲੀ ਵਾਲ਼ੇ ਤੇ ਸਵਾਮੀ ਅਮੋਲਕਾਨੰਦ ਝੱਜ ਵਾਲ਼ਿਆਂ ਵੱਲੋਂ ਖ਼ੂਨਦਾਨੀਆਂ ਨੂੰ ਅਸ਼ੀਰਵਾਦ ਦਿੱਤਾ। ਮਾ. ਵਿਕਾਸ ਸੋਨੀ ਦੇ ਮਾਤਾ ਸ਼੍ਰੀਮਤੀ ਰਕਸ਼ਾ ਦੇਵੀ ਵਲੋਂ ਹਮੇਸ਼ਾਂ ਦੀ ਤਰ੍ਹਾਂ ਕੈਂਪ ਦੀ ਸ਼ੁਰੂਆਤ ਤੋਂ ਲੈ ਕੇ ਕੈਂਪ ਦੀ ਸਮਾਪਤੀ ਤੱਕ ਹਾਜ਼ਰੀ ਭਰੀ। ਇਸ ਕੈਂਪ ਦੌਰਾਨ 12ਵੀਂ ਜਮਾਤ ਵਿੱਚੋਂ ਚੰਗੇ ਅੰਕ ਪ੍ਰਾਪਤ ਕਰਨ ਵਾਲ਼ੇ ਨੰਗਲ ਤੇ ਸ਼੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ਼੍ਰੀ ਸ਼ਾਦੀ ਲਾਲ ਆਂਗਰਾ ਮੈਮੋਰੀਅਲ ਸੋਸਾਇਟੀ ਦੇ ਅਹੁਦੇਦਾਰ ਸਾਬਕਾ ਆਈ.ਜੀ ਸ਼੍ਰੀ ਲੋਕ ਨਾਥ ਆਂਗਰਾ, ਰਾਜਪਾਲ ਆਂਦਰਾ, ਕੇ.ਕੇ ਬੇਦੀ, ਦਵਿੰਦਰ ਕੌਸ਼ਲ, ਮਹੰਤ ਬਚਨ ਦਾਸ ਜੀ ਤੋਂ ਇਲਾਵਾ ਸ਼ਮੀ ਡਾਬਰਾ, ਦੀਪਕ ਚਨਾਰਥਲ, ਰਾਜ ਘਈ, ਜਰਨੈਲ ਨਿੱਕੂਵਾਲ, ਜਰਨੈਲ ਸਿੰਘ ਸੰਧੂ, ਮਾ. ਵਿਕਾਸ ਸੋਨੀ, ਕਮਲ ਸਹਿਗਲ, ਦਿਲਾਵਰ ਸਿੰਘ, ਅਵਨੀਤ ਚੱਢਾ, ਗਰਪ੍ਰੀਤ ਹੈਪੀ, ਵਿਸ਼ਣੂ, ਬਲਵਿੰਦਰ ਲੋਧੀਪੁਰ, ਸੁਰਜੀਤ ਰਾਣਾ, ਸੁਸ਼ੀਲ ਰਾਜਪੂਤ, ਗੁਰਚਰਨ ਸਿੰਘ, ਜਗਮੋਹਣ ਵਸ਼ਿਸ਼ਟ, ਕੁਲਦੀਪ ਪਰਮਾਰ, ਹਰਮੀਤ ਸਿੰਘ, ਨੰਬਰਦਾਰ ਪ੍ਰਦੀਪ ਸੋਨੀ, ਸੁਰਜੀਤ ਸਿੰਘ ਢੇਰ ਦੀਪਕ ਸੋਨੀ, ਰਾਹੁਲ ਸੋਨੀ, ਡਾ. ਅੱਛਰ ਸ਼ਰਮਾ, ਐਡਵੋਕੇਟ ਵਿਸ਼ਾਲ ਸੈਣੀ, ਗੁਰਦੀਪ ਖਾਬੜਾ, ਰਾਮ ਰਾਣਾ, ਸੁਰਿੰਦਰ ਸਿੰਘ ਜਿੰਦਵੜੀ ਆਦਿ ਹਾਜ਼ਰ ਸਨ।

# ਬਾਬਾ ਨਿਧਾਨ ਸਿੰਘ ਦੀ ਬਰਸੀ ਮੌਕੇ ਗੁਰਮਤਿ ਸਮਾਗਮ

## ☛ ਤਖ਼ਤ ਹਜ਼ੂਰ ਸਾਹਿਬ 'ਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ 'ਚ ਪੁੱਜੀ ਸੰਗਤ



ਸ੍ਰੀ ਹਜ਼ੂਰ ਸਾਹਿਬ (ਨਾਂਦੇੜ), 4 ਅਗਸਤ (ਚ.ਨ.ਸ.): ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ 'ਚ ਗੁਰਦੁਆਰਾ ਸ੍ਰੀ ਲੰਗਰ ਸਾਹਿਬ 'ਚ ਪੰਥ ਰਤਨ ਬਾਬਾ ਨਿਧਾਨ ਸਿੰਘ ਦੀ 78ਵੀਂ ਬਰਸੀ ਮੌਕੇ ਗੁਰਮਤਿ ਸਮਾਗਮ ਕਰਵਾਇਆ ਗਿਆ। ਅੱਜ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਸਮਾਗਮ ਵਿੱਚ ਸ਼ਿਰਕਤ ਕਰਨ ਲਈ ਇੱਥੇ ਦੁਨੀਆਂ ਭਰ ਤੋਂ ਵੱਡੀ ਗਿਣਤੀ 'ਚ ਸੰਗਤ ਪੁੱਜੀ ਹੋਈ ਸੀ। ਕਾਰ ਸੇਵਾ ਗੁਰਦੁਆਰਾ ਸ੍ਰੀ ਲੰਗਰ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਨਰਿੰਦਰ ਸਿੰਘ ਤੇ ਬਾਬਾ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਹਰ ਸਾਲ ਇਹ ਸਮਾਗਮ ਕਰਵਾਏ ਜਾਂਦੇ ਹਨ। ਇਸ ਦੌਰਾਨ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਤੋਂ ਰਾਗੀ, ਢਾਡੀ ਤੇ ਕਥਾਵਾਚਕ ਹਾਜ਼ਰੀ ਲਗਵਾਉਂਦੇ ਹਨ। ਸੰਗਤ ਲਈ ਰਿਹਾਇਸ਼ ਪ੍ਰਬੰਧ ਤੇ ਲੰਗਰ ਦੀ ਵੱਡੇ ਪੱਧਰ 'ਤੇ ਵਿਵਸਥਾ ਕੀਤੀ ਜਾਂਦੀ ਹੈ। ਸਿਹਤ ਸੰਭਾਲ ਲਈ ਮੈਡੀਕਲ ਕੈਂਪ ਵੀ ਲਗਾਏ ਜਾਂਦੇ ਹਨ। ਗੁਰਮਤਿ ਸਮਾਗਮ ਵਿੱਚ ਆਉਣ ਵਾਲੀ ਸੰਗਤ ਨੂੰ ਰੇਲਵੇ ਸਟੇਸ਼ਨ ਨਾਂਦੇੜ ਤੋਂ ਲਿਆਉਣ ਲਈ ਮੁਫ਼ਤ ਬੱਸ ਸੇਵਾ ਵੀ ਸ਼ੁਰੂ ਕੀਤੀ ਗਈ। ਇਸ ਦੌਰਾਨ ਸੰਗਤ ਨੂੰ ਹਜ਼ੂਰ ਸਾਹਿਬ ਦੇ ਨਾਲ-ਨਾਲ ਇੱਥੋਂ ਦੇ ਹੋਰ ਧਾਰਮਿਕ ਅਸਥਾਨਾਂ ਦੇ ਵੀ ਦਰਸ਼ਨ ਕਰਵਾਏ ਜਾਂਦੇ ਹਨ। ਜ਼ਿਕਰਯੋਗ ਹੈ ਕਿ ਬਾਬਾ ਨਿਧਾਨ ਸਿੰਘ ਨੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਵਾਲੇ ਅਸਥਾਨ ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) 'ਚ ਲੰਗਰ ਦੀ ਸੇਵਾ ਕਰਕੇ ਮਾਣ ਹਾਸਲ ਕੀਤਾ ਹੈ। ਉਹ ਗੁਰਘਰ ਲਈ ਮਿਸਾਲੀ ਸੇਵਾ ਤੇ ਸਮਰਪਣ ਭਾਵਨਾ ਸਦਕਾ ਸਿੱਖ ਧਰਮ ਅੰਦਰ ਸਤਿਕਾਰਤ ਸਥਾਨ ਰੱਖਦੇ ਹਨ।

# ਚੋਰ 920 ਗ੍ਰਾਮ ਸੋਨਾ, 2.35 ਲੱਖ ਲੈ ਕੇ ਫਰਾਰ



ਸੰਗਰੂਰ, 4 ਅਗਸਤ (ਚ.ਨ.ਸ.): ਸੰਗਰੂਰ ਜ਼ਿਲ੍ਹੇ ਦੇ ਨਮੋਲ ਪਿੰਡ ਦੇ ਇੱਕ ਘਰ ਤੋਂ ਅਣਪਛਾਤੇ ਚੋਰ ਲਗਭਗ 92 ਤੋਲੇ (920 ਗ੍ਰਾਮ) ਸੋਨਾ ਤੇ 2.35 ਲੱਖ ਰੁਪਏ ਨਕਦੀ ਲੈ ਕੇ ਫਰਾਰ ਹੋ ਗਏ। ਪਿੰਡ ਵਾਸੀਆਂ ਨੇ ਦੱਸਿਆ ਕਿ ਚੋਰ ਪੀੜਤ ਦੇ ਘਰ ਵਿੱਚ ਨਾਲ ਲੱਗਦੇ ਇੱਕ ਉਸਾਰੀ ਅਧੀਨ ਘਰ ਦੀ ਛੱਤ ਤੋਂ ਦਾਖਲ ਹੋਏ ਤੇ ਇੱਕ ਸਟੋਰ ਰੂਮ ਤੇ ਦੋ ਬੈੱਡਰੂਮਾਂ ਵਿੱਚ ਅਲਮਾਰੀਆਂ ਤੋੜ ਦਿੱਤੀਆਂ। ਘਰ ਦੇ ਮਾਲਕ, ਭੋਲਾ ਸਿੰਘ ਨੇ ਕਿਹਾ ਕਿ ਉਸਨੂੰ ਲਗਭਗ 1.3 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਘਟਨਾ ਦੌਰਾਨ ਭੋਲਾ ਸਿੰਘ, ਉਸਦੀ ਪਤਨੀ, ਨੂੰਹ ਤੇ ਪੋਤੀ ਸੁੱਤੇ ਪਏ ਸਨ। ਉਸਦੇ ਦੋ ਪੁੱਤਰ ਤੇ ਇੱਕ ਚਚੇਰਾ ਭਰਾ, ਜਿਸ ਕੋਲ ਚੋਰੀ ਹੋਏ ਕੁਝ ਸਮਾਨ ਦਾ ਮਾਲਕ ਹੈ, ਇਸ ਸਮੇਂ ਵਿਦੇਸ਼ ਵਿੱਚ ਹਨ। ਸਟੇਸ਼ਨ ਹਾਊਸ ਅਫ਼ਸਰ ਵਿਨੋਦ ਕੁਮਾਰ ਨੇ ਕਿਹਾ ਕਿ ਜਾਂਚ ਚੱਲ ਰਹੀ ਹੈ। ਸੀਸੀਟੀਵੀ ਫੁਟੇਜ ਤੇ ਫਿੰਗਰਪ੍ਰਿੰਟਸ ਦੀ ਜਾਂਚ ਕੀਤੀ ਜਾ ਰਹੀ ਹੈ। ਅਸੀਂ ਜਲਦੀ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਵਾਂਗੇ। ਪਿੰਡ ਦੇ ਰਮਨਦੀਪ ਸਿੰਘ, ਜੋ ਕਿ ਭੋਲਾ ਸਿੰਘ ਦਾ ਭਤੀਜਾ ਹੈ, ਨੇ ਦੱਸਿਆ ਕਿ ਪਰਿਵਾਰ ਨੂੰ ਐਤਵਾਰ ਸਵੇਰੇ ਚੋਰੀ ਦਾ ਪਤਾ ਲੱਗਿਆ। ਪਿੰਡ ਦੇ ਸਰਪੰਚ ਬਾਬੂ ਸਿੰਘ ਨੇ ਪੁਸ਼ਟੀ ਕੀਤੀ ਕਿ ਚੋਰੀ 2-3 ਅਗਸਤ ਦੀ ਰਾਤ ਨੂੰ ਹੋਈ ਸੀ।

# ਅਕਾਲੀ ਬਾਗ਼ੀਆਂ ਨੂੰ ਸਮੁੰਦਰੀ ਹਾਲ ਵਿਖੇ ਹੋਣ ਵਾਲੀ ਆਪਣੀ ਮੀਟਿੰਗ ਲਈ ਐੱਸ.ਜੀ.ਪੀ.ਸੀ. ਦੀ ਪ੍ਰਵਾਨਗੀ ਦੀ ਉਮੀਦ

ਅੰਮ੍ਰਿਤਸਰ, 4 ਅਗਸਤ (ਚ.ਨ.ਸ.): ਸ਼੍ਰੋਮਣੀ ਅਕਾਲੀ ਦਲ ਨੂੰ ਉਮੀਦ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਆਪਣੇ ਆਗੂਆਂ ਨੂੰ 11 ਅਗਸਤ ਨੂੰ ਐੱਸ.ਜੀ.ਪੀ.ਸੀ. ਕੰਪਲੈਕਸ ਵਿੱਚ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਆਪਣੇ ਡੈਲੀਗੇਟਾਂ ਦੀ ਮੀਟਿੰਗ ਕਰਨ ਦੀ ਇਜਾਜ਼ਤ ਦੇਵੇਗੀ ਤਾਂ ਜੋ ਪਾਰਟੀ ਦੀ ਚੋਣ ਕੀਤੀ ਜਾ ਸਕੇ। ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਲਈ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸਾਡੇ ਡੈਲੀਗੇਟਾਂ ਦੀ ਮੀਟਿੰਗ ਕਰਨ ਦੀ ਇਜਾਜ਼ਤ ਮੰਗੀ ਹੈ। ਸੱਤ ਮੈਂਬਰੀ ਕਮੇਟੀ ਦੇ ਮੈਂਬਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਜੋ ਹੁਣ ਅਕਾਲ ਤਖ਼ਤ ਦੇ ਜਥੇਦਾਰ ਦੁਆਰਾ 2 ਦਸੰਬਰ, 2024 ਨੂੰ ਗਠਿਤ ਕੀਤੀ ਗਈ ਹੈ, ਨੂੰ ਘਟਾ ਕੇ ਪੰਜ ਮੈਂਬਰੀ ਕਰ ਦਿੱਤਾ ਗਿਆ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੂੰ ਉਮੀਦ ਹੈ ਕਿ ਸ਼੍ਰੋਮਣੀ ਕਮੇਟੀ ਉਨ੍ਹਾਂ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਵੇਗੀ, ਕਿਉਂਕਿ ਜ਼ਿਆਦਾਤਰ ਸ਼੍ਰੋਮਣੀ ਕਮੇਟੀ ਮੈਂਬਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਹੋਏ ਹਨ ਤਾਂ ਵਡਾਲਾ ਨੇ ਕਿਹਾ ਕਿ ਉਹ ਪੂਰੀ ਤਰ੍ਹਾਂ ਅਕਾਲ ਤਖ਼ਤ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਹਨ ਤੇ ਇਸ ਲਈ ਉਨ੍ਹਾਂ ਨੂੰ ਇਸ ਦੀ ਵਰਤੋਂ ਤੋਂ ਇਨਕਾਰ ਕਰਨ ਦਾ ਕੋਈ ਕਾਰਨ ਨਹੀਂ ਹੋਣਾ ਚਾਹੀਦਾ। ਹਾਲ ਦੇ। ਜ਼ਿਕਰਯੋਗ ਹੈ ਕਿ 2 ਦਸੰਬਰ ਦੇ ਅਕਾਲ ਤਖ਼ਤ ਦੇ ਹੁਕਮਨਾਮੇ ਅਨੁਸਾਰ, ਮਹਾਂਪੁਰਖਾਂ ਵੱਲੋਂ ਸੱਤ ਮੈਂਬਰੀ ਕਮੇਟੀ ਬਣਾਈ ਗਈ ਸੀ ਤੇ ਇਸਨੂੰ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰਕੇ ਸ਼੍ਰੋਮਣੀ ਅਕਾਲੀ ਦਲ ਦਾ ਪੁਨਰਗਠਨ ਕਰਨ ਤੇ ਫਿਰ ਇਸਦੇ ਅਹੁਦੇਦਾਰਾਂ ਤੇ ਪ੍ਰਧਾਨ ਦੀ ਚੋਣ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਇਹ ਕਮੇਟੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਬਣਾਈ ਗਈ ਸੀ ਤੇ ਇਸ ਵਿੱਚ ਸਾਬਕਾ ਸ਼੍ਰੋਮਣੀ ਕਮੇਟੀ ਮੁਖੀ ਕ੍ਰਿਪਾਲ ਸਿੰਘ ਬਡੂੰਗਰ, ਇਕਬਾਲ ਸਿੰਘ ਝੂੰਦਾਂ, ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰੀ ਤੇ ਬੀਬੀ ਸਤਵੰਤ ਕੌਰ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਸੀ। ਧਾਮੀ ਤੇ ਬਡੂੰਗਰ ਨੇ ਬਾਅਦ ਵਿੱਚ ਕਮੇਟੀ ਤੋਂ ਮੂੰਹ ਦਸਤਖ਼ਤ ਕਰ ਲਏ। ਵਡਾਲਾ ਨੇ ਕਿਹਾ ਕਿ ਅਸੀਂ 13 ਲੱਖ ਤੋਂ ਵੱਧ ਮੈਂਬਰਾਂ ਨੂੰ ਨਾਮਜ਼ਦ ਕੀਤਾ ਹੈ ਤੇ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਤੋਂ ਚਾਰ ਡੈਲੀਗੇਟਾਂ ਦੀ ਚੋਣ ਕੀਤੀ ਹੈ, ਦੂਜੇ ਰਾਜਾਂ ਤੇ ਅੰਤਰਰਾਸ਼ਟਰੀ ਪੱਧਰ 'ਤੇ ਡੈਲੀਗੇਟਾਂ ਦੇ ਨਾਲ 11 ਅਗਸਤ ਦੀ ਮੀਟਿੰਗ ਦੌਰਾਨ ਆਪਣਾ ਪ੍ਰਧਾਨ ਚੁਣਨਗੇ।

# ਬਲਦੇਵ ਸਿੰਘ ਮਾਨ ਦੀ ਅਕਾਲੀ ਦਲ 'ਚ ਵਾਪਸੀ ਨਾਲ ਸ਼੍ਰੋਮਣੀ ਅਕਾਲੀ ਸੁਧਾਰ ਲਹਿਰ ਨੂੰ ਲੱਗੇਗਾ ਝਟਕਾ



ਦਿੜ੍ਹਬਾ ਮੰਡੀ, 4 ਅਗਸਤ (ਚ.ਨ.ਸ.): ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ਦੀ ਸ਼੍ਰੋਮਣੀ ਅਕਾਲੀ ਦਲ ਵਿੱਚ ਘਰ ਵਾਪਸੀ ਲਗਭਗ ਤੈਅ ਹੈ। ਸ਼੍ਰੋਮਣੀ ਅਕਾਲੀ ਦਲ ਵਿੱਚ ਵਾਪਸੀ ਨੂੰ ਲੈ ਕੇ ਬਲਦੇਵ ਸਿੰਘ ਮਾਨ ਨੇ ਆਪਣੇ ਰਿਹਾਇਸ਼ ਸੂਲਰ ਘਾਰਟ ਵਿਖੇ ਹਲਕਾ ਦਿੜ੍ਹਬਾ ਤੇ ਸਨਾਮ ਦੇ ਸਮਰਥਕਾਂ ਨਾਲ ਵਿਚਾਰ ਕੀਤੀ। ਬਲਦੇਵ ਸਿੰਘ ਮਾਨ ਨੇ ਸਮਰਥਕਾਂ ਨਾਲ ਮੀਟਿੰਗ ਕਰਕੇ ਵਿਚਾਰ ਚਰਚਾ ਕਰਨ ਦੀ ਗੱਲ ਮੰਨੀ ਹੈ ਕਿਹਾ ਕਿ ਵਿਚਾਰ-ਵਟਾਂਦਰਾ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਪੰਜ ਮੈਂਬਰ ਭਰਤੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਕੀਤੀ ਭਰਤੀ ਵਿੱਚ ਸ. ਮਾਨ ਨੇ ਵੱਡਾ ਯੋਗਦਾਨ ਪਾਇਆ। ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਨਾਲ ਸ਼੍ਰੋਮਣੀ ਅਕਾਲੀ ਸੁਧਾਰ ਲਹਿਰ ਨੂੰ ਵੱਡਾ ਝਟਕਾ ਲੱਗੇਗਾ ਕਿਉਂਕਿ ਬਲਦੇਵ ਸਿੰਘ ਮਾਨ ਵਿਧਾਨ ਸਭਾ ਹਲਕਾ ਦਿੜ੍ਹਬਾ, ਸੁਨਾਮ ਤੇ ਸੰਗਰੂਰ ਵਿੱਚ ਚੰਗਾ ਸਿਆਸੀ ਪ੍ਰਭਾਵ ਰੱਖਦੇ ਹਨ। ਲੋਕ ਸਭਾ ਹਲਕਾ ਸੰਗਰੂਰ ਤੋਂ ਤੇਜਾ ਸਿੰਘ ਸੁਤੰਤਰ ਤੋਂ ਬਲਦੇਵ ਸਿੰਘ ਮਾਨ ਕਰੀਬ 250 ਵੋਟਾਂ ਦੇ ਫ਼ਰਕ ਨਾਲ ਹਾਰੇ ਸੀ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਕਿ 8 ਅਗਸਤ ਨੂੰ ਬਲਦੇਵ ਸਿੰਘ ਮਾਨ ਦੀ ਰਿਹਾਇਸ਼ ਸੂਲਰ ਘਾਰਟ ਵਿਖੇ ਇਕੱਠ ਰੱਖਿਆ ਹੈ। ਜਿਸ 'ਚ ਸੁਖਬੀਰ ਬਾਦਲ ਤੇ ਹੋਰ ਸੀਨੀਅਰ ਲੀਡਰਸ਼ਿਪ ਪੁੱਜ ਰਹੀ ਹੈ।

# ਅੰਮ੍ਰਿਤਸਰ ਦੇ ਪ੍ਰਵੇਸ਼ ਰਸਤੇ 'ਤੇ ਲੱਗੀ ਇਤਿਹਾਸਕ ਘੜੀ 20 ਸਾਲ 'ਚ 20 ਮਿੰਟ ਵੀ ਨਹੀਂ ਚੱਲ ਸਕੀ

ਅੰਮ੍ਰਿਤਸਰ, 4 ਅਗਸਤ (ਚ.ਨ.ਸ.): ਅੰਮ੍ਰਿਤਸਰ ਦੇ ਪ੍ਰਮੁੱਖ ਪ੍ਰਵੇਸ਼ ਰਸਤੇ ਹਾਲ ਦਰਵਾਜ਼ੇ 'ਤੇ ਲੱਗੀ ਇਤਿਹਾਸਕ ਘੜੀ ਦੀ 'ਟਿਕ-ਟਿਕ' ਇੱਕ ਵਾਰ ਫਿਰ ਤੋਂ ਰੁਕ ਚੁੱਕੀ ਹੈ। ਪਿਛਲੇ 20 ਸਾਲਾਂ 'ਚ ਇਹ ਘੜੀ ਕੁੱਲ 20 ਮਿੰਟ ਵੀ ਨਹੀਂ ਚੱਲ ਸਕੀ ਹੈ। ਪ੍ਰਸ਼ਾਸਨ ਦੀ ਅਣਗਹਿਲੀ ਦਾ ਆਲਮ ਇਹ ਹੈ ਕਿ ਮੌਜੂਦਾ ਸਮੇਂ ਇਸ ਇਤਿਹਾਸਕ ਘੜੀ ਦੀਆਂ ਸੂਈਆਂ ਵੀ ਗਾਇਬ ਹੋ ਚੁੱਕੀਆਂ ਹਨ। ਦੂਜੇ ਪਾਸੇ, ਇਸ ਘੜੀ ਦੇ ਵਾਰ-ਵਾਰ ਬੰਦ ਹੋਣ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਦੀ ਕਿਰਕਿਰੀ ਹੋ ਰਹੀ ਹੈ, ਜੋ ਅਜੇ ਤੱਕ ਇਸ 152 ਸਾਲ ਪੁਰਾਣੀ ਘੜੀ ਦੀ ਸਹੀ ਢੰਗ ਨਾਲ ਮੁਰੰਮਤ ਨਹੀਂ ਕਰਵਾ ਸਕਿਆ ਹੈ। ਦੱਸਿਆ ਜਾ ਰਿਹਾ ਹੈ ਕਿ ਕੁੱਝ ਸਮਾਂ ਪਹਿਲਾਂ ਉਕਤ ਦਰਵਾਜ਼ੇ ਦੀ ਵਿਰਾਸਤ ਦਿੱਖ ਬਹਾਲ ਕਰਨ ਲਈ, ਇਸ 'ਤੇ ਭਾਰੀ ਖਰਚਾ ਕੀਤਾ ਗਿਆ, ਪਰ ਇਸਦੇ ਬਾਵਜੂਦ ਇਸ 'ਤੇ ਲੱਗੀ ਉਕਤ ਘੜੀ ਦੀ ਪ੍ਰਸ਼ਾਸਨ ਢੰਗ ਨਾਲ ਮੁਰੰਮਤ ਨਹੀਂ ਕਰਵਾਈ ਗਈ। ਦਰਵਾਜ਼ੇ ਦੀ ਸੁੰਦਰੀਕਰਨ ਦੀ ਕਾਰਵਾਈ ਦੇ ਚੱਲਦਿਆਂ ਇਸ 'ਤੇ ਲਿਖੇ 'ਅੰਮ੍ਰਿਤਸਰ ਸਿਫ਼ਤੀ ਦਾ ਘਰ' ਬੋਰਡ ਸਮੇਤ 'ਗਾਂਧੀ ਦਰਵਾਜ਼ਾ' ਲਿਖੀਆਂ ਤਖ਼ਤੀਆਂ ਨੂੰ ਪ੍ਰਸ਼ਾਸਨ ਵੱਲੋਂ ਬਿਨਾਂ ਕਾਰਨ ਦੱਸੇ ਹਟਾਏ ਜਾਣ ਉਪਰੰਤ ਮੁੜ ਅਜੇ ਤੱਕ ਸਥਾਪਤ ਨਹੀਂ ਕੀਤਾ ਗਿਆ ਹੈ। ਜਿਸ ਨੂੰ ਲੈ ਕੇ ਵਿਰਾਸਤ ਪ੍ਰੇਮੀਆਂ 'ਚ ਜ਼ਿਲ੍ਹਾ ਪ੍ਰਸ਼ਾਸਨ ਪ੍ਰਤੀ ਰੋਸ ਬਣਿਆ ਹੋਇਆ ਹੈ। ਦੱਸਣਯੋਗ ਹੈ ਕਿ ਉਕਤ ਦਰਵਾਜ਼ਾ ਸੰਨ 1876 'ਚ ਅੰਮ੍ਰਿਤਸਰ ਦੇ ਤਤਕਾਲੀ ਡਿਪਟੀ ਕਮਿਸ਼ਨਰ ਸੀ.ਐੱਚ.ਹਾਲ ਦੁਆਰਾ ਆਪਣੇ ਨਾਂ 'ਤੇ ਬਣਵਾਇਆ ਗਿਆ। ਦਰਵਾਜ਼ਾ ਬਣਾਏ ਜਾਣ ਤੋਂ ਪਹਿਲਾਂ ਇਸ ਜਗ੍ਹਾ 'ਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੁਆਰਾ ਬਣਾਈ ਸ਼ਹਿਰ ਦੀ ਸੁਰੱਖਿਆ ਕੰਧ (ਫ਼ਸੀਲ) ਦਾ ਬੁਰਜ (ਉਭਰਿਆ ਹਿੱਸਾ) ਹੋਇਆ ਕਰਦਾ ਸੀ। ਇਸ ਦੇ ਉਪਰ ਲੱਗੀ ਘੜੀ ਤੇ ਦਰਵਾਜ਼ੇ ਦਾ ਡਿਜ਼ਾਇਨ ਇੰਜੀਨੀਅਰ ਜਾਨ ਗਾਰਡਨ ਨੇ ਸੰਨ 1873-74 'ਚ ਤਿਆਰ ਕੀਤਾ। 2 ਅਕਤੂਬਰ 1952 ਨੂੰ ਜਦੋਂ ਉਕਤ ਦਰਵਾਜ਼ੇ ਦਾ ਨਾਂ ਬਦਲ ਕੇ 'ਗਾਂਧੀ ਗੇਟ' ਰੱਖਿਆ ਗਿਆ ਤਾਂ ਉਸ ਦੌਰਾਨ ਇਸ ਦਰਵਾਜ਼ੇ ਦੀਆਂ ਦੋਵਾਂ ਪਾਸੇ 'ਤੇ ਅੰਗਰੇਜ਼ੀ, ਪੰਜਾਬੀ ਤੇ ਉਰਦੂ 'ਚ ਗੇਟ ਦੇ ਨਵੇਂ ਵਾਲੀਆਂ ਤਖ਼ਤੀਆਂ ਵੀ ਲਗਵਾਈਆਂ ਗਈਆਂ।

# ਵਿਧਾਇਕ ਕਲਸੀ ਦੇ ਯਤਨਾਂ ਸਦਕਾ ਸ਼ਹਿਰ ਦੀ ਸੀਵਰੇਜ ਸਮੱਸਿਆ ਦਾ ਹੋਵੇਗਾ ਹੱਲ



ਬਟਾਲਾ/ਉਧਨਵਾਲ, 4 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਸੁਖ ਅੰਮ੍ਰਿਤ ਘੁਮਾਣ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਭਾਵੇਂ ਤਿੰਨ ਦਿਨਾਂ ਦੌਰੇ ਲਈ ਅਮਰੀਕੇ ਵਿਖੇ ਹੋ ਰਹੇ ਇੱਕ ਵੱਕਾਰੀ ਸੰਮੇਲਨ ਵਿੱਚ ਹਿੱਸਾ ਲੈਣ ਲਈ ਗਏ ਹਨ ਪਰ ਉਨ੍ਹਾਂ ਵੱਲੋਂ ਆਪਣੇ ਸ਼ਹਿਰ ਦੇ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਅੱਜ ਉਨ੍ਹਾਂ ਦੇ ਭਰਾ ਅੰਮ੍ਰਿਤ ਕਲਸੀ ਵੱਲੋਂ ਸ਼ਹਿਰ ਵਾਸੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸੀਵਰੇਜ ਵਿਭਾਗ ਦੀਆਂ ਦੋ ਸੁਪਰ ਸੱਕਰ ਮਸ਼ੀਨਾਂ, ਜਿਸ ਦੇ ਇੱਕ ਟੈਂਕਰ ਦੀ 10,000 ਲੀਟਰ ਸਮਰੱਥਾ ਹੈ, ਰਾਹੀਂ ਸਾਰੇ ਸ਼ਹਿਰ ਦੀ ਸੀਵਰੇਜ ਦੀ ਸਫ਼ਾਈ ਕਰਵਾਉਣ ਦੀ ਸ਼ੁਰੂਆਤ ਕਰਵਾਈ ਗਈ ਹੈ। ਇਸ ਮੌਕੇ ਸੀਵਰੇਜ ਵਿਭਾਗ ਦੇ ਅਧਿਕਾਰੀ ਤੇ ਵੱਖ-ਵੱਖ ਸ਼ਖ਼ਸੀਅਤਾਂ ਮੌਜੂਦ ਸਨ। ਇਸ ਮੌਕੇ ਗੱਲ ਕਰਦਿਆਂ ਅੰਮ੍ਰਿਤ ਕਲਸੀ ਨੇ ਦੱਸਿਆ ਕਿ ਉਨ੍ਹਾਂ ਦੇ ਵੱਡੇ ਭਰਾ ਵਿਧਾਇਕ ਸ਼ੈਰੀ ਕਲਸੀ ਬੇਸ਼ੱਕ ਅਮਰੀਕਾ ਵਿਖੇ ਵਿਸ਼ਵ ਭਰ ਦੇ ਚੋਣਵੇਂ ਵਿਧਾਇਕਾਂ ਦੇ ਹੋਏ ਸੰਮੇਲਨ ਵਿੱਚ ਹਿੱਸਾ ਲੈਣ ਲਈ ਗਏ ਹਨ ਪਰ ਉਨ੍ਹਾਂ ਦੀ ਰਹਿਨੁਮਾਈ ਹੇਠ ਬਟਾਲਾ ਸ਼ਹਿਰ ਦੇ ਵਾਸੀਆਂ ਦੀਆਂ ਮੁਸ਼ਕਿਲਾਂ ਹੱਲ ਕਰਨ ਲਈ ਕੋਈ ਕਮੀ ਨਹੀਂ ਆਉਣ ਦਿੱਤੀ ਜਾ ਰਹੀ ਹੈ ਤੇ ਅੱਜ ਸੀਵਰੇਜ ਦੀ ਸਫ਼ਾਈ ਕਰਵਾਉਣ ਲਈ ਦੋ ਵੱਡੀਆਂ ਸੁਪਰ ਸੱਕਰ ਮਸ਼ੀਨਾਂ ਸ਼ੁਰੂ ਹੋ ਗਈਆਂ ਹਨ, ਜਿਸ ਨਾਲ ਸਾਰੇ ਸ਼ਹਿਰ ਦੇ ਸੀਵਰੇਜ ਦੀ ਸਫ਼ਾਈ ਕੀਤੀ ਜਾਵੇਗੀ। ਅੰਮ੍ਰਿਤ ਕਲਸੀ ਨੇ ਅੱਗੇ ਕਿਹਾ ਕਿ ਬਟਾਲਾ ਸ਼ਹਿਰ ਨੂੰ ਦਰਪੇਸ਼ ਮੁਸ਼ਕਿਲਾਂ ਦਾ ਨਿਪਟਾਰਾ ਕਰਨ ਲਈ ਵਿਧਾਇਕ ਸ਼ੈਰੀ ਕਲਸੀ ਦ੍ਰਿੜ੍ਹ ਸੰਕਲਪ ਹਨ ਤੇ ਜਿਸ ਤਹਿਤ ਬੀਤੇ ਦਿਨੀਂ ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ ਵਿਖੇ ਦੁਕਾਨਦਾਰਾਂ ਦੀ ਸਮੱਸਿਆ ਦਾ ਹੱਲ ਕਰਦਿਆਂ ਬਰਸਾਤੀ ਪਾਣੀ ਦੀ ਨਿਕਾਸੀ ਲਈ ਵੱਡੀਆਂ ਹੌਦੀਆਂ ਬਣਾਉਣ ਦਾ ਕੰਮ ਚੱਲ ਰਿਹਾ ਹੈ, ਜਿਸ ਨਾਲ ਚੌਕ ਵਿੱਚ ਬਰਸਾਤੀ ਪਾਣੀ ਨਹੀਂ ਖੜ੍ਹੇਗਾ।

# 68 ਗ੍ਰਾਮ ਹੈਰੋਇਨ, 44 ਨਸ਼ੀਲੀਆਂ ਗੋਲੀਆਂ, 6,450 ਰੁ. ਡਰੱਗ ਮਨੀ ਸਮੇਤ 6 ਦੋਸ਼ੀ ਗ੍ਰਿਫ਼ਤਾਰ



ਗੁਰਦਾਸਪੁਰ, 4 ਅਗਸਤ (ਜਗੀਰ ਸਿੰਘ ਮੰਡ): ਮੁੱਖ ਮੰਤਰੀ ਮਾਨ ਵੱਲੋਂ ਐਲਾਨੇ ਯੁੱਧ ਨਸ਼ੇ ਦੇ ਵਿਰੁੱਧ ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਤੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਕਾਹਨੂੰਵਾਨ ਵਿਖੇ ਵਿਜੇ ਮਸੀਹ ਨੂੰ ਕਾਬੂ ਕਰਕੇ ਉਸ ਕੋਲੋਂ 8 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 21-61-85 ਐੱਨ.ਡੀ.ਪੀ.ਐੱਸ.ਐਕਟ ਤਹਿਤ ਥਾਣਾ ਕਾਹਨੂੰਵਾਨ ਦਰਜ ਕੀਤਾ ਗਿਆ। ਥਾਣਾ ਧਾਰੀਵਾਲ ਵਿਖੇ ਸੰਦੀਪ ਸਿੰਘ ਉਰਫ ਸੰਨੀ ਨੂੰ ਮੋਟਰ ਸਾਈਕਲ ਨੰਬਰ ਪੀਬੀ 06 ਬੀਕੇ 7547 ਮਾਰਕਾ ਪਲਸਰ ਸਮੇਤ ਕਾਬੂ ਕਰਕੇ ਉਸ ਕੋਲੋਂ 6 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 21(ਬੀ)-61-85 ਐੱਨ.ਡੀ.ਪੀ.ਐੱਸ. ਐਕਟ ਤਹਿਤ ਥਾਣਾ ਧਾਰੀਵਾਲ ਵਿਖੇ ਦਰਜ ਕੀਤਾ ਗਿਆ। ਥਾਣਾ ਘੁੰਮਣ ਕਲਾਂ ਵਿਖੇ ਬਲਕਾਰ ਸਿੰਘ ਨੂੰ ਕਾਬੂ ਕਰਕੇ ਉਸ ਕੋਲੋਂ 7 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 21 (2)-61-85 ਐੱਨ.ਡੀ.ਪੀ.ਐੱਸ. ਐਕਟ ਤਹਿਤ ਥਾਣਾ ਘੁੰਮਣ ਕਲਾਂ ਵਿਖੇ ਦਰਜ ਕੀਤੇ ਗਏ। ਥਾਣਾ ਕਲਾਨੌਰ ਵਿਖੇ ਸੁਖਜੀਤ ਸਿੰਘ ਨੂੰ ਕਾਬੂ ਕਰਕੇ ਉਸ ਕੋਲੋਂ 6 ਗ੍ਰਾਮ ਹੈਰੋਇਨ ਤੇ 1,850/- ਰੁਪਏ ਡਰੱਗ ਮਨੀ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 21(2), 27(1)-61-85 ਐੱਨ.ਡੀ.ਪੀ.ਐੱਸ. ਐਕਟ ਤਹਿਤ ਥਾਣਾ ਕਲਾਨੌਰ ਵਿਖੇ ਦਰਜ ਕੀਤੇ ਗਏ। ਥਾਣਾ ਬਹਿਰਾਮਪੁਰ ਵਿਖੇ ਹੈਪੀ ਕੁਮਾਰ ਨੂੰ ਕਾਬੂ ਕਰਕੇ ਉਸ ਕੋਲੋਂ 44 ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀਆ ਗਈਆਂ, ਜਿਸ 'ਤੇ ਦੋਸ਼ੀ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 22-61-85 ਐੱਨ.ਡੀ.ਪੀ.ਐੱਸ. ਐਕਟ ਤਹਿਤ ਥਾਣਾ ਬਹਿਰਾਮਪੁਰ ਵਿਖੇ ਦਰਜ ਕੀਤੇ ਗਏ। ਥਾਣਾ ਸਿਟੀ ਗੁਰਦਾਸਪੁਰ ਵਿਖੇ ਸੋਨੂੰ ਕੁਮਾਰ ਨੂੰ ਕਾਬੂ ਕਰਕੇ ਉਸ ਕੋਲੋਂ 41 ਗ੍ਰਾਮ ਹੈਰੋਇਨ ਤੇ 4,600/- ਰੁਪਏ ਡਰੱਗ ਮਨੀ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 21, 27(1)-61-85 ਐੱਨ.ਡੀ.ਪੀ.ਐੱਸ.ਐਕਟ ਤਹਿਤ ਥਾਣਾ ਬਹਿਰਾਮਪੁਰ ਵਿਖੇ ਦਰਜ ਕੀਤੇ ਗਏ। ਆਦਿੱਤਯ, ਆਈ.ਪੀ.ਐੱਸ., ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਦੇ ਖਿਲਾਫ਼ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਜ਼ਿਲ੍ਹੇ 'ਚ ਸੇਫ਼ ਸਕੂਲ ਵਾਹਨ ਪਾਲਿਸੀ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇ: ਸਹਾਇਕ ਕਮਿਸ਼ਨਰ



ਗੁਰਦਾਸਪੁਰ, 4 ਅਗਸਤ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਸਹਾਇਕ ਕਮਿਸ਼ਨਰ (ਜਨਰਲ) ਆਦਿੱਤਯ ਗੁਪਤਾ ਦੀ ਪ੍ਰਧਾਨਗੀ ਹੇਠ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਰੋਡ ਸੇਫ਼ਟੀ ਕਮੇਟੀ ਦੀ ਮਹੀਨਾਵਾਰ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਹਾਇਕ ਕਮਿਸ਼ਨਰ (ਜਨਰਲ) ਆਦਿੱਤਯ ਗੁਪਤਾ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਸੇਫ਼ ਸਕੂਲ ਵਾਹਨ ਪਾਲਿਸੀ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇ ਤੇ ਜੋ ਵੀ ਸਕੂਲ ਇਸ ਪਾਲਿਸੀ ਦੀ ਉਲੰਘਣਾ ਕਰਦੇ ਹਨ। ਉਨ੍ਹਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਆਦਿੱਤਯ ਗੁਪਤਾ ਨੇ ਕਿਹਾ ਕਿ ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਸਾਂ ਵਿੱਚ ਫੁੱਟ ਸਟੈਪ ਦੀ ਉਚਾਈ 220 ਮਿਲੀਮੀਟਰ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ। ਸੀ.ਸੀ.ਟੀ.ਵੀ. ਦੀ ਫੁਟੇਜ 60 ਦਿਨ ਤੱਕ ਸੰਭਾਲ ਕੇ ਰੱਖਣੀ ਜ਼ਰੂਰੀ ਹੈ, ਸਕੂਲ ਬੱਸ ਡਰਾਈਵਰ ਨੇ ਨੀਲੇ ਫਿੱਕੇ ਰੰਗ ਦੀ ਕਮੀਜ਼ ਤੇ ਕਾਲੇ ਰੰਗ ਦੇ ਬੂਟ ਪਾਏ ਹੋਣ, ਡਰਾਈਵਰ ਦੇ ਨਾਮ ਵਾਲੀ ਆਈ.ਡੀ. ਪਲੇਟ ਲੱਗੀ ਹੋਵੇ ਤੇ ਡਰਾਈਵਰ ਕੋਲ ਸਾਰੇ ਬੱਚਿਆਂ ਦੇ ਨਾਮ, ਪਤਾ, ਕਲਾਸ ਤੇ ਬਲੱਡ ਗਰੁੱਪ ਵਾਲੀ ਲਿਸਟ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਕੂਲ ਬੱਸ ਵਿੱਚ ਸਮਰੱਥਾ ਤੋਂ ਵੱਧ ਬੱਚੇ ਨਾ ਬਿਠਾਏ ਜਾਣ, ਸਕੂਲ ਬੱਸ ਵਿੱਚ ਅੱਗ ਬੁਝਾਉਣ ਵਾਲਾ ਯੰਤਰ ਹੋਣਾ ਜ਼ਰੂਰੀ ਹੈ। ਸਹਾਇਕ ਕਮਿਸ਼ਨਰ ਨੇ ਕਿਹਾ ਕਿ ਸਕੂਲ ਬੱਸ ਨੂੰ ਸੁਨਹਿਰੀ ਪੀਲਾ ਰੰਗ ਜ਼ਰੂਰ ਕੀਤਾ ਹੋਵੇ ਤੇ ਇੱਕ ਐਮਰਜੈਂਸੀ ਤਾਕੀ ਅੱਗੇ ਤੇ ਇੱਕ ਪਿੱਛੇ ਜ਼ਰੂਰ ਹੋਵੇ। ਸਕੂਲ ਬੱਸ ਦੇ ਚਾਰੇ ਪਾਸੇ ਸਕੂਲ ਦਾ ਨਾਮ ਲਿਖਿਆ ਹੋਣਾ ਜ਼ਰੂਰੀ ਹੈ। ਸਕੂਲ ਬੱਸ ਡਰਾਈਵਰ ਕੋਲ ਘੱਟੋ-ਘੱਟ 5 ਸਾਲ ਦਾ ਤਜਰਬਾ ਹੋਣਾ ਜ਼ਰੂਰੀ ਹੈ, ਸਕੂਲ ਬੱਸ ਵਿੱਚ ਬੱਚਿਆਂ ਦੇ ਬੈਗ ਰੱਖਣ ਲਈ ਸੀਟ ਹੇਠਾਂ ਰੈਕ ਹੋਣਾ ਚਾਹੀਦਾ ਹੈ। ਸਕੂਲ ਬੱਸ ਵਿੱਚ ਫ਼ਸਟਏਡ ਬਾਕਸ ਹੋਣਾ ਲਾਜ਼ਮੀ ਹੈ। ਸਕੂਲ ਬੱਸ ਦੀਆਂ ਤਾਕੀਆਂ ਦੇ ਲਾਕ ਠੀਕ ਹੋਣੇ ਚਾਹੀਦੇ ਹਨ। ਸਕੂਲ ਬੱਸ ਵਿੱਚ ਜੀ.ਪੀ.ਐੱਸ. ਸਿਸਟਮ ਲੱਗਾ ਹੋਣਾ ਜ਼ਰੂਰੀ ਹੈ, ਬੱਸ ਵਿੱਚ ਸਪੀਡ ਗਵਰਨਰ ਲੱਗਾ ਹੋਣਾ ਜ਼ਰੂਰੀ ਹੈ। ਮੀਟਿੰਗ ਦੌਰਾਨ ਖੇਤਰੀ ਟਰਾਂਸਪੋਰਟ ਅਫ਼ਸਰ ਨਵਜੋਤ ਸ਼ਰਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਵਿੱਚ ਸੇਫ਼ ਸਕੂਲ ਵਾਹਨ ਸਕੀਮ ਨੂੰ ਇੰਨ-ਬਿੰਨ ਲਾਗੂ ਕੀਤਾ ਜਾ ਰਿਹਾ ਹੈ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਦੇ ਚਲਾਨ ਕੀਤੇ ਜਾ ਰਹੇ ਹਨ।

# ਹਰਸਿਮਰਨ ਸਿੰਘ ਨੂੰ ਤੀਸਰੀ ਵਾਰ ਜ਼ਿਲ੍ਹਾ ਪ੍ਰਧਾਨ ਬਣਾਉਣ 'ਤੇ ਲਾਟੀ ਮਚਰਾਵਾਂ ਵੱਲੋਂ ਹਾਈਕਮਾਂਡ ਦਾ ਧੰਨਵਾਦ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 4 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਹਰਸਿਮਰਨ ਸਿੰਘ ਹੀਰਾ ਵਾਲੀਆ ਨੂੰ ਤੀਸਰੀ ਵਾਰ ਜ਼ਿਲ੍ਹਾ ਬਟਾਲਾ ਦੇ ਪ੍ਰਧਾਨ ਨਿਯੁਕਤ ਕਰਨ 'ਤੇ ਜ਼ਿਲ੍ਹਾ ਬਟਾਲਾ ਦੇ ਜਨਰਲ ਸਕੱਤਰ (ਮਹਾਂ ਮੰਤਰੀ) ਲਾਜਵੰਤ ਸਿੰਘ ਲਾਟੀ ਘੁਮਾਣ ਨੇ ਹਾਈਕਮਾਂਡ ਦਾ ਧੰਨਵਾਦ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਲਾਟੀ ਮਚਰਾਵਾਂ ਨੇ ਆਖਿਆ ਕਿ ਹਰਸਿਮਰਨ ਸਿੰਘ ਹੀਰਾ ਵਾਲੀਆ ਨੂੰ ਹਾਈਕਮਾਂਡ ਨੇ ਤੀਸਰੀ ਵਾਰ ਜ਼ਿਲ੍ਹਾ ਬਟਾਲਾ ਦਾ ਪ੍ਰਧਾਨ ਬਣਾਉਣ 'ਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਹੀਰਾ ਵਾਲੀਆ ਬਹੁਤ ਹੀ ਮਿਹਨਤੀ ਤੇ ਪੜ੍ਹੇ-ਲਿਖੇ ਨੌਜਵਾਨ ਆਗੂ ਹਨ। ਲਾਟੀ ਮਚਰਾਵਾਂ ਨੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਸੂਬਾ ਪ੍ਰਧਾਨ ਸੁਨੀਲ ਜਾਖੜ, ਪੰਜਾਬ ਹਾਈਕਮਾਂਡ ਤੇ ਕੇਂਦਰੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੀਰਾ ਵਾਲੀਆ ਨੂੰ ਪੁਲਿਸ ਜ਼ਿਲ੍ਹਾ ਬਟਾਲਾ ਦਾ ਤੀਸਰੀ ਵਾਰ ਪ੍ਰਧਾਨ ਨਿਯੁਕਤ ਕਰਕੇ ਵਰਕਰਾਂ ਨੂੰ ਮਾਣ ਬਖਸ਼ਿਆ ਹੈ। ਇਸ ਮੌਕੇ ਪਲਵਿੰਦਰ ਸਿੰਘ ਚੀਮਾ ਮੰਡਲ ਪ੍ਰਧਾਨ, ਮੰਡਲ ਪ੍ਰਧਾਨ ਨਵਤੇਜ ਸਿੰਘ, ਮੰਡਲ ਪ੍ਰਧਾਨ ਗੁਰਬਾਜ਼ ਸਿੰਘ, ਸਾਬਕਾ ਮੰਡਲ ਪ੍ਰਧਾਨ ਸੁਰਿੰਦਰ ਸਿੰਘ ਸਰਪੰਚ ਮਿੱਠਾਪੁਰ, ਗੁਰਸੇਵਕ ਸਿੰਘ ਗੋਰਾ ਮਚਰਾਵਾਂ, ਸਿਕੰਦਰ ਸਿੰਘ ਮੰਡਲ ਪ੍ਰਧਾਨ ਹਰਚੋਵਾਲ ਵੱਲੋਂ ਹੀਰਾ ਵਾਲੀਆ ਨੂੰ ਤੀਸਰੀ ਵਾਰ ਜ਼ਿਲ੍ਹਾ ਬਟਾਲਾ ਦੇ ਪ੍ਰਧਾਨ ਨਿਯੁਕਤ ਹੋਣ 'ਤੇ ਵਧਾਈ ਦਿੱਤੀ।

# ਬਜ਼ੁਰਗ ਮਹਿਲਾ ਦੀਆਂ ਸੋਨੇ ਵਾਲੀਆਂ ਖੋਹ ਕੇ ਫਰਾਰ



ਰਾਹੋ, 4 ਅਗਸਤ (ਸੰਜੀਵ ਕੁਮਾਰ ਬੋਬੀ): ਸਥਾਨਕ ਘਾਟੀ ਤੇਲਿਆਂ ਦੀ ਕੋਲ ਇੱਕ ਬਜ਼ੁਰਗ ਮਹਿਲਾ ਦੇ ਕੰਨਾਂ ਵਿੱਚੋਂ ਸੋਨੇ ਦੀਆਂ ਵਾਲੀਆਂ ਖੋਹ ਕੇ ਦੋ ਮੋਟਰਸਾਈਕਲ ਸਵਾਰ ਲੁਟੇਰਿਆਂ ਦੇ ਫਰਾਰ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਲੁਟੇਰਿਆਂ ਦਾ ਸ਼ਿਕਾਰ ਹੋਈ ਬਜ਼ੁਰਗ ਮਹਿਲਾ ਕੁਲਦੀਪ ਕੌਰ ਨਿਵਾਸੀ ਹੁਸ਼ਿਆਰਪੁਰ ਨੇ ਦੱਸਿਆ ਕਿ ਉਹ ਆਪਣੀ ਕੁੜੀ ਦੇ ਘਰ ਚੌਕ ਪੱਟੂਆਂ ਰਾਹੋ ਵਿਖੇ ਆਈ ਹੋਈ ਸੀ ਤੇ ਅੱਜ ਮੱਥਾ ਟੇਕਣ ਲਈ ਇੱਕ ਮੰਦਰ ਵਿੱਚ ਗਈ ਸੀ, ਜਦੋਂ ਮੰਦਰ ਤੋਂ ਵਾਪਸ ਉਹ ਆਪਣੇ ਘਰ ਨੂੰ ਪਰਤ ਰਹੀ ਸੀ ਦੀ ਰਸਤੇ ਵਿੱਚ ਤੇਲਿਆਂ ਦੀ ਘਾਟੀ ਦੇ ਕੋਲ ਦੋ ਲੁਟੇਰਿਆਂ ਵੱਲੋਂ ਉਸ ਦੇ ਕੰਨਾਂ ਵਿੱਚੋਂ ਵਾਲੀਆਂ ਖਿੱਚ ਕੇ ਫਰਾਰ ਹੋ ਗਏ, ਜਦ ਉਸ ਔਰਤ ਨੇ ਰੌਲਾ ਪਾਇਆ ਤਾਂ ਉਥੇ ਲੋਕ ਇਕੱਠੇ ਹੋ ਗਏ। ਲੋਕਾਂ ਨੇ ਮੋਟਰਸਾਈਕਲ ਸਵਾਰ ਲੁਟੇਰਿਆਂ ਦਾ ਪਿੱਛਾ ਵੀ ਕੀਤਾ ਪਰ ਲੁਟੇਰੇ ਭੱਜਣ ਵਿੱਚ ਸਫਲ ਹੋ ਗਏ। ਲੁਟੇਰਿਆਂ ਦੀ ਸ਼ਿਕਾਰ ਹੋਈ ਮਹਿਲਾ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜਲਦ ਤੋਂ ਜਲਦ ਲੁਟੇਰਿਆਂ ਨੂੰ ਫੜ ਕੇ ਉਸਨੂੰ ਇਨਸਾਫ ਦਿਵਾਇਆ ਜਾਵੇ।

# ਕਣਕ ਤੇ ਝੋਨੇ ਦੀ ਰਹਿੰਦ-ਖੂੰਹਦ ਨੂੰ ਖੇਤਾਂ 'ਚ ਮਿਲਾ ਕੇ ਮਲਚਿੰਗ ਵਿਧੀ ਰਾਹੀਂ ਖੇਤੀ ਕਰ ਰਿਹੈ ਅਗਾਂਹਵਧੂ ਕਿਸਾਨ ਅਮਰਬੀਰ ਸਿੰਘ



ਗੁਰਦਾਸਪੁਰ, 4 ਅਗਸਤ (ਜਗਮੋਹਣ ਸਿੰਘ ਬਾਂਗੋਵਾਣੀ): ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਬਾਂਗੋਵਾਣੀ ਦਾ ਨੌਜਵਾਨ ਕਿਸਾਨ ਅਮਰਬੀਰ ਸਿੰਘ ਪਿਛਲੇ 10 ਸਾਲਾਂ ਤੋਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਗੁਰਦਾਸਪੁਰ ਤੋਂ ਪ੍ਰੇਰਨਾ ਤੇ ਸਹਿਯੋਗ ਨਾਲ ਕਣਕ ਤੇ ਝੋਨੇ ਦੇ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਮਿਲਾ ਕੇ ਹੈਪੀ ਸੀਡਰ ਤੇ ਮਲਚਿੰਗ ਵਿਧੀ ਦੁਆਰਾ ਖੇਤੀ ਕਰ ਰਿਹਾ ਹੈ, ਜਿਸ ਨਾਲ ਉਸ ਦੀ ਜ਼ਮੀਨ ਦੀ ਸਿਹਤ ਵਿੱਚ ਚੋਖਾ ਵਾਧਾ ਹੋਣ ਦੇ ਨਾਲ-ਨਾਲ ਕਣਕ ਤੇ ਝੋਨੇ ਦੀ ਫਸਲ ਦੀ ਪੈਦਾਵਾਰ ਵਿੱਚ ਵੀ ਵਾਧਾ ਹੋਇਆ ਹੈ। ਅਮਰਬੀਰ ਸਿੰਘ ਨੇ ਦੱਸਿਆ ਕਿ ਝੋਨੇ ਦੀ ਪਰਾਲ਼ੀ ਕਿਸਾਨਾਂ ਲਈ ਇੱਕ ਕੁਦਰਤੀ ਵੱਲੋਂ ਬਖ਼ਸ਼ੇ ਅਨਮੋਲ ਤੋਹਫ਼ੇ ਵਜੋਂ ਹੈ, ਜਿਸ ਨੂੰ ਖੇਤਾਂ ਵਿਚ ਸੰਭਾਲ ਕੇ ਮਿੱਟੀ ਦੀ ਸਿਹਤ ਸੁਧਾਰੀ ਜਾ ਸਕਦੀ ਹੈ ਕਿਉਂਕਿ ਪਰਾਲ਼ੀ ਤੇ ਹੋਰ ਫਸਲੀ ਰਹਿੰਦ-ਖੂੰਹਦ ਖੇਤਾਂ ਵਿਚ ਸੰਭਾਲ ਕੇ ਫਸਲਾਂ ਦੀ ਕਾਸ਼ਤ ਕਰਨ ਨਾਲ ਮਿੱਟੀ ਵਿਚ ਜੈਵਿਕ ਮਾਦਾ ਦੀ ਮਾਤਰਾ ਵੱਧਦੀ ਹੈ। ਉਨ੍ਹਾਂ ਦੱਸਿਆ ਕਿ ਝੋਨੇ ਦੀ ਪਰਾਲ਼ੀ ਨੂੰ ਅੱਗ ਨਾ ਲਗਾ ਕੇ ਪਿਛਲੇ 10 ਸਾਲ ਤੋਂ ਹੈਪੀ ਸੀਡਰ ਦੀ ਮਦਦ ਨਾਲ ਕਣਕ ਦੀ ਬਿਜਾਈ ਕਰ ਰਿਹਾ ਹੈ ਜਿਸ ਨਾਲ ਕਾਫੀ ਫਾਇਦਾ ਹੋਇਆ ਹੈ। ਅਮਰਬੀਰ ਸਿੰਘ ਦੱਸਦਾ ਹੈ ਕਿ ਮਿੱਟੀ ਵਿਚ ਜੈਵਿਕ ਮਾਦਾ ਵਧਣ ਕਾਰਨ ਰਸਾਇਣਿਕ ਖਾਦਾਂ 'ਤੇ ਨਿਰਭਰਤਾ ਘਟ ਗਈ ਹੈ ਤੇ ਹੁਣ ਕਣਕ ਦੀ ਫਸਲ ਨੂੰ 40 ਕਿੱਲੋ ਡਾਇਆ ਖਾਦ ਵਰਤ ਕੇ ਬਿਜਾਈ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਨਾਲ ਖੇਤ ਵਿਚ ਪਰਾਲ਼ੀ ਦੀ ਇਕਸਾਰ ਤਹਿ ਬਣ ਜਾਂਦੀ ਹੈ ਜਿਸ ਨਾਲ ਨਦੀਨਾਂ ਦੀ ਸਮੱਸਿਆ ਵੀ ਬਹੁਤ ਘੱਟ ਜਾਂਦੀ ਹੈ ਤੇ ਮਿੱਟੀ ਦੀ ਸਿਹਤ ਵਿੱਚ ਬਹੁਤ ਸੁਧਾਰ ਆਉਂਦਾ ਤੇ ਨਾਲ ਵਾਤਾਵਰਨ ਪ੍ਰਦੂਸ਼ਿਤ ਵੀ ਨਹੀਂ ਹੁੰਦਾ। ਇਸ ਵਿਧੀ ਦੁਆਰਾ ਖੇਤਾਂ 'ਚ ਖਾਦਾਂ ਤੇ ਕੀਟਨਾਸ਼ਕਾਂ ਦਾ ਇਸਤੇਮਾਲ ਵੀ ਬਹੁਤ ਹੱਦ ਤੱਕ ਘੱਟ ਜਾਂਦਾ ਹੈ। ਅਮਰਬੀਰ ਸਿੰਘ ਨੇ ਦੱਸਿਆ ਪਿਛਲੇ ਦੋ ਸਾਲਾ ਤੋਂ ਸਰਵੇਸ ਸੀਡਰ ਦੀ ਵਰਤੋਂ ਕਰ ਰਿਹਾ ਹੈ ਜੋ ਕੀ ਪਰਾਲੀ ਦੀ ਸੰਭਾਲ ਲਈ ਬਹੁਤ ਸਰਲ ਵਿਧੀ ਹੈ।

# ਬਘੇਲ ਸਿੰਘ ਬਾਹੀਆਂ ਨੂੰ ਭਾਜਪਾ ਨੇ ਸੌਂਪੀ ਜ਼ਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ



ਗੁਰਦਾਸਪੁਰ, 4 ਅਗਸਤ (ਜਸਵਿੰਦਰ ਸਿੰਘ): ਭਾਰਤੀ ਜਨਤਾ ਪਾਰਟੀ ਹਾਈਕਮਾਂਡ ਵੱਲੋਂ ਬਘੇਲ ਸਿੰਘ ਬਾਹੀਆਂ ਨੂੰ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਨਵੀਂ ਜ਼ਿੰਮੇਵਾਰੀ ਸੌਂਪੇ ਜਾਣ 'ਤੇ ਬਘੇਲ ਸਿੰਘ ਬਾਹੀਆਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਰਾਸ਼ਟਰੀ ਪ੍ਰਧਾਨ ਜੇਪੀ ਨੱਡਾ, ਪੰਜਾਬ ਪ੍ਰਧਾਨ ਸੁਨੀਲ ਜਾਖੜ, ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ, ਚੋਣ ਤੇ ਲੋਕ ਸਭਾ ਇੰਚਾਰਜ ਦਿਨੇਸ਼ ਬੱਬੂ, ਚੋਣ ਗੁਰਦਾਸਪੁਰ ਆਬਜ਼ਰਵਰ ਮੋਹਨ ਲਾਲ ਸੇਠੀ, ਸਹਿ-ਇੰਚਾਰਜ ਅਨਿਲ ਵਾਸੂਦੇਵਾ, ਸ਼ਿਵਬੀਰ ਸਿੰਘ ਰਾਜਨ ਤੇ ਪਾਰਟੀ ਦੀ ਸਮੂਹ ਲੀਡਰਸ਼ਿਪ ਦਾ ਧੰਨਵਾਦ ਕੀਤਾ। ਉਨ੍ਹਾਂ ਦੀ ਨਿਯੁਕਤੀ ਨਾਲ ਵਰਕਰਾਂ ਤੇ ਸਮਰਥਕਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ। ਪਾਰਟੀ ਵਰਕਰਾਂ ਨੇ ਉਨ੍ਹਾਂ ਨੂੰ ਹਾਰ ਪਾ ਕੇ ਵਧਾਈ ਦਿੱਤੀ ਹੈ। ਨਵੇਂ ਨਿਯੁਕਤ ਜ਼ਿਲ੍ਹਾ ਪ੍ਰਧਾਨ ਬਘੇਲ ਸਿੰਘ ਬਾਹੀਆਂ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਵੱਡੀ ਜ਼ਿੰਮੇਵਾਰੀ ਨੂੰ ਪੂਰੀ ਲਗਨ ਨਾਲ ਨਿਭਾਉਣਗੇ, ਜਦੋਂ ਕਿ ਉਹ ਪਾਰਟੀ ਦੀਆਂ ਗਤੀਵਿਧੀਆਂ ਨੂੰ ਅੱਗੇ ਵਧਾਉਣਗੇ। ਇਸ ਦੇ ਨਾਲ ਹੀ ਉਹ ਮੁਸ਼ਕਿਲ ਸਮੇਂ ਵਿੱਚ ਆਪਣੇ ਵਰਕਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣਗੇ। ਉਨ੍ਹਾਂ ਕਿਹਾ ਕਿ ਜਦੋਂ ਵੀ ਵਰਕਰਾਂ ਨੂੰ ਉਨ੍ਹਾਂ ਦੀ ਜ਼ਰੂਰਤ ਹੋਵੇਗੀ, ਉਹ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹੇ ਰਹਿਣਗੇ। ਉਨ੍ਹਾਂ ਕਿਹਾ ਕਿ ਭਾਜਪਾ ਹੀ ਇਕਲੌਤੀ ਪਾਰਟੀ ਹੈ ਜੋ ਪਾਰਟੀ ਵਿੱਚ ਆਪਣੇ ਮਿਹਨਤੀ ਵਰਕਰਾਂ ਨੂੰ ਪੂਰਾ ਸਤਿਕਾਰ ਦਿੰਦੀ ਹੈ। ਚੋਣ ਤੇ ਲੋਕ ਸਭਾ ਇੰਚਾਰਜ ਦਿਨੇਸ਼ ਬੱਬੂ ਨੇ ਕਿਹਾ ਕਿ ਪਾਰਟੀ ਦੇ ਜ਼ਿਲ੍ਹਾ ਮੁਖੀ ਦੀ ਜ਼ਿੰਮੇਵਾਰੀ ਹੈ ਕਿ ਉਹ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਤਾਂ ਜੋ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾਈ ਜਾ ਸਕੇ। ਇਸ ਮੌਕੇ ਰਾਕੇਸ਼ ਜੋਤੀ, ਰੇਣੂ ਕਸ਼ਯਪ, ਅਸ਼ੋਕ ਵੈਦਿਆ, ਬਾਲ ਕ੍ਰਿਸ਼ਨ ਮਿੱਤਲ, ਪ੍ਰਦੀਪ ਸ਼ਰਮਾ, ਯਸ਼ਪਾਲ ਕੁੰਡਲ, ਵਿਨੈ ਚੌਧਰੀ, ਨੀਲਮ ਮਹੰਤ, ਬਿੰਦੀਆ, ਸ਼ਹਿਰੀ ਮੰਡਲ ਪ੍ਰਧਾਨ ਰੋਹਿਤ ਮਹਾਜਨ ਤੇ ਰਿੱਕੀ ਮਹੰਤ ਆਦਿ ਮੌਜੂਦ ਸਨ।

# ਬਾਬਾ ਫਿਰਨਾਂ ਜੀ ਯਾਦਗਾਰੀ ਧਾਰਮਿਕ ਸਮਾਗਮ ਤੇ ਖੇਡ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 4 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਧੰਨ-ਧੰਨ ਬਾਬਾ ਫਿਰਨਾਂ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਧਾਰਮਿਕ ਸਮਾਗਮ ਤੇ ਛਿੰਝ ਮੇਲਾ ਕਸਬਾ ਘੁਮਾਣ ਦੇ ਬਾਬਾ ਫਿਰਨਾਂ ਜੀ ਦੇ ਅਸਥਾਨ 'ਤੇ ਬਾਬਾ ਫਿਰਨਾਂ ਜੀ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਘੁਮਾਣ ਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਧਾਰਮਿਕ ਸਮਾਗਮ ਤੇ ਛਿੰਝ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋ ਗਿਆ। ਇਸ ਧਾਰਮਿਕ ਸਮਾਗਮ ਤੇ ਖੇਡ ਮੇਲੇ ਵਿੱਚ ਹਲਕਾ ਵਿਧਾਇਕ ਅਮਰਪਾਲ ਸਿੰਘ ਕਿਸ਼ਨਕੋਟ ਦੇ ਭਰਾਤਾ ਅਮਰੀਕ ਸਿੰਘ ਗੋਲਡੀ, ਮਾਰਕੀਟ ਕਮੇਟੀ ਦੇ ਚੇਅਰਮੈਨ ਐਡਵੋਕੇਟ ਨਿਸ਼ਾਨ ਸਿੰਘ ਬੋਲੇਵਾਲ, ਸੀਨੀਅਰ ਆਪ ਆਗੂ ਡਾ. ਕਮਲਜੀਤ ਸਿੰਘ ਕੇ.ਜੇ., ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਸਾਬਕਾ ਚੇਅਰਮੈਨ ਜਥੇਦਾਰ ਕੁਲਵੰਤ ਸਿੰਘ ਚੀਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਵੇਰੇ ਬਾਬਾ ਫਿਰਨਾਂ ਜੀ ਦੇ ਅਸਥਾਨ 'ਤੇ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਸਮਾਗਮ ਕਰਵਾਇਆ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਢਾਡੀ, ਕਵੀਸ਼ਰ, ਜਥਿਆਂ ਨੇ ਪਹੁੰਚ ਕੇ ਪਹੁੰਚੀਆਂ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ। ਸ਼ਾਮ ਨੂੰ ਗੁਰਦੁਆਰਾ ਸਾਹਿਬ ਦੇ ਖੁੱਲ੍ਹੇ ਮੈਦਾਨ 'ਤੇ ਖੇਡ ਮੇਲਾ ਕਰਵਾਇਆ ਗਿਆ, ਜਿਸ ਵਿਚ ਲੜਕੀਆਂ ਦੇ ਸ਼ੋਅ ਮੈਚ ਕਰਵਾਏ ਗਏ। ਇਸੇ ਤਰ੍ਹਾਂ ਕਬੱਡੀ ਦਾ ਸ਼ੋਅ ਮੈਚ ਬਾਬਾ ਫਿਰਨਾਂ ਜੀ ਕਬੱਡੀ ਕਲੱਬ ਤੇ ਬਾਬਾ ਮੰਝ ਸਾਹਿਬ ਜੀ ਕਬੱਡੀ ਕਲੱਬ ਵਿਚਕਾਰ ਹੋਇਆ, ਜਿਸ ਵਿੱਚੋਂ ਬਾਬਾ ਮੰਝ ਸਾਹਿਬ ਨੇ ਮੈਚ ਜਿੱਤਿਆ। ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਈਆਂ ਗਈਆਂ, ਜਿਸ ਮਾਲੀ ਦੀ ਕੁਸ਼ਤੀ ਅਲੀ ਤੇ ਜੱਗਾ ਅਜਨਾਲਾ ਵਿੱਚ ਹੋਈ, ਜਿਸ ਵਿੱਚ ਦੋਵੇਂ ਪਹਿਲਵਾਨ ਬਰਾਬਰ ਰਹੇ। ਇਸ ਮੌਕੇ ਜਿੱਤ ਹੋਈ ਟੀਮ ਨੂੰ ਨਕਦ ਇਨਾਮ ਤੇ ਟਰਾਫੀਆਂ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਪਹੁੰਚੀ ਹੋਈਆਂ ਸ਼ਖ਼ਸੀਅਤਾਂ ਨੂੰ ਬਾਬਾ ਫਿਰਨਾਂ ਜੀ ਪ੍ਰਬੰਧਕੀ ਦੇ ਕਮੇਟੀ ਦੇ ਹੈੱਡ ਗ੍ਰੰਥੀ ਬਾਬਾ ਮਨਜੀਤ ਸਿੰਘ, ਸਰਪ੍ਰਸਤ ਰਾਜ ਗੁਰਿੰਦਰ ਸਿੰਘ ਲਾਡੀ, ਪ੍ਰਧਾਨ ਬਲਜੀਤ ਸਿੰਘ ਰੋਹੀਵਾਲ, ਸਰਪੰਚ ਜੀਵਨ ਸਿੰਘ ਤੇ ਸਾਬਕਾ ਪ੍ਰਧਾਨ ਡਾ. ਨਰਿੰਦਰ ਸਿੰਘ ਘੁਮਾਣ, ਸਰਪੰਚ ਮਨਜੀਤ ਸਿੰਘ ਵਾੜੇ ਤੇ ਪ੍ਰਬੰਧਕ ਕਮੇਟੀ ਮੈਂਬਰਾਂ ਵੱਲੋਂ ਗੁਰੂਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਨਰਲ ਸਕੱਤਰ ਨੰਬਰਦਾਰ ਜਸਵੰਤ ਸਿੰਘ ਘੁਮਾਣ, ਪ੍ਰਬੰਧਕ ਸਕੱਤਰ ਸੁਲੱਖਣ ਸਿੰਘ ਬਾਠ, ਦਿਲਬਾਗ ਸਿੰਘ ਪਹਿਲਵਾਨ, ਕੈਸ਼ੀਅਰ ਦਲਬੀਰ ਸਿੰਘ, ਦਲਜੀਤ ਸਿੰਘ ਬੱਬੀ ਸੈਕਟਰੀ, ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਬਾਊ, ਅਮਰੀਕ ਸਿੰਘ ਰੋਹੀਵਾਲ, ਹਰਜਿੰਦਰ ਸਿੰਘ ਸਾਹੋਕੇ, ਦਿਲਬਾਗ ਸਿੰਘ, ਦਿਲਬਾਗ ਸਿੰਘ ਪਹਿਲਵਾਨ, ਦਲਜੀਤ ਸਿੰਘ ਬੱਬੀ ਸੈਕਟਰੀ, ਸਾਬਕਾ ਸਰਪੰਚ ਹਰਬੰਸ ਸਿੰਘ ਘੁਮਾਣ, ਸਾਬਕਾ ਸਰਪੰਚ ਬਖ਼ਸ਼ੀਸ਼ ਸਿੰਘ ਘੁਮਾਣ, ਸੂਬੇਦਾਰ ਸੁਖਦੇਵ ਸਿੰਘ, ਪ੍ਰਿੰਸੀਪਲ ਗੁਰਨਾਮ ਸਿੰਘ ਮੰਡ, ਬਲਜੀਤ ਸਿੰਘ ਪੰਡੋਰੀ, ਜਥੇਦਾਰ ਕਸ਼ਮੀਰ ਸਿੰਘ ਲੰਘਿਆ ਵਾਲੀ, ਸਰਪੰਚ ਹਰਜਿੰਦਰ ਸਿੰਘ ਦਕੋਹਾ, ਜਰਨੈਲ ਸਿੰਘ ਰੋਹੀਵਾਲ, ਬੱਬੂ ਟੀਵੀ ਐੱਸ, ਪ੍ਰਧਾਨ ਪ੍ਰਲੋਕ ਸਿੰਘ, ਯੂਥ ਆਗੂ ਅੰਮ੍ਰਿਤਪਾਲ ਸਿੰਘ ਸੋਹੀ ਆਦਿ ਹਾਜ਼ਰ ਸਨ।

# ਬਲਾਚੌਰ ਵਿਖੇ ਤੀਆਂ ਦਾ ਮੇਲਾ ਮਨਾਇਆ



ਬਲਾਚੌਰ, 4 ਅਗਸਤ (ਸੁਖਜੀਤ ਭਾਟੀਆ): ਬਲਾਚੌਰ ਦੇ ਚੌਧਰੀ ਪੈਲਸ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਗਿਆ। ਪੰਜਾਬ ਦੇ ਸੱਭਿਆਚਾਰ ਨੂੰ ਨਵੀਂ ਪੀੜ੍ਹੀ ਨੂੰ ਦੱਸਣ ਲਈ 'ਕੀ ਤੀਜਾ ਦਾ ਤਿਉਹਾਰ ਵੀ ਸਾਡੇ ਪੰਜਾਬ ਦੇ ਸੱਭਿਆਚਾਰ ਦਾ ਇੱਕ ਹਿੱਸਾ ਹੈ' ਇਸ ਤਿਉਹਾਰ ਨੂੰ ਬਲਾਚੌਰ ਦੇ ਸੂਰੀ ਹਸਪਤਾਲ ਤੇ ਖ਼ਾਲਸਾ ਫਾਰਮ ਵਾਲਿਆਂ ਨੇ ਰਲ ਕੇ ਸਪਾਂਸਰ ਕੀਤਾ ਤੇ ਨਵੇਂ ਪੀੜ੍ਹੀ ਨੂੰ ਇਸ ਤਿਉਹਾਰ ਨਾਲ ਜਾਣੂੰ ਕਰਵਾਇਆ। ਸੂਰੀ ਹਸਪਤਾਲ ਦੀ ਡਾ. ਅਮਨਦੀਪ ਕੌਰ ਤੇ ਸਿਮਰਨ ਸਹਿਜਪਾਲ ਖ਼ਾਲਸਾ ਫਾਰਮ ਵਾਲਿਆਂ ਨੇ ਇਸ ਨੂੰ ਆਰਗੇਨਾਈਜ਼ ਕੀਤਾ ਤੇ ਚੌਧਰੀ ਪੈਲਸ ਵਿੱਚ ਐਤਵਾਰ ਸਵੇਰੇ 11 ਤੋਂ 4 ਵਜੇ ਤੱਕ ਮਨਾਇਆ। ਇਸ ਸਬੰਧ ਵਿੱਚ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਡਾ. ਅਮਨਦੀਪ ਕੌਰ ਸੂਰੀ ਤੇ ਸਿਮਰਨ ਸਹਿਜਪਾਲ ਨੇ ਦੱਸਿਆ ਕਿ ਇਸ ਤੀਆਂ ਦੇ ਮੇਲੇ ਵਿੱਚ ਵਿਸ਼ੇਸ਼ ਸਨਮਾਨ ਜਤਿੰਦਰ ਕੌਰ ਵੱਲੋਂ ਦਿੱਤੇ ਗਏ। ਇਸ ਤੀਆਂ ਦੇ ਮੇਲੇ ਵਿੱਚ ਬਲਾਚੌਰ ਚੌਧਰੀ ਪੈਲਸ ਵਿਖੇ ਪੰਜਾਬੀ ਇੰਡਸਟਰੀ ਦੀਆਂ ਮਸ਼ਹੂਰ ਹਸਤੀਆਂ ਪਹੁੰਚੀਆਂ, ਜਿਨ੍ਹਾਂ ਵਿੱਚੋਂ ਯੁਵਰਾਜ ਹੰਸ, ਮਲਕੀਤ ਰੌਣੀ, ਪਰਮਵੀਰ ਸਿੰਘ, ਸਮੀਰ ਮਾਹੀ, ਹਰਸ਼ਪਦੇਰ ਟਾਈਗਰ ਹਰਮੀਕ ਰਾਮ ਔਜਲਾ, ਪ੍ਰਿੰਸ ਸੰਧੂ, ਅਨਮੋਲ ਵਿਜੇ ਆਰਜੇ ਮਿੰਟੂ ਤੇ ਸੁਨੀਤਾ ਧੀਰ ਗੁਰਪ੍ਰੀਤ ਭੰਗੂ, ਰੁਪਿੰਦਰ ਰੂਪੀ, ਅਨੀਤਾ ਮੀਤ ਸਤਵੰਤ ਕੌਰ, ਪਰਮਿੰਦਰ ਗਿੱਲ, ਅਨੀਤਾ ਸ਼ਬਦੀਸ਼ ਨੀਨਾ ਯੋਗਰਾਜ, ਨਿਸ਼ਾ ਬਾਨੋ, ਨੇਹਾ ਦਿਆਲ ਰਾਜ ਪੂਨਮ ਸੂਤ ਮਨੀ ਬੋਪਾਰਾਏ ਹਰਪ੍ਰੀਤ ਵਾਲੀਆ, ਜੋਤੀ ਅਰੋੜਾ, ਮਨਪ੍ਰੀਤ ਮਨੀ, ਆਦਿ ਸ਼ਾਮਲ ਹੋਏ ਹੋਏ। ਅਮਨਦੀਪ ਕੌਰ ਸੂਰੀ ਤੇ ਸਿਮਰਨ ਸਹਿਜਪਾਲ ਨੇ ਕਿਹਾ ਕਿ ਇਹ ਮੇਲਾ ਹਰ ਸਾਲ ਧੂਮਧਾਮ ਨਾਲ ਮਨਾਇਆ ਜਾਵੇਗਾ।

# ਨਵੋਦਿਆ ਵਿਦਿਆਲਿਆ 'ਚ ਦਾਖਲੇ ਸ਼ੁਰੂ

ਹੁਸ਼ਿਆਰਪੁਰ, 4 ਅਗਸਤ (ਪਰਮਿੰਦਰ ਘੁੰਮਣ): ਪੀ.ਐੱਮ ਸ੍ਰੀ ਜਵਾਹਰ ਨਵੋਦਿਆ ਵਿਦਿਆਲਿਆ, ਫਲਾਹੀ ਵਿੱਚ ਮੌਜੂਦਾ ਵਿੱਦਿਅਕ ਵਰ੍ਹੇ 2025-26 ਦੀ ਸਾਇੰਸ ਤੇ ਕਾਮਰਸ ਗਿਆਰਵੀਂ ਜਮਾਤ ਵਿਚ ਦਾਖਲੇ ਲਈ ਵਿਦਿਅਕ ਵਰ੍ਹੇ 2024-25 ਵਿਚ ਹੁਸ਼ਿਆਰਪੁਰ ਜ਼ਿਲ੍ਹੇ ਵਿਚੋਂ ਦਸਵੀਂ ਪਾਸ ਕਰਨ ਵਾਲੇ ਤੇ ਮੌਜੂਦਾ ਸੈਸ਼ਨ 2025-26 ਵਿਚ ਗਿਆਰਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀ ਫ਼ਾਰਮ ਭਰਕੇ ਦੇ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਰੰਜੂ ਦੁੱਗਲ ਨੇ ਦੱਸਿਆ ਕਿ ਸਰਕਾਰੀ ਸਹਾਇਤਾ ਪ੍ਰਾਪਤ/ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲ ਤੋਂ ਦਸਵੀਂ ਪਾਸ ਹੋਵੇ।

# ਆਗਾਮੀ ਵਿਆਹ ਪੁਰਬ ਦੇ ਸਬੰਧ 'ਚ ਫਾਇਰ ਬ੍ਰਿਗੇਡ ਸਟੇਸ਼ਨ ਵਿਖੇ ਮੀਟਿੰਗ



ਬਟਾਲਾ, 4 ਅਗਸਤ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਸੰਸਾਰ ਭਰ ਵਿਚ ਪ੍ਰਸਿੱਧ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਜੋ 30 ਅਗਸਤ ਨੂੰ ਬਟਾਲਾ ਵਿਖੇ ਮਨਾਇਆ ਜਾ ਰਿਹਾ ਹੈ, ਜਿਸ ਵਿਚ ਦੇਸ਼-ਵਿਦੇਸ਼ ਤੋਂ ਸੰਗਤਾਂ ਦਾ ਭਾਰੀ ਇੱਕਠ ਹੁੰਦਾ ਹੈ। ਇਸੇ ਸਬੰਧੀ ਵਿਕਰਮਜੀਤ ਸਿੰਘ ਪਾਂਥੇ, ਐੱਸ.ਡੀ.ਐੱਮ-ਕਮ-ਕਮਿਸ਼ਨਰ, ਨਗਰ ਨਿਗਮ ਬਟਾਲਾ ਦੀ ਹਦਾਇਤਾਂ ਅਨੁਸਾਰ, ਸਟੇਸ਼ਨ ਇੰਚਾਰਜ ਨੀਰਜ ਸ਼ਰਮਾ ਦੀ ਅਗਵਾਈ ਵਿਚ ਫਾਇਰ ਬ੍ਰਿਗੇਡ ਸਟੇਸ਼ਨ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿਚ ਫਾਇਰ ਅਫ਼ਸਰ ਰਾਕੇਸ ਸ਼ਰਮਾ, ਲਵਪ੍ਰੀਤ ਸਿੰਘ, ਹਰਬਖਸ਼ ਸਿੰਘ ਸਿਵਲ ਡਿਫੈਂਸ ਦੇ ਨਾਲ ਸਟਾਫ ਤੇ ਫਾਇਰਮੈਨ ਹਾਜ਼ਰ ਸਨ। ਇਸ ਮੌਕੇ ਸਟੇਸ਼ਨ ਇੰਚਾਰਜ ਨੀਰਜ ਸ਼ਰਮਾ ਨੇ ਦੱਸਿਆ ਕਿ ਆਗਾਮੀ ਸਾਲਾਨਾ ਵਿਆਹ ਪੁਰਬ ਮੌਕੇ ਦਫ਼ਤਰ ਫਾਇਰ ਬ੍ਰਿਗੇਡ ਵੱਲੋਂ ਹਰ ਤਰ੍ਹਾਂ ਦੀ ਬਣਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਕਿਸੇ ਵੀ ਕਿਸਮ ਦੀ ਕਮੀ ਨਾ ਰਹੇ। ਜਿਸ ਵਿਚ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ ਤੇ ਨਾਲ ਹੀ ਬਚਾਅ ਕਰਨ ਸਬੰਧੀ ਜਾਗਰੂਕ ਪ੍ਰੋਗਰਾਮ ਉਲੀਕੇ ਗਏ, ਜਿਨ੍ਹਾਂ ਵਿਚ ਧਾਰਮਿਕ ਸਥਾਨਾਂ ਦੇ ਨਾਲ ਲੰਗਰ ਕਮੇਟੀਆਂ ਜਿਥੇ ਖਾਸਕਰ ਘਰੇਲੂ ਜਾਂ ਵਪਾਰਕ ਗੈਸ ਜਾਂ ਬਾਲਣ ਦੀ ਵਰਤੋਂ ਜਾਂ ਬਿਜਲਈ ਸਾਜ਼ੋ-ਸਮਾਨ ਦੀ ਵਰਤੋਂ ਹੁੰਦੀ ਹੈ, ਅਜਿਹੀਆਂ ਥਾਵਾਂ 'ਤੇ ਅੱਗ ਬੁਝਾਊ ਯੰਤਰ ਵੀ ਰੱਖਣ ਲਈ ਪ੍ਰੇਰਿਤ ਕੀਤਾ ਜਾਵੇਗਾ। ਇਸੇ ਸਬੰਧੀ ਸਾਰਿਆਂ ਨੂੰ ਅਪੀਲ ਹੈ ਕਿ ਪ੍ਰਬੰਧਕ, ਲੰਗਰ ਸੇਵਾਦਾਰ ਤੇ ਆਮ/ਖਾਸ ਨਾਗਰਿਕ, ਅੱਗ ਤੋਂ ਬਚਾਅ ਤੇ ਸਾਵਧਾਨੀਆਂ ਸਬੰਧੀ ਜਾਗਰੂਕ ਹੋਣ ਲਈ ਫਾਇਰ ਬ੍ਰਿਗੇਡ ਸਟੇਸ਼ਨ ਨਾਲ ਮੋਬਾਇਲ ਨੰਬਰ 91157 96801 'ਤੇ ਸੰਪਰਕ ਕਰ ਸਕਦੇ ਹਨ।

# ਸਿਰਲੇਖਵਾਰ ਇਸ਼ਤਿਹਾਰ /Classified Advertisement

**(U/o 5 Rule 20 CPC)**
**In The Court of Ms. Raminder Kaur**
**Civil Judge Jr. Divn., Chandigarh**
CNR No. CHCH02-002108-2025
Next Date : 20-08-2025
Harbans Singh
Versus
Fakir Chand
Notice to : The General Public
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 20-08-2025 at 10:00 a.m.
For details logon to https://highcourtchd.gov.in/?trs=district notice&district=Chandigarh
Dated, this day of 02-08-2025
**Sd/- Civil Judge Jr. Divn., Chandigarh**

---

**(U/o 5 Rule 20 CPC)**
**In the Court of Sh. Balwinder Kumar Additional District and Sessions Judge, Sangrur**
CNR No. PBSG01-006263-2022
Next Date : 19-08-2025
EXE/752/2022
Paramjit Kaur
Versus
Pritpal Singh
Notice to: Sukhwinder Singh Son of Madan Singh R/o Mohalla Palahi Gate, Phagwara, Tehsil Phagwara, Distt. Kapurthala (Oner of Swraj Tractor Makra-724, bearing registration no. PB-56-6307)
In above titled case the defendant(s)/respondent(s) could not be served. It is ordered that defendant (s) / respondent(s) should appear in person or through counsel on 19-08-2025 at 10:00 A.M.
For details logon to https://highcourtchd.gov.in/?mod=district_notice&district=Sangrur
Dated, this day of 01-08-2025
**Sd/- Additional District and Sessions Judge, Sangrur**

---

**(U/o 5 Rule 20 CPC)**
**(Under Guardian and Ward Act)**
**In the Court of Ms. Parminder Kaur Bains**
**Civil Judge (Senior Division), Amritsar**
CNR No. PBAS02-002592-2025
Next Date : 14-08-2025
Rekha
Versus
General Public
Notice to: General Public:- To Whom It May Concerned
In above titled titled case the defendant (s) / respondent(s) could not be served. It is ordered that the defendant (s) / respondent(s) should appear in person or through counsel on **14-08-2025** at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 30-07-2025
**Sd/- Civil Judge (Senior Division), Amritsar**

---

**In the Court of Ms. Chandan Judicial Magistrate -Ist Class, Ludhiana**
CNR No. PBLD03-002498-2022
Next Date : 09-09-2025
Sanjay Kumar
Versus
Anuj
Notice to: Anuj Father:- Sh. Ramesh R/o Pehchan Nagar Satnampura Phagwara Distt. Kapurthala
In above titled titled case the accused could not be served. It is ordered that accused should appear in person or through counsel on **09-09-2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 01-08-2025
**Sd/- Judicial Magistrate -Ist Class, Ludhiana**

---

**(U/o 5 Rule 20 CPC)**
**In the Court of Sh. Baljinder Singh Maan**
**Principal Judge, Family Court, Shaheed Bhagat Singh Nagar**
CNR No. PBSB01-003268-2023
Next Date : 03.09.2025
MNT/121/2023
Lovejyoti
Versus
Manish Kumar
Notice to: Manish Kumar S/o Ajit Ram R/o House NO. 34/6816/3A Mohalla Naveen Nagar, Gali No. 2 Jassian Road, Haibowal Kalan, Ludhiana, Mobile NO. 9915572639, 9872648494
In above titled titled case the defendant(s)/respondent(s) could not be served. It is ordered that defendant(s)/respondent(s) should appear in person or through counsel on **03-09-2025** at 10:00 A.M.
For details logon to https://highcourtchd.gov.in/?trs=district_notice&district=Shaheed Bhagat Singh Nagar
Dated, this day of 28-07-2025
**Sd/- Principal Judge, Family Court, Shaheed Bhagat Singh Nagar**

---

**(U/o 5 Rule 20 CPC)**
**In the Court of Ms. Girish Principal Judge Family Court, Muktsar**
CNR No. PBSM01-004383-2024
Next Date : 27.08.2025
Jyoti Rani
Versus
Karan Kumar Gulati
Notice to: Karan Kumar Gulati Son:- Vijay Kumar Gulati R/o Ladhra Road, 114-C, Mohali Now At House NO. 33642, Swaran Enclave, Kharar
In above titled titled Case the defendant(s)/respondent(s) could not be served. It is ordered that defendant(s)/respondent(s) should appear in person or through counsel on **27-08-2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 31-07-2025
**Sd/- Principal Judge Family Court, Muktsar**

---

**In the Court of Ms. Girish Principal Judge Family Court, Muktsar**
CNR No. PBSM01-005453-2022
Next Date : 25.08.2025
Rajni Bala
Versus
Kuldeep Singh @ Vicky
Notice to: Kuldeep Singh @ Vicky:- Bishambar Dass Mahanta wali gali, Bagha Purana, Tehsil Bagha Purana, Distt. Moga, Now R/o Budhel, Chandigarh M.No. 84374-15213
In above titled titled Case the accused could not be served. It is ordered that accused should appear in person or through counsel on **25-08-2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 04-08-2025
**Sd/- Principal Judge Family Court, Muktsar**

---

**(U/o 5 Rule 20 CPC)**
**In The Court of Ms. Parneet Kaur Civil Judge (Junior Division), Dera Bassi**
CNR No. PBSAB0-000620-2025
Next Date : 11-09-2025
Salinder Singh
Versus
General Public
Notice to : General Public
In above titled case, the defendant (s) / respondent(s) could not be served. It is ordered that defendant(s)/respondent(s) should appear in person or through counsel on 11-09-2025 at 10:00 a.m.
For details logon to https://highcourtchd.gov.in/?mod=district notice&district=mogacourt
Dated, this day of 11-07-2025
**Sd/- Civil Judge (Junior Division), Dera Bassi**

---

**(U/o 5 Rule 20 CPC)**
**In the Court of Ms. Parvinder Kaur Civil Judge (Senior Division), SBS Nagar**
CNR No. PBSB02-000424-2024
Next Date : 20-09-2025
Canara Bank
Versus
Manjinder Singh
Suit for recovery
Notice to: Manjinder Singh Father:- Jasvir Singh R/o VPO Aur, Tehsil Nawanshahr, District SBS Nagar
In above titled case the defendant could not be served. It is ordered that defendant should appear in person or through counsel on 20-09-2025 at 10:00 A.M.
For details logon to https://highcourtchd.gov.in/?mod=district_notice&district=sbsnagar
Given under my hand and the seal of the Court, this 29-07-2025
**Sd/- Civil Judge (Senior Division), SBS Nagar**

---

**(U/o 5 Rule 20 CPC)**
**In the Court of Sh. Amandeep Singh-I**
**Civil Judge (Junior Division), Hoshiarpur**
CNR No. PBHO02-001156-2024
Next Date : 21-08-2025
Exe/117/2024
Balwinder Singh S/o Surinder Singh R/o Village Fadma P.O Tanuli Tehsil and District Hoshiarpur
........Applicant/D.H
Versus
Neelam Rani W/o Om Parkash S/o Dattu Ram R/o 141, Mohalla Dhobian, Ward No. 6 Bassi Pathana Fatehagarh Sahib and others
......Respondents/J.D
Notice to: 1.Neelam Rani W/o Om Parkash S/o Dattu Ram R/o 141, Mohalla Dhobian, Ward NO. 6 Bassi Pathana Fatehgarh Sahib. 2. Rahul Kumar S/o Om Parkash Resident of H.No. 141, Mohalla Dhobian, Ward NO. 6 Bassi Pathana, Fatehagarh Sahib.
In above titled titled Case the defendant(s)/respondent(s) could not be served. It is ordered that defendant(s)/respondent(s) should appear in person or through counsel on **21-08-2025** at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 02-08-2025
**Sd/- Civil Judge (Junior Division), Hoshiarpur**

---

**Sessions Court, Amritsar**
**In the Court of Sh. Gurbir Singh Additional District & Sessions Judge Amritsar**
CNR No. PBAS01-005246-2022
Next Date : 21.08.2025
Holy Hearth English School
.......Complainant/Revisionist
Versus
Ms. Muskan Arora
.........Respondents
Notice to Respondent: 2. Smt. Vimal Arora W/o Sh. Kewal Krishan Arora R/o H.No. 2221/3 Street No. 2, Gali Kamboj, Near Jallianwala Bagh Sahib, Amritsar
In the above Titled Case the Respondents Could not be Served. it is Ordered that Respondent Should Appear in person or through Counsel on 21-08-2025 at 10:00 AM.
For details logon to https://highcourtchd.gov.in/?trs=district_notice&district=amritsar
Given under my hand and the seal of the Court, this 28-07-2025
**Sd/- Additional District & Sessions Judge Amritsar**

---

## ਸਕੂਲ ਵਿਖੇ ਅਣਸੇਫ ਬਿਲਡਿੰਗ ਦੀ ਬੋਲੀ ਸੂਚਨਾ ਸੰਬੰਧੀ

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਪਟਿਆਲਾ ਦੇ ਪੱਤਰ ਨੰ. ਅਣਸੇਫ ਬਿਲਡਿੰਗਾਂ/() 2025152 ਮਿਤੀ ਪਟਿਆਲਾ : 23.04.2025 ਤਹਿਤ ਸਕੂਲ ਦੀ ਕੁਝ ਇਮਾਰਤ ਅਣਸੇਫ ਘੋਸ਼ਿਤ ਕੀਤੀ ਗਈ ਹੈ ਜਿਸ ਤਹਿਤ ਬੋਲੀ ਕਰਵਾ ਕੇ ਬਿਲਡਿੰਗ ਸਾਫ਼ ਕਰਵਾਣੀ ਹੈ।

### ਬੋਲੀ ਸੂਚਨਾ

1125 ਸਕੇਅਰ ਫੁੱਟ ਪੁਰਾਣੀ ਬਿਲਡਿੰਗ ਦੀ ਢਾਹ-ਢੁਆਈ ਲਈ ਬੋਲੀਦਾਰਾਂ ਦੀ ਜ਼ਰੂਰਤ ਹੈ। ਬੋਲੀ 08.08.2025 ਨੂੰ ਸਵੇਰੇ 9.00 ਵਜੇ ਸਰਕਾਰੀ ਹਾਈ ਸਕੂਲ ਰਾਏਪੁਰ ਮੰਡਲਾਂ (ਪਟਿਆਲਾ) ਵਿਖੇ ਰੱਖੀ ਗਈਹੈ। ਬਾਕੀ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ। ਸੰਪਰਕ ਨੰ. 98786-73400

ਧੰਨਵਾਦ ਸਹਿਤ
ਹੈੱਡ ਮਿਸਟ੍ਰੈਸ
ਸਰਕਾਰੀ ਹਾਈ ਸਕੂਲ
ਰਾਏਪੁਰ

---

## ਬਾ ਅਦਾਲਤ ਸਹਾਇਕ ਕੁਲੈਕਟਰ ਦਰਜਾ ਅਵੱਲ (ਨਾਇਬ ਤਹਿਸੀਲਦਾਰ), ਘਨੌਰ

(ਪਬਲਿਕ ਨੋਟਿਸ)

ਹਰ ਆਮ ਅਤੇ ਖਾਸ ਵਿਅਕਤੀਆ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਜਗਦੀਪ ਸਿੰਘ ਪੁੱਤਰ ਗੁਰਚਰਨ ਸਿੰਘ ਪੁੱਤਰ ਦਾਰਾ ਸਿੰਘ ਵਾਸੀ ਪਿੰਡ ਕਬੂਲਪੁਰ ਸਬ ਤਹਿਸੀਲ ਘਨੌਰ ਵੱਲੋ ਦਰਖਾਸਤ ਤਕਸੀਮ ਕੇਸ ਵਾਕਾ ਮੌਜਾ ਰਾਏਪੁਰ ਸਬ ਤਹਿਸੀਲ ਘਨੌਰ ਤਹਿਸੀਲ ਰਾਜਪੁਰਾ ਜਿਲਾ ਪਟਿਆਲਾ ਦਾਖਲ ਹੋਏ ਹਨ। ਹੇਠ ਲਿਖੇ ਵਿਅਕਤੀਆਂ ਨੂੰ ਜੇਕਰ ਇਸ ਪ੍ਰਤੀ ਕੋਈ ਵੀ ਇਤਰਾਜ ਹੈ ਤਾਂ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਅਖ਼ਬਾਰ ਦੀ ਪ੍ਰਕਾਸ਼ਿਤ ਮਿਤੀ ਤੋਂ 15 ਦਿਨਾਂ ਦੇ ਅੰਦਰ-2 ਆ ਕੇ ਆਪਣਾ ਪੱਖ ਰੱਖ ਸਕਦਾ ਹੈ। ਬਾਅਦ ਮਿਆਦ ਗੁਜਰਨ ਉਪਰੰਤ ਕਿਸੇ ਵੀ ਇਤਰਾਜ ਤੇ ਗੌਰ ਨਹੀ ਕੀਤੀ ਜਾਵੇਗੀ। 1. ਅਮਰੀਕ ਸਿੰਘ ਪੁੱਤਰ ਸਰਦਾਰਾ ਸਿੰਘ ਪੁੱਤਰ ਫਤਿਹ ਸਿੰਘ 2. ਹਰਮੀਤ ਸਿੰਘ ਪੁੱਤਰ ਸਰਦਾਰਾ ਸਿੰਘ ਪੁੱਤਰ ਫਤਿਹ ਸਿੰਘ 3. ਹਰਬੰਸ ਸਿੰਘ ਪੁੱਤਰ ਸਰਦਾਰਾ ਸਿੰਘ ਪੁੱਤਰ ਫਤਿਹ ਸਿੰਘ 4. ਕੇਸਰ ਸਿੰਘ ਪੁੱਤਰ ਕਾਕਾ ਸਿੰਘ ਪੁੱਤਰ ਫਤਿਹ ਸਿੰਘ 5. ਸਾਹਿਬ ਸਿੰਘ ਪੁੱਤਰ ਕਾਕਾ ਸਿੰਘ ਪੁੱਤਰ ਫਤਿਹ ਸਿੰਘ 6. ਪਾਲ ਕੌਰ ਵਿਧਵਾ ਹਰਨੇਕ ਸਿੰਘ ਪੁੱਤਰ ਕਾਕਾ ਸਿੰਘ 7. ਪਰਵਿੰਦਰ ਕੌਰ ਵਿਧਵਾ ਜਸਵਿੰਦਰ ਸਿੰਘ ਪੁੱਤਰ ਲਖਵੀਰ ਸਿੰਘ 8. ਮਾਲਵਿੰਦਰ ਸਿੰਘ ਪੁੱਤਰ ਜਸਵਿੰਦਰ ਸਿੰਘ ਪੁੱਤਰ ਲਖਵੀਰ ਸਿੰਘ 9. ਜਰਨੈਲ ਸਿੰਘ ਪੁੱਤਰ ਜੰਗ ਸਿੰਘ ਪੁੱਤਰ ਹਰਨਾਮ ਸਿੰਘ 10. ਅਵਤਾਰ ਸਿੰਘ ਪੁੱਤਰ ਜੰਗ ਸਿੰਘ ਪੁੱਤਰ ਹਰਨਾਮ ਸਿੰਘ 11. ਅਮਨਪ੍ਰੀਤ ਸਿੰਘ ਪੁੱਤਰ ਹਾਕਮ ਸਿੰਘ ਪੁੱਤਰ ਜੰਗ ਸਿੰਘ 12. ਸੁਰਿੰਦਰ ਕੌਰ ਪਤਨੀ ਹਰਬੰਸ ਸਿੰਘ ਪੁੱਤਰ ਸਰਦਾਰਾ ਸਿੰਘ 13. ਹਰਜੋਧ ਸਿੰਘ ਪੁੱਤਰ ਹਾਕਮ ਸਿੰਘ ਪੁੱਤਰ ਜੰਗ ਸਿੰਘ ਵਾਸੀਆਨ ਪਿੰਡ ਰਾਏਪੁਰ ਸਬ ਤਹਿਸੀਲ ਘਨੌਰ ਤਹਿਸੀਲ ਰਾਜਪੁਰਾ ਜਿਲਾ ਪਟਿਆਲਾ। 14. ਪੰਜਾਬ ਹਾਉਸਫੈੱਡ ਚੰਡੀਗੜ੍ਹ 15. ਪੀ.ਏ.ਡੀ.ਬੀ ਘਨੌਰ 16. ਜੱਖੇਪਲ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀ ਲਿਮਿਟਡ, ਘਨੌਰ 17. ਐਕਸਿਕ ਬੈਂਕ ਲਿਮਿਟੇਡ ਬ੍ਰਾਂਚ ਅੰਬਾਲਾ ਸਾਹਿਰ 18. ਮਾਲਵਾ ਗ੍ਰਾਮੀਣ ਬੈਂਕ ਬ੍ਰਾਂਚ ਜੀ.ਟੀ.ਡੀ ਰੋਡ ਸੰਭੂ 19. ਐਕਸਿਸ ਬੈਂਕ ਲਿਮਿਟੇਡ ਬ੍ਰਾਂਚ ਜਲਬੇੜਾ ਰੋਡ ਮਿਰਜਾਂਪੁਰ 20. ਪੰਜਾਬ ਨੈਸ਼ਨਲ ਬੈਂਕ ਬ੍ਰਾਂਚ ਨਿਊ ਗਰੇਨ ਮਾਰਕਿਟ ਰਾਜਪੁਰਾ।

**ਸਹਾਇਕ ਕੁਲੈਕਟਰ ਦਰਜਾ ਅਵੱਲ ਕਮ ਨਾਇਬ ਤਹਿਸੀਲਦਾਰ, ਘਨੌਰ**

---

## ਬੇਦਖਲੀ ਸੂਚਨਾ

ਅਸੀਂ ਰਾਜ ਕੁਮਾਰ ਪੁੱਤਰ ਅਮਰ ਚੰਦ ਅਤੇ ਬਬੀਤਾ ਪਤਨੀ ਰਾਜ ਕੁਮਾਰ ਵਾਸੀਆਨ ਪਿੰਡ ਮੋਨਾ ਖੁਰਦ ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਪੁੱਤਰ ਵਿਸ਼ਾਲ ਮਹਿਰਾ ਅਤੇ ਉਸਦੀ ਪਤਨੀ ਹਰਦੀਪ ਕੌਰ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਸਾਡੇ ਕਹਿਣੇ ਤੋਂ ਬਾਹਰ ਹਨ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

## ਬੇਦਖਲੀ ਸੂਚਨਾ

ਮੈਂ,-ਸੁਰਿੰਦਰ ਕੌਰ ਪਤਨੀ ਸ. ਸੁਖਦੇਵ ਲਾਲ ਵਾਸੀ ਫੋਕਲ ਪੁਆਇੰਟ ਦੇ ਨੇੜੇ, ਕੀਰਤੀ ਨਗਰ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਪੁੱਤਰ ਰਾਹੁਲ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

---

## ਬਾ ਅਦਾਲਤ ਸਹਾਇਕ ਕੁਲੈਕਟਰ ਦਰਜਾ-2(ਨਾਇਬ - ਤਹਿਸੀਲਦਾਰ) ਫਤਹਿਗੜ੍ਹ ਸਾਹਿਬ।

ਜਨਤਕ ਨੋਟਿਸ

**ਵਿਸ਼ਾ: ਅਧੀਨ ਧਾਰਾ 111 ਲੈਂਡ ਰੈਵਨਿਓ ਐਕਟ 1887 ਬਾਬਤ ਦਰਖਾਸਤ ਗਿਰਦਾਵਰੀ ਵੱਲੋਂ ਅਮਨਦੀਪ ਕੌਰ ਪੁੱਤਰ ਮਲਵਿੰਦਰ ਸਿੰਘ ਵਗੈਰਾ ਖੇਵਟਦਾਰ ਪਿੰਡ ਹੰਸਾਲੀ ਤਹਿ ਵਾ ਜਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਉਤਰਵਾਦੀ ਧਿਰ ਦੀ ਤਲਬੀ ਕਰਨ ਸਬੰਧੀ।**

**ਤਲਬੀ**

**1. ਅਮਰਤ ਲਾਲ ਪੁੱਤਰ ਬਨਾਰਸੀ ਵਾਸੀ ਪਿੰਡ ਹੰਸਾਲੀ, ਤਹਿ ਵਾ ਜਿਲ੍ਹਾ ਫਤਹਿਗੜ੍ਹ ਸਾਹਿਬ।**

**ਉਕਤ ਗਿਰਦਾਵਰੀ ਕੇਸ ਖੇਵਟ ਨੂੰ 84/73 ਖਤੌਨੀ ਨੰ. 172 ਵਿੱਚ ਸਮੂਹ ਖੇਵਟਦਾਰ ਪਿੰਡ ਹੰਸਾਲੀ ਤਹਿਸੀਲ ਵਾ ਜਿਲ੍ਹਾ ਫਤਹਿਗੜ੍ਹ ਸਾਹਿਬ ਦੀ ਇਤਲਾਹ ਸਾਧਾਰਨ ਤਰੀਕੇ ਨਾਲ ਨਹੀਂ ਹੋ ਸਕੀ। ਇਸ ਇਸਤਿਹਾਰ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦੁਰਸਤੀ ਗਿਰਦਾਵਰੀ ਕੇਸ ਵਿਚ ਉਕਤ ਉਤਰਵਾਦੀਆਂ ਦੀ ਤਰਫੋ ਕੋਈ ਪੈਰਵੀ ਕਰਨੀ ਚਾਹੁੰਦਾ ਹੈ ਤਾਂ ਉਹ ਕੇਸ ਦੀ ਪੇਸ਼ੀ ਮਿਤੀ 12-08-2025 ਨੂੰ ਅਸਾਲਤਨ ਜਾਂ ਵਕਾਲਤਨ ਮੇਰੇ ਰੂਬਰੂ ਪੇਸ਼ ਹੋ ਕੇ ਕਰ ਸਕਦੇ ਹਨ। ਇਸ ਮਿਤੀ ਤੋਂ ਬਾਅਦ ਕੋਈ ਵੀ ਇਤਰਾਜ ਕਾਬਲੇ ਸਮਾਇਤ ਨਹੀਂ ਹੋਵੇਗਾ। ਇਹ ਨੋਟਿਸ ਅੱਜ ਮਿਤੀ 16-07-2025 ਨੂੰ ਮੇਰੇ ਦਸਤਖਤਾਂ / ਮੋਹਰ ਰਾਹੀ ਜਾਰੀ ਕੀਤਾ ਜਾਂਦਾ ਹੈ।**

**ਸਹਾਇਕ ਕੁਲੈਕਟਰ ਦਰਜਾ -2 ਫਤਹਿਗੜ੍ਹ ਸਾਹਿਬ**

---

**FORM NO. 14**
**[See Regulation 33(2)]**

**OFFICE OF THE RECOVERY OFFICER - I/II**
**DEBTS RECOVERY TRIBUNAL**
**CHANDIGARH (DRT 1)**
**2nd Floor SCO 33-34-35 Sector-17 A, Chandigarh**
**DEMAND NOTICE**

NOTICE UNDER SECTIONS 25 TO 28 OF THE RECOVERY OF DEBTS & BANKRUPTCY ACT, 1993 AND RULE 2 OF SECOND SCHEDULE TO THE INCOME TAX ACT, 1961.
**RC/512/2024** **02-07-2025**
**(PUBLICATION NOTICE)**
**UNION BANK OF INDIA**
**Versus**
**MR. AVTAR SINGH**

To
(CD 1) MR. AVTAR SINGH, S/O SH. GURBAX SINGH R/O VPO MADAR DISTT. Jalandhar, PUNJAB-(CD 2), MR GURPREET SINGH, S/O SH AVTAR SINGH R/O VPO MADAR Jalandhar, PUNJAB-0, (CD 3) MR JASWINDER SINGH, S/O SH GURBAX SINGH R/O VILLAGE WARIANA Jalandhar, PUNJAB-0, (CD 4) MR SUKHWINDER SINGH, S/O SH GURBAX SINGH R/O VILLAGE WARIANA Jalandhar, PUNJAB-0, (CD 5) MR PARAMJIT SINGH S/O SH GURBAX SINGH R/O VILLAGE WARIANA Jalandhar, PUNJAB-0, (CD 6) MR JAGTAR SINGH. S/O SH GURBAX SINGH R/O VILLAGE WARIANA Jalandhar, PUNJAB-0, (CD 7) MR IQBAL SINGH, S/O SH GUBAX SINGH R/O VILLAGE WARIANA Jalandhar, PUNJAB-0, (CD 8) MR SARABJIT SINGH, S/O SH GURBAX SINGH R/O VILLAGE WARIANA Jalandhar, PUNJAB-0, (CD 9) MRS JASBIR KAUR, W/O SH SARABJIT SINGH R/O VILLAGE WARIANA Jalandhar, PUNJAB-0, (CD 10) MRS TARLOCHAN KAUR, W/O SH JASWINDER SINGH R/O VILLAGE WARIANA Jalandhar, PUNJAB-0,

This is to notify that as per the Recovery Certificate issued in pursuance of orders passed by the Presiding Officer, DEBTS RECOVERY TRIBUNAL CHANDIGARH (DRT 1) in OA/419/2020 an amount of Rs 14741972.97 (Rupees One Crore Forty Seven Lakhs Forty One Thousands Nine Hundred Seventy Two And Paise Ninety Seven Only ) along with pendentellite and future interest @ 13% Compound Interest Half-yearly w.e.f. 30/01/2020 till realization and costs of Rs 150005 ( Rupees One Lakh Fifty Thousands Five Only) has become due against you (Jointly and severally/ Fully/Limited).
2. You are hereby directed to pay the above sum within 15 days of the receipts of the notice, failing which the recovery shall be made in accordance with the Recovery of Debts Due to Banks and Financial Institutions Act, 1993 and Rules there under.
3. You are hereby ordered to declare on an affidavit the particulars of yours assets on or before the next date of hearing.
4. You are hereby ordered to appear before the undersigned on 06/08/2025 at 10:30 a.m. for further proceedings.
5. In addition to the sum aforesaid, you will also be liable to pay:
(a) Such interests as is payable for the period commencing immediately after this notice of the certificate/execution proceedings.
(b) All costs, charges and expenses incurred in respect of the service of this notice and warrants and other processes and all other proceedings taken for recovering the amount due.
Given under my hand and the seal of the Tribunal, on this date: 02/07/2025
**Recovery Officer-II**
**DEBTS RECOVERY TRIBUNAL**
**CHANDIGARH (DRT 1)**

---

# ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵੱਲੋਂ ਤੋਂ, ਸੀਨੀਅਰ ਮੰਡਲ ਵਣਿਜ ਪ੍ਰਬੰਧਕ/ਮ.ਸੇ. ਉੱਤਰ ਰੇਲਵੇ, ਅੰਬਾਲਾ ਮੰਡਲ, ਆਈ.ਆਰ.ਈ.ਪੀ.ਐਸ. ਵੈਬਸਾਈਟ 'ਤੇ ਈ-ਨੀਲਾਮੀ ਦੇ ਮਾਧਿਅਮ ਨਾਲ ਅੰਬਾਲਾ ਡਵੀਜਨ ਦੇ ਵਖ-ਵਖ ਮੇਲ/ਐਕਸਪ੍ਰੈੱਸ ਟ੍ਰੇਨਾਂ ਦੇ ਬ੍ਰੇਕ ਵੈਨ ਦੇ SLR/SLRD ਕੰਪਾਰਟਮੈਂਟ ਵਿਚ ਪਾਰਸਲ ਸਪੇਸ (4 MT/3.9 MT) ਦੇ ਲੀਜ ਦੇ ਲਈ 02 ਸਾਲ ਦੇ ਸਮੇਂ ਦੇ ਲਈ ਬੋਲੀ ਮੰਗ ਕਰਦੇ ਹਨ, ਹੇਠਾਂ ਲਿਖਤ ਵੇਰਵੇ ਦੇ ਅਨੁਸਾਰ:-

| ਕ੍ਰਮਾਂਕ | ਨੀਲਾਮੀ ਕੈਟਾਲਾਗ ਨੰਬਰ | ਨੀਲਾਮੀ ਸ਼ੁਰੂ ਮਿਤੀ ਅਤੇ ਸਮਾਂ | ਨੀਲਾਮੀ ਸਮਾਪਤੀ ਮਿਤੀ ਅਤੇ ਸਮਾਂ |
|---|---|---|---|
| 1. | UMB-SLR-09-2025 (08 ਲਾਟਸ) | 14.08.2025 / 12:00 ਵਜੇ | 14.08.2025 / 13:40 ਵਜੇ |

| ਕ੍ਰਮਾਂਕ | ਟ੍ਰੇਨ ਵੇਰਵਾ | ਟ੍ਰੇਨ ਸੰਚਾਲਨ ਦੇ ਦਿਨ | ਵਜ਼ਨ ਸਮਰੱਥਾ (ਟਨ ਵਿਚ) |
|---|---|---|---|
| 1. | 14218 Ex. CDG-PYGS (FSLR) | ਦੈਨਿਕ | 3.9 |
| 2. | 22456 Ex. KLK-SNSI (FSLR-I) | ਐਤਵਾਰ ਅਤੇ ਵੀਰਵਾਰ | 4.0 |
| 3. | 12218 Ex. CDG-TVCN (RSLR) | ਬੁਧਵਾਰ ਅਤੇ ਸ਼ੁਕਰਵਾਰ | 3.9 |
| 4. | 14242 Ex. SRE-PYGS (RSLR-I) | ਦੈਨਿਕ | 4.0 |
| 5. | 12232 Ex. CDG-LKO (FSLR) | ਦੈਨਿਕ | 3.9 |
| 6. | 22356 Ex. CDG-PPTA (RSLR) | ਸੋਮਵਾਰ ਅਤੇ ਵੀਰਵਾਰ | 3.9 |
| 7. | 14524 Ex. UMB-BJU (RSLR-I) | ਮੰਗਲਵਾਰ ਅਤੇ ਸ਼ਨੀਵਾਰ | 4.0 |
| 8. | 15744 Ex. BTI-BLGT (FSLR) | ਐਤਵਾਰ, ਮੰਗਲਵਾਰ ਵੀਰਵਾਰ ਅਤੇ ਸ਼ੁਕਰਵਾਰ | 3.9 |

ਈ-ਨੀਲਾਮੀ ਵਿਚ ਭਾਗ ਲੈਣ ਜਾਂ ਈ-ਨੀਲਾਮੀ ਲੀਜਿੰਗ ਪ੍ਰਕਿਰਿਆ ਨਾਲ ਸਬੰਧਿਤ ਹੋਰ ਵੀ ਹੋਰ ਜਾਣਕਾਰੀ ਦੇ ਲਈ, ਇੱਛੁਕ ਬੋਲੀਦਾਤਾਵਾਂ ਨੂੰ ਵੈਬਸਾਈਟ www.ireps.gov.in 'ਤੇ ਜਾਣ ਦੀ ਸਲਾਹ ਦਿਤੀ ਜਾਂਦੀ ਹੈ। 2366/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

| | | | | | | | | | |
|---|---|---|---|---|---|---|---|---|---|
| 7788 | 7809 | 7829 | 7835 | 7840 | 7848 | 7861 | 7862 | 7922 | 7925 |
| 7948 | 7955 | 7961 | 7965 | 8001 | 8008 | 8012 | 8045 | 8046 | 8052 |
| 8061 | 8063 | 8079 | 8083 | 8089 | 8114 | 8126 | 8128 | 8160 | 8165 |
| 8168 | 8174 | 8187 | 8204 | 8213 | 8215 | 8221 | 8238 | 8248 | 8252 |
| 8261 | 8266 | 8282 | 8293 | 8294 | 8296 | 8348 | 8358 | 8379 | 8399 |
| 8401 | 8412 | 8413 | 8420 | 8423 | 8430 | 8453 | 8480 | 8488 | 8492 |
| 8501 | 8505 | 8536 | 8539 | 8558 | 8597 | 8606 | 8619 | 8635 | 8693 |
| 8695 | 8700 | 8790 | 8797 | 8805 | 8821 | 8844 | 8857 | 8863 | 8866 |
| 8902 | 8931 | 8969 | 8978 | 8994 | 9004 | 9011 | 9013 | 9024 | 9037 |
| 9048 | 9076 | 9078 | 9095 | 9096 | 9102 | 9138 | 9141 | 9157 | 9163 |
| 9170 | 9174 | 9179 | 9191 | 9211 | 9215 | 9220 | 9226 | 9234 | 9240 |
| 9243 | 9264 | 9267 | 9270 | 9275 | 9278 | 9279 | 9286 | 9290 | 9296 |
| 9315 | 9317 | 9336 | 9343 | 9365 | 9380 | 9381 | 9400 | 9423 | 9448 |
| 9449 | 9450 | 9467 | 9491 | 9505 | 9529 | 9543 | 9567 | 9588 | 9599 |
| 9600 | 9616 | 9625 | 9630 | 9639 | 9654 | 9678 | 9694 | 9700 | 9715 |
| 9739 | 9764 | 9772 | 9784 | 9793 | 9811 | 9817 | 9848 | 9859 | 9866 |
| 9868 | 9894 | 9896 | 9899 | 9914 | 9926 | 9941 | 9976 | 9979 | 9984 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਤੋਂ ਪੜਤਾਲ ਲਓ
RO. No. PR-Advt. No. 1118/11/2025-26/1418/Dated CHD 28.7.2025

---

## ਪੰਜਾਬ ਸਰਕਾਰ

ਈਓਆਈ ਹਵਾਲਾ ਨੰਬਰ :- ਐਮਸੀ ਪਠਾਨਕੋਟ/201/ਸੀਈ/2025-26
ਨਗਰ ਨਿਗਮ, ਪਠਾਨਕੋਟ ਦੇ ਵਿਭਾਗ ਵੱਲੋਂ ਨਗਰ ਹੱਦ ਦੇ ਅੰਦਰ ਵੱਖ-ਵੱਖ ਆਊਟਡੋਰ ਮੀਡੀਆ ਲਈ ਇਸ਼ਤਿਹਾਰ ਅਧਿਕਾਰਾਂ ਦੀ ਅਲਾਟਮੈਂਟ ਲਈ ਆਨਲਾਈ ਰੁਚੀ ਦੇ ਪ੍ਰਗਟਾਵੇ ਦੀ ਮੰਗ ਕੀਤੀ ਜਾਂਦੀ ਹੈ।
ਵਿਭਾਗ ਵੱਲੋਂ ਤਕਨੀਕੀ ਪੇਸ਼ਕਾਰੀ ਦੀ ਮਿਤੀ : 11.08.2025 (ਦੁਪਹਿਰ 12.00 ਵਜੇ)
ਪੇਸ਼ਕਸ਼ ਜਮ੍ਹਾਂ ਕਰਨ ਦੀ ਮਿਤੀ : 11.08.2025 (ਬਾ. ਦੁ. 03.00 ਵਜੇ)
ਸਥਾਨ : ਕਮਰਾ ਨੰ. 213, ਡੀਏਸੀ ਕੰਪਲੈਕਸ, ਪਠਾਨਕੋਟ।
ਵੇਰਵਿਆਂ ਲਈ ਲਾਗ ਆਨ ਕਰੋ : **https://eproc.punjab.gov.in**
ਨੋਟ : ਰੁਚੀ ਦੇ ਪ੍ਰਗਟਾਵੇ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/-ਨਿਗਮ ਇੰਜੀਨੀਅਰ,
ਨਗਰ ਨਿਗਮ, ਪਠਾਨਕੋਟ
**RO.No.PR-Advt.No. : 3184/12/2025-26/1885/Dated CHD : 04/08/2025**

---

## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(Regd. Office PSEB Head Office, The Mall, Patiala)
Corporate Identification Number : U40109PB2010SGC033813
Website : www.pspcl.in
(Contact No. 96461-18773)

ਟੈਂਡਰ ਇਨਕੁਆਇਰੀ ਨੰ. 10/CCM/LDH/2025-26 Dated : 04.08.2025

ਦਫ਼ਤਰ : ਸੀਨੀਅਰ ਕਾਰਜਕਾਰੀ ਇੰਜੀਨੀਅਰ, ਸਿਵਲ ਨਿਰਮਾਣ ਅਤੇ ਸਾਂਭ ਸੰਭਾਲ ਮੰਡਲ, ਕੋਠੀ ਨੰ. ਏ-2, ਪਾਵਰ ਕਲੋਨੀ ਨੰ. 1, ਫ਼ਿਰੋਜ਼ਪੁਰ ਰੋਡ, ਸਰਾਭਾ ਨਗਰ, ਪੀ.ਐਸ.ਪੀ.ਸੀ.ਐਲ., ਲੁਧਿਆਣਾ ਦੇ ਦਫ਼ਤਰ ਵੱਲੋਂ Construction of Temporary Washroom and Pantry at 66 KV S/S Singla Cycle, Ludhiana ਦਾ ਟੈਂਡਰ ਭਰਨ ਵਾਸਤੇ ਸੱਦਾ ਦਿੱਤਾ ਜਾ ਰਿਹਾ ਹੈ। ਇਸ ਦੀ ਵਧੇਰੀ ਜਾਣਕਾਰੀ ਵਾਸਤੇ ਸੀਨੀਅਰ ਕਾਰਜਕਾਰੀ ਇੰਜੀਨੀਅਰ ਸਿਵਲ ਨਿਰਮਾਣ ਅਤੇ ਸੰਭਾਲ ਮੰਡਲ ਲੁਧਿਆਣਾ, ਕੋਠੀ ਨੰ. ਏ-2, ਪਾਵਰ ਕਲੋਨੀ ਨੰ. 1 ਫ਼ਿਰੋਜ਼ਪੁਰ ਰੋਡ, ਸਰਾਭਾ ਨਗਰ, ਪੀ.ਐਸ.ਪੀ.ਸੀ.ਐਲ., ਲੁਧਿਆਣਾ ਨੂੰ ਸੰਪਰਕ ਕੀਤਾ ਜਾਵੇ।
ਨੋਟ : ਕੋਰੀਜੰਡਮ ਅਤੇ ਜੋੜ (ਜੇਕਰ ਕੋਈ ਹੈ), https://pspcl.in/Otherlinks/e-tender-notices-2025.aspx ਤੇ ਅਪਲੋਡ ਕੀਤਾ ਜਾਵੇਗਾ। **C 542/25**
**Ro No. PR-Advt. No. 1079/12/2025-26 / 1905 / Dated CHD : 04.08.2025**

---

## ਚੰਡੀਗੜ੍ਹ ਪ੍ਰਸ਼ਾਸਨ : ਜੇਲ੍ਹਾਂ ਅਤੇ ਸੁਧਾਰ ਘਰ ਪ੍ਰਸ਼ਾਸਨ ਦਾ ਵਿਭਾਗ

### ਈ-ਟੈਂਡਰ ਸੂਚਨਾ

ਇਥੇ ਈ-ਟੈਂਡਰ ਪ੍ਰਕਿਰਿਆ ਰਾਹੀਂ ਮਾਡਲ ਜੇਲ੍ਹ, ਚੰਡੀਗੜ੍ਹ ਲਈ ਅੰਦਾਜ਼ਨ ਇੱਕ ਸਾਲ ਲਈ ਰੁ. 33.00 ਲੱਖ ਦੀ ਰਕਮ ਦੀਆਂ ਮਾਡਲ ਜੇਲ੍ਹ, ਚੰਡੀਗੜ੍ਹ ਦੇ ਲੰਗਰ ਲਈ ਬੇਕਰੀ ਵਸਤਾਂ ਦੀ ਸਪਲਾਈ ਲਈ ਨਿਰਮਾਤਾਵਾਂ/ਸਪਲਾਈਕਾਰਾਂ ਤੋਂ ਈ-ਟੈਂਡਰ ਮੰਗੇ ਜਾਂਦੇ ਹਨ।

| | | |
|---|---|---|
| 1. | ਈ-ਟੈਂਡਰ ਦਸਤਾਵੇਜ਼ ਦੀ ਡਾਊਨਲੋਡਿੰਗ | ਸ਼ੁਰੂਆਤੀ ਮਿਤੀ : 05.08.2025 ਨੂੰ ਸਵੇਰੇ 10.00 ਵਜੇ ਆਖ਼ਰੀ ਮਿਤੀ 28.08.2025 ਨੂੰ ਬਾ. ਦੁ. 03.00 ਵਜੇ |
| 2. | ਸਪੱਸ਼ਟੀਕਰਨ, ਜੇਕਰ ਕੋਈ ਹੈ | ਸ਼ੁਰੂਆਤੀ ਮਿਤੀ : 05.08.2025 ਨੂੰ ਸਵੇਰੇ 10.00 ਵਜੇ ਆਖ਼ਰੀ ਮਿਤੀ 28.08.2025 ਨੂੰ ਬਾ. ਦੁ. 03.00 ਵਜੇ |
| 3. | ਈ-ਟੈਂਡਰ ਜਮ੍ਹਾਂ ਕਰਨ ਦੀ ਮਿਤੀ | ਸ਼ੁਰੂਆਤੀ ਮਿਤੀ : 05.08.2025 ਨੂੰ ਸਵੇਰੇ 10.00 ਵਜੇ ਆਖ਼ਰੀ ਮਿਤੀ 28.08.2025 ਨੂੰ ਬਾ. ਦੁ. 03.00 ਵਜੇ |
| 4. | **ਰੁ. 1,00,000/- ਦੀ ਬਿਆਨਾ ਰਕਮ ਦੀ ਭੌਤਿਕ ਪੇਸ਼ਕਸ਼** | ਸ਼ੁਰੂਆਤੀ ਮਿਤੀ : 05.08.2025 ਨੂੰ ਸਵੇਰੇ 10.00 ਵਜੇ ਆਖ਼ਰੀ ਮਿਤੀ 28.08.2025 ਨੂੰ ਬਾ. ਦੁ. 03.00 ਵਜੇ |
| 5. | ਤਕਨੀਕੀ ਬੋਲੀ (ਆਨਲਾਈਨ) ਦਾ ਖੁੱਲ੍ਹਣਾ | 01.09.2025 ਨੂੰ ਦੁਪਹਿਰ 12.00 ਵਜੇ |
| 6. | ਕੇਵਲ ਤਕਨੀਕੀ ਤੌਰ 'ਤੇ ਪਾਤਰ ਯੋਗ ਬੋਲੀਕਾਰ ਦੀ ਕੀਮਤ ਬੋਲੀ ਦਾ ਖੁੱਲ੍ਹਣਾ ਖਰੀਦ ਕਮੇਟੀ ਵੱਲੋਂ ਨਿਰਧਾਰਤ ਕੀਤਾ ਜਾਵੇਗਾ। | ਤਕਨੀਕੀ ਬੋਲੀ ਦੇ ਮੁਲਾਂਕਣ ਤੋਂ ਬਾਅਦ ਐਲਾਨਿਆ ਜਾਵੇਗਾ। |

1. ਬੋਲੀ ਦਸਤਾਵੇਜ਼ ਵੈਬਸਾਈਟ http://etenders.chd.nic.in/nicgep ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।
2. ਸਾਰੇ ਹੋਰ ਨਿਯਮ ਅਤੇ ਸ਼ਰਤਾਂ : ਈ-ਟੈਂਡਰਿੰਗ ਪ੍ਰਕਿਰਿਆ ਸਬੰਧੀ ਬੋਲੀਕਾਰ ਨੂੰ ਹਦਾਇਤਾਂ ਆਦਿ ਕਿਰਪਾ ਕਰਕੇ ਚੰਡੀਗੜ੍ਹ ਪ੍ਰਸ਼ਾਸਨ ਦੀ ਉਕਤ ਦਰਸਾਈ ਵੈਬਸਾਈਟ 'ਤੇ ਉਪਲਬਧ ਵਿਸਥਾਰਤ ਟੈਂਡਰ ਮੰਗ ਸੂਚਨਾ (ਡੀਐਨਆਈਟੀ) ਤੋਂ ਦੇਖੀਆਂ ਜਾਣ। ਨਿਯਮ ਹਸਤਾਖ਼ਰੀ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਕਿਸੇ ਵੀ ਜਾਂ ਸਾਰੇ ਟੈਂਡਰਾਂ ਨੂੰ ਰੱਦ ਕਰਨ ਦੇ ਹੱਕ ਰਾਖਵੇਂ ਹਨ।

ਸਹੀ/- ਨਿਗਰਾਨ,
ਮਾਡਲ ਜੇਲ੍ਹ, ਚੰਡੀਗੜ੍ਹ

---

# ਅਗਨੀਵੀਰ ਦੀ ਭਰਤੀ ਲਈ ਟ੍ਰੇਨਿੰਗ ਦੌਰਾਨ ਮੁਫ਼ਤ ਖਾਣਾ ਤੇ ਰਿਹਾਇਸ਼ ਦੀ ਸਹੂਲਤ

ਲੁਧਿਆਣਾ, 4 ਅਗਸਤ (ਵਿਸ਼ਾਲ ਸ਼ਰਮਾ) ਸੀ-ਪਾਈਟ ਕੈਂਪ ਲੁਧਿਆਣਾ ਦੇ ਟ੍ਰੇਨਿੰਗ ਅਫਸਰ ਇੰਦਰਜੀਤ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਈ.ਟੀ.ਆਈ., ਗਿੱਲ ਰੋਡ ਵਿਖੇ ਸਥਿਤ ਕੈਂਪ ਵਿਖੇ ਆਰਮੀ (ਅਗਨੀਵੀਰ) ਦੀ ਭਰਤੀ ਲਈ ਫਿਜੀਕਲ ਟ੍ਰੇਨਿੰਗ ਲਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ 01 ਤੋਂ 08 ਨਵੰਬਰ, 2025 ਤੱਕ ਆਰਮੀ (ਅਗਨੀਵੀਰ) ਦੀ ਭਰਤੀ ਹੋਣ ਜਾ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ ਅਤੇ ਮਲੇਰਕੋਟਲਾ ਦੇ ਜਿਹੜੇ ਨੌਜਵਾਨਾਂ ਨੇ ਆਰਮੀ (ਅਗਨੀਵੀਰ) ਦੀ ਭਰਤੀ ਲਈ ਲਿਖਤੀ ਪੇਪਰ ਪਾਸ ਕੀਤਾ ਹੋਇਆ ਹੈ, ਉਹ ਸੀ-ਪਾਈਟ ਕੈਂਪ ਲੁਧਿਆਣਾ ਵਿਖੇ ਮਿਤੀ 05, 06, 07 ਅਤੇ 08 ਅਗਸਤ 2025 ਨੂੰ ਫਿਜ਼ੀਕਲ ਦੀ ਸਿਖਲਾਈ ਲਈ ਕੈਂਪ ਵਿੱਚ ਆ ਸਕਦੇ ਹਨ। ਟ੍ਰੇਨਿੰਗ ਅਫਸਰ ਇੰਦਰਜੀਤ ਕੁਮਾਰ ਨੇ ਇਹ ਵੀ ਦੱਸਿਆ ਕਿ ਫਿਜੀਕਲ ਸਿਖਲਾਈ ਪ੍ਰਾਪਤ ਕਰਨ ਲਈ ਨੌਜਵਾਨ ਜਰੂਰੀ ਦਸਤਾਵੇਜ਼ ਦੀਆਂ ਫੋਟੋ ਕਾਪੀਆਂ ਜਿਨ੍ਹਾਂ ਵਿੱਚ ਵਿਦਿਅਕ ਯੋਗਤਾ 10ਵੀਂ, 12ਵੀਂ, ਉੱਚ ਵਿਦਿਅਕ ਯੋਗਤਾ ਦੇ ਸਾਰੇ ਸਰਟੀਫਿਕੇਟਾਂ ਅਤੇ ਅਗਨੀਵੀਰ ਦੇ ਲਿਖਤੀ ਪੇਪਰ ਵਿੱਚ ਪਾਸ ਹੋਏ ਰੋਲ ਨੰਬਰ ਦੀ ਲਿਸਟ ਦੀ ਫੋਟੋ ਕਾਪੀ, ਆਧਾਰ




ਕਾਰਡ, ਪਾਸਪੋਰਟ ਸਾਈਜ ਫੋਟੋ ਸ਼ਾਮਲ ਹਨ, ਦੇ ਨਾਲ ਕੈਂਪ ਵਿੱਚ ਰਿਪੋਰਟ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਿਖਲਾਈ ਦੌਰਾਨ ਯੁਵਕਾਂ ਨੂੰ ਰਿਹਾਇਸ਼ ਅਤੇ ਖਾਣਾ ਪੰਜਾਬ ਸਰਕਾਰ ਵੱਲੋਂ ਮੁਫਤ ਦਿੱਤਾ ਜਾਵੇਗਾ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਲੈਣ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰਾਂ 84928-21213, 78885-86296 ਅਤੇ 98766-17258 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

---

ਬਾ ਅਦਾਲਤ ਮਾਣਯੋਗ ਸਹਾਇਕ ਕੁਲੈਕਟਰ ਦਰਜਾ ਪਹਿਲਾ (ਤਹਿਸੀਲਦਾਰ), ਫਤਹਿਗੜ੍ਹ ਸਾਹਿਬ

ਜਨਤਕ ਨੋਟਿਸ

ਇਸ ਅਦਾਲਤ ਵਿੱਚ ਸ੍ਰੀ ਹਰੀ ਸਿੰਘ ਪੁੱਤਰ ਅਜਮੇਰ ਸਿੰਘ ਵਾਸੀ/ਖੇਵਟਦਾਰ ਪਿੰਡ ...

---

# ਮੰਤਰੀ ਮੁੰਡੀਆਂ ਨੇ ਜਲ ਸਪਲਾਈ ਯੋਜਨਾਵਾਂ ਦਾ ਰੱਖਿਆ ਨੀਂਹ ਪੱਥਰ

ਲੁਧਿਆਣਾ, 4 ਅਗਸਤ (ਵਿਸ਼ਾਲ ਸ਼ਰਮਾ) ਪਿੰਡ ਖਵਾਜਕੇ, ਜੱਸੀਆਂ ਅਤੇ ਇੰਦਰਾ ਕਲੋਨੀ ਵਿੱਚ ਪਾਣੀ ਦੀ ਸਪਲਾਈ ਵਧਾਉਣ ਦੇ ਉਦੇਸ਼ ਨਾਲ, ਪੰਜਾਬ ਦੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਸੋਮਵਾਰ ਨੂੰ ਲੁਧਿਆਣਾ ਵਿੱਚ 2.08 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਦੋ ਜਲ ਸਪਲਾਈ ਯੋਜਨਾਵਾਂ ਦਾ ਨੀਂਹ ਪੱਥਰ ਰੱਖਿਆ। ਇੱਕ ਵਾਰ ਪੂਰਾ ਹੋਣ ਤੋਂ ਬਾਅਦ, ਇਹਨਾਂ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਵਧਾਈ ਜਾਵੇਗੀ ਜਿਸ ਨਾਲ ਹਜ਼ਾਰਾਂ ਵਸਨੀਕਾਂ ਨੂੰ ਲਾਭ ਹੋਵੇਗਾ। ਮੰਤਰੀ ਨੇ ਕਿਹਾ ਕਿ ਇਹਨਾਂ ਯੋਜਨਾਵਾਂ ਵਿੱਚ ਆਧੁਨਿਕ ਬੁਨਿਆਦੀ ਢਾਂਚਾ ਸ਼ਾਮਲ ਹੈ ਜਿਵੇਂ ਕਿ ਨਵੇਂ ਟਿਊਬਵੈੱਲ, ਭੰਡਾਰ, ਪਾਈਪਲਾਈਨਾਂ, ਸੋਲਰ ਪੈਨਲ, ਕਲੋਰੀਨੇਸ਼ਨ ਯੂਨਿਟ ਅਤੇ ਪਾਣੀ ਦੇ ਕੁਨੈਕਸ਼ਨ ਲਗਾਉਣਾ, ਟਿਕਾਊ ਪਾਣੀ ਸਪਲਾਈ ਅਤੇ ਸੈਨੀਟੇਸ਼ਨ ਨੂੰ ਯਕੀਨੀ ਬਣਾਉਣਾ। ਮੁੰਡੀਆਂ ਨੇ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਵਿੱਚ ਸ਼ਹਿਰੀ ਖੇਤਰਾਂ ਦੇ ਬਰਾਬਰ ਮਿਆਰੀ ਆਧੁਨਿਕ ਨਾਗਰਿਕ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਲਈ ਵਚਨਬੱਧ ਹੈ। ਇਹਨਾਂ ਪ੍ਰੋਜੈਕਟਾਂ ਨਾਲ, ਇਹਨਾਂ ਖੇਤਰਾਂ ਵਿੱਚ ਲੰਬੇ ਸਮੇਂ ਤੋਂ ਚੱਲ ਰਹੇ ਪੀਣ ਵਾਲੇ ਪਾਣੀ ਦੇ ਮੁੱਦੇ ਨੂੰ ਹੱਲ ਕੀਤਾ ਜਾਵੇਗਾ, ਜਿਸ ਨਾਲ ਹਰ ਘਰ ਦੇ ਦਰਵਾਜ਼ੇ @ਤੇ ਸਾਫ਼ ਪਾਣੀ ਯਕੀਨੀ ਬਣਾਇਆ ਜਾਵੇਗਾ। ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲਾਂ ਹੀ ਕਈ



ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਵਿੱਚ ਮੁਫ਼ਤ ਬਿਜਲੀ, ਆਮ ਆਦਮੀ ਕਲੀਨਿਕ, ਯੁੱਧ ਨਸ਼ਾ ਵਿਰੋਧੀ ਅਤੇ ਕਈ ਵਿਕਾਸ ਪ੍ਰੋਜੈਕਟ ਸ਼ਾਮਲ ਹਨ, ਜੋ ਕਿ ਸੂਬੇ ਦੀ ਖੁਸ਼ਹਾਲੀ ਅਤੇ ਤਰੱਕੀ ਨੂੰ ਅੱਗੇ ਵਧਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇੱਕ ਨਵੀਂ ਸਿਹਤ ਸੰਭਾਲ ਯੋਜਨਾ ਜਲਦੀ ਹੀ ਸ਼ੁਰੂ ਕੀਤੀ ਜਾ ਰਹੀ ਹੈ ਜੋ 10 ਲੱਖ ਰੁਪਏ ਤੱਕ ਦੀਆਂ ਮੁਫ਼ਤ ਡਾਕਟਰੀ ਸੇਵਾਵਾਂ ਤੱਕ ਪਹੁੰਚ ਵਿੱਚ ਹੋਰ ਕ੍ਰਾਂਤੀ ਲਿਆਏਗੀ, ਜੋ ਸਾਰੇ ਨਿਵਾਸੀਆਂ ਦੇ ਲਾਭ ਲਈ ਪੰਜਾਬ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਬਦਲ ਦੇਵੇਗੀ।

# ਤੀਜ ਦਾ ਤਿਉਹਾਰ ਵਿਰਾਸਤ ਨਾਲ ਜੁੜਿਆ ਤੇ ਔਰਤਾਂ ਦੀ ਪਹਿਚਾਣ ਨੂੰ ਜਿਉਂਦਾ ਰੱਖਣ ਵਾਲਾ ਹੈ: ਸੋਨਾ ਖੁਰਾਣਾ

ਲੁਧਿਆਣਾ 4 ਅਗਸਤ (ਕਰਨੈਲ ਸਿੰਘ ਐੱਮ.ਏ.) ਜਪਪ੍ਰਭ ਕ੍ਰੀਏਸ਼ਨ, ਸੋਨਾ ਖੁਰਾਣਾ ਵੱਲੋਂ ਹਰ ਸਾਲ ਵਾਂਗ ਇਸ ਵਾਰ ਵੀ ਤੀਆਂ ਦਾ ਤਿਉਹਾਰ ਤੀਜ ਫੈਸਟ-2025 ਸਥਾਨਕ ਹੋਟਲ ਵਿਖੇ ਵੱਡੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿੱਚ ਕਲੱਬ ਦੀਆਂ ਮੈਂਬਰਾਂ ਨੇ ਰੰਗ-ਬਿਰੰਗੇ ਪਹਿਰਾਵਿਆਂ ਵਿੱਚ ਪਹੁੰਚ ਕੇ ਗਿੱਧਾ, ਭੰਗੜਾ ਅਤੇ ਰੌਣਕਾਂ ਨਾਲ ਭਰਪੂਰ ਬੋਲੀਆਂ ਰਾਹੀਂ ਤੀਆਂ ਦੇ ਤਿਉਹਾਰ ਨੂੰ ਮਨਾਇਆ। ਸਮਾਗਮ ਦੀ ਸ਼ੁਰੂਆਤ ਪਰੰਪਰਾਗਤ ਢੰਗ ਨਾਲ @ਊਰੀ ਊਰੀ ਊਰੀ ਕਾਹਤੋਂ ਨੱਚਦੀ ਨੀ, ਕੀ ਮਾਲਕ ਨੇ ਘੂਰੀ ਕਾਹਤੋਂ........, ਵਰਗੀਆਂ ਝੂਮਣ ਵਾਲੀਆਂ ਬੋਲੀਆਂ ਨਾਲ ਹੋਈ ਜਿਸ ਨੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ।

ਇਸ ਮੌਕੇ ਚਿੱਟੇ ਸੂਟ ਤੇ ਦਾਗ ਪੈ ਗਏ- ਗਲੀ ਤੇਰੀ ਵਿੱਚ ਯਾਰਾ, ਤੂੰ ਨੀ ਬੋਲਦੀ ਰਕਾਨੇ ਤੂੰ ਨੀ ਬੋਲਦੀ ਤੇਰੇ 'ਚ ਤੇਰਾ ਯਾਰ ਬੋਲਦਾ ਵਰਗੇ ਗੀਤਾਂ 'ਤੇ ਖੂਬ ਭੰਗੜਾ , ਗਿੱਧਾ ਅਤੇ ਬੋਲੀਆਂ ਨੇ ਮੁਟਿਆਰਾਂ ਨੂੰ ਝੂਮਣ @ਤੇ ਮਜਬੂਰ ਕਰ ਦਿੱਤਾ। ਕਲੱਬ ਦੀ ਪ੍ਰਧਾਨ ਸੋਨਾ ਖੁਰਾਣਾ ਨੇ ਕਿਹਾ ਕਿ ਤੀਜ ਦਾ ਤਿਉਹਾਰ ਸਿਰਫ਼ ਮਨੋਰੰਜਨ ਦਾ ਮਾਧਿਅਮ ਨਹੀਂ, ਸਗੋਂ ਇਹ ਸਾਡੀ ਪਾਰੰਪਰਿਕ ਵਿਰਾਸਤ ਅਤੇ ਔਰਤਾਂ ਦੀ ਸਾਂਝੀ ਪਛਾਣ ਨੂੰ ਜਿਉਂਦਾ ਰੱਖਣ ਵਾਲਾ ਤਿਉਹਾਰ ਹੈ। ਕਲੱਬ ਮੈਂਬਰਾਂ ਵੱਲੋਂ ' ਨੱਚਣ ਟੱਪਣ ਗਿੱਧਾ ਪਾਵਣ ਵੱਲੋਂ ਘਰਾਂ ਦੀਆਂ ਜਾਲੀਆਂ, ਸੁਬੇਦਾਰਨੀਆਂ ਬਣ ਕੇ ਮੇਲਣਾਂ ਆਈਆਂ ਬੋਲੀਆਂ ਗੀਤ ਤੇ ਥੀਮ ਗਿੱਧਾ ਪੇਸ਼ ਕੀਤਾ ਗਿਆ ਜਿਸ ਵਿੱਚ ਪੰਜਾਬੀ ਲਿਬਾਸ ਅਤੇ ਰੰਗਾਂ ਦੀ ਛਟਾ ਨੇ ਸਭ ਦਾ ਮਨ ਮੋਹ ਲਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਦੀ ਧਰਮਪਤਨੀ ਪ੍ਰੀਤਇੰਦਰ ਕੌਰ ਨੇ ਵੀ ਜਿੱਥੇ ਤੀਜ ਦੇ ਤਿਉਹਾਰ ਦਾ ਖੂਬ ਆਨੰਦ ਮਾਣਿਆ ਉੱਥੇ ਕਿਹਾ ਕਿ ਤੀਜ ਦਾ ਤਿਉਹਾਰ ਸਾਡੀ ਸੱਭਿਅਤਾ ਨੂੰ ਤਰੋ-ਤਾਜ਼ਾ ਰੱਖਣ ਵਿੱਚ ਜਿੱਥੇ ਸਹਾਈ ਹੁੰਦਾ ਹੈ। ਉੱਥੇ ਨੌਜਵਾਨ ਮੁਟਿਆਰਾਂ ਨੂੰ ਆਪਣੇ ਅੰਦਰ ਛੁਪੇ ਟੈਲੇਂਟ ਨੂੰ ਦਿਖਾਉਣ ਦਾ ਮੌਕਾ ਦਿੰਦਾ ਹੈ। ਇਸ ਮੌਕੇ ਹਰਮਨਜੋਤ ਨੂੰ ਮਿਸ ਤੀਜ ਐਲਾਨਿਆ ਗਿਆ। ਇਸ ਮੌਕੇ ਹਰਮਨ ਗਿੱਲ, ਅਮਨਪ੍ਰੀਤ ਕੌਰ ਅਰੋੜਾ, ਸੁਰਜੀਤ ਕੌਰ ਭਾਟੀਆ, ਅਮਰਜੀਤ ਕੌਰ, ਕਿੱਟੀ ਕਲਾਰੋ, ਜੈਸਮੀਨ ਜਾਨੂ, ਕਮਲਪ੍ਰੀਤ ਕੌਰ, ਸੁਖਪ੍ਰੀਤ ਕੌਰ, ਹਰਲੀਨ, ਗੁਰਪ੍ਰੀਤ, ਹਰਸ਼, ਜਪਨੀਤ, ਸੁਖਪ੍ਰੀਤ ਕੌਰ, ਕਮਲਪ੍ਰੀਤ ਕੌਰ, ਜਗਜੀਤ ਕੌਰ ਨੇ ਕਿਹਾ ਕਿ ਅਗਲੇ ਵਰ੍ਹੇ ਇਹ ਤਿਉਹਾਰ ਹੋਰ ਵਧੇਰੇ ਰੰਗ-ਰਲਿਆਂ ਅਤੇ ਸੱਭਿਆਚਾਰਿਕ ਤੱਤਾਂ ਦੇ ਨਾਲ ਮਨਾਇਆ ਜਾਵੇਗਾ।

---

## ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)

ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

**ਮਾਮਲਾ ਨੰਬਰ : ਓਏ/428/2025**
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਈਐਕਸਐਚ ਨੰ. : 28212**

**ਇੰਡੀਅਨ ਬੈਂਕ**
**ਬਨਾਮ**
**ਜਗਬੀਰ ਸਿੰਘ**

**ਵੱਲ,**
**(1) ਜਗਬੀਰ ਸਿੰਘ**
ਸਪੁੱਤਰੀ/ਸੁਪਤਨੀ/ਸਪੁੱਤਰ/ਹੋਰ : ਸਪੁੱਤਰ ਸ੍ਰੀ ਵਾਸਨ ਸਿੰਘ, ਵਾਸੀ ਪਿੰਡ ਸਾਖੋਵਾਲ, ਡਾਕਖਾਨਾ ਘੋਮਣ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ।
(2) **ਸ੍ਰੀਮਤੀ ਕਵਲਦੀਪ ਕੌਰ** ਸੁਪਤਨੀ ਜਗਬੀਰ ਸਿੰਘ, ਵਾਸੀ ਪਿੰਡ ਸਾਖੋਵਾਲ, ਡਾਕਖਾਨਾ ਘੋਮਣ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ।

**ਸੰਮਨ**

**ਜਿਥੇ ਕਿ, ਓ.ਏ./428/2025, 14.05.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ.58,26,259/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ.ਏ.) **ਕਾਨੂੰਨ ਦੀ ਧਾਰਾ 19 (4)** ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। (**ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ**)।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ:-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁੱਰਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁੱਰਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 26.08.2025 **ਨੂੰ ਸਵੇਰੇ** 10.30 **ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ** 16.05.2025 **ਨੂੰ ਜਾਰੀ।**
**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖ਼ਰ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)**

---

## ਸੈਂਟਰਲ ਬੈਂਕ ਆਫ ਇੰਡੀਆ / Central Bank of India

CENTRAL TO YOU SINCE 1911

**ਖੇਤਰੀ ਦਫਤਰ, ਕੇ.ਪੀ., ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ ਫਿਰੋਜ਼ਪੁਰ ਰੋਡ, ਲੁਧਿਆਣਾ-141001**

### ਮੰਗ ਸੂਚਨਾ ਦਾ ਪ੍ਰਕਾਸ਼ਨ

ਇਸ ਦੁਆਰਾ ਇੱਕ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਲਿਖੇ ਕਰਜ਼ਦਾਰਾਂ ਨੇ ਬੈਂਕ ਤੋਂ ਪ੍ਰਾਪਤ ਕੀਤੀਆਂ ਕ੍ਰੈਡਿਟ ਸਹੂਲਤਾਂ ਦੇ ਮੂਲਧਨ ਅਤੇ ਵਿਆਜ ਦੀ ਅਦਾਇਗੀ ਵਿੱਚ ਡਿਫਾਲਟ ਕੀਤਾ ਹੈ ਅਤੇ ਉਕਤ ਸਹੂਲਤਾਂ ਗੈਰ-ਕਾਰਗੁਜ਼ਾਰੀ ਸੰਪਤੀਆਂ ਵਿੱਚ ਬਦਲ ਗਈਆਂ ਹਨ। ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ 2002 ਦੀ ਧਾਰਾ 13(2) ਦੇ ਤਹਿਤ ਨੋਟਿਸ ਬੈਂਕ ਦੇ ਅਧਿਕਾਰਤ ਅਧਿਕਾਰੀ ਦੁਆਰਾ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਉਨ੍ਹਾਂ ਦੇ ਆਖਰੀ ਜਾਣੇ ਪਤਿਆਂ 'ਤੇ ਜਾਰੀ ਕੀਤਾ ਗਿਆ ਹੈ। ਹਾਲਾਂਕਿ, ਕੁਝ ਮਾਮਲਿਆਂ ਵਿੱਚ ਸੂਚਨਾ ਬਿਨਾਂ ਤਾਮੀਲ ਦੇ ਹੀ ਵਾਪਸ ਪਰਤ ਆਈਆਂ ਹਨ ਅਤੇ ਹੋਰ ਮਾਮਲਿਆਂ ਵਿੱਚ ਰਸੀਦਾਂ ਪ੍ਰਾਪਤ ਨਹੀਂ ਹੋਈਆਂ ਹਨ। ਇਸ ਤਰ੍ਹਾਂ ਕਰਜ਼ਦਾਰਾਂ/ਜ਼ਾਮਨਾਂ ਨੂੰ ਜਨਤਕ ਸੂਚਨਾ ਰਾਹੀਂ ਇਸ ਬਾਰੇ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ/ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਸੰਪੱਤੀਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ |
|---|---|---|---|---|
| ਸ਼ਾਖਾ: ਬਰਾਊਨ ਰੋਡ, ਲੁਧਿਆਣਾ<br>ਸ਼੍ਰੀ ਯੋਗੇਸ਼ ਪਾਸੀ ਪੁੱਤਰ ਸ਼੍ਰੀ ਸਤਪਾਲ ਪਾਸੀ ਮਕਾਨ ਨੰਬਰ-1, ਬਲਾਕ ਨੰ-ਬੀ1, ਵਿਵੇਕ ਵਿਹਾਰ ਨੇੜੇ ਤਰਸੇਮ ਲਾਲ ਹਸਪਤਾਲ, ਜੱਸੀਆਂ ਰੋਡ, ਲੁਧਿਆਣਾ-141008 | ਵਸੀਕਾ ਨੰਬਰ- 2022-23/101/1/15821 ਮਿਤੀ 05.04.2023 ਨੂੰ ਸ਼੍ਰੀ ਯੋਗੇਸ਼ ਪਾਸੀ ਪੁੱਤਰ ਸਤਪਾਲ ਪਾਸੀ ਦੇ ਨਾਮ 'ਤੇ 84.87 ਵਰਗ ਗਜ਼ ਦੀ ਰਿਹਾਇਸ਼ੀ ਇਮਾਰਤ ਜੋ ਕਿ ਮਕਾਨ ਨੰਬਰ-1, ਬਲਾਕ ਨੰਬਰ-ਬੀ1, ਵਿਵੇਕ ਵਿਹਾਰ, ਤਰਸੇਮ ਲਾਲ ਹਸਪਤਾਲ ਦੇ ਨੇੜੇ, ਜੱਸੀਆਂ ਰੋਡ, ਲੁਧਿਆਣਾ-141008, ਖਸਰਾ ਨੰਬਰ- 20//16/2-17-18, ਖਾਤਾ ਨੰਬਰ-329/343-330/344, 730/746, ਜਮ੍ਹਾਂਬੰਦੀ-2007-2008, ਹਦਬਸਤ ਨੰਬਰ-101, ਪਿੰਡ- ਜੱਸੀਆਣਾ ਵਿਖੇ ਸਥਿਤ ਹੈ। ਜਾਇਦਾਦ ਦੀ ਹੱਦਬੰਦੀ: ਪੂਰਬ: ਕੁਲਦੀਪ 31'6", ਪੱਛਮ: ਗਲੀ 18' ਚੌੜੀ 31'6", ਉੱਤਰ: ਸੜਕ 20' ਚੌੜੀ 24' 3", ਦੱਖਣ: ਬਲਦੇਵ ਰਾਜ 24' 3" | 19/07/2025 | 28/07/2025 | Rs 29,09,697.35<br>28.07.2025 ਤੋਂ ਗਿਣੇ ਜਾਣ ਵਾਲੇ ਮਹੀਨਾਵਾਰ ਵਿਰਾਮਾਂ 'ਤੇ 8.65% ਸਾਲਾਨਾ ਦੀ ਦਰ 'ਤੇ HBL., 8.80% ਸਾਲਾਨਾ ਦੀ ਦਰ 'ਤੇ HL 'ਤੇ ਵਿਆਜ ਸਮੇਤ |
| ਸ਼ਾਖਾ: ਮਿਲਰ ਗੰਜ, ਲੁਧਿਆਣਾ<br>(ਏ) ਸ਼੍ਰੀ ਰਾਕੇਸ਼ ਕੁਮਾਰ ਪੁੱਤਰ ਸ਼੍ਰੀ ਸ਼ਾਮ ਸੁੰਦਰ, ਪਤਾ- (1) ਐਮ ਸੀ ਨੰਬਰ-ਬੀ-21-4350/1, ਗਲੀ ਨੰਬਰ-1, ਅਬਾਦੀ ਨਿਊ ਸ਼ਿਮਲਾ ਪੁਰੀ, ਪਿੰਡ ਗਿੱਲ ਨੰ-2, ਲੁਧਿਆਣਾ ਪਿੰਨ-141003, (2) ਗਲੀ ਨੰਬਰ-11/6, ਡਾਬਾ ਰੋਡ, ਮੰਡੀ ਵਾਲੀ ਗਲੀ, ਮਿਲਰਗੰਜ, ਲੁਧਿਆਣਾ, ਪਿੰਨ-141003, (3) ਮਕਾਨ ਨੰਬਰ- 6926, ਗਲੀ ਨੰਬਰ-11/6, ਕਬੀਰ ਨਗਰ ਡਾਬਾ ਰੋਡ, ਲੁਧਿਆਣਾ, ਪਿੰਨ-141003, (ਬੀ) ਸ਼੍ਰੀ ਭਰਤ ਸ਼ਰਮਾ ਪੁੱਤਰ ਸ਼੍ਰੀ ਰਾਕੇਸ਼ ਸ਼ਰਮਾ, ਪਤਾ- (1) ਮਕਾਨ ਨੰ.-82/12/1, 11/6, ਕਬੀਰ ਨਗਰ, ਮਿਲਰਗੰਜ, ਲੁਧਿਆਣਾ, ਪਿੰਨ-141003, (2) ਐਮ ਸੀ ਨੰ-ਬੀ-21-4350/1, ਗਲੀ ਨੰ-1, ਅਬਾਦੀ ਨਿਊ ਸ਼ਿਮਲਾ ਪੁਰੀ, ਪਿੰਡ ਗਿੱਲ ਨੰ-2, ਲੁਧਿਆਣਾ ਪਿੰਨ-141003. (3) ਮਕਾਨ ਨੰ.-6926, ਗਲੀ ਨੰ.-11/6, ਕਬੀਰ ਨਗਰ ਡਾਬਾ ਰੋਡ, ਲੁਧਿਆਣਾ, ਪਿੰਨ-141003 | ਵਿਕਰੀ ਡੀਡ ਵਸੀਕਾ ਨੰਬਰ 2023-24/103/1/641 ਮਿਤੀ 21/04/2023 ਦੇ ਅਨੁਸਾਰ 300 ਵਰਗ ਗਜ਼ ਦਾ ਪ੍ਰਾਪਰਟੀ ਹਾਊਸ ਜਿਸ ਵਿੱਚ ਸਾਲ 2010-11 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 7732/784, ਖਾਤਾ ਨੰਬਰ 1167, ਖਤੌਨੀ ਨੰਬਰ 1584 ਸ਼ਾਮਲ ਹੈ, ਪਿੰਡ ਗਿੱਲ-2, ਹੱਦਬਸਤ ਨੰਬਰ 263, ਨਵਾਂ ਸ਼ਿਮਲਾਪੁਰੀ ਵਜੋਂ ਜਾਣਿਆ ਜਾਂਦਾ ਇਲਾਕਾ, ਚਿਮਨੀ ਰੋਡ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ। ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ: ਗੁਆਂਢੀ 53'-0", ਪੱਛਮ: ਗਲੀ 53'-0", ਉੱਤਰ: ਬਾਕੀ ਹਿੱਸਾ 51'-0", ਦੱਖਣ: ਗਲੀ 51'-0" | 20/04/2025 | 31/07/2025 | Rs 33,14,941.83<br>31.07.2025 ਤੋਂ ਗਿਣੇ ਜਾਣ ਵਾਲੇ ਮਹੀਨਾਵਾਰ ਵਿਰਾਮਾਂ 'ਤੇ 7.95% ਸਾਲਾਨਾ ਦੀ ਦਰ 'ਤੇ ਵਿਆਜ ਸਮੇਤ |

ਉਪਰੋਕਤ ਕਰਜ਼ਦਾਰਾਂ/ਜ਼ਾਮਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸ ਵਿੱਚ ਦੱਸੀ ਗਈ ਰਕਮ ਦਾ ਭੁਗਤਾਨ ਕਰਨ, ਨਹੀਂ ਤਾਂ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਪੁੱਗਣ ਤੋਂ ਬਾਅਦ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਲਾਗੂ ਕਰਨ ਐਕਟ 2002 ਦੇ ਉਪਬੰਧਾਂ ਅਨੁਸਾਰ ਅਗਲੇ ਕਦਮ ਚੁੱਕੇ ਜਾਣਗੇ। ਕਰਜ਼ਦਾਰਾਂ/ਜ਼ਾਮਨਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਬੰਧਤ ਸ਼ਾਖਾ ਤੋਂ ਸੂਚਨਾ ਦੀ ਕਾਪੀ ਪ੍ਰਾਪਤ ਕਰਨ।

ਮਿਤੀ: 05.08.2025 ਸਥਾਨ: ਲੁਧਿਆਣਾ ਸਹੀ/- ਅਧਿਕਾਰਤ ਅਧਿਕਾਰੀ

---

## ਜਨਤਕ ਸੂਚਨਾ

**ਵੱਲੋਂ ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ**

ਸਵਰਗੀ ਮਨਜੀਤ ਸਿੰਘ ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਵਪਾਰਕ ਐਸ.ਸੀ.ਓ. ਨੰਬਰ 38, ਸੈਕਟਰ 21-ਸੀ, ਚੰਡੀਗੜ੍ਹ (ਸੀ.ਪੀ. 1076) ਦੇ ਸੰਬੰਧ ਵਿੱਚ 44.44% ਹਿੱਸੇ ਦੀ ਹੱਦ ਤੱਕ ਮਾਲਕੀ ਦਾ ਉਪ-ਤਬਾਦਲਾ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ ਮਨਜੀਤ ਸਿੰਘ ਵਪਾਰਕ ਐਸ.ਸੀ.ਓ. ਨੰਬਰ 38, ਸੈਕਟਰ 21-ਸੀ, ਚੰਡੀਗੜ੍ਹ ਦੇ 44.44% ਹਿੱਸੇ ਦੇ ਮਾਲਕ/ਪੱਟੇਦਾਰ ਹਨ।
ਗੁਰਿੰਦਰ ਪਾਲ ਸਿੰਘ ਚਾਵਲਾ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀਮਤੀ ਮਨਜੀਤ ਸਿੰਘ ਦੀ ਮੌਤ 28/03/2019 ਨੂੰ ਹੋ ਗਈ ਸੀ ਅਤੇ ਉਸਨੇ/ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-

| ਕਾਨੂੰਨੀ ਵਾਰਸਾਂ ਦੇ ਨਾਮ | ਮ੍ਰਿਤਕ ਨਾਲ ਰਿਸ਼ਤਾ |
|---|---|
| 1. ਗੁਰਿੰਦਰ ਪਾਲ ਸਿੰਘ ਚਾਵਲਾ | ਸਪੁੱਤਰ |
| 2. ਮਹਿੰਦਰ ਕੌਰ | ਸੁਪਤਨੀ |
| 3. ਕਵਲਜੀਤ ਸਿੰਘ | ਸਪੁੱਤਰ |
| 4. ਹਰਜਿੰਦਰ ਕੌਰ | ਸਪੁੱਤਰੀ |
| 5. ਦੇਵਿੰਦਰ ਕੌਰ | ਸਪੁੱਤਰੀ |

ਹੁਣ, ਗੁਰਿੰਦਰ ਪਾਲ ਸਿੰਘ ਚਾਵਲਾ ਨੇ 25/01/2019 ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਮਰਹੂਮ ਮਨਜੀਤ ਸਿੰਘ ਦੁਆਰਾ ਆਪਣੇ/ਉਸ/ਉਨ੍ਹਾਂ ਦੇ ਹੱਕ ਵਿੱਚ ਰੱਖੇ ਗਏ 44.44% ਹਿੱਸੇ ਦੀ ਹੱਦ ਤੱਕ ਵਪਾਰਕ ਐਸਸੀਓ ਨੰਬਰ 38, ਸੈਕਟਰ 21 ਸੀ, ਚੰਡੀਗੜ੍ਹ ਦੇ ਸੰਬੰਧ ਵਿੱਚ ਮਾਲਕੀ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ(ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।
ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਨੂੰ ਉਪਰੋਕਤ ਲਾਭਪਾਤਰੀ/ਆਂ ਦੇ ਨਾਮ 'ਤੇ ਇੰਤਕਾਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਰਾਜੀਵ ਤਿਵਾੜੀ,
ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ



# ਏਲੀਅਨ

## ਵੱਧ ਰਹੇ ਨੇ ਧਰਤੀ ਵੱਲ-ਮਸ਼ਹੂਰ ਵਿਗਿਆਨੀ ਹਾਕਿੰਗ ਦੀ ਭਵਿੱਖਬਾਣੀ ਹੋ ਰਹੀ ਹੈ ਸੱਚ

## ਵਿਨਾਸ਼ਕਾਰੀ ਹੋ ਸਕਦਾ ਹੈ ਪੂਰੀ ਮਾਨਵਤਾ ਲਈ

ਇਨ੍ਹੀਂ ਦਿਨੀਂ ਕੁਝ ਵਿਗਿਆਨੀਆਂ ਨੇ ਆਉਣ ਵਾਲੇ ਸਮੇਂ ਵਿੱਚ ਸਟੀਫਨ ਹਾਕਿੰਗ ਦੀ ਇੱਕ ਭਵਿੱਖਬਾਣੀ ਦੇ ਸੱਚ ਹੋਣ ਦੀ ਸੰਭਾਵਨਾ ਬਾਰੇ ਚੇਤਾਵਨੀ ਦਿੱਤੀ ਹੈ। ਇਹ ਏਲੀਅਨਾਂ ਨਾਲ ਸਬੰਧਤ ਇੱਕ ਤਬਾਹੀ ਦੀ ਇੱਕ ਭਿਆਨਕ ਭਵਿੱਖਬਾਣੀ ਹੈ। ਕੁਝ ਹਾਲੀਆ ਖਗੋਲੀ ਘਟਨਾਵਾਂ ਦੇ ਸੰਬੰਧ ਵਿੱਚ, ਵਿਗਿਆਨੀਆਂ ਨੇ ਨੇੜਲੇ ਭਵਿੱਖ ਵਿੱਚ ਮਹਾਨ ਭੌਤਿਕ ਵਿਗਿਆਨੀ ਦੀ ਇੱਕ ਪੁਰਾਣੀ ਭਵਿੱਖਬਾਣੀ ਦੇ ਸੱਚ ਹੋਣ ਦੀ ਸੰਭਾਵਨਾ 'ਤੇ ਜ਼ੋਰ ਦਿੱਤਾ ਹੈ।

ਡੇਲੀ ਮੇਲ ਵਿੱਚ ਇੱਕ ਰਿਪੋਰਟ ਦੇ ਅਨੁਸਾਰ, ਸਟੀਫਨ ਹਾਕਿੰਗ ਦੀ ਮਨੁੱਖਤਾ ਨੂੰ ਦਿੱਤੀ ਗਈ ਚੇਤਾਵਨੀ ਸੱਚ ਸਾਬਤ ਹੋ ਸਕਦੀ ਹੈ। ਕਿਉਂਕਿ ਇੱਕ ਮਸ਼ਹੂਰ ਵਿਗਿਆਨੀ ਨੇ ਦਾਅਵਾ ਕੀਤਾ ਹੈ ਕਿ ਕੁਝ ਮਹੀਨਿਆਂ ਬਾਅਦ ਏਲੀਅਨ ਜੀਵਨ ਨਾਲ 'ਵਿਰੋਧੀ' ਮੁਕਾਬਲਾ ਹੋ ਸਕਦਾ ਹੈ।

### ਏਲੀਅਨਾਂ ਨਾਲ ਸੰਪਰਕ ਵਿਨਾਸ਼ਕਾਰੀ ਕਿਉਂ ਹੋ ਸਕਦਾ ਹੈ

ਹਾਕਿੰਗ ਇੱਕ ਮਸ਼ਹੂਰ ਸਿਧਾਂਤਕ ਭੌਤਿਕ ਵਿਗਿਆਨੀ ਸਨ। ਉਨ੍ਹਾਂ ਦੀ 2018 ਵਿੱਚ ਮੌਤ ਹੋ ਗਈ। ਉਨ੍ਹਾਂ ਨੇ ਦੁਨੀਆ ਨੂੰ ਚੇਤਾਵਨੀ ਦਿੱਤੀ ਸੀ ਕਿ ਏਲੀਅਨ ਜੀਵਨ ਨਾਲ ਸੰਪਰਕ ਮਨੁੱਖਤਾ ਲਈ ਵਿਨਾਸ਼ਕਾਰੀ ਸਾਬਤ ਹੋ ਸਕਦਾ ਹੈ।

ਸਵਰਗੀ ਪ੍ਰੋਫੈਸਰ ਦਾ ਮੰਨਣਾ ਸੀ ਕਿ ਬਾਹਰੀ ਗ੍ਰਹਿਆਂ ਦੀ ਸਰਗਰਮੀ ਨਾਲ ਖੋਜ ਕਰਨ ਨਾਲ ਇੱਕ ਘਾਤਕ ਹਮਲਾ ਹੋਵੇਗਾ। ਜਿਵੇਂ ਕਿ ਧਰਤੀ 'ਤੇ ਪਿਛਲੀਆਂ ਸਭਿਆਚਾਰਾਂ ਨੇ ਘੱਟ ਉੱਨਤ ਸਭਿਅਤਾਵਾਂ ਨੂੰ ਮਿਟਾ ਦਿੱਤਾ ਸੀ।

ਪ੍ਰੋਫੈਸਰ ਹਾਕਿੰਗ ਨੇ 2004 ਵਿੱਚ ਕਿਹਾ ਸੀ ਕਿ ਏਲੀਅਨ ਸ਼ਾਇਦ ਸਾਡੇ ਤੋਂ ਬਹੁਤ ਅੱਗੇ ਹਨ। ਇਸ ਗ੍ਰਹਿ 'ਤੇ ਆਦਿਮ ਲੋਕਾਂ ਨੂੰ ਮਿਲਣ ਵਾਲੀਆਂ ਉੱਨਤ ਨਸਲਾਂ ਦਾ ਇਤਿਹਾਸ ਬਹੁਤਾ ਸੁਹਾਵਣਾ ਨਹੀਂ ਰਿਹਾ। ਉਹ ਇੱਕੋ ਪ੍ਰਜਾਤੀ ਦੇ ਸਨ, ਫਿਰ ਵੀ ਉਨ੍ਹਾਂ ਨੇ ਘੱਟ ਵਿਕਸਤ ਸਭਿਅਤਾ ਨੂੰ ਤਬਾਹ ਕਰ ਦਿੱਤਾ। ਮੈਨੂੰ ਲੱਗਦਾ ਹੈ ਕਿ ਸਾਨੂੰ ਏਲੀਅਨਾਂ ਦੇ ਮਾਮਲੇ ਵਿੱਚ ਆਪਣਾ ਸਿਰ ਨੀਵਾਂ ਰੱਖਣਾ ਚਾਹੀਦਾ ਹੈ।

### 'ਮਨੁੱਖਾਂ ਨੂੰ ਆਪਣੀ ਮੌਜੂਦਗੀ ਫੈਲਾਉਣ ਤੋਂ ਬਚਣਾ ਚਾਹੀਦਾ ਹੈ'

ਹਾਕਿੰਗ ਨੇ ਮਨੁੱਖਾਂ ਨੂੰ ਬ੍ਰਹਿਮੰਡ ਵਿੱਚ ਆਪਣੀ ਮੌਜੂਦਗੀ ਨੂੰ ਸਰਗਰਮੀ ਨਾਲ ਪ੍ਰਸਾਰਿਤ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਸੀ। ਉਸਨੇ ਬੁੱਧੀਮਾਨ ਏਲੀਅਨ ਜੀਵਨ ਦੀ ਖੋਜ ਵਿੱਚ ਸਰਗਰਮੀ ਨਾ ਦਿਖਾਉਣ ਦੀ ਵਕਾਲਤ ਕੀਤੀ। ਜਿਵੇਂ ਕਿ ਏਲੀਅਨ ਰੇਡੀਓ ਸਿਗਨਲਾਂ ਨੂੰ ਸੁਣਨਾ।

ਹਾਕਿੰਗ ਦੇ ਗੰਭੀਰ ਸੰਦੇਸ਼ ਨੂੰ ਹਾਲ ਹੀ ਵਿੱਚ ਅਖੌਤੀ 'ਖੁਫੀਆ ਜਾਲ' ਦਾ ਅਧਿਐਨ ਕਰਨ ਵਾਲੇ ਖੋਜਕਰਤਾਵਾਂ ਦੀ ਇੱਕ ਅੰਤਰਰਾਸ਼ਟਰੀ ਟੀਮ ਦੁਆਰਾ ਦੁਬਾਰਾ ਵਿਚਾਰਿਆ ਗਿਆ ਸੀ। ਇਸ ਧਾਰਨਾ ਨੇ ਸੁਝਾਅ ਦਿੱਤਾ ਹੈ ਕਿ ਬਹੁਤ ਜ਼ਿਆਦਾ ਆਤਮਵਿਸ਼ਵਾਸ ਵਿਨਾਸ਼ਕਾਰੀ ਨਤੀਜਿਆਂ ਵੱਲ ਲੈ ਜਾ ਸਕਦਾ ਹੈ। ਇੱਕ UFO ਨਾਲ ਸਫਲਤਾਪੂਰਵਕ ਸੰਪਰਕ ਕਰਨ ਨਾਲ ਇੱਕ ਠੱਗ ਪ੍ਰਜਾਤੀ ਦਾ ਧਿਆਨ ਆਕਰਸ਼ਿਤ ਹੋ ਸਕਦਾ ਹੈ ਜੋ ਮਨੁੱਖਤਾ ਨੂੰ ਤਬਾਹ ਕਰ ਸਕਦੀ ਹੈ। ਇਸ ਅਧਿਐਨ ਨਾਲ ਹਾਕਿੰਗ ਦੇ ਸ਼ਬਦਾਂ ਨੂੰ ਹੋਰ ਵੀ ਮਹੱਤਵ ਮਿਲ ਗਿਆ। ਜਦੋਂ ਇੱਕ ਸਤਿਕਾਰਯੋਗ ਹਾਰਵਰਡ ਖਗੋਲ ਵਿਗਿਆਨੀ ਨੇ ਦਾਅਵਾ ਕੀਤਾ ਕਿ ਇਸ ਦਸੰਬਰ ਵਿੱਚ ਧਰਤੀ ਵੱਲ ਜਾ ਰਹੀ ਰਹੱਸਮਈ ਵਸਤੂ ਇੱਕ ਦੁਸ਼ਮਣ UFO ਹੋ ਸਕਦੀ ਹੈ।

ਵਿਗਿਆਨੀ ਸ਼ੱਕੀ ਸ਼ੈੱਲ ਬਾਡੀ ਨੂੰ 'ਇੰਟੈਲੀਜੈਂਸ ਟ੍ਰੈਪ' ਕਹਿੰਦੇ ਹਨ

ਪ੍ਰੋਫੈਸਰ ਅਵੀ ਲੋਏਬ ਅਤੇ ਹੋਰ ਵਿਗਿਆਨੀਆਂ ਨੇ ਇੰਟਰਸਟੈਲਰ ਵਸਤੂ 3I/ATLAS ਨਾਲ ਸਬੰਧਤ ਕਈ ਅਧਿਐਨ ਕੀਤੇ ਹਨ। ਜਦੋਂ ਤੋਂ ਇਹ ਜੂਨ ਦੇ ਅਖੀਰ ਵਿੱਚ ਸਾਡੇ ਸੂਰਜੀ ਸਿਸਟਮ ਦੇ ਨੇੜੇ ਆਉਂਦਾ ਹੋਇਆ ਖੋਜਿਆ ਗਿਆ ਸੀ।

ਹਾਲਾਂਕਿ ਕੁਝ ਖਗੋਲ ਵਿਗਿਆਨੀਆਂ ਨੇ 3I/ATLAS ਨੂੰ ਇੱਕ ਵਿਸ਼ਾਲ ਧੂਮਕੇਤੂ ਘੋਸ਼ਿਤ ਕੀਤਾ ਹੈ, ਲੋਏਬ ਨੇ ਦਲੀਲ ਦਿੱਤੀ ਕਿ ਇਸ ਗੱਲ ਦੇ ਸੰਕੇਤ ਹਨ ਕਿ ਇਸਨੂੰ ਨਕਲੀ ਤੌਰ 'ਤੇ ਬਣਾਇਆ ਗਿਆ ਸੀ। ਇਸ ਵਿੱਚ ਇਸਦਾ ਬਹੁਤ ਹੀ ਅਸਾਧਾਰਨ ਰਸਤਾ ਸ਼ਾਮਲ ਹੈ, ਜੋ ਕਿ ਸ਼ੁੱਕਰ, ਮੰਗਲ ਅਤੇ ਜੁਪੀਟਰ ਦੇ ਬਹੁਤ ਨੇੜੇ ਤੋਂ ਲੰਘੇਗਾ। ਉਸਨੇ ਇਸਨੂੰ ਇੱਕ 'ਇੰਟੈਲੀਜੈਂਸ ਟ੍ਰੈਪ' ਵਜੋਂ ਦਰਸਾਇਆ ਹੈ।

ਇਸ ਕਾਰਨ ਕਰਕੇ, ਲੋਏਬ ਨੇ ਚੇਤਾਵਨੀ ਦਿੱਤੀ ਕਿ ਅਜਿਹੇ ਵਾਹਨ ਅਤੇ ਇਸਨੂੰ ਨਿਯੰਤਰਿਤ ਕਰਨ ਵਾਲੇ ਜੀਵਾਂ ਦੇ ਸਾਡੇ ਸੂਰਜੀ ਸਿਸਟਮ ਵਿੱਚ ਆਉਣ ਦੇ ਦੋ ਉਦੇਸ਼ ਹੋਣਗੇ, ਇੱਕ ਨੁਕਸਾਨ ਰਹਿਤ ਹੋਣਾ ਅਤੇ ਦੂਜਾ ਦੁਸ਼ਮਣ ਹੋਣਾ।

### ਦਸੰਬਰ ਵਿੱਚ ਧਰਤੀ ਤੋਂ ਲੰਘੇਗੀ ਸ਼ੱਕੀ ਇੰਟਰਸਟੈਲਰ ਵਸਤੂ

ਜੇਕਰ ਇਹ ਪਰਿਕਲਪਨਾ ਸੱਚ ਸਾਬਤ ਹੁੰਦੀ ਹੈ, ਤਾਂ ਇਸਦੇ ਨਤੀਜੇ ਮਨੁੱਖਤਾ ਲਈ ਵਿਨਾਸ਼ਕਾਰੀ ਹੋ ਸਕਦੇ ਹਨ, ਅਤੇ ਸੰਭਾਵਤ ਤੌਰ 'ਤੇ ਰੱਖਿਆਤਮਕ ਉਪਾਵਾਂ ਦੀ ਲੋੜ ਹੋਵੇਗੀ, ਹਾਲਾਂਕਿ ਇਹ ਉਪਾਅ ਵਿਅਰਥ ਸਾਬਤ ਹੋ ਸਕਦੇ ਹਨ, ਲੋਏਬ ਨੇ 17 ਜੁਲਾਈ ਨੂੰ ਪ੍ਰੀ-ਪ੍ਰਿੰਟ ਸਰਵਰ arXiv 'ਤੇ ਇੱਕ ਅਧਿਐਨ ਵਿੱਚ ਲਿਖਿਆ।

3I/ATLAS ਦੇ 17 ਦਸੰਬਰ ਨੂੰ ਧਰਤੀ ਤੋਂ 223 ਮਿਲੀਅਨ ਮੀਲ ਦੂਰ ਲੰਘਣ ਦੀ ਉਮੀਦ ਹੈ, ਜੋ ਕਿ ਸੂਰਜੀ ਸਿਸਟਮ ਵਿੱਚੋਂ 41 ਮੀਲ ਪ੍ਰਤੀ ਸਕਿੰਟ (ਲਗਭਗ 150,000 ਮੀਲ ਪ੍ਰਤੀ ਘੰਟਾ) ਤੋਂ ਵੱਧ ਦੀ ਗਤੀ ਨਾਲ ਲੰਘੇਗਾ।

ਅਮਰੀਕੀ ਅਤੇ ਈਰਾਨੀ ਖੋਜਕਰਤਾਵਾਂ ਨੇ 2024 ਵਿੱਚ ਜਰਨਲ ਆਫ਼ ਬਾਇਓਮੈਡੀਕਲ ਫਿਜ਼ਿਕਸ ਐਂਡ ਇੰਜੀਨੀਅਰਿੰਗ ਵਿੱਚ ਲਿਖਿਆ, ਮਰਹੂਮ ਸਟੀਫਨ ਹਾਕਿੰਗ ਦਾ ਮੰਨਣਾ ਸੀ ਕਿ ਉੱਨਤ ਪਰਦੇਸੀ ਸਭਿਅਤਾਵਾਂ ਨਾਲ ਸਿੱਧਾ ਸੰਪਰਕ ਲਾਜ਼ਮੀ ਤੌਰ 'ਤੇ ਧਰਤੀ ਦੇ ਪਰਦੇਸੀ ਬਸਤੀਵਾਦ ਵੱਲ ਲੈ ਜਾਵੇਗਾ।

### ਉੱਨਤ ਪਰਦੇਸੀ ਪਰਜਾਤੀਆਂ ਮਨੁੱਖਤਾ ਨੂੰ ਤਬਾਹ ਕਰ ਸਕਦੀਆਂ ਹਨ

ਹਾਕਿੰਗ ਦੀ ਚੇਤਾਵਨੀ ਦੀ ਜਾਂਚ ਕਰਨ ਵਾਲਾ ਅਧਿਐਨ ਦੱਸਦਾ ਹੈ ਕਿ ਕਿਵੇਂ 'ਖੁਫੀਆ ਜਾਲ' ਸੁਝਾਅ ਦਿੰਦਾ ਹੈ ਕਿ ਬਹੁਤ ਜ਼ਿਆਦਾ ਬੁੱਧੀਮਾਨ ਵਿਅਕਤੀ ਪੱਖਪਾਤ ਤੋਂ ਪੀੜਤ ਹੋ ਸਕਦੇ ਹਨ, ਜਿਵੇਂ ਕਿ ਬਹੁਤ ਜ਼ਿਆਦਾ ਵਿਸ਼ਵਾਸ ਜਾਂ ਪਿਛਲੇ ਤਜ਼ਰਬਿਆਂ 'ਤੇ ਭਰੋਸਾ ਕਰਨਾ, ਜਿਸ ਨਾਲ ਫੈਸਲਾ ਲੈਣ ਵਿੱਚ ਗਲਤੀਆਂ ਹੋ ਸਕਦੀਆਂ ਹਨ।

ਜਦੋਂ ਕਿ ਕੁਝ ਵਿਗਿਆਨੀ ਮੰਨਦੇ ਹਨ ਕਿ ਏਲੀਅਨਾਂ ਨਾਲ ਸੰਪਰਕ ਕਰਨ ਦੇ ਕਈ ਫਾਇਦੇ ਹੋ ਸਕਦੇ ਹਨ, ਇਸ ਅਧਿਐਨ ਦੇ ਲੇਖਕਾਂ ਨੇ ਹਾਕਿੰਗ ਦੇ ਸਾਵਧਾਨ ਰੁਖ਼ ਦਾ ਸਮਰਥਨ ਕੀਤਾ, ਇਹ ਦਾਅਵਾ ਕਰਦੇ ਹੋਏ ਕਿ ਧਰਤੀ ਦੀ ਸਥਿਤੀ ਨੂੰ ਦੂਜੀਆਂ ਦੁਨੀਆਵਾਂ ਵਿੱਚ ਪ੍ਰਸਾਰਿਤ ਕਰਨਾ ਇੱਕ 'ਰਣਨੀਤਕ ਗਲਤੀ' ਹੋ ਸਕਦੀ ਹੈ।

ਸਟੀਫਨ ਹਾਕਿੰਗ ਨੇ ਏਲੀਅਨ ਸਿਗਨਲਾਂ ਦਾ ਜਵਾਬ ਨਾ ਦੇਣ ਦੀ ਚੇਤਾਵਨੀ ਕਿਉਂ ਦਿੱਤੀ ਹੈ

76 ਸਾਲ ਦੀ ਉਮਰ ਵਿੱਚ ਐਮੀਓਟ੍ਰੋਫਿਕ ਲੈਟਰਲ ਸਕਲੇਰੋਸਿਸ (ਏਐਲਐਸ) ਤੋਂ ਆਪਣੀ ਮੌਤ ਤੋਂ ਪਹਿਲਾਂ, ਹਾਕਿੰਗ ਨੇ ਕਿਹਾ ਸੀ ਕਿ ਮਨੁੱਖਾਂ ਨੂੰ ਧਰਤੀ ਨੂੰ ਭੇਜੇ ਗਏ ਕਿਸੇ ਵੀ ਸਿਗਨਲ ਦਾ ਜਵਾਬ ਦੇਣ ਤੋਂ ਝਿਜਕਣਾ ਚਾਹੀਦਾ ਹੈ। 2016 ਵਿੱਚ, ਹਾਕਿੰਗ ਨੇ ਕਿਹਾ ਸੀ ਕਿ 16 ਪ੍ਰਕਾਸ਼ ਸਾਲ ਦੂਰ ਸਥਿਤ ਗ੍ਰਹਿ ਗਲੀਜ਼ 832c 'ਤੇ ਬੁੱਧੀਮਾਨ ਜੀਵਨ ਹੋ ਸਕਦਾ ਹੈ।

ਹਾਲਾਂਕਿ, ਉਸਨੇ ਚੇਤਾਵਨੀ ਦਿੱਤੀ ਕਿ ਜੇਕਰ ਅਸੀਂ ਇੱਕ ਉੱਨਤ ਸਭਿਅਤਾ ਨੂੰ ਮਿਲਦੇ ਹਾਂ, ਤਾਂ ਇਹ ਉਸ ਤਰ੍ਹਾਂ ਹੋ ਸਕਦਾ ਹੈ ਜਦੋਂ ਮੂਲ ਅਮਰੀਕੀਆਂ ਨੇ ਪਹਿਲੀ ਵਾਰ ਕ੍ਰਿਸਟੋਫਰ ਕੋਲੰਬਸ ਨੂੰ ਮਿਲਿਆ ਸੀ। ਫਿਲਮ 'ਸਟੀਫਨ ਹਾਕਿੰਗਜ਼ ਫੇਵਰੇਟ ਪਲੇਸ' ਦੌਰਾਨ, ਹਾਕਿੰਗ ਨੇ ਕਿਹਾ ਕਿ ਤਾਰਿਆਂ ਨੂੰ ਦੇਖਦੇ ਹੋਏ, ਮੈਂ ਹਮੇਸ਼ਾ ਕਲਪਨਾ ਕਰਦਾ ਸੀ ਕਿ ਉੱਥੇ ਕੋਈ ਮੈਨੂੰ ਦੇਖ ਰਿਹਾ ਹੈ।

ਸਿਧਾਂਤਕ ਭੌਤਿਕ ਵਿਗਿਆਨੀ ਨੇ ਅੱਗੇ ਕਿਹਾ ਕਿ ਜਿਵੇਂ-ਜਿਵੇਂ ਮੈਂ ਵੱਡਾ ਹੁੰਦਾ ਜਾ ਰਿਹਾ ਹਾਂ, ਮੈਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਯਕੀਨ ਹੋ ਰਿਹਾ ਹੈ ਕਿ ਅਸੀਂ ਇਕੱਲੇ ਨਹੀਂ ਹਾਂ। ਇੱਕ ਦਿਨ ਸਾਨੂੰ ਗਲੀਜ਼ 832c ਵਰਗੇ ਗ੍ਰਹਿ ਤੋਂ ਸੰਕੇਤ ਮਿਲ ਸਕਦਾ ਹੈ, ਪਰ ਸਾਨੂੰ ਜਵਾਬ ਦੇਣ ਵਿੱਚ ਸਾਵਧਾਨ ਰਹਿਣਾ ਚਾਹੀਦਾ ਹੈ।

# ਯੂ-ਟਰਨ ਕਿੰਗ ਬਣੇ Trump!



ਨਿਊਯਾਰਕ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੱਤਾ ਵਿੱਚ ਆਏ ਸਿਰਫ਼ 194 ਦਿਨ ਹੋਏ ਹਨ, ਪਰ ਉਨ੍ਹਾਂ ਦਾ ਕਾਰਜਕਾਲ ਅਸਥਿਰਤਾ, ਉਥਲ-ਪੁਥਲ ਅਤੇ ਯੂ-ਟਰਨ ਨਾਲ ਭਰਿਆ ਜਾਪਦਾ ਹੈ। ਟਰੰਪ ਪ੍ਰਸ਼ਾਸਨ ਨੇ ਹੁਣ ਤੱਕ ਰਿਕਾਰਡ 178 ਕਾਰਜਕਾਰੀ ਆਦੇਸ਼ਾਂ 'ਤੇ ਦਸਤਖ਼ਤ ਕੀਤੇ ਹਨ, ਯਾਨੀ ਕਿ ਹਰ ਰੋਜ਼ ਲਗਭਗ ਇੱਕ ਨਵਾਂ ਆਦੇਸ਼। ਇਨ੍ਹਾਂ ਵਿੱਚੋਂ 34 ਫੈਸਲੇ ਖੁਦ ਟਰੰਪ ਨੇ ਉਲਟਾ ਦਿੱਤੇ ਹਨ। ਉਦਾਹਰਣ ਵਜੋਂ ਖੋਜ ਫੰਡਿੰਗ ਨੂੰ ਰੋਕਣ ਦੇ ਆਦੇਸ਼ ਨੂੰ ਸਿਰਫ਼ 3 ਦਿਨਾਂ ਵਿੱਚ ਉਲਟਾ ਦਿੱਤਾ ਗਿਆ। ਗੈਸ ਅਤੇ ਊਰਜਾ ਖੇਤਰ ਵਿੱਚ ਦਿੱਤੀ ਗਈ ਰਾਹਤ ਵਾਪਸ ਲੈਣ ਦੇ ਫੈਸਲੇ 'ਤੇ ਦੋ ਹਫ਼ਤਿਆਂ ਬਾਅਦ ਵੀ ਯੂ-ਟਰਨ ਲਿਆ ਗਿਆ। ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਸਖ਼ਤੀ ਤੋਂ ਲੈ ਕੇ ਟੈਰਿਫ ਅਤੇ LGBTQ+ ਅਧਿਕਾਰਾਂ ਤੱਕ ਟਰੰਪ ਨੇ ਕਈ ਵਾਰ ਆਪਣੇ ਆਦੇਸ਼ਾਂ 'ਤੇ ਯੂ-ਟਰਨ ਲਿਆ ਹੈ। ਟਰੰਪ ਦੇ ਯੂ-ਟਰਨ ਕਾਰਨ ਸਭ ਤੋਂ ਵੱਧ ਭੰਬਲਭੂਸਾ ਉਦਯੋਗ ਵਿੱਚ ਹੈ।



ਇਨ੍ਹਾਂ ਫੈਸਲਿਆਂ ਦੀ ਰਫ਼ਤਾਰ ਅਤੇ ਵਿਰੋਧਾਭਾਸ ਦਾ ਨਤੀਜਾ ਇਹ ਹੈ ਕਿ ਟਰੰਪ ਪ੍ਰਸ਼ਾਸਨ ਦੇ ਹੁਕਮਾਂ ਵਿਰੁੱਧ ਅਦਾਲਤਾਂ ਵਿੱਚ ਕੇਸਾਂ ਦਾ ਹੜ੍ਹ ਆ ਗਿਆ ਹੈ। ਅਮਰੀਕਾ ਦੀਆਂ ਸੰਘੀ ਅਦਾਲਤਾਂ 'ਤੇ ਅਚਾਨਕ ਫੈਸਲਿਆਂ ਨੂੰ ਉਲਟਾਉਣ ਅਤੇ ਕਾਨੂੰਨੀ ਵਿਰੋਧ ਦਾ ਦਬਾਅ ਵਧ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ 'ਮੇਕ ਅਮਰੀਕਾ ਗ੍ਰੇਟ ਅਗੇਨ' ਦੇ ਨਾਮ 'ਤੇ ਲਏ ਗਏ ਫੈਸਲਿਆਂ 'ਤੇ ਯੂ-ਟਰਨ ਲੈ ਕੇ ਟਰੰਪ ਨੇ ਪ੍ਰਸ਼ਾਸਨ ਨੂੰ ਉਲਝਾਇਆ ਹੈ ਅਤੇ ਜਨਤਾ ਨੂੰ ਭਰਮ ਵਿਚ ਪਾ ਦਿੱਤਾ ਹੈ।

ਟਰੰਪ ਦੇਸ਼ ਨਿਕਾਲੇ, ਯੂਕ੍ਰੇਨ ਅਤੇ ਗਾਜ਼ਾ ਯੁੱਧ ਵਰਗੇ ਮੁੱਦਿਆਂ 'ਤੇ ਆਪਣੇ ਦਾਅਵਿਆਂ ਤੋਂ ਵਾਰ-ਵਾਰ ਪਿੱਛੇ ਹਟੇ

-ਦੂਜੇ ਕਾਰਜਕਾਲ ਵਿੱਚ ਸਭ ਤੋਂ ਵੱਧ ਅਸਥਿਰਤਾ ਟੈਰਿਫ ਨੀਤੀਆਂ ਵਿੱਚ ਦੇਖੀ ਗਈ ਹੈ। ਹੁਣ ਤੱਕ ਟਰੰਪ ਨੇ ਟੈਰਿਫ ਨਾਲ ਸਬੰਧਤ 28 ਫੈਸਲਿਆਂ 'ਤੇ ਯੂ-ਟਰਨ ਲਿਆ ਹੈ।

-ਕੈਨੇਡਾ ਅਤੇ ਚੀਨ ਵਰਗੇ ਵਪਾਰਕ ਭਾਈਵਾਲਾਂ 'ਤੇ ਟੈਰਿਫ ਲਗਾਉਣ ਦਾ ਐਲਾਨ ਕਰਨ ਤੋਂ ਬਾਅਦ ਬਾਜ਼ਾਰ ਦੇ ਉਤਰਾਅ-ਚੜ੍ਹਾਅ ਅਤੇ ਕੂਟਨੀਤਕ ਦਬਾਅ ਨੇ ਟਰੰਪ ਨੂੰ ਕਈ ਵਾਰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ।

-ਟੈਰਿਫ ਦੀ ਆਖਰੀ ਮਿਤੀ ਤਿੰਨ ਵਾਰ ਮੁਲਤਵੀ ਕੀਤੀ ਗਈ ਸੀ। ਪਹਿਲੀ ਆਖਰੀ ਮਿਤੀ 9 ਜੁਲਾਈ ਸੀ, ਫਿਰ 1 ਅਗਸਤ। ਸ਼ੁੱਕਰਵਾਰ ਨੂੰ ਇਸਨੂੰ ਇੱਕ ਹਫ਼ਤੇ ਲਈ ਮੁਲਤਵੀ ਕਰ ਦਿੱਤਾ ਗਿਆ ਸੀ। ਟਰੰਪ ਨੇ ਫਾਰਮਾਸਿਊਟੀਕਲ ਅਤੇ ਤਾਂਬੇ 'ਤੇ ਦਿੱਤੀਆਂ ਗਈਆਂ ਛੋਟਾਂ ਨੂੰ ਵੀ ਕਈ ਵਾਰ ਮੁਲਤਵੀ ਕਰ ਦਿੱਤਾ ਹੈ।

-ਯੂਕ੍ਰੇਨ ਨੂੰ ਫੌਜੀ ਸਹਾਇਤਾ: 9 ਜੁਲਾਈ ਨੂੰ ਟਰੰਪ ਨੇ ਯੂਕ੍ਰੇਨ ਨੂੰ ਦਿੱਤੀ ਜਾ ਰਹੀ ਫੌਜੀ ਸਹਾਇਤਾ ਬੰਦ ਕਰ ਦਿੱਤੀ। ਪਰ ਫਿਰ ਯੂਕ੍ਰੇਨ ਨੂੰ 10 ਪੈਟ੍ਰੀਅਟ ਮਿਜ਼ਾਈਲਾਂ ਅਤੇ ਹੋਰ ਫੌਜੀ ਸਹਾਇਤਾ ਭੇਜਣ ਦਾ ਆਦੇਸ਼ ਦਿੱਤਾ।

-ਗਾਜ਼ਾ ਯੁੱਧ: ਇਸਨੂੰ 24 ਘੰਟਿਆਂ ਵਿੱਚ ਖਤਮ ਕਰਨ ਦਾ ਵਾਅਦਾ ਕੀਤਾ ਪਰ ਰਾਸ਼ਟਰਪਤੀ ਬਣਨ ਦੇ 6 ਮਹੀਨੇ ਬਾਅਦ ਵੀ ਇਸਨੂੰ ਰੋਕ ਨਹੀਂ ਸਕਿਆ। 4 ਫਰਵਰੀ ਨੂੰ ਗਾਜ਼ਾ ਦੇ ਨਾਗਰਿਕਾਂ ਦੇ ਪੁਨਰਵਾਸ ਬਾਰੇ ਗੱਲ ਕੀਤੀ। 21 ਫਰਵਰੀ ਨੂੰ ਕਿਹਾ, ਮੈਂ ਇਹ ਨਹੀਂ ਕਿਹਾ। 12 ਮਾਰਚ ਨੂੰ ਫਿਰ ਆਪਣਾ ਬਿਆਨ ਬਦਲਿਆ।

-ਦੇਸ਼ ਨਿਕਾਲਾ: 22 ਜਨਵਰੀ ਨੂੰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦਾ ਆਦੇਸ਼ ਦਿੱਤਾ। ਅਦਾਲਤ ਦੇ ਡਰ ਕਾਰਨ ਆਦੇਸ਼ ਰੱਦ ਕਰ ਦਿੱਤਾ, ਫਿਰ ਨਵੇਂ ਆਦੇਸ਼ ਦਿੱਤੇ।

### ਟਰੰਪ ਵਿਰੁੱਧ 329 ਮਾਮਲੇ ਦਰਜ, ਜ਼ਿਆਦਾਤਰ 78 ਫੰਡਿੰਗ ਵਿੱਚ ਕਟੌਤੀ ਲਈ

ਹੁਣ ਤੱਕ ਟਰੰਪ ਪ੍ਰਸ਼ਾਸਨ ਦੇ ਹੁਕਮਾਂ ਵਿਰੁੱਧ 329 ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ ਰਾਜ ਸਰਕਾਰਾਂ, ਯੂਨੀਵਰਸਿਟੀਆਂ, ਸਮਾਜਿਕ ਸੰਗਠਨ ਅਤੇ ਆਮ ਨਾਗਰਿਕ ਸ਼ਾਮਲ ਹਨ। ਦਾਇਰ ਕੀਤੇ ਗਏ ਮਾਮਲਿਆਂ ਵਿੱਚੋਂ ਸਭ ਤੋਂ ਵੱਧ 78 ਫੰਡਿੰਗ ਕਟੌਤੀਆਂ ਨਾਲ ਸਬੰਧਤ ਹਨ। ਇਨ੍ਹਾਂ ਵਿੱਚ ਇਮੀਗ੍ਰੇਸ਼ਨ ਅਤੇ ਦੇਸ਼ ਨਿਕਾਲੇ 'ਤੇ 67, ਡੋਜੀ (27), ਬਰਖਾਸਤਗੀ (47), ਵਾਤਾਵਰਣ (17), ਟ੍ਰਾਂਸਜੈਂਡਰ ਅਧਿਕਾਰ (17), ਟੈਰਿਫ (12) ਅਤੇ ਹੋਰ (47) ਸ਼ਾਮਲ ਹਨ। ਰਿਪੋਰਟ ਅਨੁਸਾਰ ਪਹਿਲੇ 100 ਦਿਨਾਂ ਵਿੱਚ 220 ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ। ਸਭ ਤੋਂ ਪ੍ਰਮੁੱਖ ਮਾਮਲਿਆਂ ਵਿੱਚੋਂ ਇੱਕ ਵਿੱਚ ਮੈਰੀਲੈਂਡ ਅਦਾਲਤ ਨੇ ਕਿਲਮਰ ਅਬਰੇਗੋ ਗਾਰਸੀਆ ਦੇ ਦੇਸ਼ ਨਿਕਾਲੇ 'ਤੇ ਟਰੰਪ ਪ੍ਰਸ਼ਾਸਨ ਨੂੰ ਅਪਮਾਨ ਦਾ ਦੋਸ਼ੀ ਠਹਿਰਾਇਆ।

### ਹੁਣ ਤੱਕ ਟਰੰਪ ਪਰਸ਼ਾਸਨ ਦੇ 200 ਤੋਂ ਵੱਧ ਹੁਕਮਾਂ 'ਤੇ ਰੋਕ

ਅਦਾਲਤ ਟਰੰਪ ਵੱਲੋਂ ਬਿਨਾਂ ਸੋਚੇ-ਸਮਝੇ ਲਏ ਗਏ ਫੈਸਲਿਆਂ 'ਤੇ ਵੀ ਸਖ਼ਤ ਹੈ। ਅਦਾਲਤ ਨੇ ਹੁਣ ਤੱਕ ਟਰੰਪ ਪ੍ਰਸ਼ਾਸਨ ਦੇ ਹੁਕਮਾਂ ਵਿਰੁੱਧ ਦਾਇਰ 200 ਤੋਂ ਵੱਧ ਮਾਮਲਿਆਂ 'ਤੇ ਰੋਕ ਲਗਾਈ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਮਾਮਲਿਆਂ ਵਿੱਚ, ਸੰਘੀ ਅਦਾਲਤਾਂ ਨੇ ਦਖਲ ਦਿੱਤਾ ਅਤੇ ਨੀਤੀਆਂ ਨੂੰ ਗੈਰ-ਸੰਵਿਧਾਨਕ ਜਾਂ ਜਲਦਬਾਜ਼ੀ ਵਿੱਚ ਲਿਆ ਗਿਆ ਪਾਇਆ। ਉਦਾਹਰਣ ਵਜੋਂ ਕਈ ਸੰਘੀ ਜੱਜਾਂ ਨੇ ਜਨਮ ਅਧਿਕਾਰ ਨਾਗਰਿਕਤਾ ਨੂੰ ਖਤਮ ਕਰਨ ਦੀ ਕੋਸ਼ਿਸ਼ 'ਤੇ ਤੁਰੰਤ ਰੋਕ ਲਗਾ ਦਿੱਤੀ। ਇਸਨੂੰ 14ਵੇਂ ਸੋਧ ਦੀ ਉਲੰਘਣਾ ਵਜੋਂ ਰੋਕ ਦਿੱਤਾ ਗਿਆ ਸੀ। ਇੱਕ ਜੱਜ ਨੇ ਇਕੁਇਟੀ ਨਾਲ ਸਬੰਧਤ ਇਕਰਾਰਨਾਮਿਆਂ ਨੂੰ ਰੱਦ ਕਰਨ 'ਤੇ ਰੋਕ ਲਗਾ ਦਿੱਤੀ। ਟਰੰਪ ਦੁਆਰਾ ਨਿਯੁਕਤ ਜੱਜਾਂ ਨੇ ਵੀ ਕਈ ਮਾਮਲਿਆਂ 'ਤੇ ਰੋਕ ਲਗਾ ਦਿੱਤੀ।

# ਬਰਸਾਤ ਦੇ ਦਿਨਾਂ ਵਿੱਚ ਫਰਿੱਜ ਵਿਚ ਰੱਖੋ ਨਮਕ



ਬਰਸਾਤ ਦੇ ਦਿਨਾਂ ਵਿੱਚ ਚੀਜ਼ਾਂ ਜਲਦੀ ਖਰਾਬ ਹੋਣ ਲੱਗਦੀਆਂ ਹਨ। ਚਾਹੇ ਉਹ ਖਾਣ-ਪੀਣ ਦੀਆਂ ਚੀਜ਼ਾਂ ਹੋਣ ਜਾਂ ਇਲੈਕਟ੍ਰਾਨਿਕ ਚੀਜ਼ਾਂ। ਬਰਸਾਤ ਦੇ ਦਿਨਾਂ ਵਿੱਚ ਨਮੀ ਵਧਣ ਕਾਰਨ ਅਜਿਹਾ ਹੁੰਦਾ ਹੈ। ਇਨ੍ਹੀਂ ਦਿਨੀਂ ਸੋਸ਼ਲ ਮੀਡੀਆ 'ਤੇ ਫਰਿੱਜ ਵਿੱਚ ਨਮਕ ਨਾਲ ਭਰਿਆ ਕਟੋਰਾ ਰੱਖਣ ਦਾ ਰੁਝਾਨ ਕਾਫ਼ੀ ਵਾਇਰਲ ਹੋ ਰਿਹਾ ਹੈ। ਬਹੁਤ ਸਾਰੇ ਲੋਕ ਇਸਨੂੰ ਦੇਖ ਕੇ ਆਪਣੇ ਫਰਿੱਜ ਵਿੱਚ ਨਮਕ ਰੱਖ ਰਹੇ ਹਨ। ਪਰ ਕੀ ਤੁਸੀਂ ਜਾਣਦੇ ਹੋ ਕਿ ਅਜਿਹਾ ਕਰਨ ਦਾ ਕੀ ਫਾਇਦਾ ਹੈ? ਜੇ ਨਹੀਂ, ਤਾਂ ਇੱਥੇ ਕਾਰਨ ਜਾਣੋ। ਕੌਣ ਜਾਣਦਾ ਹੈ, ਤੁਸੀਂ ਵੀ ਫਰਿੱਜ ਵਿੱਚ ਨਮਕ ਨਾਲ ਭਰਿਆ ਕਟੋਰਾ ਰੱਖਣਾ ਸ਼ੁਰੂ ਕਰ ਸਕਦੇ ਹੋ।

**ਵਧੀ ਹੋਈ ਨਮੀ ਕਾਰਨ ਚੀਜ਼ਾਂ ਖਰਾਬ ਹੋਣ ਲੱਗਦੀਆਂ ਹਨ**

ਬਰਸਾਤ ਦੇ ਦਿਨਾਂ ਵਿੱਚ ਜ਼ਿਆਦਾ ਨਮੀ ਕਾਰਨ ਸਬਜ਼ੀਆਂ ਜਾਂ ਹੋਰ ਖਾਣ-ਪੀਣ ਦੀਆਂ ਚੀਜ਼ਾਂ ਜਲਦੀ ਖਰਾਬ ਹੋਣ ਲੱਗਦੀਆਂ ਹਨ। ਇਸ ਨਾਲ ਨਾ ਸਿਰਫ਼ ਉਨ੍ਹਾਂ ਵਿੱਚੋਂ ਬਦਬੂ ਆਉਂਦੀ ਹੈ ਸਗੋਂ ਉਹ ਜਲਦੀ ਸੜ ਵੀ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ, ਲੋਕ ਉਨ੍ਹਾਂ ਨੂੰ ਬਚਾਉਣ ਲਈ ਉਨ੍ਹਾਂ ਨੂੰ ਫਰਿੱਜ ਵਿੱਚ ਰੱਖਣਾ ਸ਼ੁਰੂ ਕਰ ਦਿੰਦੇ ਹਨ। ਫਰਿੱਜ ਵਿੱਚ ਨਮੀ ਕਾਰਨ, ਉਹ ਜ਼ਿਆਦਾ ਦੇਰ ਨਹੀਂ ਟਿਕਦੇ। ਕਿਉਂਕਿ ਨਮੀ ਕਾਰਨ, ਬੈਕਟੀਰੀਆ ਜਲਦੀ ਵਧਣ ਲੱਗਦੇ ਹਨ। ਮਸਾਲੇਦਾਰ ਭੋਜਨ ਵੀ ਜਲਦੀ ਖਰਾਬ ਹੋਣ ਲੱਗਦਾ ਹੈ।

**ਫਰਿੱਜ ਵਿੱਚ ਨਮਕ ਰੱਖਣ ਨਾਲ ਕੀ ਹੁੰਦਾ ਹੈ?**

ਜਦੋਂ ਨਮਕ ਨੂੰ ਫਰਿੱਜ ਵਿੱਚ ਰੱਖਿਆ ਜਾਂਦਾ ਹੈ, ਤਾਂ ਨਮਕ ਫਰਿੱਜ ਵਿੱਚ ਮੌਜੂਦ ਨਮੀ ਨੂੰ ਸੋਖਣਾ ਸ਼ੁਰੂ ਕਰ ਦਿੰਦਾ ਹੈ। ਕਿਉਂਕਿ ਇਸ ਵਿੱਚ ਨਮੀ ਨੂੰ ਸੋਖਣ ਦੀ ਸ਼ਕਤੀ ਹੁੰਦੀ ਹੈ। ਇਸ ਨਾਲ ਫਰਿੱਜ ਸੁੱਕਾ ਅਤੇ ਸਾਫ਼ ਰਹਿੰਦਾ ਹੈ। ਬੈਕਟੀਰੀਆ ਵੀ ਜਲਦੀ ਨਹੀਂ ਵਧਦੇ। ਇੰਨਾ ਹੀ ਨਹੀਂ, ਫਰਿੱਜ ਦੇ ਅੰਦਰ ਆਉਣ ਵਾਲੀ ਬਦਬੂ ਨੂੰ ਵੀ ਇਸ ਨਾਲ ਕੰਟਰੋਲ ਕੀਤਾ ਜਾਂਦਾ ਹੈ।

**ਫਰਿੱਜ ਵਿੱਚ ਨਮਕ ਰੱਖਣ ਦਾ ਸਹੀ ਤਰੀਕਾ**

ਫਰਿੱਜ ਵਿੱਚ ਨਮਕ ਰੱਖਣ ਲਈ ਮੋਟੇ ਨਮਕ ਦੀ ਵਰਤੋਂ ਕਰੋ। ਇਸਨੂੰ ਹਰ 15 ਦਿਨਾਂ ਬਾਅਦ ਬਦਲਦੇ ਰਹੋ। ਤੁਸੀਂ ਨਮਕ ਵਿੱਚ ਬੇਕਿੰਗ ਸੋਡਾ ਵੀ ਮਿਲਾ ਸਕਦੇ ਹੋ। ਇਸ ਨਾਲ ਫਰਿੱਜ ਵਿੱਚੋਂ ਨਮੀ ਅਤੇ ਬਦਬੂ ਦੂਰ ਹੋ ਜਾਵੇਗੀ।

# ਕੀ ਹੁੰਦਾ ਹੈ Dark Web?

ਬੀਤੇ ਕੁਝ ਦਿਨਾਂ ਵਿੱਚ ਅੰਮ੍ਰਿਤਸਰ ਦੇ ਗੋਲਡਨ ਟੈਂਪਲ ਦੇ ਨਾਲ-ਨਾਲ ਰਾਜਾ ਸਾਂਸੀ ਏਅਰਪੋਰਟ ਨੂੰ ਬੰਬ ਨਾਲ ਉਡਾਉਣ ਦੀਆਂ ਕਈ ਧਮਕੀਆਂ ਮਿਲੀਆਂ ਹਨ। ਪੁਲਿਸ ਦਾ ਸਾਈਬਰ ਸੈਲ ਲਗਾਤਾਰ ਅਜਿਹੀਆਂ ਧਮਕੀਆਂ ਵਾਲੀਆਂ ਮੇਲ ਭੇਜਣ ਵਾਲੇ ਦਾ ਪਤਾ ਲਗਾ ਰਹੀਆਂ ਹਨ। ਪਰ ਉਨ੍ਹਾਂ ਆਰੋਪੀ ਦੇ ਆਈਪੀ ਐਡਰਸ (IP Address) ਨਹੀਂ ਮਿਲ ਪਾਏ ਹਨ। ਹੁਣ ਇਹ ਖੁਲਾਸਾ ਹੋਇਆ ਕਿ ਮੁਲਜ਼ਮ ਨੇ ਇਨ੍ਹਾਂ ਈ-ਮੇਲਸ ਨੂੰ ਭੇਜਣ ਲਈ ਡਾਰਕ ਵੈੱਬ ਨਾਂ ਦੀ ਇੱਕ ਤਕਨੀਕ ਦਾ ਇਸਤੇਮਾਲ ਕੀਤਾ ਹੈ। ਅਜਿਹੇ ਵਿੱਚ ਇਹ ਸਵਾਲ ਉੱਠਦਾ ਹੈ ਕਿ ਆਖਿਰ ਇਹ ਤਕਨੀਕ ਹੈ ਕਿ , ਜਿਸ ਤੱਕ ਪਹੁੰਚਣ ਵਿੱਚ ਪੁਲਿਸ ਵੀਅਸਫਲ ਰਹੀ ਹੈ। ਆਓ ਵਿਸਥਾਰ ਨਾਲ ਜਾਣਦੇ ਹਾਂ ਇਸ ਟੈਕਨੋਲਜੀ ਬਾਰੇ Dark Web ਇੰਟਰਨੈੱਟ ਦਾ ਉਹ ਹਿੱਸਾ ਹੈ ਜੋ ਆਮ ਸਰਚ ਇੰਜਣਾਂ (ਜਿਵੇਂ ਕਿ Google ਜਾਂ Bing) ਰਾਹੀਂ ਉਪਲਬਧ ਨਹੀਂ ਹੁੰਦਾ। ਇਸਨੂੰ ਐਕਸਸ ਕਰਨ ਲਈ ਵਿਸ਼ੇਸ਼ ਬ੍ਰਾਊਜ਼ਰ (ਜਿਵੇਂ ਕਿ Tor) ਦੀ ਲੋੜ ਹੁੰਦੀ ਹੈ। ਡਾਰਕ ਵੈੱਬ 'ਤੇ ਵੈੱਬਸਾਈਟਾਂ ਆਮ ਡੋਮੇਨ (ਜਿਵੇਂ ਕਿ .com, .in) ਦੀ ਬਜਾਏ .onion ਡੋਮੇਨ ਦੀ ਵਰਤੋਂ ਕਰਦੀਆਂ ਹਨ। ਡਾਰਕ ਵੈੱਬ ਨੂੰ ਅਕਸਰ ਗੋਪਨੀਯਤਾ ਅਤੇ ਪ੍ਰਾਈਵੇਸੀ ਬਣਾਈ ਰੱਖਣ ਲਈ ਡਿਜ਼ਾਈਨ ਕੀਤਾ ਗਿਆ ਹੈ। ਜਦੋਂ ਕਿ ਆਮ ਇੰਟਰਨੈੱਟ (ਜਿਸਨੂੰ Surface Web ਕਿਹਾ ਜਾਂਦਾ ਹੈ) ਜਨਤਕ ਅਤੇ ਖੋਜਣਯੋਗ ਹੁੰਦਾ ਹੈ, Dark Web ਇੱਕ ਸੀਕ੍ਰੇਟ ਨੈੱਟਵਰਕ ਹੈ ਜੋ ਏਨਕ੍ਰਿਪਸ਼ਨ ਤਕਨੀਕਾਂ ਦੀ ਵਰਤੋਂ ਕਰਦਾ ਹੈ।

ਸਾਈਬਰ ਅਪਰਾਧੀ Dark Web ਦੀ ਵਰਤੋਂ ਕਿਵੇਂ ਕਰਦੇ ਹਨ?

Dark Web ਦੀ ਵਰਤੋਂ ਕਾਨੂੰਨੀ ਅਤੇ ਗੈਰ-ਕਾਨੂੰਨੀ ਦੋਵਾਂ ਉਦੇਸ਼ਾਂ ਲਈ ਕੀਤੀ ਜਾਂਦੀ ਹੈ। ਹਾਲਾਂਕਿ, ਸਾਈਬਰ ਅਪਰਾਧੀ ਇਸਦੀ ਵਰਤੋਂ ਮੁੱਖ ਤੌਰ 'ਤੇ ਗੈਰ-ਕਾਨੂੰਨੀ ਗਤੀਵਿਧੀਆਂ ਲਈ ਕਰਦੇ ਹਨ, ਜਿਵੇਂ ਕਿ:

- ਚੋਰੀ ਕੀਤੇ ਡੇਟਾ ਨੂੰ ਵੇਚਣਾ: ਬੈਂਕਿੰਗ ਵੇਰਵਿਆਂ, ਕ੍ਰੈਡਿਟ ਕਾਰਡ ਦੀ ਜਾਣਕਾਰੀ ਅਤੇ ਹੈਕ ਕੀਤੇ ਅਕਾਊਂਟਸ ਦਾ ਵਪਾਰ।
- ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਨੂੰ ਖਰੀਦਣਾ ਅਤੇ ਵੇਚਣਾ: ਨਸ਼ੀਲੇ ਪਦਾਰਥਾਂ, ਹਥਿਆਰਾਂ ਅਤੇ ਜਾਅਲੀ ਪਛਾਣ ਪੱਤਰਾਂ ਵਰਗੀਆਂ ਗੈਰ-ਕਾਨੂੰਨੀ ਚੀਜ਼ਾਂ ਵੇਚਣਾ।
- ਸਾਈਬਰ ਕ੍ਰਾਈਮ ਟੂਲਸ: ਹੈਕਿੰਗ ਸਾਧਨ, ਮੈਲਵੇਅਰ ਅਤੇ ਰੈਨਸਮਵੇਅਰ ਸੇਵਾਵਾਂ ਪ੍ਰਦਾਨ ਕਰਨਾ।
- ਗੁਪਤ ਸੰਚਾਰ: ਅੱਤਵਾਦੀ ਸੰਗਠਨ ਅਤੇ ਅਪਰਾਧੀ ਗੁਪਤ ਗੱਲਬਾਤ ਕਰਨ ਅਤੇ ਯੋਜਨਾ ਬਣਾਉਣ ਲਈ ਡਾਰਕ ਵੈੱਬ ਦੀ ਵਰਤੋਂ ਕਰਦੇ ਹਨ।
- ਨਕਲੀ ਦਸਤਾਵੇਜ਼: ਪਾਸਪੋਰਟ, ਵੀਜ਼ਾ ਅਤੇ ਹੋਰ ਅਧਿਕਾਰਤ ਦਸਤਾਵੇਜ਼ਾਂ ਦੀਆਂ ਫਰਜੀ ਕਾਪੀਆਂ ਵੇਚਣਾ।



ਕੀ ਕੋਈ ਆਮ ਵਿਅਕਤੀ ਵੀ Dark Web ਤੱਕ ਪਹੁੰਚ ਸਕਦਾ ਹੈ?

ਹਾਂ, ਕੋਈ ਵੀ Dark Web ਤੱਕ ਪਹੁੰਚ ਕਰ ਸਕਦਾ ਹੈ ਜੇਕਰ ਉਨ੍ਹਾਂ ਕੋਲ ਇਸਦੇ ਲਈ ਲੋੜੀਂਦੇ ਸਾਧਨ ਅਤੇ ਜਾਣਕਾਰੀ ਹੋਵੇ। Dark Web ਤੱਕ ਪਹੁੰਚਣ ਲਈ ਆਮ ਤੌਰ 'ਤੇ Tor ਬ੍ਰਾਊਜ਼ਰ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਤੁਹਾਡੀ ਪਛਾਣ ਨੂੰ ਲੁਕਾਉਣ ਵਿੱਚ ਮਦਦ ਕਰਦਾ ਹੈ, ਹਾਲਾਂਕਿ ਡਾਰਕ ਵੈੱਬ ਦੀ ਵਰਤੋਂ ਕਰਨਾ ਖ਼ਤਰਨਾਕ ਹੋ ਸਕਦਾ ਹੈ ਕਿਉਂਕਿ ਡਾਰਕ ਵੈੱਬ 'ਤੇ ਬਹੁਤ ਸਾਰੀਆਂ ਗੈਰ-ਕਾਨੂੰਨੀ ਅਤੇ ਅਨੈਤਿਕ ਗਤੀਵਿਧੀਆਂ ਹੁੰਦੀਆਂ ਹਨ। ਯੂਜ਼ਰਸ 'ਤੇ ਸਾਈਬਰ ਅਪਰਾਧੀਆਂ ਦੁਆਰਾ ਹਮਲਾ ਕੀਤਾ ਜਾ ਸਕਦਾ ਹੈ। ਅਣਜਾਣੇ ਵਿੱਚ ਗੈਰ-ਕਾਨੂੰਨੀ ਸਮੱਗਰੀ 'ਤੇ ਕਲਿੱਕ ਕਰਨ ਨਾਲ ਕਾਨੂੰਨੀ ਕਾਰਵਾਈ ਹੋ ਸਕਦੀ ਹੈ।

Dark Web ਤੋਂ ਆਪਣੇ ਆਪ ਨੂੰ ਕਿਵੇਂ ਬਚਾਇਆ ਜਾਵੇ?

ਡਾਰਕ ਵੈੱਬ ਤੋਂ ਬਚਣ ਅਤੇ ਆਪਣੇ ਆਪ ਨੂੰ ਬਚਾਉਣ ਲਈ ਹੇਠ ਲਿਖੇ ਕਦਮ ਚੁੱਕੇ ਜਾ ਸਕਦੇ ਹਨ:

- ਡਾਰਕ ਵੈੱਬ ਤੋਂ ਦੂਰ ਰਹੋ: ਜੇਕਰ ਕੋਈ ਜ਼ਰੂਰੀ ਕੰਮ ਨਹੀਂ ਹੈ, ਤਾਂ Dark Web ਦੀ ਵਰਤੋਂ ਨਾ ਕਰੋ।
- VPN ਦੀ ਵਰਤੋਂ ਕਰੋ: ਜੇਕਰ ਤੁਹਾਨੂੰ ਖਾਸ ਹਾਲਾਤਾਂ ਵਿੱਚ ਡਾਰਕ ਵੈੱਬ ਦੀ ਵਰਤੋਂ ਕਰਨੀ ਪਵੇ, ਤਾਂ ਇੱਕ ਮਜ਼ਬੂਤ ਅਤੇ ਭਰੋਸੇਮੰਦ VPN ਦੀ ਵਰਤੋਂ ਕਰੋ।
- ਐਂਟੀਵਾਇਰਸ ਅਤੇ ਫਾਇਰਵਾਲ ਦੀ ਵਰਤੋਂ ਕਰੋ: ਆਪਣੇ ਸਿਸਟਮ ਨੂੰ ਮੈਲਵੇਅਰ ਅਤੇ ਸਾਈਬਰ ਹਮਲਿਆਂ ਤੋਂ ਬਚਾਉਣ ਲਈ ਐਂਟੀਵਾਇਰਸ ਸੌਫਟਵੇਅਰ ਦੀ ਵਰਤੋਂ ਕਰੋ।
- ਅਣਜਾਣ ਲਿੰਕ 'ਤੇ ਕਲਿੱਕ ਨਾ ਕਰੋ: ਸ਼ੱਕੀ ਜਾਂ ਅਣਜਾਣ ਵੈੱਬਸਾਈਟਾਂ 'ਤੇ ਜਾਣ ਤੋਂ ਬਚੋ।
- ਕੋਈ ਵੀ ਨਿੱਜੀ ਜਾਣਕਾਰੀ ਸਾਂਝੀ ਨਾ ਕਰੋ: ਕਦੇ ਵੀ ਆਪਣੀ ਨਿੱਜੀ ਜਾਣਕਾਰੀ, ਬੈਂਕ ਡਿਟੇਲ ਜਾਂ ਪਾਸਵਰਡ ਡਾਰਕ ਵੈੱਬ 'ਤੇ ਸ਼ੇਅਰ ਨਾ ਕਰੋ।

## ਰੋਕੋ ਲੈਂਡ ਪੂਲਿੰਗ !



'ਉੱਤਰ ਕਾਟੋ ਮੈਂ ਚੜ੍ਹਾਂ' ਤੋਂ 'ਅੱਕਿਆਂ' ਨੇ
ਝਾੜੂ ਲਈ ਸਿੰਘਾਸਣ ਸ਼ਿੰਗਾਰਿਆ ਸੀ।
ਚਾਅਵਾਂ ਰੀਝਾਂ ਦੇ ਨਾਲ਼ ਪੰਜਾਬੀਆਂ ਨੇ
'ਪੰਜੇ-ਤੱਕੜੀ' ਤਾਈਂ ਦੁਰਕਾਰਿਆ ਸੀ।
ਕਾਰੇ ਪਹਿਲਿਆਂ ਵਾਲ਼ੇ ਨੀ ਕਰਨ ਲੱਗੇ
ਆਸ ਵਿਚ ਬਦਲਾਅ ਨਿਹਾਰਿਆ ਸੀ।
'ਸੋਭਾ ਵਾਲ਼ੇ' ਵੀ ਬਹੁਤ ਹਨ ਕਰੇ ਕਾਰਜ
ਸੀਨਾ ਜਿਨਾਂ ਨੇ ਲੋਕਾਂ ਦਾ ਠਾਰਿਆ ਸੀ।
ਇਹ 'ਚਿਤਾਵਨੀ' ਜਾਣੋ ਪੰਜਾਬੀਆਂ ਦੀ
ਛੇਤੀ ਲਈ ਨਾ ਵਾਪਸ ਜੇ 'ਲੈਂਡ ਪੂਲਿੰਗ'
ਸਮਾਂ ਮੁੱਕਦਾ ਜਾਂਦਾ ਇਹ 'ਸੋਚ ਲਓ' ਜੀ
ਹੋ ਨਾ ਜਾਵੇ ਸਤਾਈ ਵਿਚ 'ਸੈਡ ਕੂਲਿੰਗ'!

-ਤਰਲੋਚਨ ਸਿੰਘ ਦੁਪਾਲ ਪੁਰ
78146-92724

# ਸ਼ਬਦ ਲੰਗਰਾਂ ਦੇ ਰਚੇਤਾ: ਡਾ. ਸਰੂਪ ਸਿੰਘ ਅਲੱਗ

**ਕਰਨੈਲ ਸਿੰਘ**
**ਐਮ.ਏ. ਲੁਧਿਆਣਾ**

ਡਾ. ਸਰੂਪ ਸਿੰਘ ਅਲੱਗ ਵਿਸ਼ਵ ਭਰ ਦੇ ਪੰਜਾਬੀ ਪਿਆਰਿਆਂ, ਸਾਹਿਤਕਾਰਾਂ, ਬੁੱਧੀਜੀਵੀਆਂ ਤੇ ਧਾਰਮਿਕ ਪਤਵੰਤਿਆਂ ਵਿੱਚ ਇੱਕ ਬਹੁਤ ਹੀ ਸਤਿਕਾਰਿਆ ਨਾਮ ਹੈ। ਬੇਸ਼ੱਕ ਅੱਜ ਉਹ ਸਰੀਰਕ ਤੌਰ 'ਤੇ ਸਾਡੇ ਵਿੱਚ ਨਹੀਂ ਹਨ, ਪਰ ਉਹਨਾਂ ਨੇ ਆਪਣੇ ਜੀਵਨ ਵਿੱਚ ਜੋ ਨਿਵੇਕਲੇ ਕਾਰਜ ਕੀਤੇ ਹਨ, ਸੰਗਤਾਂ ਅੱਜ ਵੀ ਉਨ੍ਹਾਂ ਨੂੰ ਪਿਆਰ ਨਾਲ ਯਾਦ ਕਰਕੇ ਉਸ ਰੰਗਲੇ ਸੱਜਣ ਦੀ ਨਿਸ਼ਕਾਮ ਸੇਵਾ ਅੱਗੇ ਆਪਣਾ ਸੀਸ ਸਤਿਕਾਰ ਨਾਲ ਝੁਕਾਉਂਦੀਆਂ ਹਨ।ਉਚਤਮ ਅਕੈਡਮਿਕ ਵਿੱਦਿਆ ਪ੍ਰਾਪਤ ਕਰਨ ਉਪਰੰਤ ਕਈ ਉਚੇਰੀਆਂ ਤੇ ਪ੍ਰਤਿਸ਼ਠਾਵਾਨ, ਸਰਕਾਰੀ ਤੇ ਗੈਰ-ਸਰਕਾਰੀ ਸੇਵਾਵਾਂ ਨੂੰ ਪੂਰੀ ਲਗਨ ਨਾਲ ਨਿਭਾਉਣਾ ਡਾ: ਅਲੱਗ ਦਾ ਸੁਭਾਅ ਸੀ, ਧਰਮ ਸੀ। ਡਾ: ਅਲੱਗ ਨੇ ਆਪਣੇ ਜੀਵਨ ਕਾਲ ਵਿੱਚ ਜੋ ਵੀ ਕੀਤਾ ਨਿੱਠ ਕੇ ਕੀਤਾ, ਆਪਣੀ ਪੂਰੀ ਸੁਹਿਰਦਤਾ, ਵਚਨਬੱਧਤਾ ਤੇ ਪ੍ਰਤੀਬੱਧਤਾ ਨਾਲ ਕੀਤਾ। ਜਿਸ ਜਜ਼ਬੇ ਨਾਲ ਉਨ੍ਹਾਂ ਧਾਰਮਿਕ ਸਰਗਰਮੀਆਂ ਵਿੱਚ ਸ਼ਮੂਲੀਅਤ ਕੀਤੀ ਉਸੇ ਤਰ੍ਹਾਂ ਦੀ ਵਚਨਬੱਧਤਾ ਨਾਲ ਸ਼ਬਦ ਸਾਧਨਾ ਵੀ ਕੀਤੀ। ਪੰਜਾਬ ਰਾਜ ਬਿਜਲੀ ਬੋਰਡ ਵਿੱਚ ਬਤੌਰ ਡਾਇਰੈਕਟਰ ਦੇ ਉੱਚ ਅਹੁਦੇ 'ਤੇ ਹੁੰਦੇ ਹੋਏ ਵੀ ਉਨ੍ਹਾਂ ਦੀ ਹਲੀਮੀ, ਨਿਮਰਤਾ, ਸਾਦਗੀ, ਦਲੇਰੀ ਤੇ ਕੀਤੇ ਵਧੀਆ ਤੇ ਨਿਵੇਕਲੇ ਕਾਰਜਾਂ ਦੀਆਂ ਧੁੰਮਾਂ ਅੱਜ ਵੀ ਪੈਂਦੀਆਂ ਹਨ। ਬਿਜਲੀ ਬੋਰਡ ਵਰਗੇ ਤਕਨੀਕੀ ਤੇ ਵਪਾਰਕ ਅਦਾਰੇ ਵਿੱਚ ਵੀ ਸੈਂਟ ਪਰਸੈਂਟ ਪੰਜਾਬੀ ਲਾਗੂ ਕਰਵਾ ਕੇ ਡਾ: ਅਲੱਗ ਨੇ ਇੱਕ ਕਰਾਮਾਤ ਕਰ ਕੇ ਦਿਖਾਈ ਸੀ।

ਡਾ: ਸਰੂਪ ਸਿੰਘ ਅਲੱਗ ਜਿੱਥੇ ਵਧੀਆ ਵਕਤਾ, ਮਹਾਨ ਵਿਦਵਾਨ ਸਨ, ਉੱਥੇ ਸੁਘੜ ਲੇਖਕ ਹੋਣ ਦਾ ਮਾਣ ਵੀ ਉਨ੍ਹਾਂ ਨੂੰ ਪ੍ਰਾਪਤ ਸੀ। ਡਾ: ਅਲੱਗ ਨੇ ਸਿੱਖ ਕੌਮ ਦੀ ਲਾਜਵਾਬ ਸੇਵਾ, ਅਲੱਗ ਹੀ ਢੰਗ ਨਾਲ ਕਰਕੇ ਵਿਸ਼ਵ ਦੇ ਬੁੱਧੀਜੀਵੀਆਂ ਅਤੇ ਚਿੰਤਕਾਂ ਨੂੰ ਪ੍ਰੇਰਣਾ ਦਿੱਤੀ। ਇਸ ਨਿਸ਼ਕਾਮ ਗੁਰੂ ਦੇ ਸੇਵਾਦਾਰ ਨੇ 110 ਉੱਚ ਪਾਏ ਦੀਆਂ ਵਿਸ਼ਵ ਪੱਧਰੀ ਗੁਰਮਤਿ ਆਧਾਰਿਤ ਰਚਨਾਵਾਂ ਲਿਖੀਆਂ ਉਹ ਆਪਣੇ ਅਤੇ ਸੰਗਤਾਂ ਦੇ ਸਹਿਯੋਗ ਨਾਲ ਛਪਵਾ ਕੇ ਸਾਰੀ ਦੁਨੀਆਂ ਵਿੱਚ ਸ਼ਬਦ ਦੇ ਲੰਗਰ ਵਜੋਂ ਮੁਫ਼ਤ ਵੰਡਣ ਦਾ ਜਸ ਵੀ ਖੱਟਿਆ, ਜੋ ਸਿਰਫ ਤੇ ਸਿਰਫ ਡਾ: ਅਲੱਗ ਦੇ ਹਿੱਸੇ ਹੀ ਆਇਆ। ਇਸ ਨਿਵੇਕਲੀ ਪਿਰਤ ਨੇ ਸਿੱਖ ਕੌਮ ਦੀ ਸ਼ਾਨ ਵਿੱਚ ਬਹੁਤ ਵਾਧਾ ਕੀਤਾ। ਆਪਣੇ ਜੀਵਨ ਕਾਲ ਵਿੱਚ ਤਕਰੀਬਨ 50 ਲੱਖ ਪ੍ਰਕਾਸ਼ਨਾਵਾਂ ਵੰਡ ਚੁੱਕੇ ਡਾ: ਅਲੱਗ ਦਾ ਨਾਮ 'ਲਿਮਕਾ ਬੁੱਕ ਆਫ ਰਿਕਾਰਡ', 'ਏਸ਼ੀਆ ਬੁੱਕ ਆਫ ਰਿਕਾਰਡਜ਼', 'ਇੰਡੀਆ ਬੁੱਕ ਆਫ ਰਿਕਾਰਡਜ਼' ਵਿੱਚ ਬੜੇ ਮਾਣ ਨਾਲ ਦਰਜ ਹੈ, ਜੋ ਪੰਜਾਬ, ਪੰਜਾਬੀਅਤ ਤੇ ਵਿਸ਼ੇਸ਼ ਕਰਕੇ ਸਿੱਖ ਕੌਮ ਲਈ ਬੜੇ ਮਾਣ ਦੀ ਗੱਲ ਹੈ। ਡਾ: ਅਲੱਗ ਦੀਆਂ ਪੁਸਤਕਾਂ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਇਹ ਖੋਜ 'ਤੇ ਆਧਾਰਿਤ ਹਨ। ਸਰਲ ਤੇ ਰੌਚਕ ਭਾਸ਼ਾ ਵਿੱਚ ਲਿਖੀਆਂ ਗਈਆਂ ਹਨ, ਚੜ੍ਹਦੀਕਲਾ ਦਾ ਸੰਦੇਸ਼ ਦਿੰਦੀਆਂ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਪੁਸਤਕਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਪਵਿੱਤਰ ਮਰਿਆਦਾ ਵਿਚ ਰਹਿ ਕੇ ਲਿਖੀਆਂ ਗਈਆਂ ਹਨ। ਇਹ ਪੁਸਤਕਾਂ ਬਹੁਤ ਹੀ ਖੂਬਸੂਰਤ ਰੂਪ ਵਿੱਚ ਛਪੀਆਂ ਹਨ, ਤੇ ਪਾਠਕਾਂ ਦੇ ਹੱਥਾਂ ਤੱਕ ਪਹੁੰਚਣ ਤੱਕ ਬਿਲਕੁਲ ਮੁਫ਼ਤ ਹਨ। ਡਾ: ਸਰੂਪ ਸਿੰਘ ਅਲੱਗ ਦੀਆਂ ਕੌਮੀ ਨਿਸ਼ਕਾਮ ਸੇਵਾਵਾਂ ਨੂੰ ਮਾਣ ਬਖਸ਼ਦਿਆਂ ਹੋਇਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ 'ਸੇਵਾਦਾਰ-ਏ-ਕੌਮ' ਪੁਰਸਕਾਰ ਨਾਲ ਵੀ ਨਿਵਾਜਿਆ ਜਾ ਚੁੱਕਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੀ ਸਿੱਖ ਧਰਮ ਦੇ ਪ੍ਰਚਾਰ 'ਤੇ ਪ੍ਰਸਾਰ ਲਈ ਅਤੇ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਸੰਦੇਸ਼ਾਂ ਨੂੰ ਘਰ-ਘਰ ਪਹੁੰਚਾਉਣ ਵਿੱਚ ਵੱਡਮੁੱਲਾ ਤੇ ਅਹਿਮ ਯੋਗਦਾਨ ਪਾਉਣ ਲਈ 'ਪ੍ਰਿੰਸੀਪਲ ਗੰਗਾ ਸਿੰਘ ਐਵਾਰਡ' ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਆਪਣੇ ਜੀਵਨ ਕਾਲ ਵਿੱਚ ਧਰਮ ਪ੍ਰਚਾਰ ਦੀ ਨਿਸ਼ਕਾਮ ਸੇਵਾ ਬਤੌਰ ਧਾਰਮਿਕ ਲੇਖਕ ਜੋ ਡਾ: ਅਲੱਗ ਨੇ ਕੀਤੀ ਹੈ, ਉਹ ਕਿਸੇ ਹੋਰ ਦੇ ਹਿੱਸੇ ਨਹੀਂ ਆਈ। ਉੱਚ ਪਾਏ ਦਾ ਗੁਰਮਤਿ ਸਾਹਿਤ ਮੁਫ਼ਤ ਵੰਡਣ ਦੀ ਪਿਰਤ ਸਿੱਖ ਕੌਮ ਦੀ ਸ਼ਾਨ ਨੂੰ ਦੇਸ਼ਾਂ, ਬਦੇਸ਼ਾਂ ਵਿੱਚ ਵਧਾਉਂਦੀ ਹੈ, ਜਿਸ ਦੇ ਕਰਤਾ ਧਰਤਾ ਸਰਬਰਾਹ ਡਾ: ਅਲੱਗ ਹੀ ਹਨ।



ਸਮੁੱਚੀ ਕੌਮ ਅੱਜ ਵੀ ਡਾ: ਅਲੱਗ ਦੀ ਇਸ ਪਰਉਪਕਾਰੀ ਦੇਣ ਦੀ ਸਲਾਹਣਾ ਕਰ ਰਹੀ ਹੈ ਤੇ ਉਨ੍ਹਾਂ ਪ੍ਰਤੀ ਆਪਣਾ ਆਭਾਰ ਪ੍ਰਗਟ ਕਰ ਰਹੀ ਹੈ। ਡਾ: ਅਲੱਗ ਨੂੰ ਭਾਵੇਂ ਸਾਡੇ ਤੋਂ ਸਰੀਰਕ ਤੌਰ 'ਤੇ ਵਿੱਛੜਿਆਂ ਤਿੰਨ ਸਾਲ ਦਾ ਸਮਾਂ ਹੋ ਗਿਆ ਹੈ। ਪਰ ਉਨ੍ਹਾਂ ਦੁਆਰਾ ਆਪਣੇ ਜੀਵਨ ਕਾਲ ਵਿੱਚ ਆਰੰਭੇ ਮਾਨਵਹਿਤਕਾਰੀ ਕਾਰਜਾਂ ਨੂੰ ਉਨ੍ਹਾਂ ਦੇ ਹੋਣਹਾਰ ਸਪੁੱਤਰਾਂ ਵੱਲੋਂ ਅੱਜ ਵੀ ਬਾ-ਕਮਾਲ ਤਰੀਕੇ ਨਾਲ ਚਲਾਇਆ ਜਾ ਰਿਹਾ ਹੈ। ਸ਼ਬਦ ਲੰਗਰ ਦੀ ਨਿਵੇਕਲੀ ਪਿਰਤ ਜੋ ਡਾ: ਅਲੱਗ ਨੇ ਚਲਾਈ ਸੀ ਉਹ ਅੱਜ ਵੀ ਬਾ-ਦਸਤੂਰ ਉਵੇਂ ਹੀ ਜਾਰੀ ਹੈ। ਅਲੱਗ ਸ਼ਬਦ ਯੱਗ ਚੈਰੀਟੇਬਲ ਟਰੱਸਟ ਜਿਸਦੇ ਉਹ ਬਾਨੀ ਚੇਅਰਮੈਨ ਸਨ ਵੱਲੋਂ ਅੱਜ ਵੀ ਉਹ ਸਾਰੇ ਕਾਰਜ ਬੜੇ ਪਿਆਰ, ਚਾਅ ਤੇ ਹੁਭ ਨਾਲ ਕੀਤੇ ਜਾ ਰਹੇ ਹਨ, ਜੋ ਕਿਸੇ ਵੇਲੇ ਡਾ: ਅਲੱਗ ਨੇ ਆਪ ਅਰੰਭੇ ਸਨ।

ਅੱਜ ਦੇ ਦਿਨ ਤਿੰਨ ਸਾਲ ਪਹਿਲਾਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖਣ ਵਾਲੇ ਡਾ: ਅਲੱਗ ਅਜਿਹੇ ਲੇਖਕ ਸਨ, ਜਿਨ੍ਹਾਂ ਦੀ ਸੋਚ ਵਿੱਚ ਗੁਰੂ ਨਾਨਕ ਸਾਹਿਬ ਦੇ ਪ੍ਰੇਮ ਪਿਆਰ ਦੀ ਭਾਵਨਾ ਨੂੰ ਸਰਬ ਲੋਕਾਈ ਦੇ ਹਿਰਦੇ ਵਿੱਚ ਸੰਚਿਤ ਕਰ ਦੇਣ ਦੀ ਅਥਾਹ ਤੜਪ ਤੇ ਲਗਨ ਸੀ। ਕਿਸੇ ਇੱਕ ਵਿਅਕਤੀ ਵੱਲੋਂ ਧਰਮ ਦੇ ਵਿਕਾਸ, ਪ੍ਰਗਾਸ ਤੇ ਹੁਲਾਸ ਲਈ ਇਸ ਤਰ੍ਹਾਂ ਦੇ ਯੋਜਨਾਬੱਧ ਉਪਰਾਲੇ ਕਰਨ ਪਿੱਛੇ ਸਤਿਗੁਰਾਂ ਦੀ ਹੀ ਮਿਹਰ ਦੇ ਦਰਸ਼ਨ ਹੁੰਦੇ ਹਨ। ਸਾਡੀ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਉਹ ਆਪਣੇ ਇਸ ਸੇਵਾਦਾਰ-ਏ-ਕੌਮ ਦੀ ਨਿਸ਼ਕਾਮ ਸੇਵਾ ਨੂੰ ਪ੍ਰਵਾਨ ਕਰਦੇ ਹੋਏ ਉਨ੍ਹਾਂ ਨੂੰ ਸਦੀਵ ਕਾਲ ਲਈ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਦੇਸ਼ਾਂ ਬਦੇਸ਼ਾਂ ਵਿੱਚ ਵਸਦੀਆਂ ਸੰਗਤਾਂ ਅਤੇ ਸਿੱਖ ਸੰਸਥਾਵਾਂ ਵੱਲੋਂ ਪੱਤਰ ਲਿਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕੀਤੀ ਗਈ ਹੈ ਕਿ ਇਸ ਨਿਸ਼ਕਾਮ ਬੇਮਿਸਾਲ ਸੇਵਕ ਦੀ ਸੇਵਾ ਨੂੰ ਸਤਿਕਾਰ ਬਖਸ਼ਦੇ ਹੋਏ ਉਨ੍ਹਾਂ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸੁਸ਼ੋਭਿਤ ਕਰਕੇ ਇਸ ਨਿਮਾਣੇ ਸਿੱਖ ਦੀ ਨਿਵੇਕਲੀ ਸੇਵਾ ਨੂੰ ਮਾਣ ਬਖਸ਼ਿਆ ਜਾਵੇ।

ਹਰਿ ਹਰਿ ਨਾਮੁ ਜੋ ਜਨੁ ਜਪੈ
ਸੋ ਆਇਆ ਪਰਵਾਣ।
(ਆਦਿ ਗ੍ਰੰਥ ਸਾਹਿਬ)

ਉਰਦੂ ਦਾ ਇਹ ਸ਼ੇਅਰ ਡਾ: ਅਲੱਗ ਲਈ ਹੀ ਲਿਖਿਆ ਗਿਆ ਸੀ

ਜਿਸਮ ਤੋਂ ਖਾਕ ਹੈ ਖਾਕ ਮੇਂ
ਮਿਲ ਜਾਏਗਾ
ਮੈਂ ਬਹਰ ਹਾਲ ਆਪ ਕੋ ਅਬ
ਕਿਤਾਬੋਂ ਮੇਂ ਮਿਲੂੰਗਾ

ਡਾ: ਸਰੂਪ ਸਿੰਘ ਅਲੱਗ ਨੇ 22 ਮਹੱਤਵਪੂਰਨ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਛਾਪ ਕੇ ਲੱਖਾਂ ਦੀ ਗਿਣਤੀ ਵਿੱਚ ਕਈ ਭਾਸ਼ਾਵਾਂ ਵਿੱਚ ਮੁਫਤ ਵੰਡੀਆਂ। ਡਾ: ਸਰੂਪ ਸਿੰਘ ਅਲੱਗ 5 ਅਗਸਤ 2022 ਈ: ਦਿਨ ਸ਼ੁੱਕਰਵਾਰ ਨੂੰ 86 ਸਾਲ ਦੀ ਉਮਰ ਭੋਗ ਕੇ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

## ਬਾਬਾ ਨਿਧਾਨ ਸਿੰਘ ਸਮੇਤ ਚਾਰ ਮਹਾਂਪੁਰਖਾਂ ਨੂੰ ਯਾਦ ਕਰਦਿਆਂ

# ਜਿਨ੍ਹਾਂ ਦਾ ਸਮੁੱਚਾ ਜੀਵਨ ਗੁਰੂ ਤੇ ਸੰਗਤ ਦੀ ਸੇਵਾ ਵਿੱਚ ਬੀਤਿਆ



**ਭਗਵਾਨ ਸਿੰਘ ਜੌਹਲ**
ਮੋ. 98143-24040

ਸਾਹਿਬ-ਏ-ਕਮਾਲ, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ 'ਤੇ ਸੁਭਾਇਮਾਨ ਕਰਨ ਵਾਲੇ ਅਸਥਾਨ ਸਚਖੰਡ ਸ੍ਰੀ ਹਜ਼ੂਰ ਸਾਹਿਬ ਪ੍ਰਤੀ ਦੇਸ਼ ਦੁਨੀਆਂ ਵਿੱਚ ਵੱਸਣ ਵਾਲਾ ਹਰ ਇਕ ਸਿੱਖ ਦਰਸ਼ਨ-ਦੀਦਾਰ ਕਰਨ ਦੀ ਲੋਚਾ ਰੱਖਦਾ ਹੈ। ਸੇਵਾ, ਸਿਮਰਨ ਤੇ ਪ੍ਰਭੂ ਬੰਦਗੀ ਦੇ ਨਾਲ ਮਨੁੱਖਤਾ ਦੀ ਸੇਵਾ ਨੂੰ ਆਪਣੇ ਜੀਵਨ ਦਾ ਅੰਗ ਬਣਾ ਕੇ ਹਰ ਪਲ ਜੀਵਨ ਬਸਰ ਕਰਨ ਵਾਲੇ ਬਾਬਾ ਨਿਧਾਨ ਸਿੰਘ ਨੇ ਗੁਰਦੁਆਰਾ ਲੰਗਰ ਸਾਹਿਬ ਦੀ ਉਸਾਰੀ ਕਰਕੇ ਇਕ ਅਜਿਹਾ ਕਾਰਜ ਕੀਤਾ, ਜਿਸ ਨੂੰ ਦੇਸ਼ ਦੁਨੀਆਂ ਵਿੱਚ ਵੱਸਣ ਵਾਲੀ ਸਿੱਖ ਸੰਗਤ ਤਨ, ਮਨ, ਧਨ ਨਾਲ ਸਹਿਯੋਗ ਦਿੰਦੀ ਹੈ। ਇਸ ਨਾਮ-ਰਸੀ ਆਤਮਾ ਬਾਬਾ ਨਿਧਾਨ ਸਿੰਘ ਦਾ ਜਨਮ 1882 ਈ: ਵਿੱਚ ਭਾਈ ਉੱਤਮ ਸਿੰਘ ਦੇ ਗ੍ਰਹਿ ਵਿਖੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਨਡਾਲੋਂ ਵਿਖੇ ਹੋਇਆ। ਬਾਬਾ ਜੀ ਬਚਪਨ ਤੋਂ ਹੀ ਇਕਾਂਤ-ਪਸੰਦ, ਕੁਦਰਤ ਪ੍ਰੇਮੀ ਅਤੇ ਰੱਬੀ ਰੰਗ ਵਿੱਚ ਰੰਗੀ ਆਤਮਾ ਦੇ ਮਾਲਕ ਸਨ। ਮੁੱਢਲੀ ਸਿੱਖਿਆ ਇਸੇ ਪਿੰਡ ਦੇ ਸੰਤ ਬਾਬਾ ਦੀਵਾਨ ਸਿੰਘ ਦੇ ਡੇਰੇ ਵਿਖੇ ਹੋਈ। ਆਪਣੇ ਸ਼ਾਂਤ-ਚਿੱਤ ਸੁਭਾਅ ਮੁਤਾਬਿਕ ਪ੍ਰਭੂ-ਬੰਦਗੀ ਨੂੰ ਪਹਿਲ ਦਿੰਦੇ ਸਨ। ਪਿੰਡ ਦੇ ਬਾਕੀ ਨੌਜਵਾਨਾਂ ਨੂੰ ਵੀ ਅਕਾਲ ਪੁਰਖ ਵਾਹਿਗੁਰੂ ਦੇ ਸਿਮਰਨ ਅਤੇ ਸੰਗਤ ਦੀ ਸੇਵਾ ਲਈ ਪ੍ਰੇਰਨਾ ਦਿੰਦੇ ਸਨ। 18 ਸਾਲ ਦੀ ਉਮਰ ਵਿੱਚ ਭਾਰਤੀ ਫੌਜ ਵਿੱਚ ਭਰਤੀ ਹੋ ਗਏ। ਜਦੋਂ ਆਪ ਜੀ ਦੀ ਪਲਟਨ ਝਾਂਸੀ ਵਿਖੇ ਤਾਇਨਾਤ ਸੀ, ਤਾਂ ਹਰ ਸਮੇਂ ਸਿਮਰਨ ਕਰਦੇ ਰਹਿਣਾ। ਹਰ ਫੌਜੀ ਜਵਾਨ ਨੂੰ ਵੀ ਪ੍ਰਭੂ ਬੰਦਗੀ ਦੀਆਂ ਬਰਕਤਾਂ ਸਬੰਧੀ ਪ੍ਰੇਰਦੇ ਰਹਿੰਦੇ। ਸੰਗਤ ਦੀ ਸੇਵਾ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ, ਸਚਖੰਡ ਸ੍ਰੀ ਹਜ਼ੂਰ ਸਾਹਿਬ ਨੂੰ ਜਾਣ ਵਾਲੀ ਸੰਗਤ ਰੇਲ ਗੱਡੀਆਂ ਰਾਹੀਂ ਝਾਂਸੀ ਰੇਲਵੇ ਸਟੇਸ਼ਨ ਤੋਂ ਹੋ ਕੇ ਜਾਂਦੀ ਸੀ, ਸਾਰੀ ਸਾਰੀ ਰਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਅਸਥਾਨ ਦੇ ਦਰਸ਼ਨ-ਦੀਦਾਰੇ ਕਰਨ ਵਾਲੀ ਸੰਗਤ ਨੂੰ ਜਲ ਛਕਾਉਣਾ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਪ੍ਰੇਮ ਤੇ ਦਰਸ਼ਨ ਦੀਦਾਰੇ ਕਰਨ ਦੀ ਤਾਂਘ ਨੇ ਉਨ੍ਹਾਂ ਨੂੰ ਫੌਜੀ ਨੌਕਰੀ ਨੂੰ ਅਲਵਿਦਾ ਕਹਿਣ ਲਈ ਮਜ਼ਬੂਰ ਕਰ ਦਿੱਤਾ। ਹੁਣ ਆਪ ਜੀ ਇਕ ਨਿਸ਼ਕਾਮ ਸੇਵਾਦਾਰ ਵਜੋਂ ਸਚਖੰਡ ਸ੍ਰੀ ਹਜ਼ੂਰ ਸਾਹਿਬ ਪਹੁੰਚ ਗਏ। ਭਰ ਜਵਾਨੀ ਦੀ ਉਮਰ ਦੇ 12 ਵਰ੍ਹੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸੰਗਤ ਦੀ ਸੇਵਾ ਵਿੱਚ ਬਤੀਤ ਕੀਤੇ। ਉਨ੍ਹਾਂ ਦੀ ਸੇਵਾ ਦੀ ਕਦਰ ਕਰਨ ਵਾਲੀਆਂ ਮਹਾਨ ਸਿੱਖ ਹਸਤੀਆਂ ਉਨ੍ਹਾਂ ਨੂੰ ਦਿਲ ਤੋਂ ਪਿਆਰ ਕਰਦੀਆਂ ਸਨ। ਪਰ ਕੁਝ ਕੁ ਈਰਖਾਲੂ ਲੋਕਾਂ ਨੇ ਉਨ੍ਹਾਂ ਨੂੰ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਤੋਂ ਬਾਹਰ ਕਰਨ ਲਈ ਬੋਲ-ਕਬੋਲ ਵੀ ਬੋਲੇ। ਹੁਣ ਉਨ੍ਹਾਂ ਦੁਨੀਆਂ ਭਰ ਤੋਂ ਦਰਸ਼ਨ ਕਰਨ ਵਾਲੀ ਸੰਗਤ ਨੂੰ ਜਲ-ਛਕਾਉਣ ਦੀ ਸੇਵਾ ਸ਼ੁਰੂ ਕਰ ਦਿੱਤੀ। ਪਰ ਇਸ ਸੇਵਾ ਨੂੰ ਨਿਭਾਉਂਦਿਆਂ ਵੀ ਉਨ੍ਹਾਂ ਨੂੰ ਨਫ਼ਰਤ ਦੀ ਅੱਗ ਵਿੱਚ ਸੜ ਰਹੇ ਲੋਕਾਂ ਦੀ ਘ੍ਰਿਣਾ ਤੇ ਵਧੀਕੀਆਂ ਦਾ ਸ਼ਿਕਾਰ ਹੋਣਾ ਪਿਆ। ਇਕ ਦਿਨ ਉਚਾਟ ਹੋ ਕੇ ਵਾਪਸ ਪੰਜਾਬ ਲਈ ਉਹ ਰੇਲਵੇ ਸਟੇਸ਼ਨ ਨਾਂਦੇੜ ਵਿਖੇ ਪਹੁੰਚ ਗਏ। ਸਟੇਸ਼ਨ ਉੱਤੇ ਹੀ ਇਕ ਨਿੰਮ ਦੇ ਦਰਖ਼ਤ ਹੇਠ ਵੈਰਾਗ ਅਵਸਥਾ ਵਿੱਚ ਬੈਠੇ ਸਨ। ਇਥੇ ਬੈਠਿਆਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਦੀ ਸਿੱਕ, ਅੱਜ ਪੂਰੀ ਹੋ ਗਈ। ਦਸਮੇਸ਼ ਪਿਤਾ ਜੀ ਦੇ ਬਚਨ ਹੱਥ ਮੇਰਾ ਤੇ ਖੀਸਾ ਤੇਰਾ ਨੇ ਬਾਬਾ ਨਿਧਾਨ ਸਿੰਘ ਵਰਗੀ ਵੈਰਾਗੀ ਆਤਮਾ ਨੂੰ ਧੁਰ ਅੰਦਰੋਂ ਹਿਲਾ ਦਿੱਤਾ। ਹੁਣ ਬਾਬਾ ਨਿਧਾਨ ਸਿੰਘ ਗੋਦਾਵਰੀ ਨਦੀ ਦੇ ਕਿਨਾਰੇ ਦਸਮ ਪਿਤਾ ਜੀ ਦੇ ਪੁਰਾਤਨ ਗੁਰੂ ਕੇ ਲੰਗਰ ਦੇ ਅਸਥਾਨ 'ਤੇ ਪਹੁੰਚ ਗਏ। ਆਪਣੇ ਅੰਤਲੇ ਸੁਆਸਾਂ ਤੱਕ ਇੱਥੇ ਸੰਗਤ ਦੀ ਸੇਵਾ ਤਨ-ਦੇਹੀ ਨਾਲ ਨਿਭਾਈ। ਇਸੇ ਸਥਾਨ 'ਤੇ ਦੇਸ਼ ਦੀ ਆਜ਼ਾਦੀ ਤੋਂ ਥੋੜ੍ਹੇ ਦਿਨ ਪਹਿਲਾਂ 4 ਅਗਸਤ, 1947 ਈ: ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਨ੍ਹਾਂ ਦੇ ਸਰੀਰਕ ਵਿਛੋੜੇ ਤੋਂ ਪਿੱਛੋਂ ਬਾਬਾ ਹਰਨਾਮ ਸਿੰਘ, ਬਾਬਾ ਆਤਮਾ ਸਿੰਘ ਮੋਨੀ ਅਤੇ ਬਾਬਾ ਸ਼ੀਸ਼ਾ ਸਿੰਘ ਨੇ ਇਸ ਅਸਥਾਨ ਦੀ ਮਹਾਨ ਸੇਵਾ ਨੂੰ ਬਾਖੂਬੀ ਨਿਭਾਇਆ। ਅੱਜ ਇਨ੍ਹਾਂ ਚਾਰਾਂ ਮਹਾਂਪੁਰਸ਼ਾਂ ਦੀ ਯਾਦ ਵਿੱਚ ਤਿੰਨ ਦਿਨਾਂ ਗੁਰਮਤਿ ਸਮਾਗਮ ਚੱਲ ਰਹੇ ਹਨ। ਇਸ ਅਸਥਾਨ ਦੇ ਮੌਜੂਦਾ ਸੇਵਾ ਨਿਭਾਉਣ ਵਾਲੇ ਕਾਰਸੇਵਾ ਮੁਖੀ ਬਾਬਾ ਨਰਿੰਦਰ ਸਿੰਘ ਅਤੇ ਬਾਬਾ ਬਲਵਿੰਦਰ ਸਿੰਘ ਵੱਲੋਂ ਦਿਨ ਰਾਤ ਚੱਲਣ ਵਾਲੇ ਗੁਰੂ ਕੇ ਲੰਗਰ ਵਿੱਚੋਂ ਸੰਸਾਰ ਭਰ ਤੋਂ ਆਉਣ ਵਾਲੀ ਸੰਗਤ ਇੱਥੇ ਗੁਰੂ ਕਾ ਲੰਗਰ ਛਕਦੀ ਹੈ। ਇਸੇ ਅਸਥਾਨ 'ਤੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਪਹੁੰਚ ਰਹੀ ਰੇਲ ਗੱਡੀਆਂ, ਹਵਾਈ ਜਹਾਜ਼ਾਂ, ਕਾਰਾਂ, ਬੱਸਾਂ ਰਾਹੀਂ ਆਉਣ ਵਾਲੀ ਸੰਗਤ ਨੂੰ ਆਧੁਨਿਕ ਸਹੂਲਤਾਂ ਵਾਲੀਆਂ ਰਿਹਾਇਸ਼ੀ ਬਹੁਮੰਜ਼ਿਲਾਂ ਇਮਾਰਤਾਂ ਰਾਹੀਂ ਸਾਂਭ ਸੰਭਾਲ ਕੀਤੀ ਜਾਂਦੀ ਹੈ। ਨਾਮ-ਬਾਣੀ ਦੇ ਪ੍ਰਵਾਹ ਰਾਤ ਦਿਨ ਚੱਲਦੇ ਰਹਿੰਦੇ ਹਨ। ਵਾਤਾਵਰਣ ਨੂੰ ਬਚਾਉਣ ਲਈ ਲੱਖਾਂ ਦੀ ਗਿਣਤੀ ਵਿੱਚ ਨਾਂਦੇੜ ਸ਼ਹਿਰ ਵਿੱਚ ਪੌਦੇ ਲੱਗਵਾ ਕੇ ਸ਼ਹਿਰ ਨੂੰ ਹਰਿਆ-ਭਰਿਆ ਕੀਤਾ ਗਿਆ ਹੈ। ਇਨ੍ਹਾਂ ਸਮਾਗਮਾਂ ਦੌਰਾਨ ਦੇਸ਼ ਭਰ ਤੋਂ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦੀ ਹੈ। ਉੱਘੇ ਕੀਰਤਨੀਏ, ਢਾਡੀ, ਪ੍ਰਚਾਰਕ ਸੰਗਤ ਨੂੰ ਗੁਰਬਾਣੀ ਕੀਰਤਨ ਤੇ ਸਿੱਖ ਇਤਿਹਾਸ ਨਾਲ ਜੋੜਦੇ ਹਨ। ਹਰ ਸਾਲ ਵਾਂਗ ਇਸ ਵਾਰ ਵੀ ਇਹ ਸਮਾਗਮ ਯਾਦਗਾਰੀ ਹੋਵੇਗਾ।

# ਪੰਜਾਬੀ ਬੋਲੀ ਨੂੰ, ਪੰਜਾਬੀ ਕਿਵੇਂ ਪ੍ਰਫੁੱਲਿਤ ਕਰ ਸਕਦੇ ਹਾਂ



**ਪ੍ਰਭਜੋਤ ਕੌਰ ਨਾਮਧਾਰੀ**

ਕੋਈ ਵੀ ਮਨੁੱਖ ਸਿਰਫ਼ ਪੰਜਾਬ ਵਿੱਚ ਜੰਮਣ ਕਰਕੇ ਹੀ ਪੰਜਾਬੀ ਨਹੀਂ ਬਣ ਜਾਂਦਾ। ਅਸਲੀ ਪੰਜਾਬੀ ਤਾਂ ਉਹ ਹੈ ਜਿਸ ਦੇ ਅੰਦਰ ਆਪਣੀ ਪੰਜਾਬੀ ਮਾਤ ਭਾਸ਼ਾ ਪੰਜਾਬੀ ਵਾਸਤੇ ਗੂੜ੍ਹਾ ਪਿਆਰ ਹੈ ਅਤੇ ਉਸ ਨੂੰ ਪ੍ਰਫੁੱਲਤ ਕਰਨਾ ਚਾਹੁੰਦਾ ਹੈ। ਜੋ ਭਾਰਤ ਦੇ ਸਰਕਾਰੀ ਅਧਿਕਾਰੀ ਪੰਜਾਬ ਵਿੱਚ ਧੱਕੇ ਨਾਲ ਹਿੰਦੀ ਥੋਪਣੀ ਚਾਹੁੰਦੇ ਹਨ ਅਤੇ ਜੋ ਸਰਕਾਰੀ ਅਧਿਕਾਰੀ ਪਾਕਿਸਤਾਨ ਵਾਲੇ ਪੰਜਾਬ ਵਿੱਚ ਪੰਜਾਬੀਆਂ ਉੱਪਰ, ਉਰਦੂ ਥੋਪਣਾ ਚਾਹੁੰਦੇ ਹਨ। ਇਹਨਾਂ ਦੋਵਾਂ ਨੂੰ ਵੀ ਸੋਚਣ ਦੀ ਲੋੜ ਹੈ। ਕਿ ਤੁਸੀਂ ਸਾਡੇ ਪੰਜਾਬੀਆਂ ਉੱਤੇ ਤਾਂ ਹਿੰਦੀ ਜਾਂ ਉਰਦੂ ਥੋਪ ਰਹੇ ਹੋ! ਪਰ, ਤੁਸੀਂ ਦੋਹਾਂ ਪੰਜਾਬਾਂ ਦੀਆਂ ਕਚਹਿਰੀਆਂ ਵਿੱਚ ਵਿਦੇਸ਼ੀ ਭਾਸ਼ਾ ਅੰਗਰੇਜ਼ੀ ਬੰਦ ਕਰਕੇ: ਉੱਥੇ ਹਿੰਦੀ ਜਾਂ ਉਰਦੂ ਲਾਗੂ ਕਿਉਂ ਨਹੀਂ ਕਰ ਸਕੇ? ਜੇ ਉੱਥੇ ਲਾਗੂ ਨਹੀਂ ਕਰ ਸਕੇ, ਤਾਂ ਸਾਡੇ ਉੱਤੇ ਹਿੰਦੀ ਜਾਂ ਉਰਦੂ ਕਿਉਂ ਥੋਪ ਰਹੇ ਹੋ? ਅਸੀਂ ਪੰਜਾਬੀ ਹਾਂ, ਆਪਣੀ ਮਾਂ ਬੋਲੀ ਪੰਜਾਬੀ ਨੂੰ ਅਸੀਂ ਖਤਮ ਨਹੀਂ ਹੋਣ ਦੇਣਾ। ਅਸੀਂ ਇਸ ਨੂੰ ਵਰਤਣਾ ਹੀ ਵਰਤਣਾ ਹੈ।

ਭਾਰਤੀ ਪੰਜਾਬ ਵਿੱਚ ਹਿੰਦੀ ਥੋਪਣ ਦੀ ਪ੍ਰਕਿਰਿਆ ਚੱਲ ਰਹੀ ਹੈ, ਉਹ ਵੀ ਨਹੀਂ ਹੋਣੀ ਚਾਹੀਦੀ। ਪੰਜਾਬੀਆਂ ਨੂੰ ਇਸ ਦੇ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਪੰਜਾਬ ਵਿੱਚ ਆਰ.ਐਸ.ਐਸ ਵੱਲੋਂ ਆਯੋਜਿਤ ਇੱਕ ਵੱਡਾ ਸਮਾਗਮ ਹੋ ਰਿਹਾ ਸੀ। ਜਿੱਥੇ ਸਾਡੇ ਵਰਤਮਾਨ ਨਾਮਧਾਰੀ ਸਤਿਗੁਰੂ ਦਲੀਪ ਸਿੰਘ ਜੀ ਵੀ ਉਚੇਚੇ ਬੁਲਾਏ ਗਏ ਸੀ, ਜੋ ਮੰਚ ਤੇ ਬਿਰਾਜਮਾਨ ਸਨ। ਉਹਨਾਂ ਨੇ ਉੱਥੇ ਆਪਣਾ ਭਾਸ਼ਣ ਪੰਜਾਬੀ ਵਿੱਚ ਦਿੱਤਾ ਅਤੇ ਜਦੋਂ ਮੰਚ ਸਕੱਤਰ ਅਤੇ ਹੋਰ ਕਈ ਬੁਲਾਰਿਆ ਨੇ ਹਿੰਦੀ ਬੋਲਣੀ ਸ਼ੁਰੂ ਕੀਤੀ ਤਾਂ ਉਹਨਾਂ ਨੇ ਉਹਨਾਂ ਨੂੰ ਟੋਕ ਕੇ ਕਿਹਾ ਇਹ ਪੰਜਾਬ ਹੈ, ਇੱਥੇ ਪੰਜਾਬੀ ਬੋਲੋ, ਇੱਥੇ ਹਿੰਦੀ ਨਹੀਂ ਬੋਲਣੀ। ਗੁਰੂ ਜੀ ਦੇ ਕਹਿਣ ਕਰਕੇ ਮੰਚ ਸਕੱਤਰ ਅਤੇ ਬਾਕੀ ਸਾਰੇ ਬੁਲਾਰਿਆਂ ਨੇ ਹਿੰਦੀ ਛੱਡ ਕੇ ਪੰਜਾਬੀ ਬੋਲਣੀ ਸ਼ੁਰੂ ਕਰ ਦਿੱਤੀ। ਇਸੇ ਤਰ੍ਹਾਂ ਹੀ, ਸਾਨੂੰ ਸਾਰਿਆਂ ਨੂੰ ਹੌਸਲਾ ਕਰਕੇ ਆਪਣੀ ਮਾਂ ਬੋਲੀ ਦੀ ਰੱਖਿਆ ਕਰਨੀ ਚਾਹੀਦੀ ਹੈ।

ਪੰਜਾਬੀ ਨੂੰ ਪ੍ਰਫੁੱਲਿਤ ਕਰਨਾ ਚਾਹੀਦਾ ਹੈ।ਪਾਕਿਸਤਾਨ ਵਿੱਚ ਸਾਰੀ ਰਾਜ ਸੱਤਾ ਹੀ ਪੰਜਾਬੀਆਂ ਦੇ ਹੱਥ ਹੈ, ਪਰ ਫਿਰ ਵੀ ਪੰਜਾਬੀ ਦੀ ਉੱਥੇ ਸੰਕਟ ਵਿੱਚ ਹੈ। ਉਰਦੂ ਨੂੰ ਧੱਕੇ ਨਾਲ ਪੰਜਾਬੀਆਂ ਉੱਤੇ ਠੋਸਿਆ ਜਾ ਰਿਹਾ ਹੈ। ਜਿਵੇਂ ਪੂਰਬੀ ਪਾਕਿਸਤਾਨ (ਬੰਗਾਲ) ਵਿੱਚ ਪਾਕਿਸਤਾਨ ਤੋਂ ਲਿਜਾ ਕੇ ਜਿਨਾਹ ਸਾਹਿਬ ਨੇ ਉਰਦੂ ਥੋਪਣ ਦੀ ਕੋਸ਼ਿਸ਼ ਕੀਤੀ ਸੀ। ਜਿਸ ਤੋਂ ਤੰਗ ਹੋ ਕੇ ਬੰਗਲਾਦੇਸ਼ ਪਾਕਿਸਤਾਨ ਤੋਂ ਵੱਖਰਾ ਹੋ ਗਿਆ। ਕੋਈ ਵੀ ਭਾਸ਼ਾ ਧੱਕੇ ਨਾਲ ਉੱਥੋਂ ਦੇ ਲੋਕਾਂ ਉੱਤੇ ਥੋਪੀ ਨਹੀਂ ਜਾਣੀ ਚਾਹੀਦੀ। ਪਾਕਿਸਤਾਨ ਵਾਲੇ ਪੰਜਾਬੀ ਵੀਰਾਂ ਨੂੰ ਉਰਦੂ ਦੇ ਬੇਲੋੜੇ ਪ੍ਰਭਾਵ ਤੋਂ ਬਚਣ ਦੀ ਲੋੜ ਹੈ। ਉਹਨਾਂ ਦੇ ਸਾਰੇ ਚੈਨਲਾਂ ਉੱਪਰ ਸਦਾ ਹੀ ਬੜਾ ਗੂੜ੍ਹਾ ਉਰਦੂ ਬੋਲਿਆ ਜਾਂਦਾ ਹੈ, ਜਿਸ ਦੀ ਬਹੁਤਿਆਂ ਪਾਕਿਸਤਾਨੀਆਂ ਨੂੰ ਵੀ ਸਮਝ ਨਹੀਂ ਆਉਂਦੀ। ਉਹ ਉਰਦੂ ਬੰਦ ਕਰਕੇ ਉਹਨਾਂ ਨੂੰ ਆਪਣੀ ਪੰਜਾਬੀ ਮਾਂ ਬੋਲੀ ਵਿਚ ਆਪਣੇ ਚੈਨਲਾਂ ਉੱਪਰ ਸਾਰੀ ਗੱਲਬਾਤ ਕਰਨੀ ਚਾਹੀਦੀ ਹੈ।ਪਾਕਿਸਤਾਨ ਦੀ ਰਾਸ਼ਟਰ ਭਾਸ਼ਾ ਹੋਣ ਕਰਕੇ, ਚੈਨਲਾਂ ਉੱਪਰ ਕਦੀ ਕਦੀ ਸਾਦਾ ਉਰਦੂ ਬੋਲਿਆ ਜਾਵੇ ਤਾਂ ਉਨਾ ਤਾਂ ਠੀਕ ਹੈ। ਪ੍ਰੰਤੂ, ਸਦਾ ਹੀ ਉਰਦੂ ਬੋਲੀ ਜਾਣਾ! ਪੰਜਾਬੀ ਨੂੰ ਥਾਂ ਹੀ ਨਾ ਦੇਣਾ, ਉਹ ਗ਼ਲਤ ਹੈ। ਪੰਜਾਬੀ ਸਾਡੀ ਮਾਂ ਬੋਲੀ ਹੈ, ਜੇ ਅਸੀਂ ਨਹੀਂ ਪੰਜਾਬੀ ਨੂੰ ਵਰਤਾਂਗੇ ਤਾਂ ਕੌਣ ਵਰਤੇਗਾ? ਜਿਸ ਭਾਸ਼ਾ ਦੀ ਵਰਤੋਂ ਨਾ ਹੋਵੇ, ਉਹ ਭਾਸ਼ਾ 50 ਸਾਲਾਂ ਬਾਅਦ ਲੁਪਤ ਹੋ ਜਾਂਦੀ ਹੈ ਤੇ 100 ਸਾਲ ਬਾਅਦ ਪੂਰੀ ਤਰ੍ਹਾਂ ਹੀ ਮਿਟ ਜਾਂਦੀ ਹੈ। ਇੱਕ ਖੋਜ ਦੇ ਅਨੁਸਾਰ 573 ਭਾਸ਼ਾਵਾਂ ਜਿਹੜੀਆਂ ਜਾਣੀਆਂ ਜਾਂਦੀਆਂ ਸਨ, ਉਹ ਵਿਸ਼ਵ ਵਿੱਚੋਂ ਪੂਰੀ ਤਰਹਾਂ ਲੁਪਤ ਹੋ ਚੁੱਕੀਆਂ ਹਨ। ਉਹਨਾਂ ਨੂੰ ਨਾ ਕੋਈ ਪੜਦਾ ਹੈ, ਨਾ ਕੋਈ ਬੋਲਦਾ ਹੈ। ਇਹਨਾਂ 573 ਭਾਸ਼ਾਵਾਂ ਤੋਂ ਬਿਨਾਂ ਛੋਟੀਆਂ ਛੋਟੀਆਂ ਕਈ ਖੇਤਰੀ ਭਾਸ਼ਾਵਾਂ ਵੀ ਲੁਪਤ ਹੋ ਚੁੱਕੀਆਂ ਹਨ, ਜਿਨ੍ਹਾਂ ਦੇ ਕਿਸੇ ਨੂੰ ਨਾਮ ਤੱਕ ਵੀ ਪਤਾ ਹੀ ਨਹੀਂ ਕਿ ਇਹ ਭਾਸ਼ਾਵਾਂ ਕਦੀ ਹੁੰਦੀਆਂ ਵੀ ਸਨ! ਸੰਸਾਰ ਦੀਆਂ ਕੁੱਲ ਭਾਸ਼ਾਵਾਂ ਕਰੀਬ 7168 ਹਨ, ਜਿਨ੍ਹਾਂ ਵਿੱਚੋਂ ਵਿਸ਼ਵੀਕਰਨ ਹੋਣ ਕਾਰਨ, ਇਸ ਵੇਲੇ 3193 ਜਾਂ 44% ਭਾਸ਼ਾਵਾਂ ਗੰਭੀਰ ਖਤਰੇ ਵਿੱਚ ਹਨ, ਜਿਹੜੀਆਂ 21ਵੀਂ ਸਦੀ ਦੇ ਅਖੀਰ ਤੱਕ ਮੁੱਕ ਸਕਦੀਆਂ ਹਨ। ਯੂਨੈਸਕੋ ਦੇ ਅਨੁਸਾਰ ਭਾਸ਼ਾਵਾਂ ਦੇ ਪੱਖ ਤੋਂ ਭਾਰਤ ਸਭ ਤੋਂ ਵੱਧ ਵਿਵਿਧਤਾ ਵਾਲਾ ਦੇਸ਼ ਹੈ, ਅਤੇ ਭਾਰਤ ਵਿੱਚ ਹੀ ਸਭ ਤੋਂ ਵੱਧ 197 ਭਾਸ਼ਾਵਾਂ ਖਤਰੇ ਵਿੱਚ ਹਨ। ਕਿਸੇ ਵੀ ਇੱਕ ਦੇਸ਼ ਵਿੱਚ ਇਨੀਆਂ ਭਾਸ਼ਾਵਾਂ ਖਤਰੇ ਵਿੱਚ ਨਹੀਂ ਹਨ।

ਭਾਰਤ ਵਿੱਚ ਹੀ ਪਿਛਲੇ ਕੁਝ ਦਹਾਕਿਆਂ ਵਿੱਚ ਕਈ ਭਾਸ਼ਾਵਾਂ ਲੁਪਤ ਹੋ ਗਈਆਂ ਹਨ। ਅੰਡੇਮਾਨ ਦੀਪ ਵਿੱਚ ਬੋ ਨਾਮ ਦੀ ਭਾਸ਼ਾ ਪੂਰੀ ਤਰ੍ਹਾਂ ਲੁਪਤ ਹੋ ਚੁੱਕੀ ਹੈ। ਸਿਕਮ ਵਿੱਚ ਮਾਝੀ ਨਾਮ ਦੀ ਭਾਸ਼ਾ ਦੇ ਬੋਲਣ ਵਾਲੇ ਕੇਵਲ ਚਾਰ ਮਨੁੱਖ ਹੀ ਬਚੇ ਹਨ। ਸਰਕਾਰ ਦੇ ਅੰਕੜਿਆਂ ਅਨੁਸਾਰ 1961 ਵਿੱਚ 1652 ਮਾਂ ਬੋਲੀਆਂ ਨੂੰ ਸਰਕਾਰੀ ਮਾਨਤਾ ਪ੍ਰਾਪਤ ਸੀ, ਜਦ ਕਿ 1971 ਵਿੱਚ ਕੇਵਲ 108 ਮਾਂ ਬੋਲੀਆਂ ਨੂੰ ਹੀ ਮਾਨਤਾ ਪ੍ਰਾਪਤ ਰਹਿ ਗਈ। ਭਾਵ, ਦਸਾਂ ਸਾਲਾਂ ਵਿੱਚ ਹੀ ਇਨੀਆਂ ਮਾਂ ਬੋਲੀਆਂ ਲੁਪਤ ਹੋ ਗਈਆਂ ਜਾਂ ਉਹਨਾਂ ਨੂੰ ਬੋਲਣ ਵਾਲੇ 10,000 ਤੋਂ ਘੱਟ ਗਏ ਕਿ ਸਰਕਾਰ ਨੇ, ਉਹਨਾਂ ਮਾਂ ਬੋਲੀਆਂ ਨੂੰ ਮਾਨਤਾ ਹੀ ਨਹੀਂ ਦਿੱਤੀ।ਭਾਸ਼ਾ ਪਰ ਖੋਜ ਕਰਨ ਵਾਲੇ ਸ੍ਰੀ ਗਨੇਸ਼ ਨਾਥ ਦੇਵੀ ਦੇ ਅਨੁਸਾਰ ਭਾਰਤ ਦੀਆਂ ਕੁੱਲ 780 ਭਾਸ਼ਾਵਾਂ 68 ਲਿੱਪੀਆਂ ਹਨ। ਇੱਕ ਖੋਜ ਅਨੁਸਾਰ ਪਿਛਲੇ 60 ਸਾਲਾਂ ਵਿੱਚ 250 ਭਾਸ਼ਾਵਾਂ, ਭਾਰਤ ਵਿੱਚੋਂ ਲੁਪਤ ਹੋ ਗਈਆਂ ਹਨ ਅਤੇ 150 ਭਾਸ਼ਾਵਾਂ ਅਗਲੇ 50 ਸਾਲਾਂ ਵਿੱਚ ਲੁਪਤ ਹੋਣ ਦਾ ਅੰਦੇਸ਼ਾ ਹੈ।ਜੇ ਅਸੀਂ ਵੀ ਪੰਜਾਬੀ ਦੀ ਵਰਤੋਂ ਨਹੀਂ ਕਰਾਂਗੇ ਤਾਂ ਪੰਜਾਬੀ ਦਾ ਵੀ ਐਸਾ ਹੀ ਹਾਲ ਹੋ ਜਾਵੇਗਾ। ਇਸ ਕਰਕੇ ਪੰਜਾਬੀ ਦੀ ਵਰਤੋਂ ਪਾਕਿਸਤਾਨੀ ਪੰਜਾਬੀਆਂ ਨੂੰ ਅਤੇ ਹਿੰਦੁਸਤਾਨੀ ਪੰਜਾਬੀਆਂ ਨੂੰ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ। ਜੇ ਲੋਕ ਪੰਜਾਬੀ ਬੋਲਦੇ ਰਹਿਣਗੇ, ਆਪਣੇ ਬੋਲ ਚਾਲ ਵਿੱਚ ਵਿਦੇਸ਼ੀ ਭਾਸ਼ਾ ਦੇ ਸ਼ਬਦ ਨਹੀਂ ਵਰਤਣਗੇ ਤਾਂ, ਸਰਕਾਰ ਭਾਵੇਂ ਕਿੰਨਾ ਜ਼ੋਰ ਵੀ ਲਾ ਲਵੇ, ਉਹ ਲੋਕਾਂ ਉੱਪਰ ਕੋਈ ਵੀ ਬਾਹਰਲੀ ਭਾਸ਼ਾ ਥੋਪ ਨਹੀਂ ਸਕਦੀ। ਇਹ ਵੀ ਸਮਝਣ ਦੀ ਲੋੜ ਹੈ ਕਿ ਸਰਕਾਰਾਂ ਦੇ ਵਿੱਚ ਜੋ ਵੱਡੀਆਂ ਪਦਵੀਆਂ ਉੱਤੇ ਸੁਸ਼ੋਭਿਤ ਹੁੰਦੇ ਹਨ ਉਹ ਲੋਕ ਵੀ ਤਾਂ ਆਪਣੇ ਵਿੱਚੋਂ ਹੀ ਗਏ ਹੁੰਦੇ ਹਨ। ਉਹਨਾਂ ਨੂੰ ਵੀ ਬੇਨਤੀ ਕਰਕੇ ਪ੍ਰੇਮ ਸਹਿਤ ਪ੍ਰੇਰਿਆ ਜਾਵੇ ਕਿ ਤੁਸੀਂ ਪੰਜਾਬੀ ਹੋ, ਪੰਜਾਬੀ ਬੋਲੋ, ਪੰਜਾਬੀ ਬਾਰੇ ਕੁਝ ਕਰੋ ਅਤੇ ਵਿਦੇਸ਼ੀ ਭਾਸ਼ਾ ਸਾਡੇ ਉੱਪਰ ਨਾ ਥੋਪੋ। ਪੰਜਾਬੀ ਨੂੰ ਜੀਵਿਤ ਵਿਚ ਰੱਖਣ ਦਾ ਇੱਕ ਸਾਦਾ ਉਪਾਅ। ਜੇ ਕੋਈ ਤੁਹਾਡਾ ਸਬੰਧੀ ਜਾਂ ਮਿੱਤਰ ਆਪਣੀ ਬੋਲਚਾਲ ਵਿੱਚ, ਅੰਗਰੇਜ਼ੀ ਦੇ ਸ਼ਬਦ ਵਰਤਦਾ ਹੋਵੇ ਜਾਂ ਹੋਰ ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦ ਵਰਤਦਾ ਹੋਵੇ ਤਾਂ ਉਸਨੂੰ ਪ੍ਰੇਮ ਸਹਿਤ ਕਹੋ ਕਿ ਤੁਸੀਂ ਪੰਜਾਬੀ ਬੋਲਦੇ ਹੋਏ ਕੇਵਲ ਪੰਜਾਬੀ ਦੇ ਸ਼ਬਦ ਹੀ ਵਰਤੋ। ਪਰ, ਜੇ ਉਹ ਤੁਹਾਨੂੰ ਅੱਗੋਂ ਕਹੇ ਤੁਸੀਂ ਕੇਵਲ ਪੰਜਾਬੀ ਬੋਲਣ ਵਾਸਤੇ ਕੱਟੜ ਹੋ, ਤੁਹਾਨੂੰ ਕੱਟੜ ਨਹੀਂ ਹੋਣਾ ਚਾਹੀਦਾ। ਤਾਂ, ਚੁੱਪ ਨ ਹੋਵੋ। ਉਸਨੂੰ ਕਹੋ ਤੁਸੀਂ ਪੰਜਾਬੀ ਦੇ ਸ਼ਬਦ ਨਾ ਵਰਤਣ ਵਾਸਤੇ ਕੱਟੜ ਹੋ, ਤੁਹਾਨੂੰ ਵੀ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਵਰਤਨ ਵਾਸਤੇ ਕੱਟੜ ਨਹੀਂ ਹੋਣਾ ਚਾਹੀਦਾ।ਸਾਰੇ ਪੰਜਾਬੀਆ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਲੱਗਦੇ ਚਾਰੇ ਕਿਸੇ ਵੀ ਵਿਦੇਸ਼ੀ ਭਾਸ਼ਾ ਦੇ ਸ਼ਬਦ ਆਪਣੀ ਰੋਜਾਨਾ ਬੋਲ ਚਾਲ ਵਿੱਚ ਨਹੀਂ ਵਰਤਣੇ। ਦੁੱਖ ਦੀ ਗੱਲ ਹੈ ਸਾਡੇ ਪੰਜਾਬੀਆਂ ਦੀ ਪ੍ਰਤੀ ਦਿਨ ਦੀ ਬੋਲ ਚਾਲ ਵਿੱਚ ਬਹੁਤ ਸਾਰੇ ਸ਼ਬਦ ਅੰਗਰੇਜ਼ੀ ਦੇ ਆ ਚੁੱਕੇ ਹਨ। ਜਿਹੜੇ ਬੋਲਦਿਆਂ ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਅਸੀਂ ਵਿਦੇਸ਼ੀ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਭੇਡਚਾਲ ਵਿੱਚ ਹੀ ਵਰਤ ਰਹੇ ਹਾਂ। ਜਿਵੇਂ : ਡੈਡੀ, ਅੰਕਲ, ਆਂਟੀ, ਹਸਬੈਂਡ, ਵਾਈਫ, ਬਾਥਰੂਮ, ਗੁੱਡ ਮੌਰਨਿੰਗ, ਗੁੱਡ ਈਵਨਿੰਗ ਆਦਿ। ਜੇ ਅਸੀਂ ਅੱਜ ਇਹਨਾਂ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਨੂੰ ਨਹੀਂ ਰੋਕਾਂਗੇ ਅਤੇ ਆਪਣੇ ਪੰਜਾਬੀ ਸ਼ਬਦਾਂ ਦੀ ਵਰਤੋਂ ਨਹੀਂ ਕਰਾਂਗੇ ਤਾਂ ਸਾਡੇ ਅਸਲੀ ਪੰਜਾਬੀ ਦੇ ਸ਼ਬਦ ਸਦਾ ਲਈ ਲੁਪਤ ਹੋ ਜਾਣਗੇ। ਸਾਡੇ ਵਿੱਚ ਆਤਮ ਸੰਮਾਨ ਨਾ ਹੋਣ ਕਰਕੇ, ਇੰਨੀ ਹੀਣ ਭਾਵਨਾ ਹੈ ਕਿ ਅਸੀਂ ਅੰਕਲ ਆਂਟੀ ਦੀ ਥਾਂ ਉੱਤੇ ਚਾਚਾ ਚਾਚੀ, ਤਾਇਆ ਤਾਈ, ਮਾਮਾ ਮਾਮੀ ਆਖੀਏ ਤਾਂ ਸਾਨੂੰ ਬੋਲਣ ਲੱਗਿਆਂ ਵੀ ਸ਼ਰਮ ਆਉਂਦੀ ਹੈ। ਜੋ ਸਾਡੇ ਚਾਰ ਚੁਫੇਰੇ ਸੱਜਣ ਮਿੱਤਰ ਸਬੰਧੀ ਹੁੰਦੇ ਹਨ: ਉਹ ਵੀ ਸਾਨੂੰ ਭੈੜੀ ਨਿਗਾਹ ਨਾਲ ਵੇਖਦੇ ਹਨ ਕਿ ਇਹ ਅਨਪੜ੍ਹ ਗੰਵਾਰ! ਪੰਜਾਬੀ ਵਿੱਚ ਚਾਚਾ ਚਾਚੀ, ਮਾਮਾ ਮਾਮੀ ਕਿਉਂ ਕਹਿ ਰਿਹਾ ਹੈ? ਇਸ ਹੀਨ ਭਾਵਨਾ ਤੋਂ ਬਚ ਕੇ, ਆਤਮ ਸੰਮਾਨ ਲਿਆ ਕੇ, ਸਾਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਆਪਾਂ ਸਾਰੇ ਹੀ ਆਪਣੀ ਮਾਂ ਬੋਲੀ ਦੇ ਸ਼ਬਦ ਲੱਭ ਲੱਭ ਕੇ ਆਪਣੀ ਰੋਜਾਨਾ ਬੋਲ ਚਾਲ ਵਿੱਚ ਉਹੋ ਸ਼ਬਦ ਹੀ ਵਰਤੀਏ।

## ਪ੍ਰਸ਼ਾਸਕ ਸਲਾਹਕਾਰ ਪ੍ਰੀਸ਼ਦ ਦੀ ਵਾਤਾਵਰਣ ਸਥਾਈ ਕਮੇਟੀ ਦੀ ਪਹਿਲੀ ਮੀਟਿੰਗ ਪਰਿਆਵਰਣ ਭਵਨ ਵਿਖੇ ਹੋਈ

ਚੰਡੀਗੜ੍ਹ, 4 ਅਗਸਤ (ਅੰਮ੍ਰਿਤਪਾਲ ਸਿੰਘ) : ਪ੍ਰਸ਼ਾਸਕ ਸਲਾਹਕਾਰ ਪ੍ਰੀਸ਼ਦ, ਚੰਡੀਗੜ੍ਹ ਦੀ ਨਵੀਂ ਗਠਿਤ ਵਾਤਾਵਰਣ ਸਥਾਈ ਕਮੇਟੀ ਦੀ ਪਹਿਲੀ ਮੀਟਿੰਗ ਅੱਜ ਸੈਕਟਰ-19 ਦੇ ਪਰਿਆਵਰਣ ਭਵਨ ਵਿਖੇ ਹੋਈ।



ਮੀਟਿੰਗ ਦੀ ਪ੍ਰਧਾਨਗੀ ਹਰਿਆਣਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਸ਼੍ਰੀ ਗਿਆਨ ਚੰਦ ਗੁਪਤਾ ਨੇ ਕੀਤੀ।ਮੀਟਿੰਗ ਵਿੱਚ ਕਮੇਟੀ ਦੇ ਉੱਘੇ ਮੈਂਬਰ - ਉਰਵਸ਼ੀ ਗੁਲਾਟੀ, ਆਈਏਐਸ (ਸੇਵਾਮੁਕਤ) ਅਤੇ ਸਾਬਕਾ ਮੁੱਖ ਸਕੱਤਰ, ਹਰਿਆਣਾ, ਜਗਦੀਸ਼ ਵਾਲੀਆ, ਪ੍ਰਧਾਨ, ਲਾਇਨਜ਼ ਕਲੱਬ ਚੰਡੀਗੜ੍ਹ, ਸ਼੍ਰੀ ਹਰੀਓਮ ਵਰਮਾ, ਮੈਨੇਜਿੰਗ ਡਾਇਰੈਕਟਰ, ਰਮਾਨੀ ਗਰੁੱਪ ਆਫ਼ ਕੰਪਨੀਜ਼; ਡਾ. ਰਵਿੰਦਰ ਨਾਥ, ਅਤੇ ਮਨਮੋਹਨ ਖੰਨਾ, ਪ੍ਰਧਾਨ, ਇੰਡੀਅਨ ਇੰਸਟੀਚਿਊਟ ਆਫ਼ ਆਰਕੀਟੈਕਚਰ। ਮੀਟਿੰਗ ਦਾ ਆਯੋਜਨ ਵਾਤਾਵਰਣ ਵਿਭਾਗ ਦੁਆਰਾ ਕੀਤਾ ਗਿਆ ਸੀ, ਅਤੇ ਸੌਰਭ ਕੁਮਾਰ, ਡਾਇਰੈਕਟਰ, ਵਾਤਾਵਰਣ ਨੇ ਚੇਅਰਪਰਸਨ ਅਤੇ ਸਾਰੇ ਮੈਂਬਰਾਂ ਦਾ ਸਵਾਗਤ ਕੀਤਾ। ਮੀਟਿੰਗ ਵਿੱਚ ਚੰਡੀਗੜ੍ਹ ਦੀਆਂ ਮੁੱਖ ਵਾਤਾਵਰਣ ਸਮੱਸਿਆਵਾਂ ਜਿਵੇਂ ਕਿ ਹਵਾ ਅਤੇ ਪਾਣੀ ਪ੍ਰਦੂਸ਼ਣ, ਨਗਰ ਨਿਗਮ ਦੇ ਠੋਸ ਰਹਿੰਦ-ਖੂੰਹਦ ਅਤੇ ਬਾਇਓ-ਮੈਡੀਕਲ ਰਹਿੰਦ-ਖੂੰਹਦ ਦਾ ਨਿਪਟਾਰਾ, ਸੀਵਰੇਜ ਟ੍ਰੀਟਮੈਂਟ, ਨਾਲੀਆਂ ਦੀ ਸੰਭਾਲ ਅਤੇ ਪ੍ਰਬੰਧਨ, ਅਤੇ ਸਿੰਗਲ-ਯੂਜ਼ ਪਲਾਸਟਿਕ 'ਤੇ ਪਾਬੰਦੀ ਅਤੇ ਨਿਯੰਤਰਣ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ। ਵਾਤਾਵਰਣ ਅਨੁਕੂਲ ਹੱਲ ਜਿਵੇਂ ਕਿ ਮੀਂਹ ਦੇ ਪਾਣੀ ਦੀ ਸੰਭਾਲ, ਰੀਚਾਰਜ ਖੂਹਾਂ ਦੀ ਸਥਾਪਨਾ, ਅਤੇ ਊਰਜਾ ਕੁਸ਼ਲਤਾ ਨੂੰ ਉਤਸ਼ਾਹਿਤ ਕਰਨ 'ਤੇ ਵੀ ਵਿਚਾਰ ਕੀਤਾ ਗਿਆ। ਚੇਅਰਮੈਨ ਨੇ ਮੈਂਬਰਾਂ ਨੂੰ ਹਵਾ, ਪਾਣੀ ਅਤੇ ਸ਼ੋਰ ਪ੍ਰਦੂਸ਼ਣ ਨਾਲ ਸਬੰਧਤ ਕਮੀਆਂ ਦੀ ਪਛਾਣ ਕਰਨ ਅਤੇ ਕਾਰਜਕਾਰੀ ਵਿਭਾਗਾਂ ਨੂੰ ਠੋਸ ਸੁਝਾਅ ਦੇਣ ਦੀ ਅਪੀਲ ਕੀਤੀ, ਜਿਨ੍ਹਾਂ ਨੂੰ ਅਗਲੀ ਮੀਟਿੰਗ ਵਿੱਚ ਸਮੀਖਿਆ ਲਈ ਲਿਆ ਜਾ ਸਕਦਾ ਹੈ।


**ਈ-ਨਿਲਾਮੀ ਵਿਕਰੀ ਸੂਚਨਾ**
10.09.2025
11.00 ਵਜੇ ਤੋਂ 16.00 ਵਜੇ

**SBI ਸਟੇਟ ਬੈਂਕ ਆਫ ਇੰਡੀਆ**
ਸਟਰੈਸਡ ਸੰਪੱਤੀ ਵਸੂਲੀ ਸ਼ਾਖਾ, ਤੀਜ਼ੀ ਮੰਜ਼ਿਲ, ਜ਼ੋਨਲ ਬਿਜ਼ਨਸ ਦਫਤਰ ਬਿਲਡਿੰਗ, ਫਾਊਨਟੇਨ ਚੌਕ, ਸਿਵਲ ਲਾਈਨਜ਼, ਲੁਧਿਆਣਾ 141001

**ਈ-ਨਿਲਾਮੀ ਵਿਕਰੀ ਸੂਚਨਾ**
10.09.2025
11.00 ਵਜੇ ਤੋਂ 16.00 ਵਜੇ

**10.09.2025 ਨੂੰ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ 11.00 ਵਜੇ ਤੋਂ 16.00 ਵਜੇ ਤੱਕ,**
**ਈ-ਨਿਲਾਮੀ ਬੰਦ ਹੋਣ 'ਤੇ ਜਾਂ ਇਸ ਤੋਂ ਪਹਿਲਾਂ ਈਐਮਡੀ ਅਤੇ ਦਸਤਾਵੇਜ਼ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ,**
**ਮੈਸ. ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਕੋਲ ਆਪਣੀ ਈ-ਨਿਲਾਮੀ ਸਾਈਟ 'ਤੇ ਰਜਿਸਟਰਡ ਆਪਣੇ ਖੁਦ ਦੇ ਵਾਲਿਟ ਰਾਹੀਂ ਬੋਲੀਕਾਰ : https://baanknet.com ਆਰਟੀਜੀਐਸ/ਐਨਈਐਫਟੀ ਦੇ ਜ਼ਰੀਏ**

**ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ**, 2002 ਦੇ ਤਹਿਤ ਅਚੱਲ/ਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ, ਜਿਸ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਅਤੇ 9 (1) ਦੇ ਉਪਬੰਧ ਦੇ ਨਾਲ ਪੜ੍ਹਿਆ ਜਾਂਦਾ ਹੈ। ਇਸ ਦੁਆਰਾ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੇ ਗਏ ਅਚੱਲ ਜਾਇਦਾਦਾਂ ਜੋ **ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ)** ਨੂੰ ਗਿਰਵੀ ਰੱਖੀਆਂ ਗਈਆਂ ਹਨ, ਇਹਨਾਂ ਜਾਇਦਾਦਾਂ ਦਾ ਉਸਾਰੂ/ਭੌਤਿਕ ਕਬਜ਼ਾ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀਆਂ ਦੁਆਰਾ ਲਿਆ ਗਿਆ ਹੈ, 10.09.2025 ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਵੀ ਉਥੇ ਹੈ" ਦੇ ਆਧਾਰ 'ਤੇ ਵੇਚਿਆ ਜਾਵੇਗਾ, ਹੇਠਾਂ ਦੱਸੇ ਗਏ ਕਰਜ਼ਦਾਰਾਂ/ਜ਼ਾਮਨਾਂ ਤੋਂ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਬਕਾਇਆ ਬੈਂਕ ਬਕਾਏ + ਵਿਆਜ (ਜਿਵੇਂ ਕਿ ਜਾਇਦਾਦਾਂ ਦੇ ਵਿਰੁੱਧ ਹੇਠਾਂ ਦੱਸਿਆ ਗਿਆ ਹੈ) ਦੀ ਵਸੂਲੀ ਲਈ। ਰਿਜ਼ਰਵ ਕੀਮਤ ਅਤੇ ਜਮ੍ਹਾਂ ਬਿਆਨਾ ਰਕਮ ਜਾਇਦਾਦਾਂ ਦੇ ਵਿਰੁੱਧ ਹੇਠਾਂ ਦੱਸੇ ਅਨੁਸਾਰ ਹੋਵੇਗਾ। ਸਾਰੇ ਕਾਨੂੰਨੀ/ਗੈਰ-ਕਾਨੂੰਨੀ ਬਕਾਏ, ਟੈਕਸ, ਦਰਾਂ, ਮੁਲਾਂਕਣ, ਖਰਚੇ, ਫੀਸ ਆਦਿ ਦਾ ਭੁਗਤਾਨ ਕਿਸੇ ਵੀ ਵਿਅਕਤੀ ਦੇ ਕਾਰਨ ਸਿਰਫ਼ ਸਫਲ ਬੋਲੀਕਾਰ ਦੀ ਜ਼ਿੰਮੇਵਾਰੀ ਹੋਵੇਗੀ। ਸਫਲ ਬੋਲੀਕਾਰ ਦੁਆਰਾ ਵਿਕਰੀ ਕੀਮਤ ਦੀ ਕਿਸੇ ਵੀ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ 'ਤੇ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਰਕਮ ਜ਼ਬਤ ਕਰ ਲਈ ਜਾਵੇਗੀ। **ਵਿਕਰੀ ਦੇ ਵੇਰਵੇ ਨਿਯਮ ਅਤੇ ਸ਼ਰਤਾਂ ਹੇਠਾਂ ਦਿੱਤੀਆਂ ਗਈਆਂ ਹਨ/ਵੇਬਸਾਈਟ ਵੇਖੋ: (a) https:sbi.co.in/(b) https://baanknet.com**

**ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ**

| ਲ. ਨੰ. | ਕਰਜ਼ਦਾਰ (ਾਂ)/ ਜ਼ਾਮਨ (ਾਂ) ਦੇ ਨਾਮ | ਬਕਾਇਆ ਰਕਮ | ਸੰਪੱਤੀ/ਆਂ ਦੇ ਵੇਰਵੇ | ਰਾਖਵੀਂ ਕੀਮਤ / ਜਮ੍ਹਾਂ ਬਿਆਨਾ ਰਕਮ (ਈਐਮਡੀ) / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਅਧਿਕਾਰਤ ਅਧਿਕਾਰੀ/ਸੰਪਰਕ ਨੰ. |
|---|---|---|---|---|---|---|
| 1. | 1) ਮੈਸ. ਜੇਜੀ ਐਗਰੋ ਫੂਡ, ਮੁਹੰਮਦ ਵਾਲਾ ਰੋਡ, ਫੋਕਲ ਪੁਆਇੰਟ, ਘੁਬਾਇਆ, ਜਲਾਲਾਬਾਦ (ਪੱਛਮ), ਜ਼ਿਲ੍ਹਾ ਫਾਜ਼ਿਲਕਾ, 2) ਸ੍ਰੀ ਵਿਜੇ ਕੁਮਾਰ (ਭਾਈਵਾਲ) ਪੁੱਤਰ ਸ੍ਰੀ ਅਮਰ ਲਾਲ ਵਾਸੀ ਗਲੀ ਸੁਰਿੰਦਰ ਘੁੱਕ ਐਮ.ਸੀ., ਗਾਂਧੀ ਨਗਰ, ਜਲਾਲਾਬਾਦ (ਪੱਛਮ), ਜਿਲਾ ਫਾਜ਼ਿਲਕਾ, 3) ਸ੍ਰੀ ਪਵਨ ਕੁਮਾਰ (ਭਾਈਵਾਲ) ਪੁੱਤਰ ਲੇਖ ਰਾਜ, ਮਕਾਨ ਨੰ: 1918, ਆਦਰਸ਼ ਨਗਰ, ਗਲੀ ਨੰ: 3, ਜਲਾਲਾਬਾਦ (ਪੱਛਮ), ਜ਼ਿਲ੍ਹਾ ਫਾਜ਼ਿਲਕਾ, ਪੰਜਾਬ, 4) ਸ੍ਰੀ ਖੈਰਤ ਲਾਲ (ਭਾਈਵਾਲ) ਪੁੱਤਰ ਓਮ ਪ੍ਰਕਾਸ਼ ਵਾਸੀ 2098, ਵਾਰਡ ਨੰ: 5, ਦਸ਼ਮੇਸ਼ ਨਗਰ, ਫਾਜ਼ਿਲਕਾ, ਜਿਲ੍ਹਾ ਫਾਜ਼ਿਲਕਾ (5) ਪ੍ਰੀਤਮ ਦਾਸ (ਜ਼ਾਮਨ) ਪੁੱਤਰ ਸ੍ਰੀ ਨਰਾਇਣ ਦਾਸ ਵਾਸੀ 2309, ਵਾਰਡ ਨੰ: 1, ਅਗਰਵਾਲ ਕਲੋਨੀ, ਜਲਾਲਾਬਾਦ (ਪੱਛਮ), ਜ਼ਿਲ੍ਹਾ ਫਾਜ਼ਿਲਕਾ, 6) ਸ਼੍ਰੀਮਤੀ ਸਰੋਜ ਰਾਣੀ (ਜ਼ਾਮਨ) ਪਤਨੀ ਸ੍ਰੀ ਵਿਜੇ ਕੁਮਾਰ ਵਾਸੀ ਗਲੀ ਸੁਰਿੰਦਰ ਘੁੱਕ ਐਮ.ਸੀ., ਗਾਂਧੀ ਨਗਰ (ਜਲਾਲਾਬਾਦ) ਜਿਲ੍ਹਾ ਫਾਜ਼ਿਲਕਾ, 7) ਸ਼੍ਰੀਮਤੀ ਵੀਨਾ ਰਾਣੀ (ਜ਼ਾਮਨ) ਪਤਨੀ ਛਿੰਦਰ ਪਾਲ ਵਾਸੀ 1863, ਗੁਸ਼ਾਲਾ ਰੋਡ, ਟਿੱਬਾ ਸਾਹਬ ਰੋਡ, ਮੁਕਤਸਰ, 8) ਸ੍ਰੀ ਹੰਸ ਰਾਜ (ਜ਼ਾਮਨ) ਪੁੱਤਰ ਸ੍ਰੀ ਰਾਜ ਬਖ਼ਸ਼ ਵਾਸੀ 106, ਗਲੀ ਪੰਮੀ ਮੰਦਰ, ਟਿੱਬਾ ਸਾਹਬ ਰੋਡ ਮੁਕਤਸਰ ਕਾਨੂੰਨੀ ਵਾਰਸਾਂ ਰਾਹੀ...:, ਭੁਪਿੰਦਰ ਕੁਮਾਰ ਪੁੱਤਰ ਮਰਹੂਮ ਸ੍ਰੀ ਹੰਸ ਰਾਜ, ਮਕਾਨ ਨੰ. 106, ਪੰਮੀ ਮੰਦਿਰ ਗਲੀ, ਟਿੱਬਾ ਸਾਹਿਬ ਰੋਡ, ਮੁਕਤਸਰ।, ਸ਼੍ਰੀਮਤੀ ਰੇਣੂ ਬਾਲਾ ਪਤਨੀ ਸ੍ਰੀ ਨਵਲ ਕਿਸ਼ੋਰ, ਆਲਮ ਸ਼ਾਹ ਰੋਡ, ਨੇੜੇ ਬਾਬਾ ਰਾਮਦੇਵ ਮੰਦਰ, ਫਾਜ਼ਿਲਕਾ, ਸ਼੍ਰੀਮਤੀ ਕਿਰਨ ਬਾਲਾ ਪਤਨੀ ਸ੍ਰੀ ਸ਼ਾਮ ਲਾਲ ਨੇੜੇ ਗ੍ਰੀਨ ਪਾਰਕ ਸਟੇਸ਼ਨ, ਗੁਰੂਹਰਸਹਾਏ, ਸ਼੍ਰੀਮਤੀ ਰੇਖਾ ਰਾਣੀ ਪਤਨੀ ਸਵ. ਸ੍ਰੀ ਰਮੇਸ਼ ਕੁਮਾਰ, ਮੀਰਾ ਚੌਂਕ, ਗਲੀ ਨੰ: 2, ਸ੍ਰੀ ਗੰਗਾਨਗਰ | Rs. 9,14,54,966/- (ਰੁ. ਨੌਂ ਕਰੋੜ ਚੌਦਾਂ ਲੱਖ ਚੁਰੰਜਾ ਹਜ਼ਾਰ ਨੌਂ ਸੌ ਛਿਆਹਠ ਕੇਵਲ) ਮਿਤੀ 19.01.2017 ਅਨੁਸਾਰ ਜਮ੍ਹਾਂ ਅਗਲੇਰੇ ਵਿਆਜ ਅਤੇ ਹੋਰ ਬਣਦੇ ਖਰਚੇ | ਜਾਇਦਾਦ 1: ਜਾਇਦਾਦ ਆਈਡੀ- SBIN0527100423: ਬਸਤੀ ਭਵਨਪੁਰਾ, ਪਿਛੇ ਅਨਾਜ ਮੰਡੀ, ਜਲਾਲਾਬਾਦ (ਪੱਛਮ), ਫਾਜ਼ਿਲਕਾ ਵਿਖੇ ਸਥਿਤ ਵਸੀਕਾ ਨੰ. 2259 ਮਿਤੀ 22.07.2011 ਦੇ ਅਧੀਨ ਖੈਰਾਤ ਲਾਲ ਪੁੱਤਰ ਓਮ ਪ੍ਰਕਾਸ਼ ਦੇ ਨਾਮ 'ਤੇ 3 ਕਨਾਲ 2 ਮਰਲੇ ਮਾਪ ਵਾਲਾ **ਵਪਾਰਕ/ਰਿਹਾਇਸ਼ੀ ਪਲਾਟ।** ਕਬਜ਼ੇ ਦੀ ਮਿਤੀ: 21.08.2018 | Property No. 1: Rs. 43,74,000/- / Rs. 4,37,400/- / Rs. 25,000/- | 02.09.2025 11:00 Hrs to 15:00 Hrs | ਨਾਮ : ਜੈਬੀਰ ਸਿੰਘ (ਸੀ.ਐਲ.ਓ.) Mobile No. 99881-92220; ਨਾਮ : ਸ਼ਿਵਮਦੀਪ ਸਿੰਘ (ਸੀ.ਸੀ.ਓ.) Mobile No. 95927-48964 |
| | | | ਜਾਇਦਾਦ 2: ਜਾਇਦਾਦ ਆਈਡੀ- SBIN0527100425: ਮੁਕਤਸਰ ਰੋਡ, ਜੇਪੀ ਪੈਲੇਸ ਦੇ ਸਾਹਮਣੇ, ਜਲਾਲਾਬਾਦ (ਪੱਛਮ), ਜ਼ਿਲ੍ਹਾ ਫਾਜ਼ਿਲਕਾ ਵਿਖੇ ਸਥਿਤ ਵਸੀਕਾ 3679 ਮਿਤੀ 04.02.2004 ਦੇ ਅਧੀਨ ਸ੍ਰੀ ਵਿਜੇ ਕੁਮਾਰ ਪੁੱਤਰ ਸ੍ਰੀ ਅਮਰ ਲਾਲ ਦੇ ਨਾਮ 'ਤੇ 0.50 ਮਰਲੇ ਮਾਪ ਵਾਲੀ ਦੁਕਾਨ। ਕਬਜ਼ੇ ਦੀ ਮਿਤੀ: 21.08.2018 | Property No. 2: Rs. 6,37,000/- / Rs. 63,700/- / Rs. 10,000/- | 02.09.2025 11:00 Hrs to 15:00 Hrs | |
| 2. | ਮੈਸ. ਹੰਸ ਰਾਜ ਐਂਡ ਸੰਨਜ਼, ਸਾਹਮਣੇ ਸਦਰ ਥਾਣਾ ਅਬੋਹਰ, ਜਿਲਾ ਫਾਜ਼ਿਲਕਾ, ਸ੍ਰੀ ਵੇਦ ਪ੍ਰਕਾਸ਼ ਅਨੇਜਾ (ਪ੍ਰੋਪ.) ਮਕਾਨ ਨੰ. 113, ਗਲੀ ਨੰ. 3, ਨਾਨਕ ਨਗਰੀ, ਅਬੋਹਰ, ਸ੍ਰੀ ਸਾਗਰ ਅਨੇਜਾ (ਜ਼ਾਮਨ) ਪੁੱਤਰ ਸ੍ਰੀ ਵੇਦ ਪ੍ਰਕਾਸ਼ ਅਨੇਜਾ, ਮਕਾਨ ਨੰ. 113, ਗਲੀ ਨੰ. 3, ਨਾਨਕ ਨਗਰੀ, ਅਬੋਹਰ | Rs. 39,57,414/- (ਰੁ. ਉਨਤਾਲੀ ਲੱਖ ਸਤਵੰਜਾ ਹਜ਼ਾਰ ਚਾਰ ਸੌ ਚੌਦਾਂ ਕੇਵਲ) ਮਿਤੀ 01.09.2021 ਅਨੁਸਾਰ ਜਮ੍ਹਾਂ ਅਗਲੇਰੇ ਵਿਆਜ ਅਤੇ ਹੋਰ ਬਣਦੇ ਖਰਚੇ | ਜਾਇਦਾਦ ਆਈਡੀ: SBIN0527100366: ਵਿਕਰੀ ਡੀਡ ਨੰਬਰ 280 ਮਿਤੀ 13/04/2007 ਦੇ ਅਧੀਨ ਸ੍ਰੀ ਸਾਗਰ ਅਨੇਜਾ ਸਪੁੱਤਰ ਸ੍ਰੀ ਵੇਦ ਪ੍ਰਕਾਸ਼ ਦੇ ਨਾਮ 'ਤੇ ਤਾਜ ਮਾਰਬਲਜ਼ ਦੇ ਪਿਛੇ, ਮਲੋਟ-ਅਬੋਹਰ ਬਾਈਪਾਸ, ਅਬੋਹਰ ਵਿਖੇ ਸਥਿਤ ਸਾਲ 2000-01 ਦੀ ਜਮ੍ਹਾਂਬੰਦੀ ਅਨੁਸਾਰ ਮੁਰੱਬਾ ਨੰਬਰ 375, ਕਿਲ੍ਹਾ ਨੰਬਰ 15(7-12), ਖੇਵਟ ਨੰਬਰ 2814 ਦੇ 75/304 ਹਿੱਸੇ ਵਜੋਂ 1 ਕਨਾਲ 17.5 ਮਰਲੇ (1134.37 ਵਰਗ ਗਜ਼) ਮਾਪ ਵਾਲਾ ਖੁੱਲ੍ਹਾ ਪਲਾਟ। ਕਬਜ਼ੇ ਦੀ ਮਿਤੀ: 23.11.2021 | Rs. 23,90,000/- / Rs. 2,39,000/- / Rs. 25,000/- | 03.09.2025 11:00 Hrs to 15:00 Hrs | ਨਾਮ : ਜੈਬੀਰ ਸਿੰਘ (ਸੀ.ਐਲ.ਓ.) Mobile No. 99881-92220; ਨਾਮ : ਸ਼ਿਵਮਦੀਪ ਸਿੰਘ (ਸੀ.ਸੀ.ਓ.) Mobile No. 95927-48964 |
| 3. | ਮੈਸ. ਸਮਾਰਟ ਗਰੁੱਪ ਆਫ਼ ਇੰਡੀਆ, ਸਚਦੇਵਾ ਕੰਡਾ ਦੇ ਸਾਹਮਣੇ, ਜਲਲੇਆਣਾ ਰੋਡ, 9 ਕੋਟਕਪੂਰਾ ਜ਼ਿਲ੍ਹਾ ਫ਼ਰੀਦਕੋਟ 151204, ਸ੍ਰੀ ਸਿਮਰਜੀਤ ਸਿੰਘ (ਪ੍ਰੋਪ.) ਪੁੱਤਰ ਆਤਮਾ ਸਿੰਘ ਵਾਸੀ ਐਫ-ਲੂਜ਼ ਨੰ: 291, 1 ਮੁਕਤਸਰ ਰੋਡ ਗਲੀ ਨੰ: 3, ਮੁਹੱਲਾ ਸੁਰਗਪੁਰੀ, ਜ਼ਿਲ੍ਹਾ ਫਰੀਦਕੋਟ, 151204, ਸ੍ਰੀ ਅਮਨਪ੍ਰੀਤ ਸਿੰਘ (ਜ਼ਾਮਨ) ਪੁੱਤਰ ਅਮਰਜੀਤ ਸਿੰਘ ਵਾਸੀ ਮਕਾਨ ਨੰ.291, ਮੁਕਤਸਰ ਰੋਡ, ਗਲੀ ਨੰ.3 ਮੁਹੱਲਾ ਸੁਰਗਾਪੁਰੀ, ਕੋਟਕਪੂਰਾ ਜਿਲਾ ਫਰੀਦਕੋਟ-151204, ਸ੍ਰੀ ਆਤਮਾ ਸਿੰਘ (ਜ਼ਾਮਨ) ਪੁੱਤਰ ਸ੍ਰੀ ਲਛਮਣ ਸਿੰਘ ਵਾਸੀ ਮਕਾਨ ਨੰ.291, ਮੁਹੱਲਾ ਸੁਰਗਾਪੁਰੀ, ਮੁਹੱਲਾ ਨੰ.3, ਮੁਹੱਲਾ ਸੁਰਗਾਪੁਰੀ ਕੋਟਕਪੂਰਾ ਜ਼ਿਲ੍ਹਾ ਫਰੀਦਕੋਟ - 151204 | Rs. 24,86,959/- (ਰੁ. ਚੌਵੀ ਲੱਖ ਛਿਆਸੀ ਹਜ਼ਾਰ ਨੌਂ ਸੌ ਉਨਾਹਠ ਕੇਵਲ) ਮਿਤੀ 16.01.2024 ਅਨੁਸਾਰ ਜਮ੍ਹਾਂ ਅਗਲੇਰੇ ਵਿਆਜ ਅਤੇ ਹੋਰ ਬਣਦੇ ਖਰਚੇ | ਜਾਇਦਾਦ 1: ਜਾਇਦਾਦ ਆਈਡੀ- SBIN0527100449: 7 ਮਰਲੇ ਦਾ ਪਲਾਟ 19 ਕਨਾਲ 19 ਮਰਲੇ ਦੇ 7/399 ਹਿੱਸੇ ਵਜੋਂ ਸ਼ਾਮਲ, ਖਸਰਾ ਨੰਬਰ 1499/2/3-5,1500/2/16-14, ਖੇਵਟ ਨੰਬਰ 358, ਯੂਨੀਕ ਪਬਲਿਕ ਸਕੂਲ ਦੇ ਨੇੜੇ, ਸੁਰਗਾਪੁਰੀ, ਮੁਕਤਸਰ ਰੋਡ, ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ, ਸ੍ਰੀ ਆਤਮਾ ਸਿੰਘ ਪੁੱਤਰ ਸ੍ਰੀ ਲਛਮਣ ਸਿੰਘ ਦੇ ਨਾਮ 'ਤੇ ਵਿਕਰੀ ਡੀਡ ਨੰਬਰ 665 ਮਿਤੀ 25.05.2005 ਰਾਹੀਂ। ਕਬਜ਼ੇ ਦੀ ਮਿਤੀ: 17.05.2024 | Property No. 1: Rs. 10,23,000/- / Rs. 1,02,300/- / Rs. 25,000/- | 04.09.2025 11:00 Hrs to 15:00 Hrs | ਨਾਮ : ਜੈਬੀਰ ਸਿੰਘ (ਸੀ.ਐਲ.ਓ.) Mobile No. 99881-92220; ਨਾਮ : ਸ਼ਿਵਮਦੀਪ ਸਿੰਘ (ਸੀ.ਸੀ.ਓ.) Mobile No. 95927-48964 |
| | | | ਜਾਇਦਾਦ 2: ਜਾਇਦਾਦ ਆਈਡੀ- SBIN0527100450: ਬੂਥ ਨੰਬਰ 78 (ਮਾਪ 10' x 30.4-1/2') ਨਵੀਂ ਅਨਾਜ ਮੰਡੀ, ਕੋਟਕਪੂਰਾ ਵਿਖੇ ਸਥਿਤ ਸ੍ਰੀ ਅਮਨਪ੍ਰੀਤ ਸਿੰਘ। ਪੁੱਤਰ ਸ੍ਰੀ ਅਮਰਜੀਤ ਸਿੰਘ ਦੇ ਨਾਮ 'ਤੇ ਟ੍ਰਾਂਸਫਰ ਡੀਡ ਨੰਬਰ 2018-19/41/1/241 ਮਿਤੀ 16.08.2018 ਰਾਹੀਂ। ਕਬਜ਼ੇ ਦੀ ਮਿਤੀ: 17.05.2024 | Property No. 2: Rs. 8,23,000/- / Rs. 82,300/- / Rs. 10,000/- | 04.09.2025 11:00 Hrs to 15:00 Hrs | |

**ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 9 (1) ਅਤੇ 8(6) ਦੇ ਤਹਿਤ ਉਪਰੋਕਤ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਨੂੰ 30 ਦਿਨਾਂ ਦਾ ਨੋਟਿਸ ਵੀ ਹੈ।**

**ਸਰਫਾਇਸੀ ਐਕਟ 2, 2002 ਦੇ ਉਪਬੰਧਾਂ ਦੇ ਅਨੁਸਾਰ, ਹੁਣ ਬੈਂਕ ਦੇ ਕਬਜ਼ੇ ਵਿੱਚ ਅਚੱਲ ਸੰਪੱਤੀਆਂ ਨੂੰ ਜਨਤਕ ਈ-ਨਿਲਾਮੀ ਰਾਹੀਂ ਵੇਚਣ ਦਾ ਪ੍ਰਸਤਾਵ ਹੈ ਜੋ 10.09.2025 ਨੂੰ ਸਵੇਰੇ 11.00 ਵਜੇ https://baanknet.com ਰਾਹੀਂ ਹੋਵੇਗੀ। ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਵੈੱਬਸਾਈਟਾਂ ਵੇਖੋ: https://baanknet.com**

ਮਿਤੀ: 05.08.2025 ਸਥਾਨ: ਲੁਧਿਆਣਾ ਅਧਿਕਾਰਤ ਅਧਿਕਾਰੀ, ਸਟੇਟ ਬੈਂਕ ਆਫ ਇੰਡੀਆ

## ਰੋਜ਼ਾਨਾ ਚੜ੍ਹਦੀਕਲਾ ਸਿਹਤ ਖ਼ਬਰਨਾਮਾ

# ਲਾਲ ਸੇਬ ਨਾਲੋਂ ਜ਼ਿਆਦਾ ਤਾਕਤਵਰ ਹੈ ਹਰਾ ਸੇਬ

ਬਹੁਤ ਸਾਰੇ ਲੋਕ ਸਵੇਰੇ ਖ਼ਾਲੀ ਪੇਟ ਨਾਸ਼ਤੇ ਤੋਂ ਪਹਿਲਾਂ ਲਾਲ ਸੇਬ ਦਾ ਸੇਵਨ ਕਰਦੇ ਹਨ। ਇਸ ਤੋਂ ਇਲਾਵਾ, ਬੀਮਾਰਾਂ ਨੂੰ ਵੀ ਲਾਲ ਸੇਬ ਖੁਆਏ ਜਾਂਦੇ ਹਨ। ਪਰ, ਕੀ ਤੁਸੀਂ ਜਾਣਦੇ ਹੋ ਕਿ ਬਾਜ਼ਾਰ ਵਿਚ ਹਰੇ ਸੇਬ ਵੀ ਮਿਲਦੇ ਹਨ। ਹਰੇ ਸੇਬ ਨੂੰ ਲਾਲ ਸੇਬ ਨਾਲੋਂ ਵਧੇਰੇ ਸ਼ਕਤੀਸ਼ਾਲੀ ਮੰਨਿਆ ਜਾਂਦਾ ਹੈ। ਇਕ ਖੋਜ ਅਨੁਸਾਰ, ਹਰਾ ਸੇਬ ਕੈਂਸਰ ਵਰਗੀਆਂ ਘਾਤਕ ਬੀਮਾਰੀਆਂ ਤੋਂ ਬਚਾ ਸਕਦਾ ਹੈ।



**ਹੀਮੋਗਲੋਬਿਨ ਵਧਾਉਣ ਵਿਚ ਮਦਦ ਕਰਦਾ :** ਸੇਬ ਵਿਚ ਬਹੁਤ ਸਾਰਾ ਆਇਰਨ ਹੁੰਦਾ ਹੈ, ਜੋ ਸਰੀਰ ਵਿਚ ਹੀਮੋਗਲੋਬਿਨ ਵਧਾਉਣ ਵਿਚ ਮਦਦ ਕਰਦਾ ਹੈ। ਲਾਲ ਸੇਬ ਵਿਚ ਘੁਲਣਸ਼ੀਲ ਫ਼ਾਈਬਰ ਮਿਲ ਜਾਂਦਾ ਹੈ, ਜੋ ਪੇਟ ਦੇ ਅੰਦਰ ਚੰਗੇ ਬੈਕਟੀਰੀਆ ਨੂੰ ਉਤਸ਼ਾਹਤ ਕਰਦਾ ਹੈ। ਇਸ ਤੋਂ ਇਲਾਵਾ ਗਰਮੀਆਂ ਵਿਚ ਮਿਲਣ ਵਾਲੇ ਹਰੇ ਸੇਬਾਂ ਵਿਚ ਘੁਲਣਸ਼ੀਲ ਫ਼ਾਈਬਰ ਵੱਡੀ ਮਾਤਰਾ ਵਿਚ ਮਿਲ ਜਾਂਦਾ ਹੈ। ਜੇਕਰ ਤੁਸੀਂ ਹਰ ਰੋਜ਼ ਇਕ ਹਰਾ ਸੇਬ ਖਾਂਦੇ ਹੋ ਤਾਂ ਇਸ ਨਾਲ ਕੈਂਸਰ ਹੋਣ ਦੀ ਸੰਭਾਵਨਾ ਖ਼ਤਮ ਹੋ ਸਕਦੀ ਹੈ।

**ਸੇਬ ਖਾਣ ਨਾਲ ਅਨੀਮੀਆ ਨਹੀਂ ਹੁੰਦਾ :** ਡਾਕਟਰਾਂ ਅਨੁਸਾਰ, ਸੇਬ ਵਿਚ ਫ਼ਾਈਬਰ ਹੁੰਦਾ ਹੈ, ਜੋ ਸਰੀਰ ਲਈ ਚੰਗਾ ਹੁੰਦਾ ਹੈ। ਇਸ ਵਿਚ ਆਇਰਨ ਭਰਪੂਰ ਮਾਤਰਾ ਵਿਚ ਹੁੰਦਾ ਹੈ, ਇਸ ਲਈ ਸੇਬ ਖਾਣ ਨਾਲ ਅਨੀਮੀਆ ਨਹੀਂ ਹੁੰਦਾ। ਇਸ ਵਿਚ ਵਿਟਾਮਿਨ ਸੀ ਹੁੰਦਾ ਹੈ ਜੋ ਸਾਡੀ ਇਮਿਊਨਿਟੀ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਵਿਚ ਦੋਵੇਂ ਤਰ੍ਹਾਂ ਦੇ ਫ਼ਾਈਬਰ ਹੁੰਦੇ ਹਨ ਜੋ ਪਾਚਨ ਕਿਰਿਆ ਲਈ ਵਧੀਆ ਹੁੰਦੇ ਹਨ। ਸੇਬਾਂ ਵਿਚ ਘੁਲਣਸ਼ੀਲ ਫ਼ਾਈਬਰ ਹੁੰਦਾ ਹੈ ਅਤੇ ਹਰੇ ਸੇਬਾਂ ਵਿਚ ਇਹ ਹੋਰ ਵੀ ਜ਼ਿਆਦਾ ਹੁੰਦਾ ਹੈ।

**ਪੇਟ ਵਿਚ ਚੰਗੇ ਬੈਕਟੀਰੀਆ ਵਧਣਗੇ :** ਜੇਕਰ ਤੁਸੀਂ ਗਰਮੀਆਂ ਵਿਚ ਹਰਾ ਸੇਬ ਖਾਂਦੇ ਹੋ, ਤਾਂ ਪੇਟ ਵਿਚ ਚੰਗੇ ਬੈਕਟੀਰੀਆ ਵਧਣਗੇ ਅਤੇ ਅੰਤੜੀਆਂ ਦੀ ਸੋਜ ਘੱਟ ਜਾਵੇਗੀ। ਤੁਹਾਨੂੰ ਅਲਸਰ ਤੋਂ ਰਾਹਤ ਮਿਲੇਗੀ। ਹਰੇ ਸੇਬ ਖਾਣ ਨਾਲ ਪੇਟ ਦੇ ਕੈਂਸਰ ਦੀ ਸੰਭਾਵਨਾ ਨੂੰ ਠੀਕ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਜਿਹੜੇ ਲੋਕ ਕੈਂਸਰ ਥੈਰੇਪੀ ਕਰਵਾ ਰਹੇ ਹਨ, ਉਨ੍ਹਾਂ ਨੂੰ ਹਰਾ ਸੇਬ ਖਾਣਾ ਚਾਹੀਦਾ ਹੈ, ਇਸ ਨਾਲ ਥੈਰੇਪੀ ਤੇਜ਼ੀ ਨਾਲ ਕੰਮ ਕਰਦੀ ਹੈ।

# ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ 120 ਵੇਂ ਜਨਮ ਦਿਹਾੜੇ ਮੌਕੇ ਦੂਜੇ ਦਿਨ ਵੱਡੀ ਗਿਣਤੀ 'ਚ ਸੰਗਤ ਨੇ ਕੀਤੀ ਸ਼ਿਰਕਤ

## *ਸੰਤ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਵਿਚਾਰਾਂ ਨਾਲ ਕੀਤਾ ਨਿਹਾਲ*



ਭਾਦਸੋਂ, 4 ਅਗਸਤ (ਭਰਪੂਰ ਸਿੰਘ ਮੱਟਰਾਂ) : ਰਾੜਾ ਸਾਹਿਬ ਸੰਪ੍ਰਦਾਇ ਦੇ ਬਾਨੀ ਬ੍ਰਹਮ ਗਿਆਨੀ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ 120ਵਾਂ ਜਨਮ ਦਿਹਾੜਾ ਦੇ ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਜਨਮ ਅਸਥਾਨ ਪਿੰਡ ਆਲੋਵਾਲ ਜ਼ਿਲ੍ਹਾ ਪਟਿਅਲਾ ਵਿਖੇ ਸਥਿਤ ਗੁਰਦੁਆਰਾ ਈਸ਼ਰਸਰ ਸਾਹਿਬ ਵਿਖੇ ਰਾੜਾ ਸਾਹਿਬ ਸੰਪ੍ਰਦਾਇ ਦੇ ਮੌਜੂਦਾ ਮੁਖੀ ਸੰਤ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਹੇਠ ਅਸਥਾਨ ਦੇ ਮੁੱਖ ਸੇਵਾਦਾਰ ਬਾਬਾ ਗੁਰਮੁੱਖ ਸਿੰਘ ਆਲੋਵਾਲ,ਸੰਤ ਆਸ਼ਰਮ ਧਬਲਾਨ ਦੇ ਮੁਖੀ ਬਾਬਾ ਰੌਸ਼ਨ ਸਿੰਘ ਦੇ ਸੁੱਚਜੇ ਪ੍ਰਬੰਧਾਂ ਹੇਠ ਗੁਰਮਿਤ ਸਮਾਗਮ ਕਰਵਾਇਆ ਜਾ ਰਿਹਾ ਹੈ। ਸਮਾਗਮ ਦੇ ਦੂਜੇ ਦਿਨ ਸੰਤ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਂਹੀ ਸ਼ਬਦ ਗੁਰੂ ਨਾਲ ਜੋੜਿਆ। ਉਨਾਂ ਸੰਗਤਾਂ ਨੂੰ ਪ੍ਰਵਚਨਾਂ ਨਾਲ ਨਿਹਾਲ ਕਰਦਿਆਂ ਦੱਸਿਆ ਕਿ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਜਿੱਥੇ ਸਿੱਖੀ ਦਾ ਪ੍ਰਚਾਰ ਕੀਤਾ ਉਥੇ ਉਨਾਂ ਲੱਖਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੰਘ ਸਜਣ ਲਈ ਪ੍ਰੇਰਿਤ ਕੀਤਾ। ਉਨਾਂ ਆਪਣਾ ਸਾਰਾ ਜੀਵਨ ਸਿੱਖ ਪੰਥ ਦੇ ਪ੍ਰਚਾਰ ਤੇ ਪਸਾਰ ਲਈ ਲਗਾ ਦਿੱਤਾ। ਸਮਾਗਮ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੇ ਵਿਸ਼ੇਸ ਤੌਰ 'ਤੇ ਹਾਜ਼ਰੀ ਲਗਵਾਈ।ਇਸ ਦੌਰਾਨ ਸੰਤ ਬਾਬਾ ਮਾਨ ਸਿੰਘ ਪਿਹੋਵੇ ਵਾਲੇ, ਬਾਬਾ ਸਤਿਨਾਮ ਸਿੰਘ ਸਿੱਧਸਰ ਵਾਲੇ, ਸੰਤ ਬਾਬਾ ਰਣਜੀਤ ਸਿੰਘ ਢੀਂਗੀ, ਸੰਤ ਹਰਚੰਦ ਸਿੰਘ ਠਾਠ ਸਿਆੜ,ਭਾਈ ਗੁਰਮੀਤ ਸਿੰਘ ਫਤਿਹਗੜ ,ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ,ਐਡਵੋਕੇਟ ਸਤਵੀਰ ਸਿੰਘ ਖੱਟੜਾ , ਭਾਈ ਵਿਸਾਖਾ ਸਿੰਘ ਕਲਿਆਣ ਵਾਲੇ,ਭਾਈ ਗੁਰਪ੍ਰੀਤ ਸਿੰਘ ਕਥਾ ਵਾਚਕ,ਕਥਾਵਾਚਕ ਭਾਈ ਰਾਜਿੰਦਰਪਾਲ ਸਿੰਘ ਨਾਭਾ ਬਾਬਾ ਬਲਵੀਰ ਸਿੰਘ ਸੁਰਾਜਪੁਰ,ਬਾਬਾ ਨਾਜਰ ਸਿੰਘ, ਡਾ.ਗੁਰਮੀਤ ਸਿੰਘ ਪ੍ਰਿੰਸੀਪਲ ਧੰਗੇੜਾ ਸਕੂਲ ਭਾਈ ਮਨਿੰਦਰ ਸਿੰਘ,ਭਾਈ ਹਰਨੂਰ ਸਿੰਘ,ਭਾਈ ਲਵਪ੍ਰੀਤ ਸਿੰਘ,ਬੀਬਾ ਕੁਲਵੰਤ ਕੌਰ, ਬੀਬਾ ਬਲਜਿੰਦਰ ਕੌਰ,ਭਾਈ ਗੁਰਦੇਵ ਸਿੰਘ ਸਿੰਘ ਪਟਿਆਲਾ,ਭਾਈ ਸਿਮਰਨਜੀਤ ਸਿੰਘ ਓਟਸਰ ,ਬਾਬਾ ਪ੍ਰੇਮ ਸਿੰਘ ਕਲਿਆਣ, ਭਾਈ ਹਰਪ੍ਰੀਤ ਸਿੰਘ ਸੁਖਾਣੇ ਵਾਲੇ ,ਕਮਲਦੀਪ ਸਿੰਘ, ਭਾਈ ਪੁਸ਼ਪਿੰਦਰ ਸਿੰਘ ਪਾਉਂਟਾ ਸਾਹਿਬ,ਭਾਈ ਰਸ਼ਪਾਲ ਸਿੰਘ ਮਰਦਾਪੁਰ,ਬਿਕਰਮ ਸਿੰਘ ਰੋੜੇਵਾਲ, ਗੁਰਦੁਆਰਾ ਰਾੜਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਅਜਵਿੰਦਰ ਸਿੰਘ, ਸੰਤ ਬਾਬਾ ਰਣਜੀਤ ਸਿੰਘ ਢੀਂਗੀ, ਗਿਆਨੀ ਰਾਜਿੰਦਰਪਾਲ ਸਿੰਘ ਨਾਭਾ, ਬਾਬਾ ਸੇਵਾ ਸਿੰਘ ਨਾਨਕਸਰ ਕਲੇਰਾਂ, ਭਾਈ ਮਨਵੀਰ ਸਿੰਘ ਰਾੜਾ ਸਾਹਿਬ,ਭਾਈ ਰਣਧੀਰ ਸਿੰਘ ,ਭਾਈ ਅਰਸ਼ਨੂਰ ਸਿੰਘ ,ਬਾਬਾ ਅਮਰਜੀਤ ਸਿੰਘ ਫਰੀਦਪੁਰ, ਸੰਤ ਰਣਯੋਧ ਸਿੰਘ ਢੈਂਠਲ,ਬਾਬਾ ਗੋਦਾ ਸਿੰਘ ਨੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਦਿਆਂ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਜੀਵਨ ਸਬੰਧੀ ਕਥਾਂ ਵਿਚਾਰਾਂ ਕੀਤੀਆਂ। ਇਸ ਦੌਰਾਨ ਦਿ ਪਟਿਆਲਾ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਕੰਗ, ਬੱਬੀ ਟਿਵਾਣਾ, ਰਣਧੀਰ ਸਿੰਘ ਟਿਵਾਣਾ, ਸਰਪੰਚ ਧਰਮਜੀਤ ਸਿੰਘ ,ਦਲਜਿੰਦਰ ਸਿੰਘ ਗੁਰਨਾ , ਗਿਆਨੀ ਸਮਸ਼ੇਰ ਸਿੰਘ,ਕਰਨੈਲ ਸਿੰਘ,ਕਰਨੈਲ ਸਿੰਘ ਮਟੋਰੜਾ ਸਮੇਤ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਸੀ । ਸਟੇਜ ਸਕੱਤਰ ਦੀ ਭੂਮਿਕਾ ਰਣਧੀਰ ਸਿੰਘ ਢੀਡਸਾ ਨੇ ਨਿਭਾਈ । ਇਸ ਦੌਰਾਨ ਵੱਡੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਲਈ ਥਾਂ-ਥਾਂ 'ਤੇ ਗੁਰੂ ਕਾ ਲੰਗਰ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਦਾ ਪ੍ਰਬੰਧ ਕੀਤਾ ਗਿਆ ਸੀ।

# ਵਖਰੇਵੇਂ ਛੱਡ ਕੇ ਸ਼ਤਾਬਦੀ ਸਮਾਗਮ ਸਾਰੇ ਸੰਸਾਰ ਵਿੱਚ ਕਰਵਾਏ ਜਾਣ : ਸਿੱਖ ਚਿੰਤਕ ਭਗਵਾਨ ਸਿੰਘ ਜੌਹਲ

ਲੰਡਨ, 4 ਅਗਸਤ (ਚ.ਨ.ਸ.): ਬਰਤਾਨੀਆ ਦੇ ਉਘੇ ਧਾਰਮਿਕ ਅਸਥਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਲੰਡਨ ਵਿਖੇ ਇਕ ਵਿਸ਼ੇਸ਼ ਧਾਰਮਿਕ ਸਮਾਗਮ ਨੂੰ ਸੰਬੋਧਨ ਕਰਦਿਆਂ ਉਘੇ ਸਿੱਖ ਚਿੰਤਕ, ਪੰਥਕ ਬੁਲਾਰੇ ਤੇ ਲੇਖਕ ਭਗਵਾਨ ਸਿੰਘ ਜੌਹਲ ਨੇ ਕਿਹਾ ਕਿ ਸਮੁੱਚੇ ਸਿੱਖ ਜਗਤ ਮਾਨਵਤਾ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ 350 ਸਾਲਾ ਸ਼ਤਾਬਦੀ ਵਰ੍ਹੇ ਦੇ ਵੱਡੇ ਵੱਡੇ ਗੁਰਮਤਿ ਸਮਾਗਮ ਕਰਵਾ ਰਿਹਾ ਹੈ। ਭਾਰਤ ਦੇ ਵੱਖ-ਵੱਖ ਸੂਬਿਆਂ ਅਤੇ ਪੰਜਾਬ ਦੇ ਸਾਰੇ ਉਹ ਅਸਥਾਨ ਜੋ ਨੌਵੇਂ ਪਾਤਿਸ਼ਾਹ ਦੇ ਚਰਨ ਛੋਹ ਪ੍ਰਾਪਤ ਅਸਥਾਨ ਹਨ, ਉਨ੍ਹਾਂ ਸਾਰੇ ਗੁਰਦੁਆਰਾ ਸਾਹਿਬਾਨ ਵਿਖੇ ਉਹ ਚਿਰ ਸਥਾਈ ਅਤੇ ਸਦੀਵੀਂ ਯਾਦਗਾਰ ਸ਼ਤਾਬਦੀ ਗੁਰਮਤਿ ਸਮਾਗਮ ਕਰਵਾ ਕੇ, ਇਤਿਹਾਸ ਹਵਾਲਿਆਂ ਮੁਤਾਬਕ ਗੁਰੂ ਸਾਹਿਬ ਦੀ ਸ਼ਹਾਦਤ ਸਬੰਧੀ ਭਰਮ-ਭੁਲੇਖਿਆਂ ਅਤੇ ਇਤਿਹਾਸਕ ਤਰੁੱਟੀਆਂ ਨੂੰ ਦੂਰ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਤਿਹਾਸਕਾਰਾਂ ਅਤੇ ਵਿਦਵਾਨਾਂ ਦੀ ਕਮੇਟੀ ਬਣਾ ਕੇ, ਵੱਖ ਵੱਖ ਭਾਸ਼ਾਵਾਂ ਵਿਚ ਛਾਪਿਆ ਜਾਣਾ ਜ਼ਰੂਰੀ ਬਣਾਵੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਾਵਨ ਬਾਣੀ ਅਤੇ ਵਿਸ਼ੇਸ਼ ਕਰਕੇ ਨੌਵੇਂ ਮਹੱਲੇ ਦੇ ਸਲੋਕਾਂ ਨੂੰ ਦੁਨੀਆਂ ਦੀਆਂ ਵੱਖ-ਵੱਖ ਭਾਸ਼ਾਵਾਂ 'ਚ ਅਰਥਾਂ ਸਹਿਤ ਛਪਵਾ ਕੇ ਵੰਡਿਆ ਜਾਵੇ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਕਮੇਟੀ, ਹਰਿਆਣਾ ਕਮੇਟੀ ਵਖਰੇਵਿਆਂ ਨੂੰ ਭੁੱਲ ਕੇ ਗੁਰੂ ਸਾਹਿਬ ਦੀ ਯਾਦ ਵਿਚ ਸਮਾਗਮ ਆਯੋਜਿਤ ਕੀਤੇ ਜਾਣ। ਜਿਨ੍ਹਾਂ ਦੇਸ਼ਾਂ ਵਿਚ ਸਿੱਖ ਕੌਮ ਵੱਡੀ ਗਿਣਤੀ ਵਿਚ ਆਪਣੇ ਆਪਣੇ ਗੁਰੂ ਘਰਾਂ ਵਿਚ ਗੁਰਮਤਿ ਸਮਾਗਮ ਕਰਵਾਏ, ਉਥੇ ਸੰਸਾਰ ਦੇ ਵੱਖ ਵੱਖ ਦੇਸ਼ਾਂ ਦੇ ਵੱਡੇ ਸ਼ਹਿਰਾਂ ਵਿਚ ਗੁਰਮਤਿ ਸਮਾਗਮ , ਗੋਸ਼ਟੀਆਂ, ਸੈਮੀਨਾਰ ਕਰਵਾ ਕੇ ਦੁਨੀਆਂ ਦੇ ਦੂਜੇ ਧਰਮਾਂ ਦੇ ਵਿਦਵਾਨਾਂ ਨੂੰ ਸੱਦਾ ਪੱਤਰ ਦੇ ਕੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਮਾਨਵਤਾ ਦੀ ਚਾਦਰ ਵਜੋਂ ਪ੍ਰਚਾਰਿਆ ਤੇ ਪ੍ਰਸਾਰਿਆ ਜਾਵੇ। ਇਸ ਮੌਕੇ ਇਸ ਅਸਥਾਨ ਦੀ ਸਮੁੱਚੀ ਪ੍ਰਬੰਧਕ ਕਮੇਟੀ ਸ. ਕੁਲਵੰਤ ਸਿੰਘ ਭਿੰਡਰ ਵੱਲੋਂ ਸਨਮਾਨਤ ਕੀਤਾ ਗਿਆ।



# ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀ. ਸੈਕੰਡਰੀ ਸਕੂਲ ਪ੍ਰੈਸ ਰੋਡ ਵਿਖੇ ਤੀਆਂ ਦਾ ਤਿਉਹਾਰ ਮਨਾਇਆ





ਪਟਿਆਲਾ, 4 ਅਗਸਤ (ਚ.ਨ.ਸ.) : ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀ. ਸੈਕੰਡਰੀ ਸਕੂਲ ਪ੍ਰੈਸ ਰੋਡ ਪਟਿਆਲਾ ਵਿਖੇ ਪੰਜਾਬੀ ਸੰਸਕ੍ਰਿਤੀ ਨੂੰ ਦਰਸਾਉਂਦਾ ਸਾਵਣ ਦਾ ਤੀਆਂ ਦਾ ਤਿਉਹਾਰ ਹਾਰ ਸਾਲ ਦੀ ਤਰ੍ਹਾਂ ਸੱਭਿਆਚਾਰਕ ਤਰੀਕੇ ਨਾਲ ਮਨਾਇਆ ਗਿਆ। ਇਸ ਸਮਾਗਮ ਦੌਰਾਨ ਸਕੂਲ ਦੀਆਂ ਸਾਰੀਆਂ ਜਮਾਤਾਂ ਦੀਆਂ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਭਾਗ ਲਿਆ। ਵਿਦਿਆਰਥੀ ਅਤੇ ਅਧਿਆਪਕ ਪੰਜਾਬੀ ਪਹਿਰਾਵੇਂ 'ਚ ਸਜੇ ਹੋਏ ਸਨ। ਵਿਦਿਆਰਥਣਾਂ ਨੇ ਪੰਜਾਬੀ ਗਾਣਿਆਂ 'ਤੇ ਨੱਚ ਕੇ ਬਹੁਤ ਰੌਣਕਾਂ ਲਾਈਆਂ। ਇਸ ਦੌਰਾਨ ਵਿਦਿਆਰਥਣਾਂ ਦੇ ਮਹਿੰਦੀ ਤੇ ਸੰਧਾਰ ਤੇ ਗਿੱਧਾ ਮੁਕਾਬਲੇ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ। ਇਸ ਮੌਕੇ ਸਕੂਲ ਦੇ ਡਾਇਰੈਕਟਰ/ ਪ੍ਰਿੰਸੀਪਲ ਸ੍ਰੀਮਤੀ ਜਸਵਿੰਦਰ ਕੌਰ ਦਰਦੀ ਨੇ ਸਮੂਹ ਅਧਿਆਪਕਾਂ, ਵਿਦਿਆਰਥਣਾਂ ਨੂੰ ਤੀਆਂ ਦੀਆਂ ਮੁਬਾਰਕਾਂ ਦਿੱਤੀਆਂ। ਉਹਨਾਂ ਨੇ ਇਸ ਤਿਉਹਾਰ ਰਾਹੀਂ ਪੰਜਾਬੀ ਸੱਭਿਆਚਾਰ ਨੂੰ ਉਭਾਰਨ ਵਾਲੀਆਂ ਵਿਦਿਆਰਥਣਾਂ ਦੀ ਪ੍ਰਸੰਸਾ ਕੀਤੀ। ਉਹਨਾਂ ਕਿਹਾ ਕਿ ਅਜਿਹੇ ਤਿਉਹਾਰ ਸਾਨੂੰ ਨਾ ਸਿਰਫ ਸਾਂਝ ਦੀ ਮਹੱਤਤਾ ਸਮਝਾਉਂਦੇ ਹਨ, ਸਗੋਂ ਸੱਭਿਆਚਾਰ ਅਤੇ ਦੇਸ਼ ਪ੍ਰਤੀ ਜ਼ਿੰਮੇਵਾਰੀ ਵੀ ਸਿਖਾਉਂਦੇ ਹਨ। ਇਸ ਮੌਕੇ 'ਤੇ ਸਕੂਲ ਕਮੇਟੀ ਵੱਲੋਂ ਖੀਰ-ਪੂੜਿਆਂ ਦਾ ਇੰਤਜ਼ਾਮ ਕੀਤਾ ਗਿਆ।

# ਡਿਪਟੀ ਚੇਅਰਮੈਨ ਹਰੀਵੰਸ਼ ਨੇ ਯੂਕੇ ਦੀ ਡਿਪਟੀ ਸਪੀਕਰ ਨੁਸਰਤ ਗਨੀ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ , 4 ਅਗਸਤ (ਅੰਮ੍ਰਿਤਪਾਲ ਸਿੰਘ): ਯੂਕੇ ਹਾਊਸ ਆਫ਼ ਕਾਮਨਜ਼ ਦੀ ਡਿਪਟੀ ਸਪੀਕਰ ਸ਼੍ਰੀਮਤੀ ਨੁਸਰਤ ਗਨੀ ਨੇ ਸੋਮਵਾਰ ਨੂੰ ਨਵੀਂ ਦਿੱਲੀ ਦੇ ਸੰਸਦ ਭਵਨ ਵਿਖੇ ਰਾਜ ਸਭਾ ਦੇ ਡਿਪਟੀ ਚੇਅਰਮੈਨ ਸ਼੍ਰੀ ਹਰਿਵੰਸ਼ ਨਾਲ ਮੁਲਾਕਾਤ ਕੀਤੀ। ਆਪਣੀ ਗੱਲਬਾਤ ਵਿੱਚ, ਦੋਵਾਂ ਪ੍ਰੀਜ਼ਾਈਡਿੰਗ ਅਫ਼ਸਰਾਂ ਨੇ ਭਾਰਤ ਅਤੇ ਯੂਕੇ ਵਿਚਕਾਰ ਨਿਯਮਤ ਸੰਸਦੀ ਆਦਾਨ-ਪ੍ਰਦਾਨ ਸਮੇਤ ਵੱਖ-ਵੱਖ ਖੇਤਰਾਂ ਵਿੱਚ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਬਾਰੇ ਗੱਲਬਾਤ ਕੀਤੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਯੂਕੇ ਦੀ ਸਫਲ ਫੇਰੀ ਦੇ ਮੱਦੇਨਜ਼ਰ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਵਧਣ 'ਤੇ ਵੀ ਭਰੋਸਾ ਪ੍ਰਗਟ ਕੀਤਾ, ਜਿਸ ਦੌਰਾਨ ਇਤਿਹਾਸਕ ਭਾਰਤ-ਯੂਕੇ ਵਿਆਪਕ ਆਰਥਿਕ ਅਤੇ ਵਪਾਰ ਸਮਝੌਤਾ (ਸੀਈਟੀਏ) 'ਤੇ ਦਸਤਖਤ ਕੀਤੇ ਗਏ ਸਨ।ਡਿਪਟੀ ਸਪੀਕਰ ਸ਼੍ਰੀਮਤੀ ਗਨੀ ਪਾਰਲੀਮੈਂਟ ਸਟੀਅਰਿੰਗ ਗਰੁੱਪ ਵਿੱਚ ਏਆਈ ਦੀ ਚੇਅਰਪਰਸਨ ਹਨ ਅਤੇ ਭਾਰਤੀ ਸੰਸਦ ਦੇ ਕੰਮਕਾਜ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੀ ਵਰਤੋਂ ਦੀ ਪੜਚੋਲ ਕਰਨ ਲਈ ਭਾਰਤ ਦਾ ਦੌਰਾ ਕਰ ਰਹੀਆਂ ਹਨ।ਏਆਈ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕਿਹਾ, ਸੰਸਦੀ ਸੰਦਰਭ ਵਿੱਚ, ਆਰਟੀਫੀਸ਼ੀਅਲ ਇੰਟੈਲੀਜੈਂਸ ਇੱਕ ਪਰਿਵਰਤਨਸ਼ੀਲ ਸਾਧਨ ਹੈ ਜੋ ਮੈਂਬਰਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਵਧੇਰੇ ਪ੍ਰਭਾਵਸ਼ੀਲਤਾ ਨਾਲ ਨਿਭਾਉਣ ਅਤੇ ਵਿਧਾਨਕ ਸਮਰਥਨ ਵਿੱਚ ਸੁਧਾਰ ਕਰਨ ਅਤੇ ਬਿਹਤਰ ਸ਼ਾਸਨ ਦੀ ਸਹੂਲਤ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਦਾ ਹੈ।



# ਪਤੰਜਲੀ ਯੋਗਪੀਠ ਵਿਖੇ ਆਚਾਰੀਆ ਬਾਲਕ੍ਰਿਸ਼ਨ ਦਾ ਜਨਮਦਿਨ ਜੜੀ-ਬੂਟੀਆਂ ਦਿਵਸ ਵਜੋਂ ਮਨਾਇਆ

## *ਜੜ੍ਹੀਆਂ ਬੂਟੀਆਂ ਸਿਰ਼ਫ ਇਲਾਜ ਲਈ ਹੀ ਨਹੀਂ ਸਗੋਂ ਆਤਮ-ਅਨੁਭਵ ਲਈ ਵੀ ਹਨ: ਸਵਾਮੀ ਰਾਮਦੇਵ*

ਹਰਿਦੁਆਰ , 4 ਅਗਸਤ (ਅੰਮ੍ਰਿਤਪਾਲ ਸਿੰਘ): ਪਤੰਜਲੀ ਯੋਗਪੀਠ ਦੇ ਜਨਰਲ ਸਕੱਤਰ ਆਚਾਰੀਆ ਬਾਲਕ੍ਰਿਸ਼ਨ ਦਾ ਜਨਮਦਿਨ ਪਤੰਜਲੀ ਵੈਲਨੈੱਸ, ਪਤੰਜਲੀ ਯੋਗਪੀਠ-2 ਦੇ ਯੋਗ ਭਵਨ ਆਡੀਟੋਰੀਅਮ ਵਿੱਚ ਹਰਬ ਦਿਵਸ ਵਜੋਂ ਮਨਾਇਆ ਗਿਆ। ਹਰਬ ਦਿਵਸ ਦੇ ਮੌਕੇ 'ਤੇ, ਸਵਾਮੀ ਰਾਮਦੇਵ ਅਤੇ ਆਚਾਰੀਆ ਬਾਲਕ੍ਰਿਸ਼ਨ ਨੇ ਮੌਜੂਦ ਲੋਕਾਂ ਨੂੰ ਇੱਕ ਸਿਹਤਮੰਦ ਵਿਅਕਤੀ, ਸਿਹਤਮੰਦ ਪਰਿਵਾਰ, ਸਿਹਤਮੰਦ ਸਮਾਜ, ਸਿਹਤਮੰਦ ਰਾਸ਼ਟਰ ਅਤੇ ਸਿਹਤਮੰਦ ਸੰਸਾਰ ਲਈ ਰੁੱਖ ਲਗਾਉਣ ਦਾ ਪ੍ਰਣ ਕਰਵਾਇਆ। ਸਵਾਮੀ ਅਤੇ ਆਚਾਰੀਆ ਨੇ ਖ਼ੁਦ ਖੂਨਦਾਨ ਕਰਕੇ ਅਤੇ ਰੁੱਖ ਲਗਾ ਕੇ ਆਮ ਲੋਕਾਂ ਨੂੰ ਪ੍ਰੇਰਿਤ ਕੀਤਾ।ਪ੍ਰੋਗਰਾਮ ਵਿੱਚ, ਸਵਾਮੀ ਰਾਮਦੇਵ ਮਹਾਰਾਜ ਨੇ ਆਚਾਰੀਆ ਦੇ ਜਨਮਦਿਨ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਆਚਾਰੀਆ ਜੀ ਦੇ ਜਨਮਦਿਨ ਦਾ ਜਸ਼ਨ ਮਨਾਉਣਾ ਸਿਰਫ਼ ਇੱਕ ਬਹਾਨਾ ਹੈ, ਇਸਦਾ ਮੁੱਖ ਉਦੇਸ਼ ਇਹ ਹੈ ਕਿ ਜੜ੍ਹੀਆਂ ਬੂਟੀਆਂ ਨਾ ਸਿਰਫ਼ ਭਾਰਤ ਮਾਤਾ ਦੇ ਹਰ ਘਰ ਨੂੰ ਸਗੋਂ ਪੂਰੀ ਧਰਤੀ ਮਾਤਾ ਦੇ ਵਿਹੜੇ ਨੂੰ ਸਜਾਉਣੀਆਂ ਚਾਹੀਦੀਆਂ ਹਨ ਅਤੇ ਸਮੁੱਚੀ ਮਨੁੱਖਤਾ ਨੂੰ ਉਨ੍ਹਾਂ ਤੋਂ ਸਿਹਤ ਅਤੇ ਖੁਸ਼ੀ ਪ੍ਰਾਪਤ ਹੋਣੀ ਚਾਹੀਦੀ ਹੈ।ਪ੍ਰੋਗਰਾਮ ਵਿੱਚ ਆਚਾਰੀਆ ਬਾਲਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਜੜ੍ਹੀਆਂ ਬੂਟੀਆਂ ਸਾਡੀਆਂ ਨਹੀਂ ਹਨ, ਪਰ ਅਸੀਂ ਜੜ੍ਹੀਆਂ ਬੂਟੀਆਂ ਨਾਲ ਸਬੰਧਤ ਹਾਂ। ਜੇਕਰ ਸਾਨੂੰ ਆਪਣੇ ਜੀਵਨ ਦੀ ਰੱਖਿਆ ਕਰਨੀ ਹੈ, ਤਾਂ ਜੜ੍ਹੀਆਂ ਬੂਟੀਆਂ ਨੂੰ ਬਚਾਉਣਾ ਜ਼ਰੂਰੀ ਹੈ।ਉਨ੍ਹਾਂ ਨੇ ਸਾਰੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਜੜ੍ਹੀਆਂ ਬੂਟੀਆਂ ਲਗਾ ਕੇ ਸਿਹਤ ਅਤੇ ਵਾਤਾਵਰਣ ਦੀ ਰੱਖਿਆ ਕਰਨ।ਇਸ ਮੌਕੇ 'ਤੇ ਪਤੰਜਲੀ ਯੋਗ ਸਮਿਤੀ ਦੇ ਲੱਖਾਂ ਵਰਕਰਾਂ ਨੇ ਜ਼ਿਲ੍ਹਾ, ਤਹਿਸੀਲ, ਬਲਾਕ ਅਤੇ ਪਿੰਡ ਪੱਧਰ ਤੇ ਹਰ ਘਰ ਵਿੱਚ ਤੁਲਸੀ, ਗਿਲੋਏ, ਐਲੋਵੇਰਾ, ਅਸ਼ਵਗੰਧਾ, ਨਿੰਮ ਆਦਿ ਮੁਫ਼ਤ ਵੰਡੇ ਅਤੇ ਲਗਾਏ। ਦਵਾਈਆਂ ਦੀ ਉਪਲਬਧਤਾ ਦੇ ਆਧਾਰ 'ਤੇ ਭਾਰਤ ਦੇ ਨਾਲ-ਨਾਲ ਨੇਪਾਲ, ਯੂਕੇ ਆਦਿ ਵਿੱਚ ਵੀ ਪੌਦੇ ਵੰਡੇ ਗਏ।ਪੂਜਯ ਆਚਾਰਿਆਸ਼੍ਰੀ ਨੇ ਆਪਣੇ ਜੀਵਨ ਵਿੱਚ ਪੂਰਵਜਾਂ ਤੋਂ ਪ੍ਰਾਪਤ ਸਦੀਵੀ, ਸੱਭਿਆਚਾਰਕ ਤੱਤਾਂ ਨੂੰ ਗ੍ਰਹਿਣ ਕਰਕੇ ਵਿਸ਼ਵ ਦੇ ਕਲਿਆਣ ਲਈ 50 ਸਾਲਾਂ ਤੋਂ ਵੱਧ ਸਮੇਂ ਤੋਂ ਤਪੱਸਿਆ ਅਤੇ ਸਖ਼ਤ ਮਿਹਨਤ ਕੀਤੀ ਹੈ, ਜੋ ਸਾਨੂੰ ਸਾਰਿਆਂ ਨੂੰ ਹਮੇਸ਼ਾ ਪ੍ਰੇਰਿਤ ਕਰੇਗੀ।ਪ੍ਰੋਗਰਾਮ ਵਿੱਚ, ਪਤੰਜਲੀ ਯੋਗਪੀਠ ਨਾਲ ਜੁੜੇ ਸਾਰੇ ਪ੍ਰੋਜੈਕਟਾਂ ਅਤੇ ਵਿਦਿਅਕ ਸੰਸਥਾਵਾਂ ਦੇ ਸੰਨਿਆਸੀਆਂ, ਯੂਨਿਟ ਮੁਖੀਆਂ, ਅਧਿਕਾਰੀਆਂ, ਕਰਮਯੋਗੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਆਚਾਰਿਆ ਜੀ ਨੂੰ ਜਨਮਦਿਨ ਦੀਆਂ ਸ਼ੁਭਕਾਮਨਾਵਾਂ ਭੇਜੀਆਂ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।



# ਨਰੇਂਦਰ ਮੋਦੀ ਦੇ 'ਪ੍ਰੀਕਸ਼ਾ ਪੇ ਚਰਚਾ 2025' ਨੂੰ ਗਿਨੀਜ਼ ਵਰਲਡ ਰਿਕਾਰਡ ਨਾਲ ਸਨਮਾਨਿਤ ਕੀਤਾ

ਨਵੀਂ ਦਿੱਲੀ, 4 ਅਗਸਤ (ਅੰਮ੍ਰਿਤਪਾਲ ਸਿੰਘ): ਪ੍ਰੀਕਸ਼ਾ ਪੇ ਚਰਚਾ (ਪੀਪੀਸੀ), ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਇੱਕ ਪ੍ਰਮੁੱਖ ਪਹਿਲਕਦਮੀ, ਜੋ ਕਿ 2018 ਤੋਂ ਸਿੱਖਿਆ ਮੰਤਰਾਲੇ ਦੁਆਰਾ ਮਾਈਗੌਵ ਦੇ ਸਹਿਯੋਗ ਨਾਲ ਸਫਲਤਾਪੂਰਵਕ ਚਲਾਈ ਜਾ ਰਹੀ ਹੈ, ਨੂੰ ਇੱਕ ਮਹੀਨੇ ਵਿੱਚ ਨਾਗਰਿਕ ਸ਼ਮੂਲੀਅਤ ਪਲੇਟਫਾਰਮ ਤੇ ਸਭ ਤੋਂ ਵੱਧ ਰਜਿਸਟ੍ਰੇਸ਼ਨਾਂ ਲਈ ਗਿਨੀਜ਼ ਵਰਲਡ ਰਿਕਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਮਾਨਤਾ ਮਾਈਗੌਵ ਪਲੇਟਫਾਰਮ ਤੇ ਕਰਵਾਏ ਗਏ ਪ੍ਰੋਗਰਾਮ ਦੇ 8ਵੇਂ ਐਡੀਸ਼ਨ ਦੌਰਾਨ ਪ੍ਰਾਪਤ 3.53 ਕਰੋੜ ਵੈਧ ਰਜਿਸਟ੍ਰੇਸ਼ਨਾਂ ਦੀ ਬੇਮਿਸਾਲ ਪ੍ਰਾਪਤੀ ਦਾ ਜਸ਼ਨ ਮਨਾਉਂਦੀ ਹੈ। ਇਸ ਸਮਾਗਮ ਵਿੱਚ ਕੇਂਦਰੀ ਸਿੱਖਿਆ ਮੰਤਰੀ ਸ਼੍ਰੀ ਧਰਮੇਂਦਰ ਪ੍ਰਧਾਨ ਨੇ ਸ਼ਿਰਕਤ ਕੀਤੀ; ਸ਼੍ਰੀ ਅਸ਼ਵਨੀ ਵੈਸ਼ਨਵ, ਕੇਂਦਰੀ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ, ਰੇਲਵੇ ਅਤੇ ਸੂਚਨਾ ਅਤੇ ਪ੍ਰਸਾਰਣ ਮੰਤਰੀ; ਸ਼੍ਰੀ ਜਿਤਿਨ ਪ੍ਰਸਾਦ, ਕੇਂਦਰੀ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਰਾਜ ਮੰਤਰੀ; ਸ਼੍ਰੀ ਸੰਜੇ ਕੁਮਾਰ, ਸਕੱਤਰ, ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ; ਸ਼੍ਰੀ ਨੰਦ ਕੁਮਾਰਮ, ਸੀਈਓ, ਮਾਈਗਵ; ਅਤੇ ਸਿੱਖਿਆ ਅਤੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲਿਆਂ ਦੇ ਸੀਨੀਅਰ ਅਧਿਕਾਰੀ ਅਤੇ ਨਾਲ ਹੀ ਹੋਰ ਮੁੱਖ ਹਿੱਸੇਦਾਰ ਮੌਜੂਦ ਸਨ।



## ਜਨਮ ਦਿਨ ਮੁਬਾਰਕ



ਜਪਮਨਦੀਪ ਸਿੰਘ



ਮਨਰਾਜ ਸਿੰਘ



ਨਮਰੂਪ ਕੌਰ

# ਨਾਂਦੇੜ ਤੋਂ ਬਿਦਰ ਨੂੰ ਜਾਂਦੇ ਰਸਤਿਆਂ ਦੀ ਖਸਤਾ ਹਾਲ ਕਾਰਨ ਸੰਗਤਾਂ ਪ੍ਰੇਸ਼ਾਨ: ਸ਼ਾਮਪੁਰਾ, ਘਵੱਦੀ

ਨਾਂਦੇੜ, 3 ਅਗਸਤ (ਹਰਜਿੰਦਰ ਸਿੰਘ ਮੁਲਤਾਨੀ) : ਦੱਖਣ ਦੀ ਧਰਤੀ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ,ਮਹਾਰਾਸ਼ਟਰ ਵਿਖੇ ਦੇਸ ਵਿਦੇਸ਼ ਤੋਂ ਜਿੱਥੇ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਦਰਸ਼ਨ ਲਈ ਪਹੁੰਦੀਆਂ ਹਨ। ਇਸ ਪ੍ਰਤੀਨਿਧ ਨਾਲ ਅੱਜ ਵਿਸ਼ੇਸ਼ ਗੱਲਬਾਤ ਕਰਦਿਆਂ ਉੱਘੇ ਸਮਾਜ ਸੇਵੀ ਅਤੇ ਚੀਫ਼ ਪੈਟਰਨ ਨਾਨਕ ਸਾਈਂ ਫਾਊਂਡੇਸ਼ਨ ਨਾਂਦੇੜ ਮਹਾਰਾਸ਼ਟਰ ਰੁਪਿੰਦਰ ਸਿੰਘ ਸ਼ਾਮਪੁਰਾ, ਸੀਨੀਅਰ ਕਾਂਗਰਸੀ ਆਗੂ ਪਰਮਜੀਤ ਸਿੰਘ ਘਵੱਦੀ, ਸੀਨੀਅਰ ਅਕਾਲੀ ਆਗੂ ਇਕਬਾਲ ਸਿੰਘ ਖੇੜਾ , ਅਵਤਾਰ ਸਿੰਘ ਔਰੰਗਾਬਾਦ ਅਤੇ ਦੇਸ ਵਿਦੇਸ਼ ਤੋਂ ਪਹੁੰਚੀਆਂ ਸੰਗਤਾਂ ਨੇ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਪੰਜਾਬ ਦੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਅਪੀਲ ਕਰਦਿਆਂ ਕਿਹਾ ਕਿ ਸ੍ਰੀ ਹਜ਼ੂਰ ਸਾਹਿਬ ਤੋਂ ਗੁਰੂਦਵਾਰਾ ਸ੍ਰੀ ਨਾਨਕਝੀਰਾ ਸਾਹਿਬ ਬਿਦਰ ਕਰਨਾਟਕਾ ਨੂੰ ਜਾਂਦਿਆਂ ਰਸਤੇ ਬਹੁਤ ਹੀ ਖ਼ਰਾਬ ਹੋਣ ਕਾਰਣ ਬਹੁਤ ਦਿੱਕਤਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਉਹਨਾਂ ਨੇ ਕਿਹਾ ਕਿ ਪਿੱਛਲੇ ਲੰਬੇ ਸਮੇਂ ਤੋਂ ਇਹ ਸੜਕ ਦੀ ਹਾਲਤ ਤਰਸਯੋਗ ਬਣੀ ਹੋਈ ਹੈ ਅਤੇ ਇਸ ਸੜਕ ਵਿੱਚ ਵੱਡੇ ਵੱਡੇ ਟੋਏ ਪਏ ਹੋਏ ਹਨ ਜਿਸ ਕਰਕੇ ਸੰਗਤਾਂ ਨੂੰ ਭਾਰੀ ਪ੍ਰੇਸ਼ਾਨੀ ਦਰਪੇਸ਼ ਆਉਂਦੀ ਹੈ ਇਸ ਲਈ ਸੰਗਤਾਂ ਦੀ ਪ੍ਰੇਸ਼ਾਨੀ ਨੂੰ ਮੁੱਖ ਰੱਖਦਿਆਂ ਹੋਇਆਂ ਇਸ ਸੜਕ ਨੂੰ ਮਹਾਰਾਸ਼ਟਰ ਤੋਂ ਕਰਨਾਟਕਾ ਦੇ ਬਾਰਡਰ ਤੱਕ ਕਰੀਬ 35-40 ਕਿਲੋਮੀਟਰ ਜਲਦ ਬਣਾਇਆ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬਜੀਤ ਸਿੰਘ ਕਲਸੀ ਸੀਨੀਅਰ ਪਤਰਕਾਰ ਬਟਾਲਾ, ਚੇਅਰਮੈਂਨ ਪੰਚਾਇਤੀ ਰਾਜ ਸੰਗਠਨ ਪੰਜਾਬ ਗਗਨਦੀਪ ਸਿੰਘ ਬੌਬੀ ਚੰਡੀਗੜ੍ਹ, ਜਸਬੀਰ ਸਿੰਘ ਭੱਟੀ ਸੀਨੀਅਰ ਅਕਾਲੀ ਆਗੂ, ਸੰਜੀਵ ਸੋਨੂੰ ਦਿੱਲੀ, ਰਣਜੀਤ ਸਿੰਘ ਮਾਂਗਟ ਚੇਅਰਮੈਨ ਕਿਲ੍ਹਾ ਰਾਏਪੁਰ, ਨਵਜਿੰਦਰ ਸਿੰਘ ਔਰੰਗਾਬਾਦ, ਮਾਸਟਰ ਜੋਗਿੰਦਰ ਸਿੰਘ ਅਚਲੀਗੇਟ, ਹਰਪਾਲ ਸਿੰਘ ਬਿੰਦਰਾ ਖਾਨਫੱਤਾ, ਦਲਜੀਤ ਸਿੰਘ ਕਾਹਲੋਂ ਖਾਲਸਾ ਏਡ, ਜੱਥੇਦਾਰ ਸੁਖਜੀਤ ਸਿੰਘ ਕਿਸਾਨ ਆਗੂ, ਜਥੇਦਾਰ ਹੁਸ਼ਿਆਰ ਸਿੰਘ ਭੁੱਲਰ, ਜਰਨੈਲ਼ ਸਿੰਘ ਨੱਡਾਲੋ, ਸੂਬੇਦਾਰ ਗੁਰਦੀਪ ਸਿੰਘ ਨੱਥੂਪੁਰ, ਮਾਸਟਰ ਮਲਕੀਤ ਸਿੰਘ, ਮਹਾ ਸਿੰਘ ਸਰਪੰਚ ਰੁੜਕਾ, ਜਗਦੇਵ ਸਿੰਘ ਪ੍ਰਧਾਨ ਘਵੱਦੀ , ਰਣਜੀਤ ਸਿੰਘ ਹਰਮੋਨ ਸਿੰਘ ਘਵੱਦੀ, ਰਾਜਬੀਰ ਸਿੰਘ ਵਿਜਵਾਂ , ਸੁਖਵਿੰਦਰ ਸਿੰਘ ਭੁੱਲਰ, ਸੁਰਿੰਦਰ ਸਿੰਘ ਸੋਡੀ ਬਟਾਲਾ, ਗੁਰਵਿੰਦਰ ਸਿੰਘ ਭੁੱਲਰ , ਮਾਸਟਰ ਬਲਦੇਵ ਸਿੰਘ ਭੁੱਲਰ, ਅਜੈਬ ਸਿੰਘ ਭੁੱਲਰ ਕੈਨੇਡਾ, ਨਵਦੀਪ ਸਿੰਘ ਅਮਰੀਕਾ, ਹਰਨੂਰ ਸਿੰਘ ਕਨੇਡਾ, ਹਰਿਗੁਰਪ੍ਰੀਤ ਸਿੰਘ ਮਾਂਗਟ, ਨਵਤੇਜ ਸਿੰਘ ਮਾਂਗਟ ਆਸਟਰੇਲੀਆ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।





# ਜੀ. ਐੱਸ. ਪਬਲਿਕ ਸਕੂਲ ਧੌਲਾ ਵਿਖੇ ਲਗਾਇਆ ਤੀਆਂ ਦਾ ਮੇਲਾ



ਬਰਨਾਲਾ, 4 ਅਗਸਤ (ਅਮਨਦੀਪ ਸਿੰਘ): ਇਲਾਕੇ ਦੀ ਨਾਮਵਰ ਸੰਸਥਾ ਜੀ. ਐੱਸ ਪਬਲਿਕ ਸਕੂਲ ਧੌਲਾ ਵਿਖੇ ਤੀਆਂ ਦਾ ਤਿਉਹਾਰ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਨਰਸਰੀ ਤੋਂ ਬਾਰਵੀਂ ਕਲਾਸ ਦੀਆਂ ਸਾਰੀਆਂ ਵਿਦਿਆਰਥਣਾਂ ਇਸ ਮੇਲੇ ਵਿੱਚ ਸ਼ਾਮਿਲ ਸਨ। ਸਕੂਲ ਨੂੰ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਚੀਜ਼ਾਂ ਨਾਲ ਸਜਾਇਆ ਗਿਆ। ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਸਮਾਨ ਜਿਨ੍ਹਾਂ ਤੋਂ ਅੱਜਕੱਲ ਦੇ ਬੱਚੇ ਅਣਜਾਣ ਹਨ ਉਹ ਸਾਰਾ ਕੁਝ ਬੱਚਿਆਂ ਨੂੰ ਦਿਖਾਇਆ ਗਿਆ। ਇਸ ਸਮੇਂ ਰੰਗਾਰੰਗ ਪ੍ਰੋਗਰਾਮ ਵੀ ਕਰਵਾਇਆ ਗਿਆ। ਇਸ ਮੇਲੇ ਵਿੱਚ ਸਕੂਲ ਵਿੱਚ ਪੜ੍ਹਦੀਆਂ ਵਿਦਿਆਰਥਣਾਂ ਅਤੇ ਅਧਿਆਪਕਾਵਾਂ ਬਹੁਤ ਹੀ ਸੱਜ ਧੱਜ ਕੇ ਮੇਲੇ ਦੀ ਰੌਣਕ ਵਧਾਉਣ ਆਈਆਂ ਸਨ। ਇਸ ਸਮੇਂ ਮੈਡਮ ਨਿਸ਼ੀ ਬਾਂਸਲ ਜੀ ਅਤੇ ਮੈਡਮ ਨਮਰਤਾ ਜੈਨ ਜੀ ਮੁੱਖ ਮਹਿਮਾਨ ਵਜੋਂ ਪਹੁੰਚੇ। ਪ੍ਰੋਗਰਾਮ ਦੀ ਸ਼ੁਰੂਆਤ ਪੰਜਵੀਂ ਕਲਾਸ ਦੀਆਂ ਵਿਦਿਆਰਥਣਾਂ ਵੱਲੋਂ ਗਰੁੱਪ ਡਾਂਸ ਕਰਕੇ ਕੀਤੀ ਗਈ। ਇਸ ਤੋਂ ਬਾਅਦ ਬੱਚਿਆਂ ਦੁਆਰਾ ਸਿਠਣੀਆਂ, ਟੱਪੇ, ਸੁਹਾਗ ਵੀ ਗਾਏ ਗਏ ਜਿਨ੍ਹਾਂ ਰਾਹੀਂ ਅਲੋਪ ਹੋ ਰਹੇ ਪੰਜਾਬੀ ਸੱਭਿਆਚਾਰ ਜਿਉਂਦਾ ਰੱਖਣ ਦਾ ਸੁਨੇਹਾ ਦਿੱਤਾ ਗਿਆ। ਇਸ ਸਮੇਂ ਨੌਵੀਂ ਕਲਾਸ ਦੀਆਂ ਵਿਦਿਆਰਥਣਾਂ ਨੇ ਜਾਗੋ ਕੱਢ ਕੇ ਸਾਰੇ ਪ੍ਰੋਗਰਾਮ ਨੂੰ ਕੀਲ ਕੇ ਰੱਖ ਦਿੱਤਾ। ਸੀਨੀਅਰ ਜਮਾਤ ਦੀਆਂ ਵਿਦਿਆਰਥਣਾਂ ਨੇ ਧੂਮਾਧੱਟ ਗਿੱਧਾ ਪੇਸ਼ ਕੀਤਾ। ਨੰਨ੍ਹੀਆਂ ਮੁੰਨ੍ਹੀਆਂ ਵਿਦਿਆਰਥਣਾਂ ਦੇ ਡਾਂਸ ਨੇ ਪ੍ਰੋਗਰਾਮ ਵਿੱਚ ਮੌਜੂਦ ਸਾਰਿਆਂ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕੀਤਾ। ਛੇਵੀਂ ਜਮਾਤ ਦੀਆਂ ਕੁੜੀਆਂ ਨੇ ਇੱਕ ਧੀ ਦੀ ਡੋਲੀ ਤੋਰਨ ਸਮੇਂ ਹੋਣ ਵਾਲੇ ਰੀਤੀ ਰਿਵਾਜ਼ਾਂ ਨਾਲ ਸੰਬੰਧਿਤ ਨਾਟਕ ਪੇਸ਼ ਕੀਤਾ।ਅਧਿਆਪਕਾਂ ਨੇ ਵੀ ਸਪੈਸ਼ਲ ਗਿੱਧਾ ਪਾਇਆ। ਸਕੂਲ ਵੱਲੋਂ ਸਾਰਿਆਂ ਦੇ ਖਾਣ ਪੀਣ ਦਾ ਬਹੁਤ ਵਧੀਆ ਇੰਤਜ਼ਾਮ ਕੀਤਾ ਗਿਆ। ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਸੈਲਫੀ ਪੁਆਇੰਟ ਵੀ ਬਣਾਏ ਗਏ ਤਾਂ ਜੋ ਬੱਚੇ ਇਸ ਅਮੀਰ ਵਿਰਸੇ ਬਾਰੇ ਜਾਣਕਾਰੀ ਹਾਸਿਲ ਕਰ ਸਕਣ। ਇਸ ਮੌਕੇ ਸਕੂਲ ਦੇ ਚੇਅਰਮੈਨ ਰਿਸ਼ਵ ਜੈਨ, ਮੈਨੇਜਿੰਗ ਡਾਇਰੈਕਟਰ ਸੁਰੇਸ਼ ਬਾਂਸਲ ਜੀਅਤੇ ਅਕਾਦਮਿਕ ਡਾਇਰੈਕਟਰ ਸੁਨੀਲ ਸਤੀਜਾ ਵੀ ਹਾਜ਼ਰ ਸਨ। ਸਕੂਲ ਮੈਨੇਜਮੈਂਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਵਿੱਚ ਸਮੇਂ ਸਮੇਂ 'ਤੇ ਹਰ ਤਰ੍ਹਾਂ ਦੇ ਤਿਉਹਾਰ ਮਨਾਏ ਜਾਂਦੇ ਹਨ ਤਾਂ ਜੋ ਬੱਚਿਆਂ ਨੂੰ ਕਿਤਾਬੀ ਗਿਆਨ ਦੇ ਨਾਲ ਨਾਲ ਆਪਣੇ ਵਿਰਸੇ ਨਾਲ ਜੁੜਨ ਦਾ ਮੌਕਾ ਵੀ ਮਿਲੇ। ਉਨ੍ਹਾਂ ਦੱਸਿਆ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੇ ਹਰ ਤਿਉਹਾਰ ਨੂੰ ਮਨਾਇਆ ਜਾਵੇਗਾ। ਉਨ੍ਹਾਂ ਨੇ ਸਾਰੇ ਵਿਦਿਆਰਥਣਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਜਿਨ੍ਹਾਂ ਨੇ ਬਹੁਤ ਹੀ ਘੱਟ ਸਮੇਂ ਵਿੱਚ ਤਿਆਰੀ ਕਰਕੇ ਬਹੁਤ ਸ਼ਾਨਦਾਰ ਪ੍ਰੋਗਰਾਮ ਸਜਾ ਦਿੱਤਾ।ਉਨ੍ਹਾਂ ਦੱਸਿਆ ਕਿ ਸਾਡੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਸਾਡੇ ਵਿਦਿਆਰਥੀ ਪੜ੍ਹਾਈ ਦੇ ਨਾਲ ਨਾਲ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਵੀ ਆਪਣਾ ਟੈਲੇਂਟ ਖੂਬ ਦਿਖਾਉਂਦੇ ਹਨ।ਇਸ ਮੌਕੇ ਪਿ?ਸੀਪਲ ਮੈਡਮ ਮੋਨਿਕਾ ਸਤੀਜਾ ਵੱਲੋਂ ਇਸ ਮੇਲੇ ਦੀ ਮਿਸ ਤੀਜ ਵਿਦਿਆਰਥੀਆਂ ਵਿੱਚੋਂ ਸੁਖਮਨ ਕੌਰ ਅਤੇ ਅਧਿਆਪਿਕਾਵਾਂ ਵਿੱਚੋਂ ਕਿਰਨਜੀਤ ਕੌਰ ਨੂੰ ਤਾਜ ਪਹਿਨਾਇਆ ਗਿਆ।ਉਨ੍ਹਾਂ ਨੇ ਸਾਰਿਆਂ ਦਾ ਇਸ ਮੇਲੇ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ। ਇਸ ਮੇਲੇ ਵਿੱਚ ਚਾਰੇ ਪਾਸੇ ਖੁਸ਼ੀ ਦਾ ਮਾਹੌਲ ਸੀ।

# ਬੀ. ਵੀ. ਐਮ. ਇੰਟਰਨੈਸ਼ਨਲ ਸਕੂਲ ਵਿੱਚ 'ਬ੍ਰੇਨ ਬੂਸਟਰ ਗਤੀਵਿਧੀ' ਦਾ ਆਯੋਜਨ



ਬਰਨਾਲਾ, 4 ਅਗਸਤ (ਹਿਮਾਂਸ਼ੂ ਗਰਗ): ਬੀ ਵੀ ਐਮ ਇੰਟਰਨੈਸ਼ਨਲ ਸਕੂਲ ਵਿੱਚ ਪਲੇਵੇ ਦੇ ਵਿਦਿਆਰਥੀਆਂ ਲਈ ਇੱਕ ਵਿਲੱਖਣ ਬ੍ਰੇਨ ਬੂਸਟਰ ਗਤੀਵਿਧੀ ਦਾ ਆਯੋਜਨ ਕੀਤਾ ਗਿਆ, ਜਿਸਦਾ ਉਦੇਸ਼ ਨੰਨੇ ਬੱਚਿਆਂ ਵਿੱਚ ਮਾਨਸਿਕ ਸਰਗਰਮਤਾ, ਧਿਆਨ ਕੇਂਦ੍ਰਿਤ ਕਰਨ ਦੀ ਸਮਰੱਥਾ ਅਤੇ ਸਮੱਸਿਆ ਸਲਝਾਉਣ ਦੀ ਸਮਰੱਥਾ ਨੂੰ ਵਧਾਉਣਾ ਸੀ। ਇਸ ਗਤੀਵਿਧੀ ਦੇ ਤਹਿਤ, ਅਧਿਆਪਕਾਂ ਨੇ ਇੱਕ ਵਿਸ਼ੇਸ਼ ਚਾਰਟ ਤਿਆਰ ਕੀਤਾ, ਜੋ ਇੱਕ ਹੌਪਸਕੌਚ ਮੈਟ ਵਾਂਗ ਹੱਥ ਅਤੇ ਮੁਠੀ ਲਈ ਨਿਰਧਾਰਿਤ ਥਾਵਾਂ ਨਾਲ ਸਜਾਇਆ ਗਿਆ ਸੀ। ਵਿਦਿਆਰਥੀਆਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਦਿੱਤੀਆਂ ਥਾਵਾਂ 'ਤੇ ਆਪਣੇ ਹੱਥ ਅਤੇ ਮੁਠੀ ਰੱਖ ਕੇ ਗਤੀਵਿਧੀ ਵਿੱਚ ਭਾਗ ਲੈਣ। ਸਕੂਲ ਦੇ ਚੇਅਰਮੈਨ ਪ੍ਰਮੋਦ ਅਰੋੜਾ ਨੇ ਕਿਹਾ ਇਹੋ ਜਿਹੀਆਂ ਗਤੀਵਿਧੀਆਂ ਨੰਨੇ ਬੱਚਿਆਂ ਵਿੱਚ ਮਾਨਸਿਕ ਸਰਗਰਮਤਾ ਅਤੇ ਰਚਨਾਤਮਕ ਸੋਚ ਨੂੰ ਉਤਸ਼ਾਹਿਤ ਕਰਦੀਆਂ ਹਨ, ਜੋ ਉਹਨਾਂ ਦੇ ਭਵਿੱਖ ਲਈ ਮਜ਼ਬੂਤ ਬੁਨਿਆਦ ਤਿਆਰ ਕਰਦੀਆਂ ਹਨ। ਡਾਇਰੈਕਟਰ ਗੀਤਾ ਅਰੋੜਾ, ਨਿਖਿਲ ਅਰੋੜਾ ਅਤੇ ਨੇਹਾ ਅਰੋੜਾ ਨੇ ਵੀ ਇਸ ਗਤੀਵਿਧੀ ਦੀ ਪ੍ਰਸ਼ੰਸਾ ਕੀਤੀ ਅਤੇ ਦੱਸਿਆ ਕਿ ਇਸ ਤਰ੍ਹਾਂ ਦੇ ਅਭਿਆਸ ਨਾਲ ਬੱਚਿਆਂ ਵਿੱਚ ਸਮੱਸਿਆ-ਸੁਲਝਾਉਣ, ਸਮਾਂ ਪ੍ਰਬੰਧਨ ਅਤੇ ਆਤਮ-ਵਿਸ਼ਵਾਸ ਦੀ ਭਾਵਨਾ ਵਿਕਸਤ ਹੁੰਦੀ ਹੈ।

# ਵਾਈਐਸ ਸਕੂਲ ਬਰਨਾਲਾ ਦੇ ਵਿਦਿਆਰਥੀ ਅਤਿਨ ਗੋਇਲ ਬ੍ਰਾਈਬੁੱਕਸ 'ਤੇ ਪੰਜਾਬ ਦੇ ਚੋਟੀ ਦੇ 20 ਸਭ ਤੋਂ ਵੱਧ ਵਿਕਣ ਵਾਲੇ ਨੌਜਵਾਨ ਲੇਖਕਾਂ ਵਿੱਚੋਂ ਇੱਕ ਬਣੇ



ਬਰਨਾਲਾ, 4 ਅਗਸਤ (ਕਪਿਲ): ਸਿਰਫ਼ 12 ਸਾਲ ਦੀ ਛੋਟੀ ਉਮਰ ਵਿੱਚ, ਵਾਈਐਸ ਸਕੂਲ ਬਰਨਾਲਾ ਦੇ ਇੱਕ ਹੁਸ਼ਿਆਰ 7ਵੀਂ ਜਮਾਤ ਦੇ ਵਿਦਿਆਰਥੀ ਅਤਿਨ ਗੋਇਲ ਨੇ ਬ੍ਰਾਈਬੁੱਕਸ ਦੁਆਰਾ ਆਯੋਜਿਤ ਸਟੇਟ ਲੀਗ ਆਫ਼ ਦ ਸਮਰ ਬੁੱਕ ਰਾਈਟਿੰਗ ਫੈਸਟੀਵਲ 2025 ਵਿੱਚ ਪੰਜਾਬ ਦੇ ਚੋਟੀ ਦੇ 20 ਸਭ ਤੋਂ ਵੱਧ ਵਿਕਣ ਵਾਲੇ ਲੇਖਕਾਂ ਵਿੱਚ ਸਥਾਨ ਪ੍ਰਾਪਤ ਕਰਕੇ ਸਾਹਿਤਕ ਜਗਤ ਵਿੱਚ ਇੱਕ ਛਾਪ ਛੱਡੀ ਹੈ। ਇਹ ਸਮਰ ਬੁੱਕ ਰਾਈਟਿੰਗ ਫੈਸਟੀਵਲ 2025 ਹੈ, ਜਿਸਦੀ ਮੇਜ਼ਬਾਨੀ ਭਾਰਤ ਭਰ ਦੇ ਨੌਜਵਾਨ ਲੇਖਕਾਂ ਦਾ ਪਾਲਣ-ਪੋਸ਼ਣ ਕਰਨ ਵਾਲਾ ਇੱਕ ਪ੍ਰਮੁੱਖ ਪਲੇਟਫਾਰਮ ਹੈ।
ਅਤਿਨ ਦੀ ਕਿਤਾਬ, ਜਿਸਦਾ ਸਿਰਲੇਖ 'ਦਿ ਪਹਿਲਗਾਮ ਟ੍ਰੈਜੇਡੀ' ਹੈ ਨੇ ਉਸਨੂੰ ਸਿਲਵਰ ਸਟਾਰ ਯੰਗ ਆਥਰ ਸਰਟੀਫਿਕੇਟ ਪ੍ਰਾਪਤ ਕੀਤਾ ਹੈ, ਜਿਸਨੇ ਉਸਦੀ ਸਿਰਜਣਾਤਮਕਤਾ ਅਤੇ ਕਹਾਣੀ ਸੁਣਾਉਣ ਦੀ ਪ੍ਰਤਿਭਾ ਦੋਵਾਂ ਨੂੰ ਮਾਨਤਾ ਦਿੱਤੀ ਹੈ। ਰਾਜ ਭਰ ਦੇ ਹਜ਼ਾਰਾਂ ਨੌਜਵਾਨ ਲੇਖਕਾਂ ਵਿੱਚ ਮੁਕਾਬਲਾ ਕਰਦੇ ਹੋਏ, ਉਸਦੀ ਪ੍ਰਾਪਤੀ ਨਾ ਸਿਰਫ਼ ਨਿੱਜੀ ਪ੍ਰਤਿਭਾ ਨੂੰ ਦਰਸਾਉਂਦੀ ਹੈ, ਬਲਕਿ ਸਹੀ ਮੌਕਾ ਅਤੇ ਪਲੇਟਫਾਰਮ ਦਿੱਤੇ ਜਾਣ 'ਤੇ ਨੌਜਵਾਨ ਮਨਾਂ ਦੀ ਸੰਭਾਵਨਾ ਨੂੰ ਵੀ ਦਰਸਾਉਂਦੀ ਹੈ।
ਵਾਈਐਸ ਸਕੂਲ ਬਰਨਾਲਾ ਆਪਣੇ ਵਿਦਿਆਰਥੀਆਂ ਵਿੱਚ ਨਵੀਨਤਾ ਅਤੇ ਪ੍ਰਗਟਾਵੇ ਨੂੰ ਉਤਸ਼ਾਹਿਤ ਕਰਨ ਵਿੱਚ ਬਹੁਤ ਮਾਣ ਮਹਿਸੂਸ ਕਰਦਾ ਹੈ। ਵਾਈਐਸ ਸਕੂਲ ਬਰਨਾਲਾ ਨਾ ਸਿਰਫ਼ ਵਿਦਿਆਰਥੀਆਂ ਨੂੰ ਅਕਾਦਮਿਕ ਤੌਰ 'ਤੇ ਮਾਰਗਦਰਸ਼ਨ ਕਰਦਾ ਹੈ, ਬਲਕਿ ਉਨ੍ਹਾਂ ਨੂੰ ਵੱਡੇ ਸੁਪਨੇ ਦੇਖਣ ਅਤੇ ਆਪਣੀਆਂ ਵਿਲੱਖਣ ਆਵਾਜ਼ਾਂ ਨੂੰ ਪ੍ਰਗਟ ਕਰਨ ਲਈ ਵੀ ਸਮਰੱਥ ਬਣਾਉਂਦਾ ਹੈ। ਸਕੂਲ ਇਸ ਸ਼ਾਨਦਾਰ ਪ੍ਰਾਪਤੀ ਲਈ ਸਕਾਲਰ ਅਤਿਨ, ਉਸਦੇ ਮਾਪਿਆਂ ਅਤੇ ਉਸਦੇ ਮਾਣਮੱਤੇ ਸਲਾਹਕਾਰਾਂ ਨੂੰ ਵਧਾਈ ਦਿੰਦਾ ਹੈ ਅਤੇ ਉਸਦੀ ਲਿਖਣ ਯਾਤਰਾ ਵਿੱਚ ਉਸਦੀ ਨਿਰੰਤਰ ਸਫਲਤਾ ਦੀ ਕਾਮਨਾ ਕਰਦਾ ਹੈ।

# ਵਾਈਐਸ ਪਬਲਿਕ ਸਕੂਲ ਵਿਖੇ 'ਇਲੈਕਟਰੋ ਆਰਟ' ਨੇ ਚਮਕਾਈ ਨਵੀਨਤਾ - ਏਟੀਐਲ ਸਿੱਖਿਆ ਦੀ ਜੀਵੰਤ ਝਲਕ



ਬਰਨਾਲਾ, 4 ਅਗਸਤ (ਅਮਨਦੀਪ ਸਿੰਘ): ਵਾਈਐਸ ਪਬਲਿਕ ਸਕੂਲ, ਹੰਡਿਆਇਆ ਵਿੱਚ ਛੇਵੀਂ ਜਮਾਤ ਦੇ ਵਿਦਿਆਰਥੀਆਂ ਲਈ ਅਟਲ ਟਿੰਕਰਿੰਗ ਲੈਬ (ਏਟੀਐਲ) ਤਹਿਤ ਇਲੈਕਟਰੋ ਆਰਟ ਨਾਮਕ ਪ੍ਰੋਗ੍ਰਾਮ ਕਰਵਾਇਆ ਗਿਆ, ਜਿਸ ਵਿੱਚ ਮਾਪਿਆਂ ਨੂੰ ਜਮਾਤ ਵਿਚ ਚੱਲ ਰਹੀ ਨਵੀਨ ਸਿੱਖਿਆ ਨੂੰ ਲਾਈਵ ਦੇਖਣ ਦਾ ਮੌਕਾ ਮਿਲਿਆ। ਇਸ ਸਮਾਰੋਹ ਦੌਰਾਨ ਵਿਦਿਆਰਥੀਆਂ ਨੇ ਆਪਣੇ ਸਮਰਪਿਤ ਅਧਿਆਪਕਾਂ ਦੀ ਅਗਵਾਈ ਹੇਠ ਬ੍ਰੈੱਡਬੋਰਡ ਅਤੇ ਕਾਗਜ਼ੀ ਸਰਕਟ ਵਰਗੇ ਉਪਕਰਣਾਂ ਰਾਹੀਂ ਟੈਕਨੋਲੋਜੀ ਨੂੰ ਸਮਝ ਕੇ ਉਸਦਾ ਪ੍ਰਯੋਗ ਕਰਕੇ ਦਰਸਾਇਆ। ਸੱਦੇ ਗਏ ਮਾਪੇ ਬੱਚਿਆਂ ਦੀ ਆਤਮਵਿਸ਼ਵਾਸ ਨਾਲ ਭਰੀ ਪੇਸ਼ਕਾਰੀ ਅਤੇ ਸਮਝਦਾਰੀ ਨੂੰ ਵੇਖ ਕੇ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਦੀ ਰਚਨਾਤਮਕਤਾ, ਸਪਸ਼ਟਤਾ ਅਤੇ ਝਲਕ ਨੇ ਸਭ ਨੂੰ ਆਸ਼ਚਰਚਕਿਤ ਕੀਤਾ। ਇਹ ਸੈਸ਼ਨ ਵਾਈਐਸ ਪਬਲਿਕ ਸਕੂਲ ਵਿੱਚ ਅਪਣਾਈਆਂ ਗਈਆਂ ਬਿਹਤਰੀਨ ਅਭਿਆਸਾਂ ਦੀ ਝਲਕ ਦਿੰਦਾ ਹੈ ਕਿ ਕਿਵੇਂ ਅਧਿਆਪਕ ਪੇਚੀਦੇ ਟੈਕਨੋਲੋਜੀਕਲ ਕਾਂਸੈਪਟਸ ਨੂੰ ਅਸਾਨ ਤੇ ਰੁਚਿਕਰ ਢੰਗ ਨਾਲ ਪੇਸ਼ ਕਰਦੇ ਹਨ।
ਪ੍ਰਿੰਸੀਪਲ ਸ੍ਰੀ ਮੋਹਿਤ ਜਿੰਦਲ ਨੇ ਸਭ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਵਾਈਐਸ ਪਬਲਿਕ ਸਕੂਲ ਨੂੰ ਹੁਣ ਤੱਕ ਨੀਤੀ ਆਯੋਗ, ਭਾਰਤ ਸਰਕਾਰ ਵੱਲੋਂ 37 ਵਾਰੀ ਮਹੀਨੇ ਦਾ ਏਟੀਐਲ ਸਨਮਾਨ ਮਿਲ ਚੁੱਕਾ ਹੈ - ਜੋ ਸਕੂਲ ਦੀ ਨਵੀਨਤਾ ਪ੍ਰਤੀ ਸਮਰਪਿਤਤਾ ਨੂੰ ਦਰਸਾਉਂਦਾ ਹੈ।
ਉਨ੍ਹਾਂ ਕਿਹਾ, ਵਾਈਐਸ ਵਿੱਚ ਅਸੀਂ ਸਿਰਫ਼ ਗੁਣਵੱਤਾਪੂਰਕ ਸਿੱਖਿਆ ਨਹੀਂ ਦੇ ਰਹੇ, ਸਗੋਂ ਵਿਦਿਆਰਥੀਆਂ ਨੂੰ ਜੀਵਨ ਸਖਤੀਆਂ ਅਤੇ ਟੈਕਨੋਲੋਜੀਕਲ ਗਿਆਨ ਨਾਲ ਵੀ ਸਮਰਥ ਬਣਾ ਰਹੇ ਹਾਂ - ਪੜ੍ਹਾਈ ਵੀ, ਹੁਨਰ ਵੀ। ਇਹ ਉਪਰਾਲਾ ਵਾਈਐਸ ਪਬਲਿਕ ਸਕੂਲ ਦੇ ਮਿਸ਼ਨ ਵੱਲ ਇਕ ਹੋਰ ਪੂਰਾ ਕਦਮ ਹੈ, ਜਿਸ ਦਾ ਉਦੇਸ਼ ਹਰ ਵਿਦਿਆਰਥੀ ਨੂੰ ਭਵਿੱਖ ਲਈ ਤਿਆਰ ਕਰਨਾ ਹੈ।

# ਧੂਰੀ ਵਿਖੇ ਸ੍ਰੀ ਸ਼ਿਆਮ ਅਖਾੜਾ ਅੱਜ ਰਾਤ

ਧੂਰੀ, 4 ਅਗਸਤ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਧਾਰਮਿਕ ਆਸਥਾ ਅਤੇ ਭਗਤੀ ਭਾਵਨਾ ਨੂੰ ਸਮਰਪਿਤ ਕਰਦੇ ਹੋਏ, ਅੱਜ ਸ਼ਾਮ 8 ਵਜੇ ਤੋਂ ਧੂਰੀ ਦੇ ਸਥਾਨਕ ਪਾਠਸ਼ਾਲਾ ਮੰਦਰ ਵਿਖੇ ਸ੍ਰੀ ਸ਼ਿਆਮ ਅਖਾੜਾ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਸ੍ਰੀ ਦੇਵਾਯ ਨਮ: ਮੰਡਲ ਧੂਰੀ ਦੇ ਪ੍ਰਧਾਨ ਭੂਸ਼ਣ ਕੁਮਾਰ ਅਤੇ ਮੋਹਰੀ ਆਗੂ ਸੰਜੀਵ ਗੋਇਲ ਸੰਜੂ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਅਖਾੜੇ ਵਿੱਚ ਮਾਨਯੋਗ ਸ੍ਰੀ ਵਿਜੈ ਜੀ ਮਹਾਰਾਜ (ਸਾਂਵਰੀਆ ਸੇਠ ਮੰਦਰ, ਮੋਗਾ) ਆਪਣੀ ਵਿਸ਼ੇਸ਼ ਹਾਜਰੀ ਭਰਣਗੇ ਅਤੇ ਭਗਤਜਨ ਆਪਣੇ ਮਨ ਦੀਆਂ ਇੱਛਾਵਾਂ ਪੂਰੀਆਂ ਕਰਨ ਲਈ ਅਖਾੜੇ ਵਿੱਚ ਭਗਤੀਮਈ ਸਰੋਤਿਆਂ ਵਿੱਚ ਡੁੱਬਣਗੇ। ਇਸ ਮੌਕੇ 'ਅਟੁੱਟ ਲੰਗਰ' ਦਾ ਵਿਵਥਾ ਕੀਤੀ ਗਈ ਹੈ, ਜੋ ਪ੍ਰਭੂ ਇੱਛਾ ਤੱਕ ਲਗਾਤਾਰ ਚਲਦਾ ਰਹੇਗਾ।

# 270 ਨਸ਼ੀਲੀਆਂ ਗੋਲ਼ੀਆਂ ਸਣੇ ਦੋਸ਼ੀ ਕਾਬੂ

ਤਪਾ ਮੰਡੀ, 4 ਅਗਸਤ(ਭੂਸ਼ਨ ਘੜੈਲਾ):ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਪੁਲਿਸ ਸਬ-ਡਵੀਜਨ ਤਪਾ ਅਧੀਨ ਪੈਂਦੇ ਥਾਣਾ ਰੂੜੇਕੇ ਕਲਾਂ ਦੀ ਪੁਲਸ ਨੇ ਇੱਕ ਵਿਅਕਤੀ ਨੂੰ 270 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਨ 'ਚ ਸਫਲਤਾ ਮਿਲੀ ਹੈ।
ਇਸ ਸੰਬੰਧੀ ਥਾਣਾ ਮੁਖੀ ਰੂੜੇਕੇ ਕਲਾਂ ਰੇਣੂ ਪਰੋਚਾ ਨੇ ਦੱਸਿਆ ਕਿ ਐਸ.ਐਸ.ਪੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਨਿਰਦੇਸ਼ਾਂ ਅਤੇ ਡੀ.ਐਸ.ਪੀ ਤਪਾ ਗੁਰਬਿੰਦਰ ਸਿੰਘ ਦੀ ਅਗਵਾਈ 'ਚ ਪੁਲਸ ਨੂੰ ਸੂਚਨਾ ਮਿਲੀ ਕਿ ਬਿਟੂ ਪੁੱਤਰ ਕਰਨੈਲ ਰਾਮ ਵਾਸੀ ਸਮਰਾ ਪੱਤੀ ਪੱਖੋ ਕਲਾਂ ਲਾਗਲੇ ਜਿਲਿਆਂ 'ਚੋਂ ਨਸ਼ੀਲੀਆਂ ਗੋਲੀਆਂ ਲਿਆਕੇ ਪਿੰਡਾਂ 'ਚ ਤੁਰ ਫਿਰ ਕੇ ਵੇਚ ਰਿਹਾ ਹੈ, ਤਾਂ ਪੁਲਿਸ ਨੇ ਤੁਰੰਤ ਐਕਸ਼ਨ 'ਚ ਆਕੇ ਉਕਤ ਵਿਅਕਤੀ ਨੂੰ ਇਲਾਕੇ 'ਚੋਂ 270 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਰਵਿੰਦਰਜੀਤ ਸਿੰਘ ਬਿੰਦੀ ਦੀ ਸੰਪਾਦਿਤ ਪੁਸਤਕ 'ਚਿੜੀਆਂ ਦਾ ਚੰਬਾ' ਰਿਲੀਜ਼



ਬਰਨਲਾ, 4 ਅਗਸਤ (ਬਘੇਲ ਸਿੰਘ ਧਾਲੀਵਾਲ): ਅੱਜ ਵਾਰਤਿਕ ਲੇਖਕ ਰਵਿੰਦਰ ਜੀਤ ਸਿੰਘ ਬਿੰਦੀ ਦੀ ਸੰਪਾਦਿਤ ਪੁਸਤਕ 'ਚਿੜੀਆਂ ਦਾ ਚੰਬਾ' ਦਾ ਰਿਲੀਜ਼ ਸਮਾਗਮ ਕੀਤਾ ਗਿਆ। ਇਹ ਰਸਮ ਅਦਾ ਕਰਨ ਉਪਰੰਤ ਪੰਜਾਬੀ ਦੇ ਬਹੁ ਪੱਖੀ ਲੇਖਕ ਅਤੇ ਭਾਰਤੀ ਸਾਹਿਤ ਅਕੈਡਮੀ ਦਿੱਲੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸੰਕਲਨ ਕੀਤਾ ਗਿਆ ਕਾਵਿ ਪਿਛਲੀਆਂ ਦੋ ਸਦੀਆਂ ਵਿਚ ਫੈਲਿਆ ਹੋਇਆ ਹੈ। ਇਸ ਵਿਚ ਧੀਆਂ ਬਾਰੇ ਲੋਕ ਗੀਤ ਵੀ ਹਨ ਅਤੇ ਧਨੀ ਰਾਮ ਚਾਤ੍ਰਿਕ ਤੋਂ ਲੈ ਕੇ ਮਨਜਿੰਦਰ ਧਨੋਆ ਤੱਕ ਕਵੀਆਂ ਦੇ ਲਿਖੇ ਗੀਤ ਹਨ। ਮਾਲਵਾ ਸਾਹਿਤ ਸਭਾ ਬਰਨਾਲਾ ਦੇ ਪ੍ਰਧਾਨ ਪੰਜਾਬੀ ਕਵੀ ਡਾ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਇਹ ਪੁਸਤਕ ਪ੍ਰਾਇਮਰੀ ਸਕੂਲਾਂ ਤੋਂ ਯੂਨੀਵਰਸਿਟੀ ਤੱਕ ਦੇ ਸਮਾਗਮਾਂ ਲਈ ਸਹਾਈ ਹੋਵੇਗੀ।ਹੁਣ ਤੱਕ ਸਾਡੇ ਕੋਲ ? ਇਸ ਤਰ੍ਹਾਂ ਦੀ ਪੁਸਤਕ ਦੀ ਅਣਹੋਂਦ ਸੀ। ਬੋਲੀਕਾਰ ਰਘਬੀਰ ਸਿੰਘ ਗਿੱਲ ਕੱਟੂ ਨੇ ਕਿਹਾ ਕਿ ਇਨ੍ਹਾਂ ਗੀਤਾਂ ਵਿਚ ਧੀਆਂ ਦੀਆਂ ਉਮੰਗਾਂ ਦੇ ਵੀ ਗੀਤ ਹਨ। ਦੁੱਖਾਂ ਦੇ ਗੀਤਾਂ ਤੋਂ ਇਲਾਵਾ ਧੀਆਂ ਦੇ ਜੀਵਨ ਦਾ ਕੋਈ ਪੱਖ ਅਜਿਹਾ ਨਹੀਂ, ਜਿਸ ਨਾਲ ਸਬੰਧਿਤ ਕੋਈ ਨਾ ਕੋਈ ਗੀਤ ਇਸ ਪੁਸਤਕ ਵਿਚ ਨਾ ਹੋਵੇ। ਪਿੰਸੀਪਲ ਅਮਨਦੀਪ ਕੌਰ ਨੇ ਕਿਹਾ ਕਿ ਇਸ ਪੁਸਤਕ ਪੜ੍ਹ ਕੇ ਧੀਆਂ ਨੂੰ ਧਰਤੀ ਤਸੱਬਰ ਕਰਨ ਨੂੰ ਦਿਲ ਕਰਦਾ ਹੈ। ਸਕੂਲ ਦੀ ਕੋ-ਕੋਆਰਡੀਨੇਟਰ ਪਰਮਜੀਤ ਕੌਰ ਨੇ ਕਿਹਾ ਕਿ ਜਦੋਂ ਪਹਿਲਾਂ ਸਾਡੇ ਸਕੂਲ ਦਾ ਸਾਲਾਨਾ ਸਮਾਗਮ ਹੁੰਦਾ ਸੀ ਤਾਂ ਲਾਇਬਰੇਰੀ ਵਿਚੋਂ ਕਈ-ਕਈ ਪੁਸਤਕ ਵੇਖਣੀਆਂ ਪੈਂਦੀਆਂ ਸੀ। ਹੁਣ ਸਾਡੇ ਅਤੇ ਹੋਰਾਂ ਸਕੂਲਾਂ ਲਈ ਇਹ ਪੁਸਤਕ ਸਹਾਈ ਸਿੱਧ ਹੋਵੇਗੀ।
ਰਵਿੰਦਰ ਜੀਤ ਸਿੰਘ ਬਿੰਦੀ ਨੇ ਇਸ ਪੁਸਤਕ ਦੀ ਸੰਪੂਰਨਤਾ ਵਿਚ ਪੰਜਾਬੀ ਦੇ ਪ੍ਰਸਿੱਧ ਕਵੀ ਗੁਰਭਜਨ ਗਿੱਲ ਅਤੇ ਬੂਟਾ ਸਿੰਘ ਚੌਹਾਨ ਤੋਂ ਮਿਲੇ ਸਹਿਯੋਗ ਦਾ ਉਚੇਚਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਇਸ ਤੋਂ ਪਹਿਲਾਂ ਉਹ ਆਪਣੇ ਵਿਦਿਆਦਾਨੀ ਪਿਤਾ ਹੌਲਦਾਰ ਅਜੀਤ ਸਿੰਘ ਪੱਖੋ ਬਾਰੇ ਵੀ ਇਕ ਪੁਸਤਕ 'ਸੀਤ ਹਵਾ ਦਾ ਬੁੱਲਾ ਹੌਲਦਾਰ ਅਜੀਤ ਸਿੰਘ ਪੱਖੋ ' ਦਾ ਸੰਪਾਦਨ ਕਰ ਚੁੱਕੇ ਹਨ ਅਤੇ ਭਵਿੱਖ ਵਿਚ ਵੀ ਇਹ ਕਾਰਜ ਜਾਰੀ ਰੱਖਣਗੇ। ਇਸ ਮੌਕੇ ਜਤਿੰਦਰ ਸੁਨਾਮੀ ਨੇ ਸਭਨਾਂ ਦਾ ਧੰਨਵਾਦ ਕੀਤਾ।

# 69ਵੀਆਂ ਗਰਮ ਰੁੱਤ ਜ਼ੋਨਲ ਸਕੂਲ ਖੇਡਾਂ ਅੰਡਰ-14 ਸ਼ਤਰੰਜ 'ਚ ਪੱਖੋ ਕਲਾਂ ਦੀਆਂ ਕੁੜੀਆਂ ਮੋਹਰੀ



ਬਰਨਾਲਾ, 4 ਅਗਸਤ (ਹਿਮਾਂਸ਼ੂ ਗਰਗ): ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਸੁਨੀਤਇੰਦਰ ਸਿੰਘ ਅਤੇ ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਡਾ. ਬਰਜਿੰਦਰਪਾਲ ਸਿੰਘ ਦੀ ਅਗਵਾਈ ਹੇਠ 69ਵੀਆਂ ਪੰਜਾਬ ਰਾਜ ਜ਼ੋਨਲ ਸਕੂਲ ਖੇਡਾਂ ਤਹਿਤ ਜ਼ੋਨ ਪੱਖੋ ਕਲਾਂ ਦੀਆਂ ਗਰਮ ਰੁੱਤ ਸਕੂਲ ਖੇਡਾਂ ਦੇ ਮੁਕਾਬਲੇ ਵੱਖ-ਵੱਖ ਸਕੂਲਾਂ ਵਿੱਚ ਕਰਵਾਏ ਜਾ ਰਹੇ ਹਨ। ਜ਼ੋਨਲ ਸਕੱਤਰ ਅਮਨਦੀਪ ਕੌਰ ਨੇ ਦੱਸਿਆ ਕਿ ਅੱਜ ਸਰਕਾਰੀ ਸੈਕੰਡਰੀ ਸਕੂਲ ਪੱਖੋ ਕਲਾਂ, ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ ਅਤੇ ਸਨਾਵਰ ਸਕੂਲ ਧੌਲਾ ਵਿਖੇ ਹੋਈਆਂ ਖੇਡਾਂ ਵਿੱਚ ਖੋ-ਖੋ (ਲੜਕੀਆਂ) ਅੰਡਰ 14 ਸਾਲ ਵਿੱਚ ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ, ਜੀ. ਐਸ. ਸਕੂਲ ਧੌਲਾ ਤੇ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ, ਅੰਡਰ 17 ਸਾਲ ਵਿੱਚ ਸਹਸ ਬਦਰਾ ਨੇ ਪਹਿਲਾ, ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਦੂਜਾ ਤੇ ਸੰਤ ਬਾਬਾ ਲੌਂਗਪੁਰੀ ਸਕੂਲ ਪੱਖੋ ਕਲਾਂ ਨੇ ਤੀਜਾ ਅਤੇ ਅੰਡਰ 19 ਸਾਲ ਵਿੱਚ ਸੰਤ ਲੌਂਗਪੁਰੀ ਸਕੂਲ ਪੱਖੋ ਕਲਾਂ ਨੇ ਪਹਿਲਾ ਸਥਾਨ ਹਾਸਲ ਕੀਤਾ। ਚੈੱਸ ਅੰਡਰ 14 ਸਾਲ ਲੜਕੇ ਵਿੱਚ ਸੰਤ ਬਚਨਪੁਰੀ ਸਕੂਲ ਨੇ ਪਹਿਲਾ ਤੇ ਸਸਸਸ ਪੱਖੋ ਕਲਾਂ ਨੇ ਦੂਜਾ, ਅੰਡਰ 14 ਲੜਕੀਆਂ ਵਿੱਚ ਸਸਸਸ ਪੱਖੋ ਕਲਾਂ ਨੇ ਪਹਿਲਾ, ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਦੂਜਾ ਤੇ ਬ੍ਰਿਲਿਐਂਟ ਸਕੂਲ ਪੱਖੋ ਕਲਾਂ ਨੇ ਤੀਜਾ, ਅੰਡਰ 17 ਸਾਲ ਲੜਕੇ ਵਿੱਚ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਪਹਿਲਾ, ਸਸਸਸ ਪੱਖੋ ਕਲਾਂ ਨੇ ਦੂਜਾ ਤੇ ਸਨਾਵਰ ਸਕੂਲ ਧੌਲਾ ਨੇ ਤੀਜਾ, ਅੰਡਰ 17 ਲੜਕੀਆਂ ਵਿੱਚ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਪਹਿਲਾ, ਸਸਸਸ ਪੱਖੋ ਕਲਾਂ ਨੇ ਦੂਜਾ ਤੇ ਲੌਂਗਪੁਰੀ ਸਕੂਲ ਪੱਖੋ ਕਲਾਂ ਨੇ ਤੀਜਾ, ਅੰਡਰ 19 ਲੜਕੇ ਵਿੱਚ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਪਹਿਲਾ ਤੇ ਸਸਸਸ ਪੱਖੋ ਕਲਾਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਸਕੂਲ ਮੁਖੀ ਸਸਸਸ ਪੱਖੋ ਕਲਾਂ ਨਿਰਮਲ ਸਿੰਘ ਅਤੇ ਪ੍ਰਿੰਸੀਪਲ ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ ਪੂਜਾ ਸ਼ਰਮਾ ਨੇ ਸ਼ਿਰਕਤ ਕੀਤੀ। ਇਸ ਮੌਕੇ ਲੈਕਚਰਾਰ ਮਹਿੰਦਰ ਕੌਰ, ਲੈਕਚਰਾਰ ਸਤਵੀਰ ਸਿੰਘ, ਮਲਕੀਤ ਸਿੰਘ ਭੁੱਲਰ, ਅਮਨਦੀਪ ਕੌਰ, ਜਸਪਿੰਦਰ ਕੌਰ, ਪਰਮਜੀਤ ਕੌਰ, ਹਰਦੀਪ ਕੌਰ, ਬਲਵੀਰ ਕੌਰ, ਗੁਰਦੀਪ ਸਿੰਘ, ਜਸਪ੍ਰੀਤ ਸਿੰਘ, ਸ਼ਿਵਦੀਪ ਸ਼ਰਮਾ, ਸੁਖਰਾਜ ਸਿੰਘ, ਰਜਿੰਦਰ ਸਿੰਘ, ਜਸਵੀਰ ਸਿੰਘ, ਕੇਵਲ ਸਿੰਘ, ਰਣਜੀਤ ਸਿੰਘ, ਹਰਵਿੰਦਰ ਸਿੰਘ, ਹਰਜੀਤ ਸਿੰਘ ਜੋਗਾ ਸਮੇਤ ਵੱਖ-ਵੱਖ ਸਕੂਲਾਂ ਦੇ ਸਰੀਰਕ ਸਿੱਖਿਆ ਅਧਿਆਪਕ ਤੇ ਖਿਡਾਰੀ ਮੌਜੂਦ ਸਨ।

# ਸੂਬਾ ਪੱਧਰ ਦੇ ਪੱਲੇਦਾਰ ਮਜ਼ਦੂਰਾਂ ਨੇ ਸਰਕਾਰ ਦੀ ਨਵੀਂ ਨੀਤੀ ਦੀਆਂ ਕਾਪੀਆਂ ਸਾੜੀਆਂ ਤੇ ਨਾਅਰੇਬਾਜ਼ੀ ਕੀਤੀ



ਤਪਾ ਮੰਡੀ, 4 ਅਗਸਤ (ਭੂਸ਼ਨ ਘੜੈਲਾ): ਪੰਜਾਬ ਭਰਦੇ ਮਜ਼ਦੂਰ ਪੱਲੇਦਾਰਾਂ ਵੱਲੋਂ ਸੂਬਾ ਪੱਧਰੀ ਮੀਟਿੰਗ ਤਪਾ ਵਿਖੇ ਕੀਤੀ ਗਈ ਅਤੇ ਪੰਜਾਬ ਸਰਕਾਰ ਵੱਲੋਂ ਖੁਰਾਕ ਜਿਨਸਾਂ ਦੀ 2025 /26 ਅਤੇ 2027 ਲੇਬਰ ਕਾਰਟੇਜ ਪਾਲਿਸੀ ਬਣਾਈ ਗਈ ਸੀ ਜੋ ਪਾਲਿਸੀ ਮਜ਼ਦੂਰ ਵਿਰੋਧੀ ਬਣਾਈ ਗਈ ਹੈ।ਪੱਲੇਦਾਰ ਸੰਘਰਸ ਕਮੇਟੀ ਦੇ ਸੂਬਾ ਆਗੂ ਖੁਸੀ ਮੁਹੰਮਤ,ਸੂਬਾ ਆਗੂ ਸਿੰਦਰਪਾਲ ਸਿੰਘ ਬਰਨਾਲਾ,ਸੂਬਾ ਆਗੂ ਹਰਦੇਵ ਸਿੰਘ ਗੋਲਡੀ ਅਮਿ?ਤਸਰ ਅਤੇ ਰਾਜੂ ਸਹੋਤਾ ਜਗਰਾਉ,ਬਖਤਾਵਰ ਸਿੰਘ ਘੜੁੱਮੀ ਫਾਜਲਿਕਾ,ਜ਼ਿਲ੍ਹਾ ਪ੍ਰਧਾਨ ਪੱਲੇਦਾਰ ਮਜਦੂਰ ਯੂਨੀਅਨ ਤੇ ਜਗਦੀਸ,ਸੂਬਾ ਸੈਕਟਰੀ ਸਿੰਦਰਪਾਲ ਸਿੰਘ,ਆਦਿ ਨੇ ਪੱਲੇਦਾਰ ਮਜ਼ਦੂਰਾਂ ਨੂੰ ਸਬੋਧਨ ਕੀਤਾ ਗਿਆ।ਪੱਲੇਦਾਰ ਮਜ਼ਦੂਰ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਨਵੀਂ ਪਾਲਿਸੀ ਦਾ ਵਿਰੋਧ ਸ਼ੁਰੂ ਕੀਤਾ ਅਤੇ ਪਾਲਿਸੀ ਦੀਆਂ ਕਾਪੀਆ ਸਾੜੀਆਂ ਤੇ ਪੰਜਾਬ ਸਰਕਾਰ ਦੇ ਵਿਰੁਧ ਨਾਅਰੇਬਾਜ਼ੀ ਕੀਤੀ ਗਈ। ਉਨ੍ਹਾਂ ਨੇ ਦੱਸਿਆਂ ਕਿ ਪੰਜਾਬ ਦੀਆਂ ਏਜੰਸੀਆਂ ਖੁਰਾਕ ਸਿਵਲ ਸਪਲਾਈ ਤੇ ਖਪਤਕਾਰ,ਵੇਅਰ ਹਾਊਸ,ਮਾਰਕਫੈੱਡ ਅਤੇ ਪਨਸਪ ਦੇ ਅਧਿਕਾਰੀਆ ਨੇ ਏ.ਸੀ ਦਫਤਰਾਂ ਵਿੱਚ ਬੈਠਕੇ ਮਜਦੂਰ ਵਿਰੋਧੀ ਪਾਲਿਸੀ ਬਣਾ ਦਿੱਤੀ ਹੈ ਅਤੇ ਸਮੇ ਸਮੇ ਦੀਆਂ ਸਰਕਾਰਾਂ ਨੇ ਹਮੇਸਾਂ ਮਜਦੂਰਾਂ ਦੇ ਚੂਲੇ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ।ਕਿਉਂ ਕਿ ਸਰਕਾਰ ਨੇ ਮਜ਼ਦੂਰਾਂ ਨੂੰ ਮਾਰਨ ਲਈ ਅਜਿਹੀਆਂ ਪਾਲਿਸੀਆ ਬਣਾਈਆਂ ਜਾਂਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਲੇਬਰ ਵਿਰੁੱਧ ਬਣਾਈ ਨਵੀਂ ਪਾਲਿਸੀ ਰੱਦ ਨਾ ਕੀਤੀ ਤਾਂ 7 ਅਗਸਤ ਤੋਂ ਪੰਜਾਬ ਭਰ ਅੰਦਰ ਪੱਲੇਦਾਰ ਮਜ਼ਦੂਰ ਹੜਤਾਲ ਕਰਨਗੇ ਕਿਸੇ ਰੇਲ ਅੰਡ 'ਤੇ ਉੱਪਰ ਮਜ਼ਦੂਰ ਸਪੈਸ਼ਲ ਨਹੀਂ ਭਰਨਗੇ ।ਇਸ ਮੌਕੇ ਤੇ ਭਦੌੜ ਡੀਪੂ ਤੋਂ ਸਰਵਨ ਸਿੰਘ, ਮਖੱਣ ਸਿੰਘ,ਬੱਬੂ ਲੀਡਰ,ਸੈਕਟਰੀ ਸੰਜੀਵ ਕੁਮਾਰ,ਸੈਕਟਰੀ ਮੇਸੀ ਤਪਾ,ਵਿਜੈ ਕੁਮਾਰ ਸਿੰਘ,ਅਰਵਿੰਦ,ਸੂਰਜ ਕੁਮਾਰ,ਗਨਦੇਵ ,ਸਕਿੰਦਰ ਕੁਮਾਰ ਆਦਿ ਹਾਜ਼ਰ ਸਨ।

# ਜਦੋਂ ਤੱਕ ਸੀਵਰੇਜ ਕਾਮਿਆਂ ਦੀਆਂ ਮੰਗਾਂ ਦਾ ਹੱਲ ਕਰਕੇ ਨੋਟੀਫਿਕੇਸ਼ਨ ਜਾਰੀ ਨਹੀਂ ਹੁੰਦਾ, ਸੰਘਰਸ਼ ਜਾਰੀ ਰਹੇਗਾ ਮੰਗਾਂ



ਬਰਨਾਲਾ, 4 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਰਜਿ: ਜ਼ਿਲ੍ਹਾ ਬਰਨਾਲਾ ਵੱਲੋਂ ਪੰਜਾਬ ਸਰਕਾਰ ਤੋਂ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਅੱਜ ਤੋਂ ਪੰਜਾਬ ਪੱਧਰੀ ਅਣਮਿੱਥੇ ਸਮੇਂ ਲਈ ਹੜ੍ਹਤਾਲ ਸ਼ੁਰੂ ਹੋ ਗਈ ਹੈ। ਇਸ ਮੌਕੇ ਸੂਬਾ ਪ੍ਰਧਾਨ ਗੁਰਦੇਵ ਸਿੰਘ ਨਿਹੰਗ ਨੇ ਕਿਹਾ ਕਿ ਇਸ ਹੜਤਾਲ ਵਿੱਚ ਸੀਵਰਮੈਨ, ਬੇਲਦਾਰ, ਫਿਟਰ, ਕੀ ਮੈਨ, ਪੰਪ ਓਪਰੇਟਰ, ਅਤੇ ਗ੍ਰੇਟਸ ਕੰਪਨੀ ਦੇ ਰਾਹੀਂ ਕੰਮ ਕਰਦੇ ਡਰਾਈਵਰ, ਮਾਲੀ-ਕਮ-ਚੌਕੀਦਾਰ, ਪੀਅਨ, ਸੇਵਦਾਰ ਕਲਰਕ ਲਗਭਗ ਸਾਰੀਆਂ ਕੈਟਾਗਰੀਆਂ ਇਸ ਹੜ ?ਹਤਾਲ ਵਿੱਚ ਸ਼ਾਮਲ ਹਨ। ਪਿਛਲੇ ਛੇ ਮਹੀਨਿਆਂ ਤੋਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਆਊਟਸੋਰਸ ਕਾਮਿਆਂ ਦਾ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਸੰਘਰਸ਼ ਚੱਲ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਜਥੇਬੰਦੀ ਨਾਲ ਮੀਟਿੰਗਾਂ ਵੀ ਕੀਤੀਆਂ ਜਾ ਰਹੀਆਂ ਹਨ ਪਰ ਉਨ੍ਹਾਂ ਮੀਟਿੰਗਾਂ ਵਿੱਚ ਸਾਡੀਆਂ ਮੰਗਾਂ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਸਰਕਾਰ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਵਿੱਚ ਆਊਟਸੋਰਸ ਤੌਰ ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਮਹਿਕਮੇ ਵਿਚ ਮਰਜ਼ ਕਰਕੇ ਤੁਰੰਤ ਰੈਗੂਲਰ ਕੀਤਾ ਜਾਵੇ, 1948 ਦੇ ਕਾਨੂੰਨ ਤਹਿਤ ਸਾਡੀ ਤਨਖਾਹ 35 ਤੋਂ 40 ਹਜ਼ਾਰ ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ, ਜਿਹੜੇ ਆਊਟਸੋਰਸ ਕਾਮੇ ਰਿਟਾਇਰਮੈਂਟ ਨੇੜੇ ਤੇ ਹਨ ਉਨ੍ਹਾਂ ਦੀ ਨੌਕਰੀ ਦੀ ਉਮਰ 65 ਸਾਲ ਕੀਤੀ ਜਾਵੇ,
ਜਥੇਬੰਦੀ ਦੀ ਪੰਜਾਬ ਸਰਕਾਰ ਨਾਲ 06/08/2025 ਨੂੰ ਹੋਣ ਵਾਲੀ ਮੀਟਿੰਗ ਵਿੱਚ ਜੇਕਰ ਉਪਰੋਕਤ ਮੰਗਾਂ ਦਾ ਹੱਲ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਹੋਰ ਵੀ ਤੇਜ਼ ਕੀਤਾ ਜਾਵੇਗਾ।

# ਹਵੇਲੀ ਪੱਤੀ ਤਪਾ ਵਿਖੇ ਔਰਤਾਂ ਨੇ ਤੀਆਂ ਦਾ ਤਿਉਹਾਰ ਮਨਾਇਆ



ਤਪਾ ਮੰਡੀ, 4 ਅਗਸਤ (ਭੂਸ਼ਨ ਘੜੈਲਾ): ਤੀਆਂ ਦਾ ਤਿਉਹਾਰ ਹਵੇਲੀ ਪੱਤੀ ਤਪਾ ਦੀ ਸੱਥ ਵਿੱਚ ਰਵਾਇਤੀ ਤੌਰ 'ਤੇ ਮਨਾਇਆ। ਇਸ ਮੌਕੇ ਇਕੱਠੀਆਂ ਹੋਈਆਂ ਕੁੜੀਆਂ ਵੱਲੋਂ ਬੋਲੀ ਪਾਈ ਗਈ ਸਾਉਣ ਵੀਰ ਇਕੱਠੀਆਂ ਕਰੇ ਭਾਦੋਂ ਚੰਦਰੀ ਵਿਛੋੜੇ ਪਾਵੇ'' ਸਾਵਣ 'ਚ ਵੀਰ ਭੈਣਾਂ ਨੂੰ ਸਹੁਰਿਆਂ ਤੋਂ ਲਿਆਉਂਦੇ ਅਤੇ ਸੱਸਾਂ ਬੜੀ ਖੁਸ਼ੀ ਖੁਸ਼ੀ ਆਪਣੀਆਂ ਨੂੰਹਾਂ ਨੂੰ ਪੇਕੀਂ ਤੋਰਦੀਆਂ ਹਨ। ਇਸ ਮੌਕੇ ਛੱਜ ਵਿਆਹੀਆਂ ਕੁੜੀਆਂ ਵੱਲੋਂ ਨੱਚ ਟੱਪ ਕੇ ਖੂਬ ਧਮਾਲਾਂ ਪਾਈਆਂ ਗਈਆਂ । ਕੁੜੀਆਂ ਵੱਲੋਂ ਇੱਕ ਦੂਜੀ ਤੋਂ ਉੱਤੋਂ ਦੀ ਹੋਕੇ ਬੋਲੀਆ ਪਾਈਆਂ ਗਈਆਂ ਉੱਧਰੋਂ ਵੱਡੀ ਉਮਰ ਦੀਆਂ ਬੁੜੀਆਂ ਵੀ ਘੱਟ ਨਹੀਂ ਸੀ ਉਹ ਬਦੂੰਕ ਦੀ ਗੋਲੀ ਬਾਗ ਬੋਲੀ ਨੂੰ ਛਡਦੀਆਂ ਸਨ। ਬੁੜੀਆਂ ਦੇ ਬੋਲ ਸੀ 'ਬਹੁਤਿਆਂ ਭਰਾਵਾਂ ਵਾਲੀਏ ਤੈਨੂੰ ਲੈਣ ਨਾ ਤੀਆਂ ਨੂੰ ਆਏ' ਅੱਗੋਂ ਨੂੰਹ ਕਹਿੰਦੀ 'ਸੱਸੀਏ ਵੜਵੇਂ ਅੱਖੀਏ ਤੇਥੋਂ ਡਰਦੇ ਲੈਣ ਨਾ ਆਏ' ਪਰ ਇਹ ਹਾਸਾ ਮਖੌਲ ਤੀਆਂ 'ਚ ਹੀ ਹੁੰਦਾ ਦਿਖਾਈ ਦਿੱਤਾ। ਬੇਬੇ ਨੇ ਕਿਹਾ ਪਰ ਏਹੋ ਅਜਿਹੀਆਂ ਬੋਲੀਆਂ ਤੋਂ ਅੱਜ ਕੱਲ ਦੀਆਂ ਕੁੜੀਆਂ ਨੂੰਹਾਂ ਔਖੀਆਂ ਹੋ ਜਾਂਦੀਆਂ ਹਨ ਵੀ ਬੁੜੀ ਮੈਨੂੰ ਮੇਹਣੇ ਮਾਰਦੀ ਐ ਹੁਣ ਤਾਂ ਇਹ ਰਿਵਾਜ ਮਿਟ ਗਏ ਹਨ ਅਤੇ ਤੀਆਂ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈਆਂ ਹਨ। ਰਿਵਾਜ ਸਮੇਂ ਦੇ ਲਿਹਾਜ਼ ਨਾਲ ਖਤਮ ਹੋ ਗਿਆ ਹੈ ਵਿਰਸਾ।ਇਸ ਮੌਕੇ ਇਸਤਰੀਆਂ ,ਕਰਮਜੀਤ ਕੌਰ,ਮਨਦੀਪ ਕੌਰ,ਮਨਪ੍ਰੀਤ ਕੌਰ,ਸੁਖਪਾਲ ਕੌਰ,ਸਰਬਜੀਤ ਕੌਰ ਦੇ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਬਹੁਤ ਸਾਰੇ ਰਿਵਾਜ ਸਮੇਂ ਦੇ ਲਿਹਾਜ਼ ਨਾਲ ਖਤਮ ਹੋ ਗਏ ਹਨ ਪਰ ਇਨ੍ਹਾਂ ਪੁਰਾਣੇ ਰਿਵਾਜਾਂ ਨੂੰ ਸਾਂਭਿਆ ਨਹੀਂ ਗਿਆ। ਉਨ੍ਹਾਂ ਦੱਸਿਆ ਕਿ ਅਸੀਂ ਪੇਕੇ ਘਰ ਹੁੰਦੀਆਂ ਤੀਆਂ ਤੇ ਜਾ ਕੇ ਖੂਬ ਬੋਲੀਆਂ ਪਾਉਂਦੀਆਂ ਨੱਚਦੀਆਂ ਟੱਪਦੀਆਂ। ਤਕਰੀਬਨ 20 ਤੇ 25 ਕੁ ਸਾਲ ਪਹਿਲਾਂ ਤੀਆਂ ਦਾ ਵੱਖਰਾ ਹੀ ਨਜ਼ਾਰਾ ਹੁੰਦਾ ਸੀ ਪਰ ਅੱਜ ਤਾਂ ਲੋਕਾਂ 'ਚ ਮੋਹ ਪਿਆਰ ਬਿਲਕੁਲ ਹੀ ਘਟ ਗਿਆ ਹੈ ਅਤੇ ਨਾ ਹੀ ਕਿਸੇ ਕੋਲ ਪੁਰਾਣੇ ਰਿਵਾਜ਼ ਮਨਾਉਣ ਦਾ ਟਾਈਮ ਹੈ। ਦੇ ਹੁਣ ਕੁੜੀਆਂ ਤੀਆਂ ਮਨਾਉਂਦੀਆਂ ਵੀ ਹਨ ਸਕੂਲਾਂ ਜਾਂ ਕਲੱਬਾਂ ਚ ਮਨਾਉਂਦੀਆਂ ਹਨ ਹੁਣ ਪਿੰਡਾਂ ਦੀਆਂ ਸੱਥਾ ਜਾਂ ਪਿੱਪਲਾਂ ਬੋਹੜਾਂ ਦੀਆਂ ਛਾਵਾਂ ਤੇ ਖੁੱਲੀਆਂ ਥਾਵਾਂ ਤੋਂ ਇਹ ਗਿੱਧਾ ਜਾਨੀ ਤੀਆਂ ਦਾ ਤਿਉਹਾਰ ਅਲੋਪ ਹੋ ਗਿਆ ਹੈ । ਇਸ ਮੌਕੇ ਸੁਖਪ੍ਰੀਤ ਕੌਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਤੀਆਂ ਮਨਾ ਕੇ ਬਹੁਤ ਹੀ ਚੰਗਾ ਲੱਗਦਾ । ਪਰ ਪਹਿਲਾਂ ਦੀ ਗੱਲ ਹੈ ਅਸੀ ਤਾ ਸਿਰਫ ਮਾਤਾ ਪਿਤਾ ਤੋਂ ਸੁਣਦੀ ਹਾਂ ਕਿ ਤੀਆਂ ਦਾ ਤਿਉਹਾਰ ਪਿੰਡਾਂ ਦੀ ਖੁੱਲੀ ਜਗ ?ਹਾ ਜਾ ਪਿੜਾਂ 'ਚ ਮਨਾਇਆ ਜਾਂਦਾ ਸੀ ਅਤੇ ਲੜਕੀਆਂ ਇਕੱਠੀਆਂ ਹੋ ਕੇ ਗਿੱਧਾ ਪਾਉਂਦੀਆਂ ਸਨ।ਹੁਣ ਦੇ ਸਮੇਂ ਮੋਬਾਇਲਾਂ ਤੇ ਸੁਣਦੇ ਹਾ ਕਿ ਤੀਆ ਤਿਉਹਾਰ ਵੇਖਦੇ ਹਾਂ ਤਾਂ ਮਨ ਵਿੱਚ ਇਹ ਖਿਆਲ ਆਉਂਦਾ ਹੈ ਕਿ ਅਸੀਂ ਵੀ ਪਹਿਲਾਂ ਵਾਂਗ ਪੇਕੀ ਘਰ ਜਾ ਕੇ ਤੀਆਂ ਮਨਾਈਏ ਪਰ ਹੁਣ ਤਾਂ ਰਿਵਾਜ ਅਲੋਪ ਹੋ ਚੁੱਕੇ ਹਨ। ਪਿੰਡਾਂ ਤੇ ਸਹਿਰਾਂ'ਚ ਤੀਆਂ ਮਨਾਉਣ ਦਾ ਉਪਰਾਲਾ ਕਲੱਬਾਂ ਵੱਲੋਂ ਕੀਤਾ ਜਾਂਦਾ ਪਰ ਅਸੀਂ ਤੀਆਂ ਦਾ ਤਿਉਹਾਰ ਕੁੜੀਆਂ ਵੱਲੋਂ ਇਕੱਠੇ ਹੋ ਕੇ ਪਿਜਾਬੀ ਵਿਰਸੇ ਮੁੱਖ ਰੱਖਦੇ ਹੋਏ ਪਿੰਡ ਦੀ ਸੱਥ ਚ ਮਨਾਇਆ ਗਿਆ ।ਇਸ ਕਰਮਜੀਤ ਕੌਰ,ਜਸਪ੍ਰੀਤ ਕੌਰ,ਚਰਨਜੀਤ ਕੌਰ,ਸੁਖਪਾਲ ਕੌਰ,ਪਵਨਦੀਪ ਕੌਰ,ਵਿਵਤਾ ਰਾਣੀ,ਚਰਨਜੀਤ ਕੌਰ,ਅਮਰਜੀਤ ਕੌਰ, ਹਰਵਿੰਦਰ ਕੌਰ,ਜਸਪ੍ਰੀਤ ਕੌਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਔਰਤਾਂ ਹਾਜਰ ਸਨ।

# ਕਿਸਾਨ ਪਰਾਲ਼ੀ ਦਾ ਸੁੱਚਜਾ ਪ੍ਰਬੰਧਨ ਕਰਕੇ ਵਾਤਾਵਰਣ ਰਖਵਾਲੇ ਬਣਕੇ ਜਿੱਤ ਸਕਦੇ ਨੇ ਇਨਾਮ : ਡੀ ਸੀ

ਬਰਨਾਲਾ, 4 ਅਗਸਤ (ਬਘੇਲ ਸਿੰਘ ਧਾਲੀਵਾਲ): ਜ਼ਿਲ੍ਹਾ ਬਰਨਾਲਾ ਦੇ ਕਿਸਾਨ ਇਸ ਸਾਲ ਦੌਰਾਨ ਖੇਤਾਂ ਵਿੱਚ ਪਰਾਲੀ ਨੂੰ ਬਿਨਾਂ ਅੱਗ ਲਗਾਏ ਉਸ ਦਾ ਖੇਤ ਵਿੱਚ ਹੀ ਪ੍ਰਬੰਧਨ ਕਰਨ, ਇਸ ਸਬੰਧੀ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਲਈ ਲੱਕੀ ਡਰਾਅ—2025 (ਪਰਾਲੀ) ਸ਼ੁਰੂ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀਮ ਬੈਨਿਥ ਨੇ ਕਿਹਾ ਕਿ ਲੱਕੀ ਡਰਾਅ ਵਿੱਚ 1,00,000 ਰੁਪਏ ਦਾ ਇਨਾਮ ਰੱਖਿਆ ਗਿਆ ਹੈ, ਜੋ ਕਿ 25 ਲੱਕੀ ਜੇਤੂਆਂ ਵਿੱਚ ਵੰਡਿਆ ਜਾਵੇਗਾ। ਇਸ ਵਿੱਚ ਪਹਿਲਾ ਇਨਾਮ 20,000 ਰੁਪਏ, ਦੂਸਰਾ ਇਨਾਮ 15,000 ਰੁਪਏ , ਤੀਸਰਾ ਇਨਾਮ 10,000 ਰੁਪਏ ਤੇ ਬਾਕੀ ਇਨਾਮ ਹੋਰ ਕਿਸਾਨਾਂ ਵਿੱਚ ਵੰਡਿਆ ਜਾਵੇਗਾ। ਡਿਪਟੀ ਕਮਿਸ਼ਨਰ ਬਰਨਾਲਾ ਨੇ ਕਿਹਾ ਕਿ ਇਸ ਲਈ ਇੱਕ ਲਿੰਕ ਅਤੇ ਕਿਊ ਆਰ ਕੋਡ ਜਾਰੀ ਕੀਤਾ ਗਿਆ ਹੈ, ਜਿਸ ਰਾਹੀਂ ਕਿਸਾਨ ਇਸ ਲੱਕੀ ਡਰਾਅ ਲਈ ਅਪਲਾਈ ਕਰ ਸਕਦੇ ਹਨ। ਇਸ ਲਿੰਕ ਨੂੰ ਪ੍ਰਾਪਤ ਕਰਨ ਲਈ 7973975463 'ਤੇ ਵਹਟਸਅਪ ਰਾਹੀਂ ਲਿੰਕ ਪ੍ਰਾਪਤ ਕੀਤਾ ਜਾ ਸਕਦਾ ਹੈ।
ਡਿਪਟੀ ਕਮਿਸ਼ਨਰ ਬਰਨਾਲਾ ਨੇ ਦੱਸਿਆ ਕਿ ਇਹ ਮੁਹਿੰਮ ਜ਼ਿਲ੍ਹਾ ਬਰਨਾਲਾ ਵਿੱਚ ਪਰਾਲ਼ੀ ਦੇ ਸੁਚੱਜੇ ਪ੍ਰਬੰਧਨ ਕਰਨ ਲਈ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਪਰਾਲੀ ਦਾ ਸੁੱਚਜਾ ਪ੍ਰਬੰਧਨ ਕਰਨ ਲਈ ਇਹ ਮੁਹਿੰਮ ਅਹਿਮ ਰੋਲ ਅਦਾ ਕਰੇਗੀ। ਬਰਨਾਲਾ ਜ਼ਿਲ੍ਹੇ ਦੇ ਕਿਸਾਨ ਲੱਕੀ ਡਰਾਅ (ਪਰਾਲੀ) ਲਈ 31 ਅਗਸਤ ਤੱਕ ਅਪਲਾਈ ਕਰ ਸਕਦੇ ਹਨ। ਜੇਕਰ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਚਾਹੀਦੀ ਹੋਵੇ ਤਾਂ ਇਸ ਲਈ 7973975463 'ਤੇ ਫੋਨ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪਰਾਲ਼ੀ ਦੀ ਸੰਭਾਲ ਲਈ ਯੋਗ ਪ੍ਰਬੰਧਨ ਕਰਨ ਅਤੇ ਵਾਤਾਵਰਨ ਨੂੰ ਸਾਫ ਸੁਥਰਾ ਬਣਾਏ ਰੱਖਣ ਵਿੱਚ ਆਪਣਾ ਯੋਗਦਾਨ ਪਾਉਣ। ਮੁੱਖ ਖੇਤੀਬਾੜੀ ਅਫ਼ਸਰ ਬਰਨਾਲਾ ਜਗਸੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਲਿੰਕ ਨੂੰ ਕਿਸਾਨਾਂ ਦੇ ਜਾਨਕਾਰੀ ਲਈ ਜਨਤਕ ਤੌਰ ਤੇ ਸਾਰੇ ਖੇਤੀਬਾੜੀ ਦਫਤਰਾਂ ਤੇ ਡੀ ਸੀ ਦਫਤਰਾਂ ਵਿੱਚ ਬੈਨਰ ਲਗਾਏ ਗਏ ਹਨ। ਜਿਸ ਤੋਂ ਕਿਸਾਨਾਂ ਨੂੰ ਲੱਕੀ ਡਰਾਅ ਲਈ ਅਪਲਾਈ ਕਰਨ ਵਿੱਚ ਕੋਈ ਮੁਸ਼ਕਿਲ ਨਹੀਂ ਆਵੇਗੀ।

# ਪੰਜਾਬ ਤੇ ਪੰਜਾਬੀਆਂ ਦੀ ਰਖਵਾਲੀ ਅਕਾਲੀ ਦਲ (ਬ) ਹੀ ਕਰ ਸਕਦੈ : ਖੰਡੇਬਾਦ



ਲਹਿਰਾਗਾਗਾ, 4 ਅਗਸਤ (ਗੁਰਦੀਪ ਸਿੰਘ): ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਲਿਆ ਕੇ ਪੰਜਾਬ ਦੀ ਕਿਸਾਨੀ ਨੂੰ ਖਤਮ ਕਰਨ ਦੀ ਸੋਚ ਧਾਰਨ ਕਰ ਰੱਖੀ ਹੈ, ਜਿਸ ਦਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਸਖਤ ਵਿਰੋਧ ਕਰੇਗਾ, ਅਤੇ ਕਿਸੇ ਵੀ ਹਾਲਤ ਵਿੱਚ ਲੈਂਡ ਪੂਲਿੰਗ ਨੀਤੀ ਨੂੰ ਲਾਗੂ ਕਰਕੇ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਹੜੱਪਣ ਨਹੀਂ ਦਿੱਤਾ ਜਾਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਐਡਵੋਕੇਟ ਗਗਨਦੀਪ ਸਿੰਘ ਖੰਡੇਵਾਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ, ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਹੀ ਪੰਜਾਬ ਤੇ ਪੰਜਾਬੀਆਂ ਦੀ ਰਖਵਾਲੀ ਕਰ ਸਕਦਾ ਹੈ, ਕਿਉਂਕਿ ਅਕਾਲੀ ਦਲ ਦੀ ਸਰਕਾਰ ਸਮੇਂ ਹਮੇਸ਼ਾ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਯਤਨ ਕੀਤੇ ਜਾਂਦੇ ਰਹੇ ਹਨ, ਜਿਵੇਂ ਕਿ ਕਿਸਾਨਾਂ ਦੇ ਖੇਤਾਂ ਨੂੰ ਨਹਿਰੀ ਪਾਣੀ ਦੇਣਾ ਅਤੇ ਮੋਟਰਾਂ ਦੇ ਕਨੈਕਸ਼ਨ ਦੇਣਾ ਤੇ ਖੇਤੀ ਮੋਟਰਾਂ ਦੇ ਬਿੱਲ ਮਾਫ ਕਰਨਾ,ਇਹ ਸਭ ਅਕਾਲੀ ਸਰਕਾਰ ਨੇ ਪਹਿਲ ਦੇ ਅਧਾਰ ਤੇ ਕੰਮ ਕੀਤੇ ਸਨ, ਉਹਨਾਂ ਗੱਲਬਾਤ ਕਰਦਿਆਂ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਹਰ ਖੇਤਰ ਵਿੱਚ ਪਿਛੜ ਕੇ ਰਹਿ ਗਿਆ ਹੈ, ਪੰਜਾਬ ਦਾ ਉਦਯੋਗ ਜਿੱਥੇ ਹੋਰਨਾਂ ਸੂਬਿਆਂ ਵਿੱਚ ਜਾ ਰਿਹਾ ਹੈ, ਉੱਥੇ ਨਿੱਤ ਦੀਆਂ ਲੁੱਟਾਂ ਖੋਹਾਂ,ਤੇ ਸੂਬੇ ਵਿੱਚ ਵੱਧਦੀ ਜਾ ਰਹੀ ਧੱਕੇਸ਼ਾਹੀ ਕਾਰਨ ਹਰ ਵਰਗ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ।

# ਲਿਟਲ ਸਟਾਰ ਬਚਪਨ ਸਕੂਲ ਵਿਖੇ ਤੀਆਂ ਦਾ ਤਿਉਹਾਰ ਮਨਾਇਆ





ਲਹਿਰਾਗਾਗਾ, 4 ਅਗਸਤ (ਰਾਮੇਸ਼ਵਰ ਸ਼ਰਮਾ/ ਖੁਸ਼ਵਿੰਦਰ ਸ਼ਰਮਾ): ਅਕੈਡਮਿਕ ਵਰਲਡ ਸਕੂਲ ਅਤੇ ਹਾਈਟਸ ਐਂਡ ਹਾਈਟਸ ਪਬਲਿਕ ਸਕੂਲ ਅਤੇ ਲਿਟਲ ਸਟਾਰ ਬਚਪਨ ਸਕੂਲ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਗਿਆ। ਸਕੂਲ ਦੇ ਬੱਚਿਆਂ ਅਤੇ ਸਟਾਫ ਮੈਂਬਰਾਂ ਵੱਲੋਂ ਮਹਿਮਾਨਾਂ ਅਤੇ ਮਾਪਿਆਂ ਦਾ ਨਿੱਘਾ ਸੁਆਗਤ ਕੀਤਾ ਗਿਆ। ਬੱਚਿਆਂ ਨੇ ਬਹੁਤ ਸੋਹਣਾ ਰੰਗਾ ਰੰਗ ਪ੍ਰੋਗਰਾਮ ਕੀਤਾ, ਜਿਸ ਵਿੱਚ ਗਿੱਧਾ, ਭੰਗੜਾ, ਸੱਭਿਆਚਾਰ ਨਾਲ ਸੰਬੰਧਿਤ ਗੀਤ ਸ਼ਾਮਿਲ ਸਨ। ਸਕੂਲ ਦੇ ਸਾਰੇ ਬੱਚੇ ਪੰਜਾਬੀ ਡਰੈਸ ਵਿੱਚ ਆਏ। ਬੱਚਿਆਂ ਦੇ ਨਾਲ ਨਾਲ ਬੱਚਿਆਂ ਦੀਆਂ ਮਾਤਾਵਾਂ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ। ਸਕੂਲ ਦੇ ਚੇਅਰਮੈਨ ਸੰਜੇ ਸਿੰਗਲਾ ਪੰਜਾਬੀ ਸੱਭਿਆਚਾਰ ਨੂੰ ਜਿੰਦਾ ਰੱਖਣ ਲਈ ਇਹੋ ਜਿਹੇ ਤਿਉਹਾਰ ਮਨਾਏ ਜਾਂਦੇ ਰਹਿਣਗੇ ਓਹਨਾਂ ਨੇ ਆਪਣੇ ਸ਼ਬਦਾਂ ਵਿੱਚ ਸਕੂਲ ਦੇ ਪ੍ਰਬੰਧਕਾਂ, ਅਧਿਆਪਕਾਂ ਵੱਲੋਂ ਕੀਤੇ ਇਸ ਉਪਰਾਲੇ ਦੀ ਪ੍ਰਸ਼ੰਸਾ ਕਰਕੇ ਓਹਨਾਂ ਦਾ ਮਾਣ ਵਧਾਇਆ। ਹਾਈਟਸ ਐਂਡ ਹਾਈਟਸ ਪਬਲਿਕ ਸਕੂਲ ਦੇ ਪ੍ਰਿੰਸੀਪਲ ਪ੍ਰਿੰਕਾ ਬਾਂਸਲ ਨੇ ਫੰਕਸ਼ਨ ਵਿੱਚ ਪਹੁੰਚੇ ਮੁੱਖ ਮਹਿਮਾਨਾਂ ਅਤੇ ਮਾਤਾਵਾਂ ਦਾ ਤਹਿ ਦਿਲੋਂ ਸੁਆਗਤ ਕੀਤਾ। ਓਹਨਾਂ ਬੱਚਿਆਂ ਦੀਆਂ ਮਾਤਾਵਾਂ ਨੂੰ ਕਿਹਾ ਕਿ ਜੋ ਪਿਆਰ ਅਤੇ ਵਿਸ਼ਵਾਸ ਹੁਣ ਤੱਕ ਤੁਸੀਂ ਸਾਨੂੰ ਦਿੰਦੇ ਰਹੇ ਹੋ, ਉਮੀਦ ਕਰਦੇ ਹਾਂ ਕਿ ਉਹ ਅੱਗੇ ਵੀ ਸਾਡੇ ਨਾਲ ਐਸੇ ਤਰ੍ਹਾਂ ਰਹੇਗਾ। ਸਕੂਲ ਦੇ ਅਧਿਆਪਕਾਂ ਵੱਲੋਂ ਬੱਚਿਆਂ ਦੀਆਂ ਮਾਤਾਵਾਂ ਲਈ ਵੀ ਬਹੁਤ ਸਾਰੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਇਸ ਤੋਂ ਬਾਅਦ ਅਕੈਡਮਿਕ ਵਰਲਡ ਸਕੂਲ ਦੇ ਪ੍ਰਿੰਸੀਪਲ ਬਬੀ ਵਰਗੇਸ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਓਹਨਾ ਕਿਹਾ ਕਿ ਅਸੀ ਮਾਤਾ ਪਿਤਾ ਦੀ ਕਿਸੇ ਵੀ ਸ਼ਿਕਾਇਤ ਨੂੰ ਸ਼ਿਕਾਇਤ ਨਾ ਮੰਨ ਕੇ ਹਮੇਸ਼ਾ ਸੁਝਾਅ ਮੰਨਦੇ ਆ ਰਹੇ ਹਾਂ। ਸਾਰੇ ਹੀ ਬੱਚਿਆਂ, ਅਧਿਆਪਕਾਂ ਅਤੇ ਮਾਤਾਵਾਂ ਨੇ ਬਹੁਤ ਹੀ ਆਨੰਦ ਮਾਣਿਆ। ਇਸ ਮੌਕੇ 'ਤੇ ਦੋਨੋਂ ਸਕੂਲ ਦੇ ਅਧਿਆਪਕ ਡੀ.ਪੀ.ਈ. ਸੁਰਿੰਦਰ, ਸੁਰਭੀ, ਮਨਪ੍ਰੀਤ,ਨੇਵੀ,ਹਰਸਿਤਾ, ਮਨਦੀਪ, ਗਗਨਦੀਪ, ਗੁਰਵਿੰਦਰ, ਹਰਪ੍ਰੀਤ, ਸਾਕਸ਼ੀ, ਤਮੰਨਾ, ਜਸ਼ਨਦੀਪ, ਰਕਸੀਨ,ਕਾਜਲ,ਹੀਨਾ, ਵਿਕਾਸ਼, ਅਨਾਮਿਕਾ ਸਿੰਗਲਾ, ਰਿਤਿਕਾ, ਸੋਨਮ ਸ਼ਰਮਾ, ਆਰਜ਼ੂ, ਪੂਜਾ, ਮਨਪ੍ਰੀਤ ਕੌਰ, ਰਮਾ ਰਾਣੀ, ਮੀਨੂ ਰਾਣੀ, ਇੰਦਰਜੀਤ ਕੌਰ, ਮਨਪ੍ਰੀਤ ਕੌਰ, ਹੀਨਾ ਗਰਗ, ਜੈਨੰਮ, ਪ੍ਰਭਜੋਤ ਕੌਰ, ਸੰਦੀਪ ਕੌਰ, ਰਿੰਕੂ ਕੌਰ, ਹਰਮਨਦੀਪ ਕੌਰ, ਦਰਬਾਰਾ ਸਿੰਘ ਸ਼ਾਮਲ ਸਨ।

# ਪੋਲਰ ਸਟਾਰ ਸਕੂਲ ਦੇ ਖਿਡਾਰੀਆਂ ਨੇ ਜ਼ੋਨਲ ਖੇਡਾਂ ਵਿੱਚ ਮਾਰੀਆਂ ਮੱਲਾਂ

## 3 ਮੈਡਲ ਜਿੱਤੇ ਅਤੇ 8 ਖਿਡਾਰੀ ਜ਼ਿਲ੍ਹਾ ਖੇਡਾਂ ਲਈ ਚੁਣੇ ਗਏ



ਬਠਿੰਡਾ, 4 ਅਗਸਤ (ਜਗਸੀਰ ਭੁੱਲਰ): ਮਾਲਵਾ ਖੇਤਰ ਦੀ ਮਸ਼ਹੂਰ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਢੱਡੇ ਦੀ ਇਕਾਈ 'ਦੀ ਪੋਲਰ ਸਟਾਰ ਸਕੂਲ' ਦੇ ਖਿਡਾਰੀਆਂ ਨੇ ਪੰਜਾਬ ਸਕੂਲ ਜ਼ੋਨਲ ਖੇਡਾਂ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 2 ਚਾਂਦੀ ਅਤੇ 1 ਕਾਂਸੀ ਦਾ ਮੈਡਲ ਜਿੱਤ ਕੇ ਸਕੂਲ ਦਾ ਨਾਂ ਰੋਸ਼ਨ ਕੀਤਾ ਹੈ। ਇਸ ਸ਼ਾਨਦਾਰ ਪ੍ਰਾਪਤੀ ਦੇ ਨਾਲ ਹੀ 8 ਖਿਡਾਰੀਆਂ ਦੀ ਚੋਣ ਜ਼ਿਲ੍ਹਾ ਪੱਧਰੀ ਖੇਡਾਂ ਲਈ ਵੀ ਹੋ ਗਈ ਹੈ। ਇਸ ਮੌਕੇ 'ਤੇ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ, ਮੈਨੇਜਿੰਗ ਡਾਇਰੈਕਟਰ ਗੁਰਵਿੰਦਰ ਸਿੰਘ ਢੱਲੋ ਅਤੇ ਡਾਇਰੈਕਟਰ ਐਡਮਿਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਖੁਸ਼ੀ ਜ਼ਾਹਿਰ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਕੰਵਰਦੀਪ ਸਿੰਘ ਗਿੱਲ, ਕੋਚਾਂ, ਖਿਡਾਰੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਚੇਅਰਮੈਨ ਕੁਲਵੰਤ ਸਿੰਘ ਸਿੱਧੂ ਨੇ ਕਿਹਾ ਕਿ ਸਕੂਲ ਵੱਲੋਂ ਸ਼ੁਰੂ ਤੋਂ ਹੀ ਬੱਚਿਆਂ ਨੂੰ ਖੇਡਾਂ ਨਾਲ ਜੋੜਨ 'ਤੇ ਜ਼ੋਰ ਦਿੱਤਾ ਜਾਂਦਾ ਹੈ, ਜਿਸ ਦਾ ਇਹ ਸ਼ਾਨਦਾਰ ਨਤੀਜਾ ਹੈ। ਪ੍ਰਿੰਸੀਪਲ ਕੰਵਰਦੀਪ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੰਡਰ-14 ਸਾਲ ਉਮਰ ਵਰਗ ਦੀਆਂ ਲੜਕੀਆਂ ਨੇ ਰੱਸਾਕਸ਼ੀ ਵਿੱਚ ਚਾਂਦੀ ਦਾ ਮੈਡਲ ਜਿੱਤਿਆ, ਜਦਕਿ ਕਬੱਡੀ ਨੈਸ਼ਨਲ ਵਿੱਚ ਉਨ੍ਹਾਂ ਨੇ ਕਾਂਸੀ ਦਾ ਮੈਡਲ ਹਾਸਲ ਕੀਤਾ। ਇਸੇ ਤਰ੍ਹਾਂ ਲੜਕੀਆਂ ਦੀ ਰੱਸਾਕਸ਼ੀ ਟੀਮ ਨੇ ਵੀ ਦੂਜਾ ਸਥਾਨ ਪ੍ਰਾਪਤ ਕਰਕੇ ਚਾਂਦੀ ਦਾ ਮੈਡਲ ਜਿੱਤਿਆ। **ਜ਼ਿਲ੍ਹਾ ਖੇਡਾਂ ਲਈ ਚੁਣੇ ਗਏ ਖਿਡਾਰੀ:** ਇਸ ਤੋਂ ਇਲਾਵਾ, ਸਕੂਲ ਦੇ 8 ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਖੇਡਾਂ ਲਈ ਵੀ ਕੁਆਲੀਫਾਈ ਕੀਤਾ ਹੈ। ਲੜਕੀਆਂ ਵਿੱਚੋਂ ਖੁਸ਼ਪ੍ਰੀਤ ਕੌਰ, ਗੁਰਨੂਰ ਕੌਰ, ਗੁਰਨੂਰ ਕੌਰ (ਪੁੱਤਰੀ ਕੁਲਦੀਪ ਸਿੰਘ) ਅਤੇ ਕੋਮਲਪ੍ਰੀਤ ਕੌਰ ਦੀ ਚੋਣ ਹੋਈ ਹੈ। ਲੜਕਿਆਂ ਵਿੱਚੋਂ ਆਰਿਫ਼ ਖਾਨ, ਖੁਸ਼ਦੀਪ ਸਿੰਘ, ਗੁਰਸ਼ਰਨ ਸਿੰਘ ਅਤੇ ਗੁਰਮਨਪ੍ਰੀਤ ਸਿੰਘ ਨੇ ਜ਼ਿਲ੍ਹਾ ਪੱਧਰ 'ਤੇ ਸਕੂਲ ਦੀ ਪ੍ਰਤੀਨਿਧਤਾ ਕਰਨ ਦਾ ਮੌਕਾ ਪ੍ਰਾਪਤ ਕੀਤਾ ਹੈ। ਕਾਲਜ ਪ੍ਰਿੰਸੀਪਲ ਰਾਜ ਸਿੰਘ ਬਾਘਾ, ਡਾਇਰੈਕਟਰ ਸਿਖਲਜੀਤ ਕੌਰ ਅਤੇ ਖਜ਼ਾਨਚੀ ਪ੍ਰਸ਼ੋਤਮ ਕੌਰ ਨੇ ਵੀ ਇਨ੍ਹਾਂ ਨਤੀਜਿਆਂ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਖਿਡਾਰੀਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਕੋਆਰਡੀਨੇਟਰ ਹਰਦੀਪ ਸਿੰਘ, ਮਹਿਕਦੀਪ ਕੌਰ, ਈਸ਼ਵਰ ਕੌਰ, ਅਮਨਦੀਪ ਕੌਰ ਢਿੱਲੋਂ, ਅਮਨਦੀਪ ਮਹਿਰਾਜ, ਰਾਜੂ ਕੌਰ, ਸਿਵਾਲੀ ਰਾਣੀ, ਮਿੰਨੀ ਭੱਟੀ, ਰਮਨਦੀਪ ਕੌਰ, ਗਗਨਦੀਪ ਕੌਰ, ਹਰਪ੍ਰੀਤ ਕੌਰ, ਹਰਵਿੰਦਰ ਕੌਰ, ਗੁਰਮੀਤ ਕੌਰ, ਜਸਵੀਰ ਕੌਰ, ਮਨਪ੍ਰੀਤ ਕੌਰ, ਲਵਦੀਪ ਕੌਰ ਅਧਿਆਪਕਾਂ ਨੇ ਵੀ ਖੁਸ਼ੀ ਜਾਹਰ ਕਰਦਿਆ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ।

# ਖੇਡਾਂ ਨੂੰ ਮੁੜ ਸੁਰਜੀਤ ਕਰਨਾ ਮਾਨ ਸਰਕਾਰ ਦਾ ਇਤਿਹਾਸਕ ਕਦਮ : ਜੱਸੀ ਸੇਖੋਂ



ਧੂਰੀ, 4 ਅਗਸਤ (ਰਣਜੀਤ ਸਿੰਘ ਪੇਧਨੀ): ਪੰਜਾਬ ਦੀਆਂ ਰਵਾਇਤੀ ਪੇਂਡੂ ਖੇਡਾਂ ਨੂੰ ਮੁੜ ਸੁਰਜੀਤ ਕਰਨ ਅਤੇ ਉਤਸ਼ਾਹਿਤ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਸ਼ੰਸਾ ਕਰਦਿਆਂ ਧੰਨਵਾਦ ਕਰਦਿਆਂ ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਜਸਵੀਰ ਸਿੰਘ ਜੱਸੀ ਸੇਖੋਂ ਮੈਂਬਰ ਫੂਡ ਕਮਿਸ਼ਨ ਪੰਜਾਬ ਨੇ ਕਿਹਾ ਕਿ ਬਲਦਾਂ ਦੀ ਦੌੜ, ਮੁੰਝਾਂ ਦੇ ਮੁਕਾਬਲੇ ਅਤੇ ਹੋਰ ਬਹੁਤ ਸਾਰੀਆਂ ਖੇਡਾਂ ਆਦਿ ਸਿਰਫ਼ ਮਨੋਰੰਜਨ ਹੀ ਨਹੀਂ ਹਨ। ਪੰਜਾਬ ਦੇ ਜ਼ਿਮੀਂਦਾਰ ਬਲਦਾਂ ਨੂੰ ਆਪਣੇ ਪੁੱਤਰਾਂ ਵਾਂਗ ਪਾਲਦੇ ਹਨ। ਇਹ ਬਲਦ ਨਾ ਸਿਰਫ਼ ਖੇਤਾਂ ਵਿੱਚ ਮੱਦਦ ਕਰਦੇ ਹਨ, ਸਗੋਂ ਪਰਿਵਾਰ ਦਾ ਹਿੱਸਾ ਵੀ ਹਨ। ਇਨ੍ਹਾਂ ਦੀ ਦੇਖਭਾਲ, ਖੁਆਉਣਾ, ਮਾਲਿਸ਼ ਅਤੇ ਰੋਜ਼ਾਨਾ ਸੇਵਾ ਇੱਕ ਸਤਿਕਾਰਯੋਗ ਰਿਸ਼ਤੇ ਦੀ ਉਦਾਹਰਣ ਹੈ, ਜੋ ਮਨੁੱਖਾਂ ਅਤੇ ਜਾਨਵਰਾਂ ਵਿਚਕਾਰ ਭਾਵਨਾਤਮਕ ਬੰਧਨ ਨੂੰ ਦਰਸਾਉਂਦੀ ਹੈ। ਇਹ ਬਲਦਾਂ ਦੀਆਂ ਦੌੜਾਂ ਕਿਲਾ ਰਾਏਪੁਰ ਦੀਆਂ ਮਸ਼ਹੂਰ ਖੇਡਾਂ ਦਾ ਮੁੱਖ ਆਕਰਸ਼ਣ ਹਨ, ਜਿਨ੍ਹਾਂ ਨੂੰ ਮਿੰਨੀ ਓਲੰਪਿਕ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਇਨ੍ਹਾਂ ਖੇਡਾਂ ਵਿੱਚ ਬਲਦਾਂ ਦੀ ਦੌੜ, ਊਠ ਦੌੜ, ਕੁੱਤਿਆਂ ਦੀ ਦੌੜ (ਖਾਸ ਕਰਕੇ ਸ਼ੁੱਧ ਨਸਲ ਦੇ ਕੁੱਤੇ), ਕੁੱਕੜਾਂ ਦੀ ਲੜਾਈ, ਕਬੂਤਰ ਉਡਾਣ, ਮੁੰਝਾਂ ਦੀ ਤਾਕਤ ਪਰਖ ਮੁਕਾਬਲੇ ਵਰਗੇ ਹੋਰ ਬਹੁਤ ਸਾਰੇ ਵਿਲੱਖਣ ਮੁਕਾਬਲੇ ਸ਼ਾਮਲ ਹਨ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਇਹ ਰਵਾਇਤੀ ਖੇਡਾਂ ਤਿਉਹਾਰਾਂ ਜਾਂ ਮੇਲਿਆਂ ਤੱਕ ਸੀਮਤ ਨਾ ਰਹਿਣੀਆਂ ਚਾਹੀਦੀਆਂ, ਸਗੋਂ ਸਰਕਾਰੀ ਸਹਾਇਤਾ, ਪੁਰਸਕਾਰ ਯੋਜਨਾਵਾਂ ਅਤੇ ਪ੍ਰਚਾਰ ਰਾਹੀਂ ਨਵੀਂ ਪੀੜ੍ਹੀ ਤੱਕ ਪਹੁੰਚਣੀਆਂ ਚਾਹੀਦੀਆਂ ਹਨ। ਇਸ ਨਾਲ ਨੌਜਵਾਨ ਨਸ਼ੇ ਤੋਂ ਦੂਰ ਰਹਿਣਗੇ ਅਤੇ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣਗੇ। ਉਨ੍ਹਾਂ ਕਿਹਾ ਕਿ ਬੈਲ ਗੱਡੀਆਂ ਦੀ ਦੌੜ 'ਤੇ ਪਾਬੰਦੀ ਨੇ ਨਾ ਸਿਰਫ਼ ਰਵਾਇਤੀ ਖੇਡਾਂ ਦਾ ਮਨੋਬਲ ਡੇਗਿਆ ਹੈ, ਸਗੋਂ ਸਾਡੀ ਵਿਰਾਸਤ ਨੂੰ ਵੀ ਠੇਸ ਪਹੁੰਚਾਈ ਹੈ। ਉਨ੍ਹਾਂ ਅੱਗੇ ਕਿਹਾ ਕਿ ਹੁਣ ਕਾਨੂੰਨ ਨਾ ਸਿਰਫ਼ ਪੰਜਾਬ ਵਿੱਚ ਦੇਸੀ ਜਾਨਵਰਾਂ ਦੀਆਂ ਨਸਲਾਂ ਦੀ ਸੰਭਾਲ ਵਿੱਚ ਮੱਦਦ ਕਰੇਗਾ, ਸਗੋਂ ਬੈਲ ਗੱਡੀਆਂ ਦੀ ਦੌੜ ਨੂੰ ਮੁੜ ਸ਼ੁਰੂ ਕਰਨ ਦਾ ਰਾਹ ਵੀ ਪੱਧਰਾ ਕਰੇਗਾ।

# ਤੀਆਂ ਦਾ ਤਿਉਹਾਰ ਧੂਮ ਧਾਮ ਦੇ ਨਾਲ ਗਿਆ ਮਨਾਇਆ

## ਮੁੱਖ ਮੰਤਰੀ ਦੀ ਪਤਨੀ ਡਾ ਗੁਰਪ੍ਰੀਤ ਕੌਰ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ



ਬਾਜਾਖਾਨਾ, 4 ਅਗਸਤ (ਅਵਤਾਰ ਸਿੰਘ ਮੱਲਾ): ਜੈਤੋ ਤੋਂ ਵਿਧਾਇਕ ਅਮੋਲਕ ਸਿੰਘ ਦੀ ਪਤਨੀ ਬੀਬਾ ਮਨਪ੍ਰੀਤ ਕੌਰ ਪਹਿਲਕਦਮੀ ਕਰਦਿਆਂ ਔਰਤਾਂ ਦਾ ਪੁਰਾਤਨ ਤੇ ਰਵਾਇਤੀ ਤਿਉਹਾਰ ਤੀਆਂ ਸਥਾਨਕ ਡਰੀਮ ਕ੍ਰਿਸਟਲ ਪੈਲੇਸ ਜੈਤੋ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸੱਭਿਆਚਾਰਕ ਮੇਲੇ ਵਿੱਚ ਡਾਕਟਰ ਗੁਰਪ੍ਰੀਤ ਕੌਰ ਧਰਮਪਤਨੀ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਅਤੇ ਡਿਪਟੀ ਕਮਿਸ਼ਨਰ ਫਰੀਦਕੋਟ ਮੈਡਮ ਪੂਨਮਦੀਪ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਇਸ ਸਭਿਆਚਾਰ ਮੇਲੇ ਦਾ ਖੂਬ ਅਨੰਦ ਮਾਣਿਆ। ਉਨ੍ਹਾਂ ਵੱਲੋਂ ਇਸ ਸਮਾਗਮ ਦੀ ਸ਼ੁਰੂਆਤ ਰੀਬਨ ਕੱਟ ਕੇ ਕੀਤੀ ਗਈ। ਇਸ ਸਮਾਗਮ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਤਿਆਰ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਸੱਭਿਆਚਾਰਕ ਪ੍ਰੋਗਰਾਮ ਵਿੱਚ ਡਾਕਟਰ ਗੁਰਪ੍ਰੀਤ ਕੌਰ ਅਤੇ ਬੀਬਾ ਮਨਪ੍ਰੀਤ ਕੌਰ ਵੱਲੋਂ ਇਕੱਤਰ ਔਰਤਾਂ ਦੇ ਨਾਲ ਮਿਲ ਕੇ ਗਿੱਧਾ ਪਾਇਆ। ਇਸ ਮੌਕੇ ਗੱਲਬਾਤ ਦੌਰਾਨ ਡਾਕਟਰ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦਾ ਅਹਿਮ ਹਿੱਸਾ ਹੈ। ਜਿਸ ਵਿੱਚ ਔਰਤਾਂ ਨੱਚ ਟੱਪ ਆਪਣੀ ਖੁਸ਼ੀ ਦਾ ਇਜ਼ਹਾਰ ਕਰਦੀਆਂ ਹਨ। ਉਨ੍ਹਾਂ ਬੀਬਾ ਮਨਪ੍ਰੀਤ ਕੌਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਅੱਜ ਮੈਨੂੰ ਖੁਸ਼ੀ ਮਹਿਸੂਸ ਜਦ ਵੱਡੀ ਤਾਦਾਦ ਔਰਤਾਂ ਨੂੰ ਇਕੱਠਿਆਂ ਇੱਕ ਮੰਚ ਆਪਣੀ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਇਸ ਮੌਕੇ ਹਲਕਾ ਵਿਧਾਇਕ ਅਮੋਲਕ ਸਿੰਘ ਅਤੇ ਉਨ੍ਹਾਂ ਦੀ ਪਤਨੀ ਮਨਪ੍ਰੀਤ ਕੌਰ ਨੂੰ ਵਧਾਈ ਦਿੱਤੀ ਤੇ ਇਸ ਤਰ੍ਹਾਂ ਦੇ ਸੱਭਿਆਚਾਰਕ ਪ੍ਰੋਗਰਾਮਾਂ ਕਰਨ ਲਈ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਹਲਕਾ ਵਿਧਾਇਕ ਸਰਦਾਰ ਅਮੋਲਕ ਸਿੰਘ ਦੀ ਪਤਨੀ ਮਨਪ੍ਰੀਤ ਕੌਰ ਨੇ ਡਾਕਟਰ ਗੁਰਪ੍ਰੀਤ ਕੌਰ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਅਤੇ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਜੈਤੋ ਵਿਖੇ ਇਸ ਪ੍ਰੋਗਰਾਮ ਵਿੱਚ ਆ ਕੇ ਇਸ ਪ੍ਰੋਗਰਾਮ ਨੂੰ ਚਾਰ ਚੰਨ ਲਗਾਏ ਇਸ ਸਮਾਗਮ ਵਿੱਚ ਵੱਖ-ਵੱਖ ਪਿੰਡਾਂ ਤੋਂ ਆਇਆ ਸਰਪੰਚ ਅਤੇ ਪੰਚ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਔਰਤਾਂ ਨੇ ਹਿੱਸਾ ਲਿਆ।

# ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਲੁਧਿਆਣਾ ਵਿਖੇ ਧਰਨਾ 7 ਨੂੰ ਦਿੱਤਾ ਜਾਵੇਗਾ

ਲਹਿਰਾਗਾਗਾ, 4 ਅਗਸਤ (ਰਾਮੇਸ਼ਵਰ ਸ਼ਰਮਾ/ ਖੁਸ਼ਵਿੰਦਰ ਸ਼ਰਮਾ): ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਵੱਲੋਂ ਪੰਜਾਬ ਸਰਕਾਰ ਵੱਲੋਂ ਲਿਆਂਦੀ ਲੈਂਡ ਪੂਲਿੰਗ ਪਾਲਿਸੀ ਵਿਰੁੱਧ 7 ਅਗਸਤ ਨੂੰ ਪਿੰਡ ਜੋਧਾਂ, ਲੁਧਿਆਣਾ ਵਿਖੇ ਦਿੱਤੇ ਜਾ ਰਹੇ ਸੂਬਾ ਪੱਧਰੀ ਧਰਨੇ ਲਈ ਕਿਸਾਨਾਂ ਨੂੰ ਲਾਮਬੰਦ ਕਰਨ ਵਾਸਤੇ ਭਾਰਤੀ ਕਿਸਾਨੀ ਯੂਨੀਅਨ ਏਕਤਾ ਸਿੱਧੂਪੁਰ ਦੇ ਬਲਾਕ ਲਹਿਰਾ ਦੇ ਆਗੂਆਂ ਵੱਲੋਂ ਪਿੰਡ ਪਿੰਡ ਜਾ ਕੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਗੱਲਬਾਤ ਕਰਦਿਆਂ ਭਾਕਿਯੂ ਸਿੱਧੂਪੁਰ ਦੇ ਬਲਾਕ ਪ੍ਰਧਾਨ ਭੂਰਾ ਸਿੰਘ ਸਲੇਮਗੜ੍ਹ, ਜਨਰਲ ਸਕੱਤਰ ਸਤਨਾਮ ਸਿੰਘ ਜਲੂਰ, ਖਜ਼ਾਨਚੀ ਲਖਵਿੰਦਰ ਸਿੰਘ ਭੂਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਅੰਦਰ ਵੱਖ-ਵੱਖ ਸ਼ਹਿਰਾਂ ਦੇ ਨੇੜੇ 50 ਹਜ਼ਾਰ ਏਕੜ ਤੋਂ ਵੱਧ ਉਪਜਾਊ ਜ਼ਮੀਨ ਅਰਬਨ ਸਟੇਟ ਬਣਾਉਣ ਦੇ ਨਾਂ 'ਤੇ ਐਕਵਾਇਰ ਕਰ ਰਹੀ ਹੈ। ਜਿਸ ਦੇ ਬਦਲੇ ਕਿਸਾਨਾਂ ਨੂੰ ਕੋਈ ਕੀਮਤ ਨਾ ਦੇ ਕੇ ਛੋਟੇ ਛੋਟੇ ਰਿਹਾਇਸ਼ੀ ਤੇ ਕਮਰਸ਼ੀਅਲ ਪਲਾਂਟ ਦੇਣ ਦੀ ਗੱਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਸਮੁੱਚਾ ਕਿਸਾਨ ਵਰਗ ਸਰਕਾਰ ਦੀ ਇਸ ਪਾਲਸੀ ਦਾ ਵਿਰੋਧ ਕਰ ਰਿਹਾ ਹੈ। ਪਰ ਸੱਤਾ ਧਿਰ ਮੀਡੀਆ 'ਚ ਕਰੋੜਾਂ ਰੁਪਏ ਦੇ ਇਸ਼ਤਿਹਾਰ ਦੇ ਕੇ ਜਾਂ ਆਪਣੇ ਵਰਕਰਾਂ ਤੋਂ ਝੂਠੀ ਬਿਆਨਬਾਜ਼ੀ ਕਰਵਾ ਕੇ ਲੈਂਡ ਪੂਲਿੰਗ ਪਾਲਿਸੀ ਨੂੰ ਕਿਸਾਨਾਂ ਲਈ ਚੰਗਾ ਦੱਸ ਰਹੀ ਹੈ।

# ਦਾ ਐਨਲਾਈਟੈਂਡ ਡਿਗਰੀ ਕਾਲਜ ਦੇ ਵਿਦਿਆਰਥੀਆਂ ਵੱਲੋਂ ਰਾਜ ਪੱਧਰੀ ਯੁਵਕ ਸਿਖਲਾਈ ਵਰਕਸ਼ਾਪ ਵਿੱਚ ਜ਼ਿਲ੍ਹੇ ਦੀ ਅਗਵਾਈ



ਸਰਦੂਲਗੜ੍ਹ, 4 ਅਗਸਤ ( ਲਛਮਣ ਸਿੱਧੂ): ਦਾ ਐਨਲਾਈਟੈਂਡ ਡਿਗਰੀ ਕਾਲਜ ਝੁਨੀਰ ਦੀਆਂ ਵਿਦਿਆਰਥਣਾਂ ਵੱਲੋਂ ਯੁਵਕ ਸੇਵਾਵਾਂ ਪੰਜਾਬ ਸਰਕਾਰ ਦੇ ਰੈੱਡ ਰਿਬਨ ਕਲੱਬ ਵੱਲੋਂ ਰਾਜ ਪੱਧਰੀ ਯੁਵਕ ਸਿਖਲਾਈ ਵਰਕਸ਼ਾਪ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ 27 ਜੁਲਾਈ ਤੋਂ 31 ਜੁਲਾਈ ਤੱਕ ਲਗਾਈ ਗਈ। ਇਸ ਵਰਕਸ਼ਾਪ ਵਿੱਚ ਪੰਜਾਬ ਦੇ ਨੌ ਜ਼ਿਲ੍ਹਿਆਂ ਦੀਆਂ ਵਿਦਿਆਰਥਣਾਂ ਨੇ ਹਿੱਸਾ ਲਿਆ। ਮਾਨਸਾ ਜ਼ਿਲ੍ਹੇ ਦੀ ਅਗਵਾਈ ਦਾ ਐਨਲਾਈਟੈਂਡ ਡਿਗਰੀ ਕਾਲਜ਼ ਦੀਆਂ ਵਿਦਿਆਰਥਣਾਂ ਨੇ ਕੀਤੀ। ਇਸ ਵਰਕਸ਼ਾਪ ਵਿੱਚ ਵਿਦਿਆਰਥਣਾਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ ਜਿਸ ਵਿੱਚ ਉਨ੍ਹਾਂ ਨੇ ਸਮਾਜ ਵਿੱਚ ਹੋਣ ਵਾਲੇ ਸਾਈਬਰ ਕਰਾਇਮ ਨੂੰ ਰੋਕਣ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਨਾਲ ਹੀ ਉਨ੍ਹਾਂ ਨੂੰ ਨਸ਼ਿਆਂ ਵਿਰੁੱਧ ਸਮਾਜ ਵਿੱਚ ਫੈਲੇ ਖਤਰਿਆਂ ਤੋਂ ਜਾਣੂੰ ਕਰਵਾਇਆ ਗਿਆ। ਵਿਦਿਆਰਥੀਆਂ ਨੇ ਇਸ ਵਰਕਸ਼ਾਪ ਵਿੱਚ ਵਿੱਦਿਅਕ ਸਿੱਖਿਆ ਰਾਹੀਂ ਸਮਾਜ ਦਾ ਭਲਾ ਕਿਵੇਂ ਕਰ ਸਕਦੇ ਹਾਂ। ਇਸਦੀ ਸਿਖਲਾਈ ਪ੍ਰਾਪਤ ਕੀਤੀ। ਕਾਲਜ਼ ਪਹੁੰਚਣ 'ਤੇ ਵਿਦਿਆਰਥਣਾਂ ਦਾ ਸਮੁੱਚੀ ਮੈਨੇਜਮੈਂਟ ਕਮੇਟੀ ਵੱਲੋਂ ਬੇਅੰਤ ਸਿੰਘ ਧਾਲੀਵਾਲ ਅਤੇ ਡਿਗਰੀ ਕਾਲਜ਼ ਦੇ ਇੰਚਾਰਜ ਸਹਾਇਕ ਪ੍ਰੋਫੈਸਰ ਗੁਰਦੀਪ ਸਿੰਘ, ਸਮੂਹ ਸਟਾਫ਼ ਨੇ ਸ਼ੁਭ ਕਾਮਨਾਵਾਂ ਦਿੱਤੀਆਂ।

# ਲੈਂਡ ਪੂਲਿੰਗ ਨੀਤੀ ਦਿੱਲੀ ਵਾਲਿਆਂ ਨੇ ਨਜਾਇਜ ਫ਼ਾਇਦਾ ਲੈਣ ਲਈ ਬਣਾਈ : ਉਂਕਾਰ ਸਿੱਧੂ

ਧੂਰੀ, 4 ਅਗਸਤ (ਰਾਜੇਸ਼ਵਰ ਪਿੰਟੂ, ਅਮਨ ਗਰਗ) -ਪੰਜਾਬ ਦੇ ਮੁੱਖ ਮੰਤਰੀ ਦੇ ਸਾਬਕਾ ਓ.ਐਸ.ਡੀ. ਪ੍ਰੋਫ਼ੈਸਰ ਉਂਕਾਰ ਸਿੰਘ ਸਿੱਧੂ ਨੇ ਪੰਜਾਬ ਸਰਕਾਰ ਵੱਲੋਂ ਲਿਆਂਦੀ ਗਈ ਲੈਂਡ ਪੂਲਿੰਗ ਨੀਤੀ 2025 ਵਿਰੁੱਧ ਖੁੱਲ੍ਹ ਕੇ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਇਹ ਨੀਤੀ ਕਿਸਾਨਾਂ ਦੇ ਹਿੱਤ ਵਿੱਚ ਨਹੀਂ, ਸਗੋਂ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਵੱਲੋਂ ਨਿੱਜੀ ਅਤੇ ਵਪਾਰਕ ਮਕਸਦਾਂ ਲਈ ਤਿਆਰ ਕੀਤੀ ਗਈ ਇੱਕ ਚਾਲ ਹੈ।ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਟਵੀਟ ਕਰਦਿਆਂ ਸਪਸ਼ਟ ਕੀਤਾ ਕਿ ਇਹ ਨੀਤੀ ਕਿਸਾਨਾਂ ਦੀ ਜ਼ਮੀਨ ਨੂੰ ਜਬਰੀ ਖੋਹਣ ਦੀ ਕੋਸ਼ਿਸ਼ ਹੈ। ਉਨ੍ਹਾਂ ਆਲੋਚਨਾ ਕਰਦਿਆਂ ਕਿਹਾ ਕਿ ਜੋ ਆਮ ਆਦਮੀ ਪਾਰਟੀ ਕਿਸਾਨਾਂ ਨੂੰ ਐੱਮ.ਐੱਸ.ਪੀ. ਦੇਣ ਦੇ ਵਾਅਦੇ ਕਰਕੇ ਪੰਜਾਬ ਵਿੱਚ ਸੱਤਾ ਵਿੱਚ ਆਈ ਸੀ, ਅੱਜ ਉਹੀ ਸਰਕਾਰ ਕਿਸਾਨੀ ਦੇ ਵਿਰੁੱਧ ਨੀਤੀਆਂ ਬਣਾਉਣ 'ਚ ਲੱਗੀ ਹੋਈ ਹੈ।ਇਸ ਪ੍ਰਤੀਨਿੱਧ ਨਾਲ ਫ਼ੋਨ 'ਤੇ ਗੱਲਬਾਤ ਦੌਰਾਨ ਸਿੱਧੂ ਨੇ ਆਖਿਆ, ਇਹ ਨੀਤੀ ਦਾ ਵਿਰੋਧ ਸਿਰਫ਼ ਕਿਸਾਨਾਂ ਦੀ ਹੀ ਨਹੀਂ, ਸਾਰੇ ਪੰਜਾਬ ਦੀ ਲੜਾਈ ਹੈ। ਪੰਜਾਬ ਦੀ ਜ਼ਮੀਨ ਤੇ ਹੱਕ ਸਿਰਫ਼ ਪੰਜਾਬੀਆਂ ਦਾ ਹੈ, ਉਨ੍ਹਾਂ ਕਿਹਾ ਕਿ ਦਿੱਲੀ ਲੀਡਰਸ਼ਿਪ ਲੋਕਮਾਰੂ ਨੀਤੀਆਂ ਨੂੰ ਪੰਜਾਬ ਦੇ ਲੋਕ ਕਦੇ ਵੀ ਸਵੀਕਾਰ ਨਹੀਂ ਕਰਨਗੇ। ਇਤਿਹਾਸ ਨੇ ਵੀ ਇਹ ਸਾਬਤ ਕੀਤਾ ਹੈ ਕਿ ਪੰਜਾਬ ਨੇ ਕਦੇ ਵੀ ਦਿੱਲੀ ਦੀ ਈਨ ਨਹੀਂ ਮੰਨੀ ਅਤੇ ਨਾ ਹੀ ਅਗਾਂਹ ਮੰਨੇਗਾ।ਉਨ੍ਹਾਂ ਆਮ ਆਦਮੀ ਪਾਰਟੀ ਦੀ ਨੀਤੀਵਾਨੀ ਤੇ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਸੁਨਾਮ ਵਿੱਚ ਹੋਈ ਹਾਲੀਆ ਰੈਲੀ ਦੌਰਾਨ ਕੇਜਰੀਵਾਲ ਦੇ ਭਾਸ਼ਣ ਵੇਲੇ ਲੋਕਾਂ ਦਾ ਪੰਡਾਲ ਛੱਡ ਕੇ ਚਲੇ ਜਾਣਾ ਸਪਸ਼ਟ ਸੰਕੇਤ ਹੈ ਕਿ ਪੰਜਾਬੀ ਲੋਕ ਹੁਣ ਝੂਠੇ ਵਾਅਦਿਆਂ ਅਤੇ ਦਿੱਲੀ ਦੀ ਦਖਲਅੰਦਾਜ਼ੀ ਤੋਂ ਬਹੁਤ ਤੰਗ ਆ ਚੁੱਕੇ ਹਨ।ਸਿੱਧੂ ਨੇ ਆਗਾਹ ਕੀਤਾ ਕਿ ਲੈਂਡ ਪੂਲਿੰਗ ਨੀਤੀ ਦੇ ਆੜ 'ਚ ਦਿੱਲੀ ਵਾਲਿਆਂ ਦੇ ਸੌੜੇ ਹਿੱਤ ਸ਼ੁਮਾਰ ਹਨ।

# ਬ੍ਰਹਮਾਕੁਮਾਰੀਜ਼ ਆਸ਼ਰਮ ਵਿਖੇ ਰੱਖੜੀ ਦਾ ਤਿਉਹਾਰ ਮਨਾਇਆ



ਸੁਨਾਮ, 4 ਅਗਸਤ ( ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਬ੍ਰਹਮਾਕੁਮਾਰੀਜ਼ ਆਸ਼ਰਮ ਸੁਨਾਮ ਵਿੱਖੇ ਰੱਖੜੀ ਦਾ ਤਿਉਹਾਰ ਭਾਵਨਾਤਮਕ ਵਾਤਾਵਰਣ ਵਿੱਚ ਮਨਾਇਆ ਗਿਆ। ਇਸ ਮੌਕੇ ਆਸ਼ਰਮ ਦੀ ਕੇਂਦਰ ਸੰਚਾਲਿਕਾ ਬੀ.ਕੇ. ਮੀਰਾ ਦੀਦੀ ਦੀ ਅਗਵਾਈ ਹੇਠ ਆਯੋਜਿਤ ਸਮਾਰੋਹ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਪੰਜਾਬ ਸਰਕਾਰ ਵਿੱਚ ਕੈਬਿਨੈਟ ਮੰਤਰੀ ਅਮਨ ਅਰੋੜਾ ਖਾਸ ਤੌਰ 'ਤੇ ਪਹੁੰਚੇ। ਬੀਕੇ ਮੀਰਾ ਦੀਦੀ ਨੇ ਰੱਖੜੀ ਦੇ ਆਧਿਆਤਮਿਕ ਅਤੇ ਸਮਾਜਿਕ ਮਹੱਤਵ 'ਤੇ ਚਾਨਣਾ ਪਾਇਆ ਅਤੇ ਹਾਜ਼ਰੀਨ ਨੂੰ ਇਸ ਦੇ ਗੂੜ੍ਹੇ ਅਰਥਾਂ ਨਾਲ ਰੂ-ਬ-ਰੂ ਕਰਵਾਇਆ। ਮੰਤਰੀ ਅਮਨ ਅਰੋੜਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਬ੍ਰਹਮਾਕੁਮਾਰੀ ਸੰਸਥਾ ਦੀਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ ਅਤੇ ਸਭ ਨੂੰ ਭਰਾਵਾਂ ਵਾਲੀ ਭਾਵਨਾ, ਪਿਆਰ ਅਤੇ ਆਤਮਿਕ ਸਨੇਹ ਦੇ ਇਸ ਪਵਿੱਤਰ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਅਗਰਵਾਲ ਸਭਾ ਦੇ ਪ੍ਰਧਾਨ ਵਿਕਰਮ ਗਰਗ, ਚੇਅਰਮੈਨ ਮਨਪ੍ਰੀਤ ਬਾਂਸਲ, ਅਵਿਨਾਸ਼ ਰਾਣਾ (ਬਾਬਾ ਸਾਹਿਬ ਦਾਸ ਬਿਰਧ ਆਸ਼ਰਮ, ਘਰਾਚੋਂ), ਹਕੂਮਤ ਰਾਏ ਜਿੰਦਲ (ਸਾਬਕਾ ਪ੍ਰਧਾਨ ਅੱਗਰਵਾਲ ਸਭਾ), ਮਨੀਸ਼ ਸੋਨੀ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ), ਵਿਵੇਕ ਗੋਯਲ, ਨਰੇਸ਼ ਭੋਲਾ (ਪ੍ਰਧਾਨ ਵਪਾਰ ਮੰਡਲ), ਅਜਾਇਬ ਸਿੰਘ ਸੱਗੂ, ਬਿੱਟੂ ਪ੍ਰਾਪਰਟੀ ਡੀਲਰ, ਆਸ਼ੀਸ਼ ਜੈਨ, ਦੀਪਕ ਸਿੰਗਲਾ, ਸੁਭਿਸ਼ੇਕ ਮਦਾਨ, ਸ਼ਾਮ ਲਾਲ ਅਰੋੜਾ, ਕ੍ਰਿਸ਼ਨ ਸੰਦੋਹਾ ਅਤੇ ਰਾਜੀਵ ਸਮੇਤ ਕਈ ਹੋਰ ਵਿਸ਼ੇਸ਼ ਮਹਿਮਾਨ ਮੌਜੂਦ ਸਨ। ਸਮਾਗਮ ਵਿੱਚ ਬ੍ਰਹਮਾਕੁਮਾਰੀਜ਼ ਦੀਆਂ ਬਹਿਨਾਂ ਵਿੱਚ ਬੀਕੇ ਮਾਧੁਰੀ ਦੀਦੀ, ਕਚਨ ਦੀਦੀ, ਰੀਤੂ ਦੀਦੀ, ਦੀਂਖਾ ਬਹਿਨ, ਹਿਮਾਂਸ਼ੀ ਬਹਿਨ, ਰੋਮੀ ਗਰਗ, ਬਿਮਲਾ ਦੇਵੀ, ਸੁਸ਼ਮਾ ਰਾਣੀ, ਵਿਜੇ ਰਾਣੀ, ਰਾਜਵੀਰ ਕੌਰ, ਪ੍ਰਿਅਲ ਰਾਣੀ, ਸੰਜਨਾ ਅਰੋੜਾ, ਨਿਰਮਲਾ ਰਾਣੀ ਅਤੇ ਵੀਨਾ ਰਾਣੀ ਨੇ ਹਾਜ਼ਰੀ ਭਰ ਕੇ ਸਮਾਰੋਹ ਦੀ ਸ਼ਾਨ ਵਧਾਈ। ਪਵਿੱਤਰ ਰੱਖੜੀ ਬੰਨ੍ਹਣ ਦੀ ਰਸਮ ਨਾਲ ਸ਼ੁਰੂ ਹੋਇਆ। ਇਹ ਸਮਾਰੋਹ ਪਿਆਰ, ਨੇੜਤਾ ਅਤੇ ਆਧਿਆਤਮਿਕ ਸੰਦੇਸ਼ਾਂ ਨਾਲ ਭਰਪੂਰ ਸੀ ਜੋ ਸ਼ਾਂਤੀ ਅਤੇ ਸੋਹਰਦ ਭਰੇ ਮਾਹੌਲ ਵਿੱਚ ਸਫਲਤਾਪੂਰਵਕ ਸਮਾਪਤ ਹੋਇਆ।

# ਨਸ਼ਾ ਰੋਕੂ ਪਾਠ ਸਕੂਲੀ ਸਿਲੇਬਸ 'ਚ ਸ਼ਾਮਿਲ ਕਰਨਾ ਮਾਨ ਸਰਕਾਰ ਦਾ ਫ਼ੈਸਲਾ ਸ਼ਲਾਘਾਯੋਗ : ਚੇਅਰਮੈਨ ਘੁੱਲੀ

ਧੂਰੀ, 4 ਅਗਸਤ ( ਰਣਜੀਤ ਸਿੰਘ ਪੇਧਨੀ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ 'ਚ ਇਕ ਨਵਾਂ ਕਦਮ ਚੁੱਕਦੇ ਹੋਏ ਹੁਣ ਸਕੂਲੀ ਸਿਲੇਬਸ ਰਾਹੀਂ ਵੀ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਵੇਂ ਸਿਲੇਬਸ ਰਾਹੀਂ ਨਿੱਕੀ ਉਮਰ ਤੋਂ ਹੀ ਬੱਚਿਆਂ ਨੂੰ ਇਹ ਸੂਝ ਦਿੱਤੀ ਜਾਵੇਗੀ, ਕਿ ਨਸ਼ਾ ਇਕ ਤਬਾਹੀ ਵੱਲ ਲਿਜਾਣ ਵਾਲਾ ਰਸਤਾ ਹੈ ਅਤੇ ਇਸ ਤੋਂ ਦੂਰ ਰਹਿਣਾ ਚਾਹੀਦਾ ਹੈ। ਨਸ਼ਿਆਂ ਵਿਰੁੱਧ ਯੁੱਧ ਪੜ੍ਹਾਈ ਨਾਲ ਜਿੱਤਿਆ ਜਾ ਸਕਦਾ ਹੈ। ਸਕੂਲਾਂ 'ਚ ਨਸ਼ਾ ਰੋਕਥਾਮ ਦੇ ਅਭਿਆਨ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਉਨ੍ਹਾਂ ਦਾ ਭਵਿੱਖ ਸਵਾਰਨ ਦਾ ਸਭ ਤੋਂ ਵਧੀਆ ਵਧੀਆ ਤਰੀਕਾ ਹੈ । ਇਹ ਨਸ਼ਾ ਰੋਕੂ ਪਾਠ ਨੌਵੀ ਕਲਾਸ ਤੋਂ ਲੈ ਕੇ ਬਾਰਵੀਂ ਕਲਾਸ ਤੱਕ ਦੇ ਸਿਲੇਬਸ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਫਤਰ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਇਹ ਫੈਸਲਾ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਵਿੱਚ ਮੀਲ ਦਾ ਪੱਥਰ ਸਾਬਤ ਹੋਵੇਗਾ। ਵਿਦਿਆਰਥੀਆਂ ਨੂੰ ਨਿੱਕੀ ਉਮਰ ਤੋਂ ਹੀ ਸਹੀ ਦਿਸ਼ਾ ਵਿਚ ਸੂਝ ਦੇਣੀ ਬਹੁਤ ਜ਼ਰੂਰੀ ਹੈ ਅਤੇ ਮਾਨ ਸਰਕਾਰ ਦਾ ਇਹ ਕਦਮ ਕਾਬਿਲ-ਏ-ਤਾਰੀਫ ਹੈ।ਨਸ਼ਿਆਂ ਵਿਰੁੱਧ ਇਹ ਜੰਗ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਹਰ ਇਕ ਨਾਗਰਿਕ ਦੀ ਵੀ ਜ਼ਿੰਮੇਵਾਰੀ ਹੈ। ਇਸ ਅਭਿਆਨ ਵਿੱਚ ਹਰੇਕ ਵਿਅਕਤੀ ਦੀ ਭਾਗੀਦਾਰੀ ਨਸ਼ਾ ਮੁਕਤ ਪੰਜਾਬ ਦੀ ਨੀਂਹ ਰੱਖੇਗੀ।



# ਕੌਮੀ ਇਨਸਾਫ਼ ਮੋਰਚੇ ਵੱਲੋਂ ਜ਼ੋਰਦਾਰ ਰੋਸ਼ ਪ੍ਰਦਰਸ਼ਨ




ਸੰਗਰੂਰ, 4 ਅਗਸਤ (ਹਰਕੰਵਲ ਸਿੰਘ ਹੈਪੀ): ਕੌਮੀ ਇਨਸਾਫ਼ ਮੋਰਚੇ ਵੱਲੋਂ ਦਿੱਤੇ ਗਏ ਪ੍ਰੋਗਰਾਮ ਦੇ ਤਹਿਤ ਅੱਜ ਸੰਗਰੂਰ ਜ਼ਿਲ੍ਹੇ 'ਚ ਸਰਕਾਰ ਦੀਆਂ ਗਲਤ ਨੀਤੀਆਂ ਅਤੇ ਸਿੱਖ ਭਾਈਚਾਰੇ ਨਾਲ ਹੋ ਰਹੇ ਪੱਖਪਾਤ ਦੇ ਵਿਰੁੱਧ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾ ਕੇਵਲ ਪੁਤਲੇ ਫੂਕੇ ਗਏ ਬਲਕਿ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਅਤੇ ਜੇਲ੍ਹਾਂ ਵਿੱਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ। ਕੌਮੀ ਇਨਸਾਫ਼ ਮੋਰਚੇ ਦੀ ਅਗਵਾਈ ਹੇਠ ਸੰਗਰੂਰ ਵਿੱਚ ਸੈਂਕੜੇ ਪ੍ਰਦਰਸ਼ਨਕਾਰੀਆਂ ਨੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਸਿੱਖ ਭਾਈਚਾਰੇ ਨਾਲ ਹੋ ਰਹੀਆਂ ਜ਼ਿਆਦਤੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਮਾਮਲਿਆਂ ਵਿੱਚ ਸਜ਼ਾ ਨਾ ਮਿਲਣ 'ਤੇ ਗੁੱਸੇ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੰਗਰੂਰ ਗੁਰਨੈਬ ਸਿੰਘ ਰਾਮਪੁਰਾ ਨੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੌਮੀ ਇਨਸਾਫ਼ ਮੋਰਚੇ ਵੱਲੋਂ ਡੀ.ਸੀ ਸਹਿਬਾਨਾਂ ਨੂੰ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਚੇਤਾਵਨੀ ਪੱਤਰ ਪਹਿਲਾਂ ਕਾਫ਼ੀ ਵਾਰ ਦੇ ਚੁੱਕੇ ਹਨ, ਪ੍ਰੰਤੂ ਪੰਜਾਬ ਸਰਕਾਰ ਤੇ ਕੇਂਦਰ ਦੀ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ, ਨਾਹੀ ਇਹ ਸਰਕਾਰਾਂ ਪੰਜਾਬ ਤੇ ਸਿੱਖਾਂ ਦੇ ਦਰਦ ਨੂੰ ਮਹਿਸੂਸ ਕਰ ਰਹੀ ਹੈ। ਜਥੇਦਾਰ ਰਾਮਪੁਰਾ ਨੇ ਮੰਗ ਕੀਤੀ ਕਿ ਜਿਹੜੇ ਸਿੱਖ ਨੌਜਵਾਨ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ, ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜ਼ਿਲ੍ਹਾ ਸੰਗਰੂਰ ਦੇ ਆਗੂਆਂ ਤੇ ਵਰਕਰ ਸਹਿਬਾਨ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਸਿੱਖਾਂ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਪੰਥਕ ਜਥੇਬੰਦੀਆਂ ਵੱਲੋਂ ਹੋਰ ਵੀ ਸਖ਼ਤ ਸੰਘਰਸ਼ ਕੀਤਾ ਜਾਵੇਗਾ। ਪਾਰਟੀ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਇਕਜੁੱਟ ਹੋ ਕੇ ਸਰਕਾਰ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਨ ਦੀ ਅਪੀਲ ਕੀਤੀ ਹੈ। ਇਸ ਮੌਕੇ ਸੰਗਰੂਰ ਜ਼ਿਲ੍ਹੇ ਦੀ ਜਥੇਬੰਦੀ ਦੇ ਨੁਮਾਇੰਦਿਆਂ ਨੇ ਸਰਕਾਰ ਨੂੰ ਸਵਾਲ ਕੀਤਾ ਕਿ ਸਿੱਖਾਂ ਬੰਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਤੇ ਸਿੱਖਾਂ ਦੇ ਹੱਕਾਂ ਨੂੰ ਕਦੋ ਬਹਾਲ ਕੀਤਾ ਜਾਵੇਗਾ ? ਇਸ ਦੌਰਾਨ ਪਾਰਟੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਨਰਿੰਦਰ ਸਿੰਘ ਕਾਲਾਬੂਲਾ, ਜਿਲ੍ਹਾ ਯੂਥ ਪ੍ਰਧਾਨ ਸਤਿਨਾਮ ਸਿੰਘ ਰੱਤੋਕੇ, ਸ਼ਹਿਰੀ ਪ੍ਰਧਾਨ ਸੰਗਰੂਰ ਸੁਖਵਿੰਦਰ ਸਿੰਘ, ਜਿਲ੍ਹਾ ਜਰਨਲ ਸਕੱਤਰ ਕੁਲਵੰਤ ਸਿੰਘ ਲੱਡੀ, ਅਮਰਜੀਤ ਸਿੰਘ ਬਾਦਸ਼ਾਹਪੁਰ, ਸਾਧੂ ਸਿੰਘ ਪੇਧਨੀ, ਦਫ਼ਤਰ ਸਕੱਤਰ ਸਤਿਗੁਰ ਸਿੰਘ ਦੁੱਗਾਂ, ਜ਼ਿਲ੍ਹਾ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਦੁੱਗਾਂ, ਪ੍ਰਭਜੋਤ ਸਿੰਘ ਸੰਗਰੂਰ, ਬਲਜਿੰਦਰ ਸਿੰਘ ਖੋਖਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਗੂ ਤੇ ਵਰਕਰ ਸ਼ਾਮਿਲ ਸਨ। ਇਸ ਦੌਰਾਨ ਪਾਰਟੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਨਰਿੰਦਰ ਸਿੰਘ ਕਾਲਾਬੂਲਾ, ਜਿਲ੍ਹਾ ਯੂਥ ਪ੍ਰਧਾਨ ਸਤਿਨਾਮ ਸਿੰਘ ਰੱਤੋਕੇ, ਸ਼ਹਿਰੀ ਪ੍ਰਧਾਨ ਸੰਗਰੂਰ ਸੁਖਵਿੰਦਰ ਸਿੰਘ, ਜਿਲ੍ਹਾ ਜਰਨਲ ਸਕੱਤਰ ਕੁਲਵੰਤ ਸਿੰਘ ਲੱਡੀ, ਅਮਰਜੀਤ ਸਿੰਘ ਬਾਦਸ਼ਾਹਪੁਰ, ਸਾਧੂ ਸਿੰਘ ਪੇਧਨੀ, ਦਫ਼ਤਰ ਸਕੱਤਰ ਸਤਿਗੁਰ ਸਿੰਘ ਦੁੱਗਾਂ, ਜ਼ਿਲ੍ਹਾ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਦੁੱਗਾਂ, ਪ੍ਰਭਜੋਤ ਸਿੰਘ ਸੰਗਰੂਰ, ਬਲਜਿੰਦਰ ਸਿੰਘ ਖੋਖਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਗੂ ਤੇ ਵਰਕਰ ਸ਼ਾਮਲ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲਗਾਏ ਪੌਦੇ



ਸ਼੍ਰੀ ਮੁਕਤਸਰ ਸਾਹਿਬ, 4 ਅਗਸਤ ( ਐਚ ਐਸ ਕਪੂਰ): ਡਾਕਟਰ ਐਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਵਿੱਚ ਵਾਤਾਵਰਣ ਨੂੰ ਬਚਾਉਣ ਦੀ ਹਜ਼ਾਰਾਂ ਦੀ ਤਾਦਾਦ ਵਿਚ ਪੌਦੇ ਲਗਾਏ ਜਾ ਰਹੇ ਹਨ। ਇਸ ਲੜੀ ਤਹਿਤ ਸ਼੍ਰੀ ਮੁਕਤਸਰ ਸਾਹਿਬ ਵਿਖੇ ਵੀ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਹਾਜ਼ਰੀ ਵਿੱਚ ਸਰਵਹਿੱਤਕਾਰੀ ਵਿੱਦਿਆ ਮੰਦਰ ਦੇ ਵਿਹੜੇ ਵਿੱਚ ਇਨੋਰਾ ਕੌਰ ਖਹਿਰਾ (ਅਮਰੀਕਾ) ਦੋਹਤੀ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ,ਗੁਰਬਾਣੀ ਕੌਰ (ਆਸਟਰੇਲੀਆ)ਪੋਤਰੀ ਗੁਰਚਰਨ ਸਿੰਘ ਮਨੈਜਰ ਸਹਿਬ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ਼੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ ਦੇ ਜਨਮ ਦੀ ਖੁਸ਼ੀ ਵਿੱਚ ਪੌਦੇ ਲਗਾ ਕੇ ਰੁੱਖ ਅਤੇ ਕੁੱਖ ਬਚਾਉਣ ਦਾ ਸੁਨੇਹਾ ਦਿੱਤਾ ਗਿਆ ਅਤੇ ਸਾਡੇ ਗੁਰੂਆ ਦੁਆਰਾ ਕਹੇ ਹੋਏ ਸ਼ਬਦਾਂ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦੀ ਵੀ ਪ੍ਰੋੜਤਾ ਕੀਤੀ ਗਈ। ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਦੇ ਪਰਿਵਾਰ ਨੂੰ ਦੋਹਤੀ ਦੇ ਜਨਮ ਦੀ ਵਧਾਈ ਦਿੱਤੀ ਅਤੇ ਪਰਿਵਾਰ ਨਾਲ ਖੁਸ਼ੀ ਸਾਂਝੀ ਕੀਤੀ ਗਈ। ਇਸ ਪ੍ਰੋਜੈਕਟ ਅਧੀਨ ਬੋਲਦਿਆਂ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਨੇ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਧੀਆ ਸਾਫ ਸੁਥਰਾ ਵਾਤਾਵਰਨ ਦੇ ਸਕੀਏ ।

# ਮਾਸਟਰ ਰਾਜੂ ਸਿੰਘ ਨੂੰ ਲੱਗਿਆ ਗਹਿਰਾ ਸਦਮਾ, ਮਾਤਾ ਦਾ ਦੇਹਾਂਤ



ਖਨੌਰੀ, 4 ਅਗਸਤ (ਓਮਪ੍ਰਕਾਸ਼ ਮੁਆਲ): ਨਜ਼ਦੀਕੀ ਪਿੰਡ ਭੁੱਲਣ ਦੇ ਰਹਿਣ ਵਾਲੇ ਮਾਸਟਰ ਰਾਜੂ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੇ ਮਾਤਾ ਬਹੁਤੀ ਦੇਵੀ (ਕਰੀਬ 72 ਸਾਲ) ਜੀ ਦੀ ਬਿਮਾਰ ਹੋਣ ਕਾਰਨ ਅਚਾਨਕ ਮੌਤ ਹੋ ਗਈ। ਉਨ੍ਹਾਂ ਦੇ ਪੁੱਤਰ ਬੀਰਾ ਸਿੰਘ (ਚੱਕੀ ਵਾਲਾ) ਕਰਨੈਲ ਸਿੰਘ , ਮਾਸਟਰ ਰਾਜੂ ਸਿੰਘ ਨੇ ਦੱਸਿਆ ਕਿ ਸਾਡੇ ਮਾਤਾ ਬਹੁਤੀ ਦੇਵੀ ਜੀ ਅਚਾਨਕ ਬਿਮਾਰ ਹੋਏ ਸਨ । ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਜਿਨ੍ਹਾਂ ਦੀ ਹਾਲਤ ਠੀਕ ਹੋਣ ਦੀ ਬਜਾਏ ਲਗਾਤਾਰ ਵਿਗੜਦੀ ਚਲੀ ਗਈ। ਜਿਸ ਕਾਰਨ ਬੀਤੀ 29 ਜੁਲਾਈ ਨੂੰ ਉਨ੍ਹਾਂ ਦੇ ਮਾਤਾ ਜੀ ਦੀ ਅਚਾਨਕ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਮਾਤਾ ਜੀ ਨਮਿਤ ਸ਼ਰਧਾਂਜਲੀ ਸਮਾਰੋਹ 6 ਅਗਸਤ ਨੂੰ ਪਿੰਡ ਭੁੱਲਣ ਵਿੱਚ ਹੋਵੇਗਾ। ਇਸ ਮੌਕੇ ਨਵੀਨ ਪਬਲਿਕ ਸਕੂਲ ਦੇ ਚੇਅਰਮੈਨ ਸ੍ਰੀ ਜੀਤ ਸਿੰਘ ਨੇ ਦੱਸਿਆ ਕਿ ਸ਼ਰਧਾਂਜਲੀ ਸਮਾਗਮ ਦਾ ਸਮਾਂ ਦੁਪਹਿਰ 12 ਤੋਂ 1 ਵੱਜੇ ਤੱਕ ਦਾ ਰਹੇਗਾ। ਇਲਾਕੇ ਦੇ ਲੋਕਾਂ ਨਾਲ ਪੰਚ, ਸਰਪੰਚ ਅਤੇ ਮੋਹਤਬਰ ਆਗੂਆਂ ਨਾਲ ਪਿੰਡ ਵਾਸੀਆਂ ਵੱਲੋਂ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਜਾ ਰਿਹਾ ਹੈ। ਇਸ ਮੌਕੇ ਸ੍ਰੀ ਮੁਕੰਦੀ ਲਾਲ, ਸ੍ਰੀ ਜ਼ਿਲੇ ਸਿੰਘ, ਚੇਅਰਮੈਨ ਜੋਗੀ ਰਾਮ ਭੁੱਲਣ, ਸਮਾਜ ਸੇਵਕ ਮਹਾਂਵੀਰ ਸੈਣੀ ਭੁੱਲਣ, ਗ਼ੁਲਾਬ ਸਿੰਘ, ਬਲਵੀਰ ਸਿੰਘ, ਸਤਪਾਲ ਸਿੰਘ, ਸਤੀਸ਼ ਕੁਮਾਰ , ਸੁਰੇਸ਼ ਕੁਮਾਰ ਗੁਰਮੇਲ ਸਿੰਘ ਆਦਿ ਹਾਜ਼ਰ ਸਨ।

# ਬਠਿੰਡਾ ਦੇ ਪਿੰਡਾਂ 'ਚ ਸਿਹਤ ਸਹੂਲਤਾਂ ਦਾ ਹੋਵੇਗਾ ਵਿਸਥਾਰ

## ਲੋਕਾਂ ਨੂੰ ਘਰ ਨੇੜੇ ਹੀ ਮਿਲੇਗਾ ਮੁਫ਼ਤ ਇਲਾਜ ਸ਼ੁਰੂ ਹੋਣਗੇ 10 'ਆਮ ਆਦਮੀ ਪਿੰਡ ਕਲੀਨਿਕ'

ਬਠਿੰਡਾ, 4 ਅਗਸਤ (ਦੀਪਕ ਸ਼ਰਮਾ):ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ੁਰੂ ਕੀਤੇ ਆਮ ਆਦਮੀ ਕਲੀਨਿਕਾਂ ਦੀ ਸਫਲਤਾ ਤੋਂ ਬਾਅਦ ਹੁਣ ਪੇਂਡੂ ਖੇਤਰਾਂ ਦੇ ਲੋਕਾਂ ਨੂੰ ਵੀ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਵਧੀਆ ਸਿਹਤ ਸਹੂਲਤਾਂ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤਹਿਤ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਨੇ 'ਆਮ ਆਦਮੀ ਪਿੰਡ ਕਲੀਨਿਕ' ਯੋਜਨਾ ਸ਼ੁਰੂ ਕੀਤੀ ਹੈ। ਭਾਵੇਂ ਇਹ ਕਲੀਨਿਕ ਵੀ ਆਮ ਆਦਮੀ ਕਲੀਨਿਕਾਂ ਵਾਂਗ ਹੀ ਕੰਮ ਕਰਨਗੇ, ਪਰ ਪਿੰਡਾਂ ਵਿੱਚ ਖੋਲ੍ਹੇ ਜਾਣ ਕਰਕੇ ਇਨ੍ਹਾਂ ਦਾ ਨਾਂ 'ਪਿੰਡ ਕਲੀਨਿਕ' ਰੱਖਿਆ ਗਿਆ ਹੈ। ਇਸ ਯੋਜਨਾ ਦੇ ਪਹਿਲੇ ਪੜਾਅ ਵਿੱਚ ਬਠਿੰਡਾ ਜ਼ਿਲ੍ਹੇ ਵਿੱਚ 10 ਪਿੰਡ ਕਲੀਨਿਕ ਸ਼ੁਰੂ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਸਿਹਤ ਵਿਭਾਗ ਨੇ ਇਨ੍ਹਾਂ ਕਲੀਨਿਕਾਂ ਲਈ ਬਲਾਕ ਪੱਧਰ 'ਤੇ ਥਾਵਾਂ ਦੀ ਚੋਣ ਕਰ ਲਈ ਹੈ। ਕਲੀਨਿਕਾਂ ਵਿੱਚ ਲੋੜੀਂਦਾ ਸਾਮਾਨ ਲਗਾਉਣ ਲਈ ਫੰਡਾਂ ਦਾ ਅੰਦਾਜ਼ਾ ਲਗਾ ਕੇ ਸਰਕਾਰ ਨੂੰ ਭੇਜ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਹ ਵੀ ਦੱਸਿਆ ਗਿਆ ਹੈ ਕਿ ਜਿਨ੍ਹਾਂ ਥਾਵਾਂ 'ਤੇ ਕਲੀਨਿਕ ਖੋਲ੍ਹੇ ਜਾ ਰਹੇ ਹਨ, ਉੱਥੇ ਪਹਿਲਾਂ ਤੋਂ ਕੀ ਸਹੂਲਤਾਂ ਮੌਜੂਦ ਹਨ ਅਤੇ ਕਿਹੜੀਆਂ ਚੀਜ਼ਾਂ ਦੀ ਲੋੜ ਹੈ।ਵਰਤਮਾਨ ਵਿੱਚ ਬਠਿੰਡਾ ਜ਼ਿਲ੍ਹੇ ਦੇ ਸ਼ਹਿਰੀ ਇਲਾਕਿਆਂ ਵਿੱਚ 44 ਆਮ ਆਦਮੀ ਕਲੀਨਿਕ ਸਫਲਤਾਪੂਰਵਕ ਚੱਲ ਰਹੇ ਹਨ, ਜਿੱਥੇ ਲੋਕਾਂ ਨੂੰ ਮੁਫ਼ਤ ਇਲਾਜ, 80 ਤਰ੍ਹਾਂ ਦੀਆਂ ਦਵਾਈਆਂ ਅਤੇ 46 ਲੈਬ ਟੈਸਟਾਂ ਦੀ ਸਹੂਲਤ ਮਿਲ ਰਹੀ ਹੈ। ਇਨ੍ਹਾਂ ਟੈਸਟਾਂ ਵਿੱਚ ਟਾਈਫਾਈਡ, ਐੱਚ.ਆਈ.ਵੀ. ਏਡਜ਼, ਵੀ.ਡੀ.ਆਰ.ਐੱਲ, ਐੱਚ.ਬੀ.ਐੱਸ.ਏ.ਜੀ., ਡੇਂਗੂ ਅਤੇ ਪਿਸ਼ਾਬ ਸਬੰਧੀ ਟੈਸਟ ਸ਼ਾਮਲ ਹਨ। ਨਵੇਂ ਖੁੱਲ੍ਹਣ ਵਾਲੇ ਪਿੰਡ ਕਲੀਨਿਕਾਂ ਵਿੱਚ ਵੀ ਇਹ ਸਾਰੀਆਂ ਸਹੂਲਤਾਂ ਉਪਲਬਧ ਹੋਣਗੀਆਂ। ਬਠਿੰਡਾ ਦੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਰਮਨਦੀਪ ਸਿੰਗਲਾ ਨੇ ਇਸ ਸਬੰਧੀ ਦੱਸਿਆ ਕਿ ਜ਼ਿਲ੍ਹੇ ਵਿੱਚ ਪਹਿਲੇ ਪੜਾਅ ਵਿੱਚ 10 ਪਿੰਡ ਕਲੀਨਿਕ ਖੋਲ੍ਹੇ ਜਾਣਗੇ। ਇਸ ਲਈ ਥਾਵਾਂ ਦੀ ਚੋਣ ਕੀਤੀ ਜਾ ਚੁੱਕੀ ਹੈ। ਇਸ ਦੇ ਤਹਿਤ ਮੌੜ ਬਲਾਕ ਦੇ ਪਿੰਡ ਬੁਰਜ, ਨਥਾਣਾ ਬਲਾਕ ਦੇ ਪਿੰਡ ਜੋਗਾਨੰਦ, ਹਰਰੰਗਪੁਰਾ, ਢੇਲਵਾਂ ਅਤੇ ਪੂਹਲਾ ਵਿੱਚ ਕਲੀਨਿਕ ਖੋਲ੍ਹੇ ਜਾਣਗੇ। ਇਸੇ ਤਰ੍ਹਾਂ ਭਗਤਾ ਭਾਈਕਾ ਬਲਾਕ ਦੇ ਪਿੰਡ ਗੋਸਪੁਰਾ, ਗੁਰਦਿੱਤਾ ਸਿੰਘ ਵਾਲਾ ਅਤੇ ਆਦਮਪੁਰਾ, ਅਤੇ ਤਲਵੰਡੀ ਸਾਬੋ ਦੇ ਪਿੰਡ ਜੋਗਾ ਵਾਲਾ ਅਤੇ ਗੁਰੂਸਰ ਜੱਗਾ ਵਿੱਚ ਕਲੀਨਿਕ ਸ਼ੁਰੂ ਕੀਤੇ ਜਾਣਗੇ। ਡਾ. ਸਿੰਗਲਾ ਨੇ ਦੱਸਿਆ ਕਿ ਹਰ ਇੱਕ ਪਿੰਡ ਕਲੀਨਿਕ ਵਿੱਚ ਇੱਕ ਮੈਡੀਕਲ ਅਫ਼ਸਰ, ਇੱਕ ਫਾਰਮਾਸਿਸਟ, ਇੱਕ ਲੈਬ ਟੈਕਨੀਸ਼ੀਅਨ ਅਤੇ ਇੱਕ ਦਰਜਾ ਚਾਰ ਕਰਮਚਾਰੀ ਦੀ ਨਿਯੁਕਤੀ ਕੀਤੀ ਜਾਵੇਗੀ। ਇਨ੍ਹਾਂ ਕਲੀਨਿਕਾਂ ਨਾਲ ਆਸਪਾਸ ਦੇ 5 ਪਿੰਡਾਂ ਨੂੰ ਜੋੜਿਆ ਜਾਵੇਗਾ, ਤਾਂ ਜੋ ਲੋਕਾਂ ਨੂੰ ਛੋਟੀਆਂ-ਮੋਟੀਆਂ ਬਿਮਾਰੀਆਂ ਲਈ ਸਬ-ਡਿਵੀਜ਼ਨ ਜਾਂ ਸਿਵਲ ਹਸਪਤਾਲ ਨਾ ਜਾਣਾ ਪਵੇ। ਇਨ੍ਹਾਂ ਕਲੀਨਿਕਾਂ ਵਿੱਚ ਟੈਲੀਮੈਡੀਸਨ ਦੀ ਸਹੂਲਤ ਵੀ ਉਪਲਬਧ ਹੋਵੇਗੀ। ਇਸ ਨਾਲ ਮਰੀਜ਼ ਫੋਨ 'ਤੇ ਵੀ ਡਾਕਟਰ ਨਾਲ ਸਲਾਹ ਕਰ ਸਕਣਗੇ ਅਤੇ ਦਵਾਈ ਪ੍ਰਾਪਤ ਕਰ ਸਕਣਗੇ। ਡੀ.ਸੀ. ਬਠਿੰਡਾ ਅਤੇ ਸਿਵਲ ਸਰਜਨ ਬਠਿੰਡਾ ਵੱਲੋਂ ਇਸ ਪੂਰੇ ਪ੍ਰਾਜੈਕਟ ਦੀ ਦੇਖ-ਰੇਖ ਕੀਤੀ ਜਾ ਰਹੀ ਹੈ। ਉਮੀਦ ਹੈ ਕਿ ਇੱਕ ਜਾਂ ਡੇਢ ਮਹੀਨੇ ਦੇ ਅੰਦਰ ਇਹ ਕਲੀਨਿਕ ਕੰਮ ਕਰਨੇ ਸ਼ੁਰੂ ਕਰ ਦੇਣਗੇ।

# ਨਾਈਕ ਸਮਾਜ ਏਕਤਾ ਸੰਮੇਲਨ ਕਰਵਾਇਆ



ਮਲੋਟ, 4 ਅਗਸਤ ( ਅਮਨਦੀਪ ਸਿੰਘ ਮਹਿਰਾ): ਨਾਈਕ ਸਮਾਜ ਏਕਤਾ ਸੰਮੇਲਨ ਅੱਜ ਮਲੋਟ ਦੇ ਬਜਾਜ ਹੋਟਲ ਵਿਚ ਅਖਿਲ ਭਾਰਤੀਯ ਨਾਈਕ ਮਹਾਂ ਸਭਾ ਵੱਲੋਂ ਇੱਕ ਬਹੁਤ ਵੱਡਾ ਸੰਮੇਲਨ ਕਰਾਇਆ ਗਿਆ, ਜਿਸ ਵਿਚ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਅਤੇ ਰਾਸ਼ਟਰੀਯ ਪ੍ਰਧਾਨ ਸੰਦਰ ਲਾਲ ਵਿਸ਼ੇਸ਼ ਤੌਰ 'ਤੇ ਸੰਮੇਲਨ ਵਿਚ ਹਿੱਸਾ ਲੈਣ ਲਈ ਆਏ ਸਨ। ਵੱਖ ਵੱਖ ਆਗੂਆਂ ਨੇ ਸੰਬੋਧਨ ਕੀਤਾ ਅਤੇ ਨਾਇਕ ਸਮਾਜ ਨੂੰ ਜੋੜਨ ਦੀ ਗੱਲ ਕੀਤੀ। ਇਸ ਮੌਕੇ ਓਹਨਾਂ ਨੇ ਵੱਖ-ਵੱਖ ਆਗੂਆਂ ਨੂੰ ਨਾਲ ਲੈ ਕੇ ਕੈਬਨਿਟ ਮੰਤਰੀ ਨਾਲ ਮੀਟਿੰਗ ਕਰਕੇ ਸਮਾਜ 'ਤੇ ਹਿੱਸਾ ਲੈਣ ਵਾਲੇ ਸਮਾਜ ਸੇਵੀਆਂ ਨੂੰ ਸਨਮਾਨਿਤ ਕਰਵਾਇਆ ਗਿਆ। ਰਾਸ਼ਟਰੀਯ ਪ੍ਰਧਾਨ ਸੰਦਰ ਲਾਲ, ਨੱਥੂਰਾਮ ਫਾਜ਼ਿਲਕਾ ਪੰਜਾਬ ਪ੍ਰਧਾਨ,ਜੈ ਮੱਲ ਰਾਮ ਨਾਇਕ ਮਹਾਂ ਮੰਤਰੀ, ਐਡਵੋਕੇਟ ਅਮਨਦੀਪ ਨਾਈਕ ਕਾਨੂੰਨੀ ਸਲਾਹਕਾਰ, ਛਿੰਦਰਪਾਲ ਕਰਮਗੜ੍ਹ ਪ੍ਰਧਾਨ, ਵਿਨੋਦ ਕੁਮਾਰ ਕਰਮਗੜ੍ਹ ਪ੍ਰਧਾਨ, ਗੁਰਮਤਿ ਸਿੰਘ ਪਟਿਆਲਾ ਜ਼ਿਲ੍ਹਾ ਪ੍ਰਧਾਨ, ਫੁੱਲਾਂ ਸਿੰਘ ਪਟਿਆਲਾ ਵਾਈਸ ਪ੍ਰਧਾਨ, ਇਦੰਰਜੀਤ ਨਾਈਕ ਬਰੀਵਾਲਾ ਹਜ਼ਾਰੀ ਲਾਲ ਯੂਥ ਪ੍ਰਧਾਨ ਪੰਜਾਬ, ਰਾਮਪਾਲ ਜ਼ਿਲ੍ਹਾ ਪ੍ਰਧਾਨ ਅਤੇ ਬਹੁਤ ਸਾਰੇ ਵਰਕਰਾਂ ਦਾ ਭਾਰੀ ਇਕੱਠ ਹੋਇਆ।



# ਪਟਿਆਲਾ-ਆਸ/ਪਾਸ



# ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸਮੂਹ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ

## ਪੁੱਡਾ ਗਰਾਊਂਡ ਤੋਂ ਸ਼ੁਰੂ ਹੋ ਕੇ ਡੀ.ਸੀ. ਦਫਤਰ ਤੱਕ ਕੀਤਾ ਰੋਸ ਮਾਰਚ

ਪਟਿਆਲਾ, 4 ਅਗਸਤ (ਰੁਪਾਣਾ/ਅਮਰਜੀਤ ਸਿੰਘ): ਕੌਮੀ ਇਨਸਾਫ ਮੋਰਚਾ ਵੱਲੋਂ ਦਿੱਤੇ ਗਏ ਸੱਦੇ 'ਤੇ ਪਟਿਆਲੇ ਦੇ ਕੌਮੀ ਇਨਸਾਫ ਮੋਰਚੇ ਵੱਲੋਂ ਅਤੇ ਕੌਮੀ ਇਨਸਾਫ ਮੋਰਚੇ ਵਿੱਚ ਸ਼ਾਮਿਲ ਵੱਖ-ਵੱਖ ਜਨਤਕ, ਜਮਾਤੀ, ਸਿਆਸੀ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਅਤੇ ਸ਼ਖਸ਼ੀਅਤਾਂ ਵੱਲੋਂ ਇੱਕ ਵਿਸ਼ਾਲ ਰੋਸ ਮਾਰਚ ਕੀਤਾ ਗਿਆ। ਇਹ ਰੋਸ ਮਾਰਚ ਪੁੱਡਾ ਗਰਾਊਂਡ ਤੋਂ ਸ਼ੁਰੂ ਹੋ ਕੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਦਫਤਰ ਤੱਕ ਕੱਢਿਆ ਗਿਆ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕੌਮੀ ਇਨਸਾਫ ਮੋਰਚੇ ਦੇ ਸਰਪਰਸਤ ਬਾਪੂ ਗੁਰਚਰਨ ਸਿੰਘ ਅਤੇ ਹੋਰ ਆਗੂਆਂ ਨੇ ਦੱਸਿਆ ਕਿ ਪਿਛਲੇ ਢਾਈ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਮੋਹਾਲੀ ਚੰਡੀਗੜ੍ਹ ਬਾਰਡਰ 'ਤੇ ਕੌਮੀ ਇਨਸਾਫ ਮੋਰਚੇ ਦਾ ਪੱਕਾ ਧਰਨਾ ਚੱਲ ਰਿਹਾ ਹੈ। ਕੌਮੀ ਇਨਸਾਫ ਮੋਰਚੇ ਵੱਲੋਂ ਭਾਰਤ ਦੀਆਂ ਵੱਖ-ਵੱਖ ਜੇਲਾਂ ਵਿੱਚ ਬੰਦ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਸਗੋਂ ਕਈ-ਕਈ ਸਾਲ ਵੱਧ ਸਜਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ, ਗੁਰੂ ਗ੍ਰੰਥ ਸਾਹਿਬ ਸਮੇਤ ਸਾਰੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਰੋਕਣ ਲਈ ਇੱਕ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਉਣ ਵਾਸਤੇ ਅਤੇ ਪੰਜਾਬ ਵਿੱਚ ਪਿਛਲੇ ਦਿਨਾਂ ਵਿੱਚ ਜੋ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋਈਆਂ ਸਨ ਉਹਨਾਂ ਬੇਅਦਬੀ ਦੇ ਦੋਸ਼ੀਆਂ ਅਤੇ ਸੰਘਰਸ਼ ਕਰ ਰਹੇ ਲੋਕਾਂ ਉੱਪਰ ਬਹਿਬਲ ਕਲਾਂ ਅਤੇ ਹੋਰ ਥਾਵਾਂ 'ਤੇ ਗੋਲੀ ਚਲਾ ਕੇ ਸ਼ਹੀਦ ਕਰਨ ਵਾਲੇ ਦੋਸ਼ੀ ਪੁਲਿਸ ਅਫਸਰਾਂ ਅਤੇ ਸਿਆਸੀ ਲੀਡਰਾਂ ਦੇ ਖਿਲਾਫ ਕਾਰਵਾਈ ਕਰਨ ਵਾਸਤੇ ਇਹ ਅੰਦੋਲਨ ਸਾਰੇ ਪੰਜਾਬ ਅਤੇ ਦੁਨੀਆਂ ਵਿੱਚ ਲੜਿਆ ਜਾ ਰਿਹਾ ਹੈ। ਅੱਜ ਪਟਿਆਲੇ ਜ਼ਿਲ੍ਹੇ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚੋਂ ਵੱਡੀ ਗਿਣਤੀ ਵਿੱਚ ਲੋਕ ਪੁੱਡਾ ਗਰਾਊਂਡ ਵਿਖੇ ਇਕੱਠੇ ਹੋਏ। ਇਥੋਂ ਵੱਖ-ਵੱਖ ਆਗੂਆਂ ਨੇ ਉਹਨਾਂ ਨੂੰ ਸੰਬੋਧਨ ਕੀਤਾ। ਅੰਤ ਦੇ ਰੋਸ ਪ੍ਰੋਗਰਾਮ ਵਿੱਚ ਹਾਜ਼ਰ ਸੰਗਤਾਂ ਨੂੰ ਬਾਪੂ ਗੁਰਚਰਨ ਸਿੰਘ ਹਵਾਰਾ, ਸਰਪਰਸਤ ਕੌਮੀ ਇਨਸਾਫ ਮੋਰਚਾ, ਪ੍ਰੋਫੈਸਰ ਮਹਿੰਦਰ ਪਾਲ ਸਿੰਘ ਆਗੂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸੁਖਬੀਰ ਸਿੰਘ ਬਲਬੇੜਾ ਸ਼੍ਰੋਮਣੀ ਅਕਾਲੀ ਦਲ ਵਾਰਸ ਪੰਜਾਬ ਦੇ, ਹਰਭਜਨ ਸਿੰਘ ਭੁੱਟਰ ਅਤੇ ਬੀਬੀ ਚਰਨਜੀਤ ਕੌਰ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਟਹਿਲ ਸਿੰਘ ਜਲਾਲਪੁਰ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ, ਗੁਰਦੇਵ ਸਿੰਘ ਗੱਜੂ ਮਾਜਰਾ ਅਤੇ ਕਰਨੈਲ ਸਿੰਘ ਲੰਗ, ਭਾਰਤੀ ਕਿਸਾਨ ਯੂਨੀਅਨ ਆਜ਼ਾਦ, ਸਤਿਨਾਮ ਸਿੰਘ ਬਹਿਰੂ, ਬੀਬੀ ਗੁਰਨਾਮ ਕੌਰ ਵਾਰਿਸ ਪੰਜਾਬ ਦੇ ਪਾਰਟੀ, ਬਾਬਾ ਲਖਵਿੰਦਰ ਸਿੰਘ ਬਲਬੇੜਾ, ਰਣਜੀਤ ਸਿੰਘ ਸਵਾਜਪੁਰ, ਭਾਰਤੀ ਕਿਸਾਨ ਯੂਨੀਅਨ, ਕ੍ਰਾਂਤੀਕਾਰੀ, ਸੁਰਿੰਦਰ ਸਿੰਘ ਟੌਹੜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ, ਜਸਵਿੰਦਰ ਸਿੰਘ ਡਰੌਲੀ ਤੋਂ ਇਲਾਵਾ ਕੌਮੀ ਇਨਸਾਫ ਮੋਰਚੇ ਵੱਲੋਂ ਡਾਕਟਰ ਦਰਸ਼ਨ ਪਾਲ ਨੇ ਸੰਬੋਧਨ ਕੀਤਾ। ਇਹਨਾਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸਮਾਜਿਕ, ਧਾਰਮਿਕ, ਕਿਸਾਨ, ਮਜ਼ਦੂਰ ਅਤੇ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਨੇ ਅਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਲਵਾਈ। ਸਾਰੇ ਹੀ ਬੁਲਾਰਿਆਂ ਨੇ ਜਿੱਥੇ ਬੰਦੀ ਸਿੰਘਾਂ ਦੀ ਫੌਰੀ ਰਿਹਾਈ ਦੀ ਮੰਗ ਕੀਤੀ ਉੱਥੇ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਰੋਕਣ ਲਈ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕਰਦਿਆਂ ਪ੍ਰੋਗਰਾਮ ਚ ਸ਼ਾਮਿਲ ਜਨਤਾ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 15 ਅਗਸਤ ਨੂੰ ਮੋਹਾਲੀ ਚੰਡੀਗੜ੍ਹ ਬਾਰਡਰ ਤੇ ਲੱਗੇ ਕੌਮੀ ਇਨਸਾਫ ਮੋਰਚੇ ਤੇ ਇੱਕ ਬਹੁਤ ਵੱਡਾ ਅਤੇ ਵਿਸ਼ਾਲ ਇਕੱਠ ਕੀਤਾ ਜਾ ਰਿਹਾ ਹੈ। ਸਾਰਿਆਂ ਨੂੰ ਉਸ ਇਕੱਠ ਵਿੱਚ ਵੱਡੀ ਤੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਲਵਾਉਣ ਦੀ ਅਪੀਲ ਕੀਤੀ। ਇਸ ਧਰਨੇ ਤੋਂ ਬਾਅਦ ਵਿੱਚ ਰੋਸ ਮੁਜ਼ਾਹਰਾ ਕਰਦੇ ਹੋਏ ਨਾਅਰੇ ਮਾਰਦੇ ਹੋਏ ਡੀ.ਸੀ. ਪਟਿਆਲਾ ਦੇ ਦਫਤਰ ਤੱਕ ਮਾਰਚ ਕੀਤਾ। ਅੰਤ ਵਿੱਚ ਬਾਪੂ ਗੁਰਚਰਨ ਸਿੰਘ ਹਵਾਰਾ ਨੇ ਅੰਤ ਦੇ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਜਥੇਬੰਦੀਆਂ ਦੇ ਆਗੂਆਂ ਅਤੇ ਮੈਂਬਰਾਂ ਦਾ ਧੰਨਵਾਦ ਕਰਨ ਦੇ ਨਾਲ ਪ੍ਰੋਗਰਾਮ ਦੀ ਸਮਾਪਤੀ ਦਾ ਐਲਾਨ ਕੀਤਾ।



ਚੇਅਰਮੈਨ ਪਨਗ੍ਰੇਨ ਵੱਲੋਂ ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਉੱਤੇ ਫੌਰੀ ਕਾਰਵਾਈ

# ਅਨਾਜ ਦੀ ਬਦਹਾਲੀ ਨਹੀਂ ਸਹਿਣ ਕੀਤੀ ਜਾਵੇਗੀ: ਡਾ. ਤੇਜਪਾਲ ਸਿੰਘ

ਅਮਰਗੜ੍ਹ/ਮਲੇਰਕੋਟਲਾ, 4 ਅਗਸਤ (ਚ.ਨ.ਸ.): ਪੰਜਾਬ ਰਾਜ ਵਿੱਚ ਖੇਤੀਬਾੜੀ ਪੈਦਾਵਾਰ ਦੀ ਸੰਭਾਲ ਅਤੇ ਸਟੋਰੇਜ ਸਬੰਧੀ ਮੁੱਦਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ, ਚੇਅਰਮੈਨ ਪਨਗ੍ਰੇਨ ਡਾ. ਤੇਜਪਾਲ ਸਿੰਘ ਨੇ ਮਾਹੋਰਾਣਾ ਤੋਂ ਭੁੱਲਰਾਂ ਰੋਡ ਵਿਖੇ ਪਨਗ੍ਰੇਨ ਖਰੀਦ ਏਜੰਸੀ ਵੱਲੋਂ ਖਰੀਦੀ ਗਈ ਕਣਕ ਦੇ ਹਾਲਤ ਬਾਰੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ 'ਤੇ ਤੁਰੰਤ ਕਾਰਵਾਈ ਕਰਦਿਆਂ ਪਿਛਲੇ ਦਿਨੀਂ ਦੇਰ ਸ਼ਾਮ ਮੌਕੇ 'ਤੇ ਪਹੁੰਚ ਕੇ ਗੋਦਾਮ ਦਾ ਦੌਰਾ ਕੀਤਾ। ਇਸ ਮੌਕੇ ਇੰਸਪੈਕਟਰ ਫੂਡ ਸਪਲਾਈ ਰਸ਼ਮਿੰਦਰ ਸਿੰਘ ਵੀ ਮੌਜੂਦ ਸਨ। ਇੰਸਪੈਕਟਰ ਫੂਡ ਸਪਲਾਈ ਰਸ਼ਮਿੰਦਰ ਸਿੰਘ ਨੇ ਚੇਅਰਮੈਨ ਨੂੰ ਅਵਗਤ ਕਰਵਾਇਆ ਕਿ ਐਫ.ਸੀ.ਆਈ ਦੀ ਸਪੈਸ਼ਲ ਲੱਗਣ ਕਾਰਨ ਅਨਾਜ ਦੀ ਢੁਕਵਾਈ ਸਬੰਧਤ ਵਿਭਾਗ ਦੇ ਅਧਿਕਾਰੀਆਂ ਦੀ ਦੇਖ ਰੇਖ ਵਿੱਚ ਕਰਵਾਈ ਜਾ ਰਹੀ ਹੈ। ਮੌਸਮ ਦੇ ਅਸਰ ਨਾਲ ਖਰਾਬ ਹੋਈਆਂ ਕਣਕ ਦੀਆਂ ਬੋਰੀਆਂ ਨੂੰ ਪਹਿਲਾਂ ਹੀ ਅਲੱਗ ਕਰਵਾ ਦਿੱਤਾ ਗਿਆ ਹੈ, ਜਿਸ ਨੂੰ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅਪਗਰੇਡ ਕਰ ਦਿੱਤਾ ਜਾਵੇਗਾ, ਤਾਂ ਜੋ ਭਵਿੱਖ ਵਿੱਚ ਅਨਾਜ ਰੱਖਿਆ ਜਾ ਸਕੇ ਨੂੰ ਯਕੀਨੀ ਬਣਾਇਆ ਜਾ ਸਕੇ। ਖਰੀਦ ਏਜੰਸੀ ਵੱਲੋਂ ਸੰਭਾਲੀ ਗਈ ਕਣਕ ਦੀ ਸਟੋਰੇਜ ਦੀ ਵਿਸਥਾਰ ਨਾਲ ਸਮੀਖਿਆ ਕਰਦਿਆਂ ਹਦਾਇਤਾਂ ਜਾਰੀ ਕੀਤੀਆਂ ਕਿ ਸੰਭਾਲ ਅਤੇ ਸਟੋਰੇਜ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨੀ ਪੈਦਾਵਾਰ ਦੀ ਰੱਖਿਆ ਸਾਡੀ ਪਹਿਲੀ ਤਰਜੀਹ ਹੈ, ਅਨਾਜ ਨੂੰ ਕਿਸੇ ਵੀ ਹਾਲਾਤਾਂ ਵਿੱਚ ਖਰਾਬ ਨਹੀਂ ਹੋਣ ਦਿੱਤਾ ਜਾ ਸਕਦਾ। ਉਨ੍ਹਾਂ ਹੁਕਮ ਦਿੱਤੇ ਕਿ ਸੂਬੇ ਦੇ ਖਰੀਦ ਏਜੰਸੀਆਂ ਦੇ ਅਧਿਕਾਰੀ ਬਰਸਾਤੀ ਮੌਸਮ ਦੌਰਾਨ ਕਣਕ ਦੀ ਰੱਖ-ਰਖਾਅ ਲਈ ਪੂਰੀ ਤਿਆਰੀ ਰੱਖਣ। ਚੇਅਰਮੈਨ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਜਿਹੜੇ ਵੀ ਅਧਿਕਾਰੀ ਜਾਂ ਕਰਮਚਾਰੀ ਕਣਕ ਦੀ ਸੰਭਾਲ ਵਿੱਚ ਲਾਪਰਵਾਹੀ ਕਰਦੇ ਹੋਏ ਪਾਏ ਗਏ, ਉਨ੍ਹਾਂ ਖ਼ਿਲਾਫ਼ ਸਖ਼ਤ ਪ੍ਰਸ਼ਾਸਨਿਕ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਕਿਸੇ ਵੀ ਲਾਪਰਵਾਹੀ ਨੂੰ ਕਤਈ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਡਾ. ਸਿੰਘ ਨੇ ਕਿਹਾ ਕਿ ਇਹ ਸਿਰਫ਼ ਇਕ ਦੌਰਾ ਨਹੀਂ ਸੀ, ਸਗੋਂ ਕਿਸਾਨਾਂ ਦੀ ਸੀ-ਕਣਕ ਦੀ ਹਰ ਬੋਰੀ ਸੁਰੱਖਿਅਤ ਰਹੇ, ਕਿਸਾਨ ਦੀ ਮਿਹਨਤ ਖਰਾਬ ਨਾ ਜਾਵੇ ਅਤੇ ਅਨਾਜ ਦਾ ਦਾਣਾ ਲੋੜਵੰਦ ਤੱਕ ਸੁਰੱਖਿਅਤ ਪੁੱਜੇ ਅਤੇ ਹਰ ਸੰਭਾਵੀ ਚੁਣੌਤੀ ਦਾ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਲੱਭਿਆ ਜਾਵੇ। ਡਾ. ਤੇਜਪਾਲ ਸਿੰਘ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕਿਤੇ ਵੀ ਅਜਿਹੀ ਸਥਿਤੀ ਵੇਖਣ ਨੂੰ ਮਿਲੇ ਤਾਂ ਤੁਰੰਤ ਪਨਗ੍ਰੇਨ ਜਾਂ ਸਥਾਨਕ ਪ੍ਰਸ਼ਾਸਨ ਨੂੰ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਸਮੇਂ ਸਿਰ ਕਾਰਵਾਈ ਹੋ ਸਕੇ।



## ਸ੍ਰੀ ਕਾਲੀ ਦੇਵੀ ਮੰਦਰ ਦੀ ਐਡਵਾਈਜ਼ਰੀ ਅਤੇ ਮੈਨੇਜਿੰਗ ਕਮੇਟੀ 'ਚ ਬਦਲਾਅ

ਪਟਿਆਲਾ, 4 ਅਗਸਤ (ਚ.ਨ.ਸ.): ਪ੍ਰਾਚੀਨ ਸ੍ਰੀ ਕਾਲੀ ਦੇਵੀ ਮੰਦਰ ਦੀ ਸੁਧਾਰ ਲਈ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਖੁਦ ਪਟਿਆਲਾ ਆਏ ਸਨ। ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਕਰੋੜਾਂ ਲੋਕਾਂ ਦੀ ਆਸਥਾ ਦੇ ਕੇਂਦਰ ਨੂੰ ਸ਼ਾਨਦਾਰ ਅਤੇ ਸੁੰਦਰ ਬਣਾਇਆ ਜਾਵੇਗਾ। ਆਪਣੇ ਐਲਾਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਪੰਜਾਬ ਸਰਕਾਰ ਨੇ ਸ੍ਰੀ ਕਾਲੀ ਮਾਤਾ ਮੰਦਰ ਦੀ ਐਡਵਾਈਜ਼ਰੀ ਅਤੇ ਮੈਨੇਜਿੰਗ ਕਮੇਟੀ 'ਚ ਵੱਡਾ ਬਦਲਾਅ ਕਰਦਿਆਂ ਡਿਪਟੀ ਕਮਿਸ਼ਨਰ ਨੂੰ ਚੇਅਰਮੈਨ ਦੇ ਅਹੁਦੇ ਤੋਂ ਹਟਾ ਦਿੱਤਾ ਹੈ। ਪੰਜਾਬ ਸਰਕਾਰ ਵੱਲੋਂ ਨਵੀਂ ਬਣਾਈ ਗਈ ਮੰਦਰ ਕਮੇਟੀ 'ਚ ਟ੍ਰਾਈਡੈਂਟ ਗਰੁੱਪ ਦੇ ਮਾਲਕ ਅਤੇ ਪੰਜਾਬ ਯੋਜਨਾ ਬੋਰਡ ਦੇ ਚੇਅਰਮੈਨ ਰਾਜਿੰਦਰ ਗੁਪਤਾ ਨੂੰ ਮੰਦਰ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਡਿਪਟੀ ਕਮਿਸ਼ਨਰ ਨੂੰ ਮੈਂਬਰ ਸਕੱਤਰ ਨਿਯੁਕਤ ਕੀਤਾ ਹੈ। ਇਸ ਤੋਂ ਇਲਾਵਾ 11 ਮੈਂਬਰਾਂ ਦੀ ਇਸ ਕਮੇਟੀ ਵਿਚ ਐਸ.ਡੀ.ਐਮ. ਪਟਿਆਲਾ ਪ੍ਰਸਿੱਧ ਉਦਯੋਗਪਤੀ ਸੰਜੇ ਸਿੰਗਲਾ, ਏ ਅਜੇ ਅਲੀਪੁਰੀ, ਪ੍ਰਸਿੱਧ ਦਾਨੀ ਅਤੇ ਮਹਾਂਕਾਲੀ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਇੰਦਰਜੀਤ ਮਹਾਜਨ, ਡਾ. ਰਾਜ ਕੁਮਾਰ ਗੁਪਤਾ, ਏ.ਐਸ. ਮਿੱਤਲ, ਜੇ.ਕੇ.ਜੋਸ਼ੀ, ਵਿਮਲ ਜੈਨ ਅਤੇ ਮਹੇਸ਼ ਮਿੱਤਲ ਨੂੰ ਮੈਂਬਰ ਬਣਾਇਆ ਗਿਆ ਹੈ।

# ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਠੱਗਣ ਦੇ ਦੋਸ਼ 'ਚ ਤਿੰਨ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 4 ਅਗਸਤ (ਵਿਜੇ ਕੁਮਾਰ): ਦੋ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 20 ਲੱਖ ਰੁਪਏ ਠੱਗਣ ਦੇ ਦੋਸ਼ ਵਿੱਚ ਸਿਟੀ ਪੁਲਿਸ ਨੇ ਤਿੰਨ ਵਿਅਕਤੀਆਂ ਖ਼ਿਲਾਫ਼ ਮਨੁੱਖੀ ਤਸਕਰੀ ਐਕਟ ਅਤੇ ਧੋਖਾਧੜੀ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਲਖਵਿੰਦਰ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਅਸਮਾਨਪੁਰ, ਵਰਿੰਦਰਪਾਲ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਪਿੰਡ ਮਿਆਲ ਖੁਰਦ ਅਤੇ ਅਤੁਲ ਬਹਿਲ ਵਾਸੀ ਸ਼ਾਹਬਾਦ ਸ਼ਾਮਲ ਹਨ। ਸਿਟੀ ਪੁਲਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ, ਮਨਜੀਤ ਸਿੰਘ ਵਾਸੀ ਬਡਰੁੱਖਾਂ ਪੱਤੀ ਵੱਲੋਂ ਉੱਚ ਪੁਲਿਸ ਅਧਿਕਾਰੀਆਂ ਨੂੰ ਦਿੱਤੀ ਸ਼ਿਕਾਇਤ ਮੁਤਾਬਕ, ਉਸ ਦੇ ਭਤੀਜੇ ਗੁਰਜੋਤ ਸਿੰਘ ਅਤੇ ਰਿਸ਼ਤੇਦਾਰ ਪਰਮਜੋਤ ਸਿੰਘ ਨੂੰ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਮੁਲਜ਼ਮਾਂ ਨੇ ਉਨ੍ਹਾਂ ਤੋਂ 20 ਲੱਖ ਰੁਪਏ ਐਡਵਾਂਸ ਲੈ ਲਏ ਅਤੇ ਦੋਵਾਂ ਲੜਕਿਆਂ ਨੂੰ ਦੁਬਈ ਭੇਜ ਦਿੱਤਾ। ਕਾਫ਼ੀ ਸਮਾਂ ਦੁਬਈ ਵਿੱਚ ਰਹਿਣ 'ਤੇ ਉਨ੍ਹਾਂ ਨੂੰ ਉੱਥੋਂ ਦਾ ਖ਼ਰਚਾ ਵੀ ਖੁਦ ਕਰਨਾ ਪਿਆ ਪਰ ਅਮਰੀਕਾ ਦਾ ਵੀਜ਼ਾ ਨਹੀਂ ਲਗਵਾਇਆ ਗਿਆ। ਇਸ ਤੋਂ ਬਾਅਦ ਦੋਵੇਂ ਲੜਕੇ ਵਾਪਸ ਭਾਰਤ ਆ ਗਏ। ਮੁਲਜ਼ਮਾਂ ਨੇ ਨਾ ਤਾਂ ਲੜਕਿਆਂ ਨੂੰ ਅਮਰੀਕਾ ਭੇਜਿਆ ਅਤੇ ਨਾ ਹੀ ਲਈ ਗਈ ਰਕਮ ਵਾਪਸ ਕੀਤੀ, ਜਿਸ ਤੋਂ ਬਾਅਦ ਇੱਕ ਪੰਚਾਇਤੀ ਰਾਜ਼ੀਨਾਮੇ ਵਿੱਚ 15.14 ਲੱਖ ਰੁਪਏ ਵਾਪਸ ਕਰਨ ਦਾ ਵਾਅਦਾ ਕਰਨ ਦੇ ਬਾਵਜੂਦ ਵੀ ਮੁਲਜ਼ਮਾਂ ਨੇ ਕੋਈ ਪੈਸਾ ਵਾਪਸ ਨਹੀਂ ਕੀਤਾ। ਅਧਿਕਾਰੀ ਅਨੁਸਾਰ, ਉੱਚ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ-ਪੜਤਾਲ ਅਤੇ ਕਾਨੂੰਨੀ ਰਾਏ ਲੈਣ ਉਪਰੰਤ ਦਿੱਤੇ ਗਏ ਹੁਕਮਾਂ 'ਤੇ ਸਿਟੀ ਪੁਲਿਸ ਨੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੁਲਿਸ ਵੱਲੋਂ ਤਿੰਨ ਕਿੱਲੋ ਗਾਂਜਾ ਬ੍ਰਾਮਦ

ਘਨੌਰ, 4 ਅਗਸਤ (ਮਦਨ ਲਾਲ): ਥਾਣਾ ਸਦਰ ਰਾਜਪੁਰਾ ਪੁਲਿਸ ਨੇ ਕਥਿਤ ਦੋਸ਼ੀ ਅਫਤਾਬ ਆਲਮ ਵਾਸੀ ਪਿੰਡ ਨਾਵਲਪੁਰ ਥਾਣਾ ਨਾਵਲਪੁਰ ਜਿਲ੍ਹਾ ਵੈਸਟ ਚੰਪਾਰਨ ਬਿਹਾਰ ਵਿਰੁੱਧ ਧਾਰਾ 20, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ.ਅਮਰਜੀਤ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਬੱਸ ਅੱਡਾ ਜੰਨਸੂਆ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ 'ਤੇ 3 ਕਿਲੋ ਗਾਂਜਾ ਬ੍ਰਾਮਦ ਹੋਇਆ।

## ਸਿਮੀ ਡਾਂਸ ਗਰੁੱਪ ਨੇ ਤੀਆਂ ਦਾ ਤਿਉਹਾਰ ਮਨਾਇਆ



ਪਟਿਆਲਾ, 4 ਅਗਸਤ (ਚ.ਨ.ਸ.): ਸਿਮੀ ਡਾਂਸ ਗਰੁੱਪ ਵੱਲੋਂ ਪਟਿਆਲਾ ਹੈਰੀਟੇਜ ਹਵੇਲੀ ਸੰਗਰੂਰ ਰੋਡ ਵਿਖੇ ਤੀਆਂ ਦਾ ਤਿਉਹਾਰ ਬੜੇ ਧੂਮ ਧਾਮ ਨਾਲ ਮਨਾਇਆ ਗਿਆ। ਪ੍ਰੈਸ ਸਕੱਤਰ ਜਗਪ੍ਰੀਤ ਸਿੰਘ ਮਹਾਜਨ ਨੇ ਦੱਸਿਆ ਕਿ ਸਿਮੀ ਡਾਂਸ ਗਰੁੱਪ ਵੱਲੋਂ ਡਾਂਸ/ਗਿੱਧਾ/ਬੋਲੀਆਂ ਆਦਿ ਗਾ ਕੇ ਤੀਆਂ ਦਾ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਗਰੁੱਪ ਦੇ ਮੈਂਬਰਾਂ ਤੋਂ ਇਲਾਵਾ, ਆਏ ਹੋਏ ਮਹਿਮਾਨਾਂ ਲਈ ਵੀ ਕਈ ਪ੍ਰਕਾਰ ਦੀਆਂ ਖੇਡਾਂ/ਗੇਮਾਂ ਖੇਡਾਈਆਂ ਗਈਆਂ, ਜਿਨ੍ਹਾਂ ਦੇ ਜੇਤੂਆਂ ਨੂੰ ਸਿਮੀ ਡਾਂਸ ਗਰੁੱਪ ਵੱਲੋਂ ਇਨਾਮ ਵੀ ਦਿੱਤੇ ਗਏ।

## ਖੇਡ ਕੁਸ਼ਤੀ ਮੁਕਾਬਲੇ 'ਚ ਬਾਬਾ ਬੰਦਾ ਸਿੰਘ ਬਹਾਦਰ ਸਕੂਲ ਦੇ ਵਿਦਿਆਰਥੀਆਂ ਨੇ 7 ਗੋਲਡ ਮੈਡਲ ਕੀਤੇ ਹਾਸਲ



ਸਮਾਣਾ, 4 ਅਗਸਤ (ਵਿਜੇ ਕੁਮਾਰ): ਜੋਨਲ ਖੇਡ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਮਾਣਾ ਵਿਖੇ ਕਰਵਾਏ ਗਏ, ਜਿਸ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਅੰਡਰ 14, 19 ਗਰੁੱਪਾਂ ਦੇ ਕੁਸ਼ਤੀ ਮੁਕਬਲਿਆਂ ਵਿੱਚ ਲੜਕੀਆਂ ਵੱਲੋਂ 7 ਗੋਲਡ ਮੈਡਲ ਅਤੇ 2 ਸਿਲਵਰ ਮੈਡਲ ਹਾਸਿਲ ਕੀਤੇ ਗਏ। ਇਸ ਤੋਂ ਇਲਾਵਾ ਅਲੱਗ-ਅਲੱਗ ਖੇਡ ਮੁਕਾਬਲਿਆਂ ਵਿੱਚ ਪਹਿਲਾ, ਦੂਜਾ, ਤੀਜਾ ਸਥਾਨ ਹਾਸਿਲ ਕੀਤਾ। ਇਸ ਮੌਕੇ 'ਤੇ ਸਕੂਲ ਪ੍ਰਧਾਨ ਪ੍ਰਦਮਨ ਸਿੰਘ ਵਿਰਕ, ਜਨਰਲ ਸਕਤਰ ਡਾ ਹਰਭਜਨ ਸਿੰਘ, ਸੀਨੀਅਰ ਵਾਈਸ-ਪ੍ਰਧਾਨ ਗੁਲਜਾਰ ਸਿੰਘ, ਵਾਈਸ-ਪ੍ਰਧਾਨ ਜਸਵੰਤ ਸਿੰਘ, ਸਕੂਲ ਪ੍ਰਬੰਧਕ ਕਮੇਟੀ ਦੇ ਮੈਬਰ ਗੁਰਦੇਵ ਸਿੰਘ, ਬਲਵਿੰਦਰ ਸਿੰਘ, ਬਾਬਾ ਸਾਹਿਬ ਸਿੰਘ, ਕੁਲਦੀਪ ਸਿੰਘ, ਸਕੂਲ ਪ੍ਰਿੰਸੀਪਲ ਸ਼੍ਰੀ ਮਤੀ ਸੁਨੀਤਾ ਰਾਣੀ, ਬਲਬੀਰ ਸਿੰਘ ਧਾਰੀਵਾਲ ਅਤੇ ਸਮੂਹ ਅਧਿਆਪਕਾ ਨੇ ਬੱਚਿਆਂ ਦੀ ਅਤੇ ਡੀ. ਪੀ. ਅਧਿਆਪਕਾ ਦੀ ਹੌਸਲਾ ਅਫ਼ਜ਼ਾਈ ਕੀਤੀ।

## ਸਕੂਲ 'ਚ ਜ਼ੋਨਲ ਸ਼ੂਟਿੰਗ ਚੈਂਪੀਅਨਸ਼ਿਪ ਕਰਵਾਈ



ਘਨੌਰ, 4 ਅਗਸਤ (ਮਦਨ ਲਾਲ): ਦਾ ਮਾਇਲਸਟੋਨ ਸਮਾਰਟ ਸਕੂਲ, ਘਨੌਰ ਵਿਖੇ ਸੀ.ਬੀ.ਐੱਸ.ਈ. ਵੱਲੋਂ 25 ਤੋਂ 29 ਜੁਲਾਈ ਤੱਕ ਜ਼ੋਨਲ ਸ਼ੂਟਿੰਗ ਚੈਂਪੀਅਨਸ਼ਿਪ (ਲੜਕੀਆਂ) ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਤਿੰਨ ਰੋਜ਼ਾ ਰਾਸ਼ਟਰੀ ਪੱਧਰ ਦੇ ਸਮਾਗਮ ਵਿੱਚ ਉੱਤਰੀ ਭਾਰਤ ਦੇ 150 ਤੋਂ ਵੱਧ ਸਕੂਲਾਂ ਤੋਂ 700 ਤੋਂ ਵੱਧ ਖਿਡਾਰੀਆਂ ਨੇ ਭਾਗ ਲਿਆ। ਇਹ ਮੁਕਾਬਲਾ ਸਿਰਫ਼ ਇੱਕ ਖੇਡ ਸਮਾਰੋਹ ਨਹੀਂ ਸੀ, ਬਲਕਿ ਹੋਣਹਾਰ ਲੜਕੀਆਂ ਲਈ ਆਪਣੀ ਨਿਸ਼ਾਨੇਬਾਜ਼ੀ ਦੀ ਕਲਾ, ਆਤਮ ਵਿਸ਼ਵਾਸ, ਅਨੁਸ਼ਾਸਨ ਅਤੇ ਮਿਹਨਤ ਨੂੰ ਰਾਸ਼ਟਰੀ ਪੱਧਰ ਉੱਤੇ ਲਿਜਾਉਣ ਦਾ ਇੱਕ ਮਹੱਤਵਪੂਰਨ ਮੰਚ ਸਾਬਤ ਹੋਇਆ। ਇਸ ਪ੍ਰੋਗਰਾਮ ਦੇ ਸਮਾਪਤੀ ਸਮਾਰੋਹ ਤੇ ਜੇਤੂਆਂ ਨੂੰ ਸੀ.ਬੀ.ਐੱਸ.ਈ ਵੱਲੋਂ ਸਨਮਾਨ ਚਿੰਨ ਅਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਦੀ ਮੈਨੇਜਮੈਂਟ ਅਤੇ ਪ੍ਰਿੰਸੀਪਲ ਨੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੇ ਪ੍ਰਯਾਸਾਂ ਦੀ ਤਾਰੀਫ਼ ਕੀਤੀ ਅਤੇ ਭਵਿੱਖ ਵਿੱਚ ਹੋਰ ਉੱਚੀਆਂ ਉਡਾਨਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਸ਼ਿਵ ਸ਼ੰਕਰ ਯੂਥ ਸੇਵਾ ਦਲ ਨੇ ਗੁਰਦੁਆਰਾ ਥੜ੍ਹਾ ਸਾਹਿਬ ਵਿਖੇ ਛਾਂਦਾਰ ਤੇ ਫ਼ਲਦਾਰ ਬੂਟੇ ਲਗਾਏ

ਸਮਾਣਾ, 4 ਅਗਸਤ (ਵਿਜੇ ਕੁਮਾਰ/ਜਵੰਦਾ): ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ ਵਾਤਵਰਨ ਨੂੰ ਸ਼ੁੱਧ ਰੱਖਣ ਲਈ ਚਲਾਈ ਗਈ ਮੁਹਿੰਮ ਤਹਿਤ ਸਥਾਨਕ ਗੁਰਦੁਆਰਾ ਥੜ੍ਹਾ ਸਾਹਿਬ ਵਿੱਖੇ ਛਾਂਦਾਰ ਅਤੇ ਫ਼ਲਦਾਰ ਬੂਟੇ ਲਗਾਏ ਗਏ। ਇਸ ਮੁਹਿੰਮ ਵਿੱਚ ਸ਼ਿਵ ਸ਼ੰਕਰ ਯੂਥ ਸੇਵਾ ਦਲ ਦੇ ਨਾਲ ਸਮਾਣਾ ਸਿਟੀ ਦੇ ਐਸ ਐਚ.ਓ. ਜਸਪ੍ਰੀਤ ਸਿੰਘ ਸ਼ਾਮਿਲ ਹੋਏ। ਉਨ੍ਹਾਂ ਨੇ ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ ਚਲਾਈ ਗਈ ਮੁਹਿੰਮ ਦੀ ਤਾਰੀਫ਼ ਕੀਤੀ ਤੇ ਕਿਹਾ ਕਿ ਪੌਦੇ ਲਗਾਉਣਾ ਅੱਜ ਸਮੇਂ ਦੀ ਬਹੁਤ ਵੱਡੀ ਜ਼ਰੂਰਤ ਹੈ, ਕਿਉਂ ਕਿ ਪੌਦੇ ਸਾਡੇ ਜੀਵਨ ਦਾ ਆਧਾਰ ਹੈ। ਇਸ ਮੌਕੇ 'ਤੇ ਸ਼ਿਵ ਸ਼ੰਕਰ ਯੂਥ ਸੇਵਾ ਦਲ ਦੇ ਪ੍ਰਧਾਨ ਰਮਨ ਮਹਿੰਦਰਾ ਨੇ ਐਸ.ਐਚ.ਓ ਜਸਪ੍ਰੀਤ ਸਿੰਘ ਅਤੇ ਬਾਬਾ ਅਮਰਜੀਤ ਸਿੰਘ ਦਾ ਇੱਸ ਮੁਹਿੰਮ ਵਿੱਚ ਸ਼ਾਮਿਲ ਹੋਣ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਸੰਸਥਾ ਵੱਲੋਂ ਅੱਗੇ ਵੀ ਇੱਸ ਮੁਹਿੰਮ ਤਹਿਤ ਹੋਰ ਪੌਦੇ ਲਗਾਏ ਜਾਣਗੇ ਤਾਂ ਜੋ ਵਾਤਾਵਰਨ ਨੂੰ ਪ੍ਰਦੂਸ਼ਨ ਰਹਿਤ ਰੱਖਿਆ ਜਾ ਸਕੇ। ਇੱਸ ਮੌਕੇ 'ਤੇ ਐਮ.ਸੀ ਸੰਜੇ ਮੰਤਰੀ, ਸ਼ੇਖਰ ਸ਼ਰਮਾ ਕਮਲ ਸ਼ਰਮਾ, ਅਮਿਤ ਧੀਮਾਨ, ਰਾਜਨ ਸਚਦੇਵਾ, ਸੰਨੀ ਪੋਪਲੀ ਰਾਹੁਲ ਗਰਗ, ਮਨੋਜ ਰਹੇਜਾ, ਕਰਨ ਬਜਾਜ, ਸਾਹਿਲ ਭਟਨਾਗਰ, ਮੋਹਨ ਚਾਵਲਾ, ਬਲਵਿੰਦਰ ਕੁਮਾਰ, ਰਕੇਸ਼ ਕੁਮਾਰ ਅਤੇ ਸੁਨੀਲ ਆਦਿ ਮੌਜੂਦ ਸਨ।



# 13 ਸਤੰਬਰ ਨੂੰ ਪਟਿਆਲਾ 'ਚ ਨੈਸ਼ਨਲ ਲੋਕ ਅਦਾਲਤ

ਪਟਿਆਲਾ, 4 ਅਗਸਤ (ਵਿਨੋਦ ਸ਼ਰਮਾ/ਦੀਪਕ ਜੈਦਕਾ): ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਰੁਪਿੰਦਰਜੀਤ ਚਾਹਲ, ਦੀ ਯੋਗ ਅਗਵਾਈ ਹੇਠ 13 ਸਤੰਬਰ 2025 ਨੂੰ ਜ਼ਿਲ੍ਹਾ ਪਟਿਆਲਾ ਵਿੱਚ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾਵੇਗਾ। ਇਸ ਮੌਕੇ ਲਈ ਪਟਿਆਲਾ, ਰਾਜਪੁਰਾ, ਸਮਾਣਾ ਅਤੇ ਨਾਭਾ ਵਿੱਚ ਨਿਆਂਇਕ ਅਦਾਲਤਾਂ ਦੇ ਬੈਂਚ ਬਣਾਏ ਜਾਣਗੇ। ਇਸ ਲੋਕ ਅਦਾਲਤ ਵਿੱਚ ਚੈੱਕ ਬਾਊਂਸ ਕੇਸ, ਪੈਸੇ ਦੀ ਵਸੂਲੀ ਵਾਲੇ ਕੇਸ, ਲੇਬਰ ਅਤੇ ਰੁਜ਼ਗਾਰ ਸੰਬੰਧੀ ਝਗੜੇ, ਬਿਜਲੀ, ਪਾਣੀ ਅਤੇ ਹੋਰ ਬਿੱਲਾਂ ਦੇ ਭੁਗਤਾਨ ਦੇ ਕੇਸ (ਸਿਰਫ ਗੈਰ-ਕੰਪਾਊਂਡੇਬਲ ਕੇਸਾਂ ਨੂੰ ਛੱਡ ਕੇ), ਰੱਖ-ਰਖਾਅ ਦੇ ਕੇਸ, ਹੋਰ ਫੌਜਦਾਰੀ ਕੰਪਾਊਂਡੇਬਲ ਕੇਸ ਅਤੇ ਹੋਰ ਦੀਵਾਨੀ ਝਗੜੇ ਜਿਵੇਂ ਕਿ ਵਿਆਹੁਤਾ ਸੰਬੰਧੀ ਮਾਮਲੇ (ਤਲਾਕ ਤੋਂ ਇਲਾਵਾ), ਜ਼ਮੀਨ ਗ੍ਰਹਿਣ ਮਾਮਲੇ, ਤਨਖ਼ਾਹ ਅਤੇ ਭੱਤਿਆਂ ਦੇ ਕੇਸ, ਸੇਵਾਮੁਕਤੀ ਲਾਭਾਂ ਅਤੇ ਮਾਲ ਸੰਬੰਧੀ ਮਾਮਲੇ ਸੁਲਝਾਏ ਜਾਣਗੇ। ਇਸ ਦੇ ਨਾਲ ਹੀ ਕ੍ਰਿਮੀਨਲ ਕੰਪਾਊਂਡੇਬਲ ਓਫੈਂਸ, ਐਮਏਸੀਟੀ ਕੇਸ ਅਤੇ ਮਨੀ ਰਿਕਵਰੀ ਦੇ ਕੇਸ ਵੀ ਲੋਕ ਅਦਾਲਤ ਵਿੱਚ ਪੇਸ਼ ਕੀਤੇ ਜਾ ਸਕਦੇ ਹਨ। ਸੀਜੇਐਮ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੇ ਸਕੱਤਰ ਅਮਨਦੀਪ ਕੰਬੋਜ, ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਲੋਕ ਅਦਾਲਤਾਂ ਦਾ ਮਕਸਦ ਮੂਲ ਰੂਪ ਵਿੱਚ ਝਗੜਿਆਂ ਨੂੰ ਸਮਝੌਤਿਆਂ ਰਾਹੀਂ ਸੁਲਝਾਉਣਾ ਹੈ, ਜਿਸ ਨਾਲ ਧਿਰਾਂ ਦਾ ਕੀਮਤੀ ਸਮਾਂ ਅਤੇ ਪੈਸਾ ਬਚਦਾ ਹੈ ਅਤੇ ਆਪਸੀ ਰੰਜਸ਼ਾਂ ਘੱਟ ਹੁੰਦੀਆਂ ਹਨ। ਇਸ ਪ੍ਰਕਿਰਿਆ ਵਿੱਚ ਜੇ ਕੇਸ ਦਾ ਨਿਪਟਾਰਾ ਹੋ ਜਾਂਦਾ ਹੈ, ਤਾਂ ਉਹ ਫੈਸਲਾ ਅੰਤਿਮ ਅਤੇ ਅਪੀਲ ਤੋਂ ਬਾਹਰ ਹੋ ਜਾਂਦਾ ਹੈ। ਇਸ ਲਈ ਸਾਰੇ ਪਾਰਟੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਲੰਬਿਤ ਕੇਸਾਂ ਨੂੰ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਪੇਸ਼ ਕਰਕੇ ਆਪਣੇ ਸਮੇਂ ਅਤੇ ਮਿਹਨਤ ਦੀ ਕਮਾਈ ਦੀ ਬਚਤ ਕਰਨ। ਕੇਸਾਂ ਦੀ ਸੁਲਝਾਈ ਲਈ ਸੰਬੰਧਤ ਅਦਾਲਤ ਦੇ ਪ੍ਰੀਜ਼ਾਈਡਿੰਗ ਅਫਸਰ ਜਾਂ ਜੇ ਪ੍ਰੀ-ਲਿਟੀਗੇਟਿਵ ਕੇਸ ਹੋਣ ਤਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੇ ਸਕੱਤਰ ਨੂੰ ਬੇਨਤੀ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ www.pulsa.gov.in ਵੈਬਸਾਈਟ ਵੇਖੀ ਜਾ ਸਕਦੀ ਹੈ ਜਾਂ ਐਨਏਐਲਐਸਏ ਹੈਲਪਲਾਈਨ ਨੰਬਰ 15100 ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੇ ਸੰਪਰਕ ਨੰਬਰ 0175-2306500 'ਤੇ ਸਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਦੋ ਬਿਨਾਂ ਨੰਬਰੀ ਮੋਟਰਸਾਈਕਲ ਬ੍ਰਾਮਦ

ਪਟਿਆਲਾ, 4 ਅਗਸਤ (ਵਿਨੋਦ ਸ਼ਰਮਾ): ਥਾਣਾ ਬਖਸ਼ੀਵਾਲਾ ਪੁਲਿਸ ਨੇ ਕਥਿਤ ਦੋਸ਼ੀਆਂ ਵੀਰਪਾਲ ਸਿੰਘ, ਤਲਵੀਰ ਸਿੰਘ ਵਾਸੀ ਬੌੜਾ ਗੇਟ ਨਾਭਾ ਥਾਣਾ ਕੋਤਵਾਲੀ ਨਾਭਾ, ਕਰਨ ਕੁਮਾਰ ਵਾਸੀ ਪ੍ਰੇਮ ਨਗਰ ਵਿਰੁੱਧ ਧਾਰਾ 303(2), 317(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਸ਼ਮਸੇਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਸਪਰਿੰਗ ਫੀਲਡ ਪੈਲਸ ਪਾਸ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਚੋਰੀਆਂ ਕਰਨ ਦੇ ਆਦੀ ਹਨ, ਜੋ ਵੀਰਪਾਲ ਸਿੰਘ ਅਤੇ ਤਲਵੀਰ ਸਿੰਘ ਚੋਰੀ ਕੀਤੇ 2 ਬਿਨਾਂ ਨੰਬਰੀ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਆ ਰਹੇ ਹਨ। ਦੌਰਾਨੇ ਨਾਕਾਬੰਦੀ ਦੋਸ਼ੀਆਂ ਨੂੰ ਕਾਬੂ ਕਰਕੇ 2 ਬਿਨ੍ਹਾਂ ਨੰਬਰੀ ਚੋਰੀ ਦੇ ਮੋਟਰਸਾਈਕਲ ਬ੍ਰਾਮਦ ਹੋਏ।

## ਵਿੱਦਿਆਪੀਠ ਦੀਆਂ ਵਿਦਿਆਰਥਣਾਂ ਨੇ ਸ਼ਤਰੰਜ ਮੁਕਾਬਲੇ 'ਚ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ



ਸਮਾਣਾ, 4 ਅਗਸਤ (ਜਵੰਦਾ): 69ਵੀਆਂ ਜੋਨਲ ਟੂਰਨਾਮੈਂਟ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਅੰਡਰ -19 ਅਤੇ ਅੰਡਰ -17 ਕੁੜੀਆਂ ਦਾ ਸ਼ਤਰੰਜ ਖੇਡ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਕਈ ਸਕੂਲਾਂ ਨੇ ਭਾਗ ਲਿਆ। ਇਸ ਖੇਡ ਮੁਕਾਬਲੇ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੀਆਂ ਵਿਦਿਆਰਥਣਾਂ ਅੰਡਰ -19 ਤਰਮਨਜੋਤ ਕੌਰ, ਚੈਸ਼ਪ੍ਰੀਤ ਕੌਰ, ਸੁਖਪ੍ਰੀਤ ਕੌਰ, ਪਵਨਜੋਤ ਕੌਰ, ਨਵਜੋਤ ਕੌਰ ਅਤੇ ਅੰਡਰ -17 ਸਚਰੀਤ ਕੌਰ, ਹਰਮਨਪ੍ਰੀਤ ਕੌਰ, ਹਰਗੁਨ ਕੌਰ, ਬਬਨਪ੍ਰੀਤ ਕੌਰ ਅਤੇ ਜਸਲੀਨ ਕੌਰ ਨੇ ਵੀ ਬੜੇ ਉਤਸ਼ਾਹ ਅਤੇ ਜੋਸ਼ ਨਾਲ ਭਾਗ ਲਿਆ। ਮੁਕਾਬਲੇ ਦੌਰਾਨ ਵਿਦਿਆਰਥਣਾਂ ਨੇ ਆਪਣੇ ਕੌਸ਼ਲ ਅਤੇ ਖੇਡ ਜਜ਼ਬੇ ਨਾਲ ਸਭ ਨੂੰ ਪ੍ਰਭਾਵਿਤ ਕੀਤਾ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੂਜਾ ਅਤੇ ਤੀਜਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਤਾ- ਪਿਤਾ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ 'ਤੇ ਸਕੂਲ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ, ਅਤੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਸਾਰੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕੀਤੀ।

# ਐਨ.ਸੀ.ਸੀ. ਕੈਡਿਟਸ ਵੱਲੋਂ ਦੇਸ਼ ਸੇਵਾ ਦੇ ਨਾਲ-ਨਾਲ ਨਸ਼ਿਆਂ ਵਿਰੁੱਧ ਪਬਲਿਕ ਨੂੰ ਜਾਗਰੂਕ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ : ਪਰਮਿੰਦਰ ਭਲਵਾਨ




ਪਟਿਆਲਾ, 4 ਅਗਸਤ (ਚ.ਨ.ਸ.): ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾ ਕਲੱਬ ਦੀਪ ਨਗਰ ਵੱਲੋਂ ਸਰਕਾਰੀ ਆਈ ਟੀ ਆਈ ਲੜਕੇ ਨਾਭਾ ਰੋਡ ਪਟਿਆਲਾ ਦੇ ਐਨ ਸੀ ਸੀ ਵਿੰਗ ਵੱਲੋਂ ਡਿਪਟੀ ਡਾਇਰੈਕਟਰ -ਕਮ- ਪ੍ਰਿੰਸੀਪਲ ਇੰਜੀਨੀਅਰ ਹਰਦੀਪ ਕੁਮਾਰ ਟੌਹੜਾ ਅਤੇ ਵਾਇਸ ਪ੍ਰਿੰਸੀਪਲ ਦਵਿੰਦਰਪਾਲ ਸਿੰਘ ਦੀ ਅਗਵਾਈ ਅਤੇ ਪੰਜ ਪੰਜਾਬ ਬਟਾਲੀਅਨ ਐਨ ਸੀ ਸੀ ਦੇ ਬ੍ਰਿਗੇਡੀਅਰ ਰਾਹੁਲ ਗੁਪਤਾ, ਕਾਮਡਿੰਗ ਅਫ਼ਸਰ ਸੰਦੀਪ ਰੋਏ, ਕਰਨਲ ਸ੍ਰੀ ਨਿਵਾਸਨ ਐਡਮਨ ਅਫ਼ਸਰ, ਸੂਬੇਦਾਰ ਮੇਜਰ ਹਰਵਿੰਦਰ ਸਿੰਘ, ਸੂਬੇਦਾਰ ਕਦਮ, ਸੂਬੇਦਾਰ ਸੁਖਰਾਜ ਸਿੰਘ ਦੀ ਸਰਪ੍ਰਸਤੀ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆਂ, ਜਿਸ ਵਿੱਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਇਸ ਮੌਕੇ ਪੰਜ ਪੰਜਾਬ ਬਟਾਲੀਅਨ ਦੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਅਤੇ ਟੀ.ਓ ਨੇ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਵਿਸ਼ੇਸ਼ ਤੌਰ 'ਤੇ ਹੋਸਟਲ ਸੁਪਰਡੈਂਟ ਅਨਿਲ ਖੰਨਾ, ਟੀ.ਓ ਸੁਖਵੰਤ ਸਿੰਘ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਨੇ ਕਿਹਾ ਕਿ ਐਨ ਸੀ ਸੀ ਕੈਡਿਟਸ ਵਲੋਂ ਜਿਥੇ ਦੇਸ਼ ਸੇਵਾ ਲਈ ਟ੍ਰੇਨਿੰਗ ਲਈ ਜਾ ਰਹੀ ਉਥੇ ਹੀ ਨਸ਼ਿਆਂ ਵਿਰੁੱਧ ਵੀ ਪਬਲਿਕ ਨੂੰ ਜਾਗਰੂਕ ਕਰਨ ਅੱਗੇ ਆ ਕੇ ਪ੍ਰੇਰਿਤ ਕਰਨਾ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਵੱਲੋਂ ਡਰੱਗ ਫਰੀ ਵਲੱਡ ਵਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਕਿਤਾਬਾਂ ਵੀ ਵੰਡੀਆਂ ਗਈਆਂ।

# ਬਸੰਤ ਰਿਤੂ ਕਲੱਬ ਨੇ ਲਗਾਏ ਨਿੰਮ ਦੇ ਪੌਦੇ

ਪਟਿਆਲਾ, 4 ਅਗਸਤ (ਚ.ਨ.ਸ.): ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਮੇਰਾ ਯੁਵਾ ਭਾਰਤ ਖੇਡ ਮੰਤਰਾਲੇ ਭਾਰਤ ਸਰਕਾਰ ਦੇ ਸਹਿਯੋਗ ਨਾਲ ਦੀਪ ਨਗਰ ਪਟਿਆਲਾ ਵਿਖੇ ਇੱਕ ਪੌਦਾ ਮੇਰੀ ਮਾਂ ਦੇ ਨਾਮ ਮੁਹਿੰਮ ਤਹਿਤ ਵਣ ਮਹਾਂ ਉਤਸਵ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਦੀ ਪ੍ਰਧਾਨਗੀ ਸੰਦੀਪ ਸਿੰਘ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਸ੍ਰ. ਮੇਹਰ ਸਿੰਘ ਨੇ ਸ਼ਿਰਕਤ ਕੀਤੀ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸ੍ਰ. ਹਰਪਾਲ ਸਿੰਘ ਪੰਨੂੰ ਵੀ ਪੁੱਜੇ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਨਿੰਮ ਦਾ ਪੌਦਾ ਲਗਾ ਕੇ ਵਣ ਮਹਾ ਉਤਸਵ ਦਾ ਉਦਘਾਟਨ ਕੀਤਾ ਗਿਆ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਅਤੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਆਖਿਆ ਕਿ ਪਿਛਲੇ ਸਾਲ ਵੀ ਦੀਪ ਨਗਰ ਵਿਖੇ 100 ਪੌਦੇ ਲਗਾਏ ਗਏ ਸਨ, ਜਿਨ੍ਹਾਂ ਵਿੱਚੋਂ ਅੱਜ ਲਗਭਗ 70 ਪ੍ਰਤੀਸ਼ਤ ਪੌਦੇ ਚੱਲ ਰਹੇ ਹਨ। ਉਹਨਾਂ ਦੇ ਇਸੀ ਉਤਸ਼ਾਹ ਨੂੰ ਦੇਖਦੇ ਹੋਏ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਇਸ ਬਰਸਾਤ ਦੇ ਮੌਸਮ ਵਿੱਚ ਵੀ ਦੀਪ ਨਗਰ ਦੇ ਨਿਵਾਸੀਆਂ ਦੀ ਇੱਛਾ ਅਨੁਸਾਰ ਨਿੰਮ ਅਤੇ ਸੁਖਚੈਨ ਦੇ ਪੌਦੇ ਲਗਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਅਤੇ ਦੀਪ ਨਗਰ ਦੀਆਂ ਗਲੀਆਂ ਅਤੇ ਬਾਈਪਾਸ ਰੋਡ 'ਤੇ ਇਹ ਪੌਦੇ ਲਗਾਉਣ ਦਾ ਪ੍ਰੋਗਰਾਮ ਅੱਜ ਸ਼ੁਰੂ ਕੀਤਾ ਗਿਆ ਅਤੇ ਸ਼ੁਰੂਆਤ ਵਿੱਚ ਕਲੱਬ ਵੱਲੋਂ 50 ਨਿੰਮ ਅਤੇ ਸੁਖਚੈਨ ਦੇ ਪੌਦੇ ਲਗਾਏ ਗਏ। ਇਲਾਕਾ ਨਿਵਾਸੀ ਸੰਦੀਪ ਸਿੰਘ ਨੇ ਆਖਿਆ ਕਿ ਉਹ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਨਾਲ ਮਿਲ ਕੇ ਉਹ ਦੀਪ ਨਗਰ ਦੀ ਹਰ ਗਲੀ ਵਿੱਚ ਨਿੰਮ ਦੇ ਬੂਟੇ ਲਗਾਉਣਗੇ। ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਦੀਪ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ। ਦੀਪ ਨਗਰ ਦੀਆਂ ਲਗਭਗ 20 ਗਲੀਆਂ ਵਿੱਚ ਨਿੰਮ ਦੇ ਪੌਦੇ ਲਗਾਉਣ ਦੀ ਜੋ ਸ਼ੁਰੂਆਤ ਕੀਤੀ ਗਈ ਹੈ ਉਹ ਸਾਰਿਆ ਲਈ ਪ੍ਰੇਰਣਾ ਦਾ ਸਰੋਤ ਬਣੇਗੀ। ਸ. ਮੇਹਰ ਸਿੰਘ ਅਤੇ ਸ. ਹਰਪਾਲ ਸਿੰਘ ਪੰਨੂੰ ਨੇ ਵੀ ਵਾਤਾਵਰਨ ਨੂੰ ਬਚਾਉਣ ਲਈ ਆਪਣਾ ਵਿਚਾਰ ਰੱਖਦਿਆਂ ਆਖਿਆ ਕਿ ਅੱਜ ਪੌਦੇ ਲਗਾਉਣਾ ਅਤੇ ਜਲ ਬਚਾਉਣਾ ਸਮੇਂ ਦੀ ਲੋੜ ਹੈ। ਇਸ ਪ੍ਰੋਗਰਾਮ ਵਿੱਚ ਕਲੱਬ ਮੈਂਬਰ ਮੁਕੇਸ਼ ਕੁਮਾਰ, ਰੁਪਿੰਦਰ ਸਿੰਘ, ਜਗਤਾਰ ਸਿੰਘ, ਧਰਮਿੰਦਰ ਕੁਮਾਰ, ਆਦਿ ਮੈਂਬਰਾਂ ਨੇ ਭਾਗ ਲਿਆ।



# ਡੀ.ਏ.ਵੀ. ਸਕੂਲ ਕਕਰਾਲਾ ਦੇ ਖਿਡਾਰੀਆਂ ਨੇ ਜਿੱਤੇ ਸੋਨੇ ਅਤੇ ਕਾਂਸੀ ਦੇ ਤਮਗ਼ੇ

ਸਮਾਣਾ, 4 ਅਗਸਤ (ਵਿਜੇ ਕੁਮਾਰ): ਡੀ.ਏ.ਵੀ. ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਕਕਰਾਲਾ ਦੇ ਖਿਡਾਰੀਆਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ 'ਚ ਆਯੋਜਿਤ ਕਲੱਸਟਰ ਪੱਧਰੀ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸੋਨੇ ਅਤੇ ਕਾਂਸੀ ਦੇ ਤਗਮੇ ਆਪਣੇ ਨਾਮ ਕੀਤੇ। ਇਸ ਉਪਲਬਧੀ ਨੇ ਨਾਂ ਸਿਰਫ਼ ਸਕੂਲ ਦਾ ਸਨਮਾਨ ਵਧਾਇਆ ਹੈ, ਸਗੋਂ ਸਾਰੇ ਇਲਾਕੇ ਦਾ ਮਾਣ ਵੀ ਵਧਾਇਆ ਹੈ। ਇਸ ਮੁਕਾਬਲੇ ਵਿੱਚ ਵੱਖ-ਵੱਖ ਸਕੂਲਾਂ ਦੇ ਲਗਭਗ 2000 ਵਿਦਿਆਰਥੀਆਂ ਨੇ ਭਾਗ ਲਿਆ। ਸਕੂਲ ਵਿੱਚ ਆਯੋਜਿਤ ਸਨਮਾਨ ਸਮਾਰੋਹ ਵਿੱਚ ਪ੍ਰਿੰਸਿਪਲ ਵਰੁਣ ਸ਼ਰਮਾ ਨੇ ਸਾਰੇ ਜੇਤੂ ਖਿਡਾਰੀਆਂ ਨੂੰ ਤਗਮੇ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਇਹ ਸਫਲਤਾ ਖਿਡਾਰੀਆਂ ਦੀ ਮਿਹਨਤ, ਕੋਚਾਂ ਦੇ ਮਾਰਗਦਰਸ਼ਨ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ। ਤਗਮਾ ਜੇਤੂਆਂ ਦੀ ਸੂਚੀ ਇਸ ਪ੍ਰਕਾਰ ਹੈ: ਸਮਰਜੀਤ ਕੌਰ - ਸੋਨੇ ਦਾ ਤਗਮਾ (ਅੰਡਰ-17 ਕੁੜੀਆਂ, ਹਾਈ ਜੰਪ), ਦਿਲਪ੍ਰੀਤ ਕੌਰ-ਸੋਨੇ ਦਾ ਤਗਮਾ (ਅੰਡਰ-19 ਕੁੜੀਆਂ, ਹਾਈ ਜੰਪ), ਹਰਵੀਰ ਸਿੰਘ - ਸੋਨੇ ਦਾ ਤਗਮਾ (ਅੰਡਰ-19 ਮੁੰਡੇ, ਹਾਈ ਜੰਪ), ਜੋਬਨਪ੍ਰੀਤ - ਕਾਂਸੀ ਦਾ ਤਗਮਾ (ਅੰਡਰ-17 ਮੁੰਡੇ, ਹਾਈ ਜੰਪ), ਨਵਜੋਤ ਸਿੰਘ - ਕਾਂਸੀ ਦਾ ਤਗਮਾ (ਅੰਡਰ-19 ਮੁੰਡੇ, ਸ਼ਾਟ ਪੁਟ), ਬਲਵਿੰਦਰ ਸਿੰਘ - ਕਾਂਸੀ ਦਾ ਤਗਮਾ (ਅੰਡਰ-17 ਮੁੰਡੇ, ਲੰਮੀ ਕੂਦ), ਦਿਲਪ੍ਰੀਤ ਕੌਰ - ਕਾਂਸੀ ਦਾ ਤਗਮਾ (ਅੰਡਰ-19 ਕੁੜੀਆਂ, ਲੰਮੀ ਕੂਦ) ਸ਼੍ਰੀ ਵਰੁਣ ਸ਼ਰਮਾ ਨੇ ਖਿਡਾਰੀਆਂ ਦੇ ਨਾਲ-ਨਾਲ ਖੇਡ ਵਿਭਾਗ ਦੇ ਅਧਿਆਪਕ ਹਰਮੀਤ ਸਿੰਘ ਅਤੇ ਸ਼੍ਰੀਮਤੀ ਸੀਮਾ ਹਾਂਡਾ ਦੀ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਦੀ ਵਿਸ਼ੇਸ਼ ਪ੍ਰਸ਼ੰਸਾ ਕੀਤੀ।




## ਚਿੱਟੇ ਦਾ ਸੇਵਨ ਕਰਦਾ ਨੌਜਵਾਨ ਕਾਬੂ

ਸਮਾਣਾ, 4 ਅਗਸਤ (ਵਿਜੇ ਕੁਮਾਰ): ਸਿਟੀ ਪੁਲਿਸ ਨੇ ਇੱਕ ਨੌਜਵਾਨ ਨੂੰ ਚਿੱਟੇ ਦਾ ਸੇਵਨ ਕਰਦੇ ਹੋਏ ਲਾਈਟਰ ਅਤੇ ਸਿਲਵਰ ਪੇਪਰ ਸਮੇਤ ਕਾਬੂ ਕਰਕੇ ਉਸਦੇ ਖਿਲਾਫ ਐੱਨ.ਡੀ.ਪੀ.ਐੱਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਨੌਜਵਾਨ ਦੀ ਪਛਾਣ ਗੁਰਵਿੰਦਰ ਸਿੰਘ ਪੁੱਤਰ ਬਹਾਦੁਰ ਸਿੰਘ ਵਾਸੀ ਪੰਜਪੀਰ ਮੁਹੱਲਾ, ਇਮਾਮਗੜ੍ਹ, ਸਮਾਣਾ ਵਜੋਂ ਹੋਈ ਹੈ। ਸਿਟੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਏ. ਐੱਸ.ਆਈ. ਸਿੰਦਰ ਸਿੰਘ ਨੂੰ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਸੂਚਨਾ ਮਿਲੀ ਕਿ ਉਕਤ ਨੌਜਵਾਨ ਜੱਟਾ ਪੱਤੀ, ਸਮਾਣਾ ਦੇ ਨੇੜੇ ਬੈਠਾ ਚਿੱਟੇ ਦਾ ਸੇਵਨ ਕਰ ਰਿਹਾ ਹੈ। ਪੁਲਿਸ ਪਾਰਟੀ ਨੇ ਛਾਪਾ ਮਾਰ ਕੇ ਉਸ ਕੋਲੋਂ ਇੱਕ ਲਾਈਟਰ ਅਤੇ ਫਾਈਲ ਪੇਪਰ ਬਰਾਮਦ ਕੀਤਾ ਅਤੇ ਉਸਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ, ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਮੁਲਜ਼ਮ ਨੂੰ ਨਸ਼ਾ ਛੁਡਾਓ ਕੇਂਦਰ ਭੇਜ ਦਿੱਤਾ ਗਿਆ ਹੈ।

# ਵਿਜੇ ਕੁਮਾਰ ਕੂਕਾ ਦੀ ਅਗਵਾਈ ਹੇਠ ਭਾਜਪਾ ਦੀ ਲਹਿਰ ਜ਼ਿਲੇ 'ਚ ਮਜ਼ਬੂਤ ਹੋਵੇਗੀ : ਡਾ. ਕਾਂਸਲ

ਪਟਿਆਲਾ, 4 ਅਗਸਤ (ਰੁਪਾਣਾ): ਭਾਜਪਾ ਦੇ ਸੀਨੀਅਰ ਯੁਵਾ ਨੇਤਾ ਡਾ. ਗੁਰਵਿੰਦਰ ਕਾਂਸਲ ਨੇ ਵਿਜੇ ਕੁਮਾਰ ਕੂਕਾ ਨੂੰ ਫ਼ਿਰ ਤੋਂ ਭਾਜਪਾ ਪਟਿਆਲਾ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਹੋਣ 'ਤੇ ਵਧਾਈ ਦਿੰਦੇ ਕਿਹਾ ਵਿਜੈ ਕੂਕਾ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਭਾਜਪਾ ਦੀ ਲਹਿਰ ਮਜ਼ਬੂਤੀ ਫੜੇਗੀ ਨਾਲ ਹੀ ਡਾ. ਕਾਂਸਲ ਨੇ ਭਾਜਪਾ ਦੀ ਹਾਈ ਕਮਾਂਡ ਦੇ ਨਾਲ ਨਾਲ ਭਾਜਪਾ ਦੇ ਸੀਨੀਅਰ ਨੇਤਾ ਅਤੇ ਪਟਿਆਲਾ ਦੇ ਰਿਟਰਨਿੰਗ ਅਫ਼ਸਰ ਡਾ. ਸੁਭਾਸ਼ ਸ਼ਰਮਾ ਅਤੇ ਪਟਿਆਲਾ ਦੇ ਆਬਜ਼ਰਵਰ ਹਰਜੋਤ ਕਮਲ ਦਾ ਪਟਿਆਲਾ ਨੂੰ ਇੱਕ ਮਿਹਨਤੀ ਅਤੇ ਸੁਲਝਿਆ ਹੋਇਆ ਪ੍ਰਧਾਨ ਦੇਣ ਉੱਤੇ ਦਿਲੋਂ ਧੰਨਵਾਦ ਕੀਤਾ। ਡਾ. ਕਾਂਸਲ ਨੇ ਇਹ ਵੀ ਕਿਹਾ ਕੇ ਮੈਨੂੰ ਪੂਰੀ ਉਮੀਦ ਹੈ ਵਿਜੇ ਕੂਕਾ ਪੂਰੇ ਸੰਗਠਨ ਨੂੰ ਨਾਲ ਲੈ ਕੇ ਚਲਣਗੇ ਅਤੇ ਕੇਂਦਰ ਸਰਕਾਰ ਦੀ ਹਰ ਮੁਹਿੰਮ ਨੂੰ ਹਰ ਵਾਰਡ ਤੱਕ ਪਹੁੰਚਾਉਣਗੇ, ਜਿਸ ਨਾਲ ਭਾਜਪਾ ਦੀ ਲਹਿਰ ਮਜ਼ਬੂਤੀ ਫੜਨ ਦਾ ਕੰਮ ਤਾ ਕਰੇਗੀ ਹੀ ਪਰ ਨਾਲ ਹੀ ਪਟਿਆਲਾ ਦੇ ਬਜ਼ੁਰਗ, ਨੌਜਵਾਨ ਅਤੇ ਬੱਚੇ ਕੇਂਦਰ ਸਰਕਾਰ ਦੀ ਹਰ ਮੁਹਿੰਮ ਦਾ ਲਾਭ ਲੈ ਸਕਣਗੇ।





# ਪਟਿਆਲਾ-ਆਸ/ਪਾਸ



# ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਉਲੀਕੇ ਜਾਣ ਵਾਲੇ ਪ੍ਰੋਗਰਾਮਾਂ ਦਾ ਜਾਇਜ਼ਾ ਲੈਣ ਲਈ ਪਟਿਆਲਾ ਪੁੱਜੇ ਕੈਬਨਿਟ ਮੰਤਰੀ

☛23 ਜ਼ਿਲ੍ਹਿਆਂ 'ਚ ਹੋਣਗੇ ਸ੍ਰੀ ਗੁਰੂ ਤੇ.ਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵੱਡੇ ਸਮਾਗਮ : ਹਰਭਜਨ ਸਿੰਘ ਈ.ਟੀ.ਓ.

☛ਪੰਜਾਬ 'ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸਬੰਧਤ ਸਭ ਤੋਂ ਵੱਧ ਅਸਥਾਨ ਪਟਿਆਲਾ 'ਚ ਸਥਿਤ : ਤਰੁਨਪ੍ਰੀਤ ਸਿੰਘ ਸੌਂਦ

☛ਗੁਰੂ ਸਾਹਿਬ ਦੀ ਸ਼ਹਾਦਤ ਦਾ ਦਿਹਾੜਾ ਨੌਜਵਾਨ ਪੀੜ੍ਹੀ ਨੂੰ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨਾਲ ਜੋੜਨ ਲਈ ਸੇਵਾ ਤੇ ਸ਼ਰਧਾ ਦਾ ਮਹਾਂ-ਸੰਗਮ : ਦੀਪਕ ਬਾਲੀ



ਪਟਿਆਲਾ, 4 ਅਗਸਤ (ਗੁਰਮੁੱਖ ਰੁਪਾਣਾ/ਅਮਰਜੀਤ/ਵਿਨੋਦ ਸ਼ਰਮਾ) : ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਯਾਦਗਾਰੀ ਸਮਾਗਮ ਕਰਕੇ ਮਨਾਉਣ ਦੇ ਲਏ ਅਹਿਮ ਫੈਸਲੇ ਤਹਿਤ ਵਿਉਂਤੇ ਵੱਖ-ਵੱਖ ਧਾਰਮਿਕ ਸਮਾਗਮਾਂ ਸਬੰਧੀ ਕੈਬਨਿਟ ਮੰਤਰੀਆਂ ਦੇ ਗਰੁੱਪ ਦੇ ਮੈਂਬਰ ਮੰਤਰੀ ਹਰਭਜਨ ਸਿੰਘ ਈਟੀਓ ਤੇ ਤਰੁਣਪ੍ਰੀਤ ਸਿੰਘ ਸੌਂਦ ਨੇ ਜ਼ਿਲ੍ਹੇ ਦੇ ਵਿਧਾਇਕਾਂ, ਅਧਿਕਾਰੀਆਂ, ਕੌਂਸਲਰਾਂ, ਵਪਾਕਰ ਪ੍ਰਤੀਨਿਧੀਆਂ ਅਤੇ ਹੋਰ ਪਤਵੰਤਿਆਂ ਨਾਲ ਅਹਿਮ ਬੈਠਕ ਕੀਤੀ। ਇਸ ਮੌਕੇ ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਨ ਨੂੰ ਸਮੁੱਚੇ ਪ੍ਰੋਗਰਾਮ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਸੰਗਤ ਦੀ ਸਹੂਲਤ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਬਾਰੇ ਹਦਾਇਤਾਂ ਜਾਰੀ ਕੀਤੀਆਂ।ਮੀਟਿੰਗ ਬਾਅਦ ਕੈਬਨਿਟ ਮੰਤਰੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪਵਿੱਤਰ ਅਸਥਾਨ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਤੇ ਗੁਰਦੁਆਰਾ ਸ੍ਰੀ ਮੋਤੀਬਾਗ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਸਮਾਗਮਾਂ ਦੀ ਸਫ਼ਲਤਾ ਲਈ ਅਰਦਾਸ ਕੀਤੀ ਅਤੇ ਸਮੂਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿੱਚ ਹੁੰਮ-ਹੁਮਾ ਕੇ ਸ਼ਮੂਲੀਅਤ ਕਰਨ ਦੀ ਬੇਨਤੀ ਵੀ ਕੀਤੀ। ਇਸ ਦੌਰਾਨ ਦੋਵੇਂ ਕੈਬਨਿਟ ਮੰਤਰੀਆਂ ਨੇ ਦੱਸਿਆ ਕਿ ਪੰਜਾਬ 'ਚ 135 ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ ਛੋਹ ਪ੍ਰਾਪਤ ਹਨ, ਜਿਨ੍ਹਾਂ ਚੋਂ ਸਭ ਤੋਂ ਵਧੇਰੇ 35 ਅਸਥਾਨ ਪਟਿਆਲਾ ਜ਼ਿਲ੍ਹੇ ਅੰਦਰ ਸਥਿਤ ਹਨ, ਜਿਨ੍ਹਾਂ ਦੇ ਚਹੁੰਪੱਖੀ ਵਿਕਾਸ ਲਈ 70 ਕਰੋੜ ਰੁਪਏ ਦੇ ਪ੍ਰਾਜੈਕਟ ਉਲੀਕੇ ਗਏ ਹਨ। ਉਨ੍ਹਾਂ ਦੇ ਨਾਲ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਨੀਨਾ ਮਿੱਤਲ, ਹਰਮੀਤ ਸਿੰਘ ਪਠਾਣਮਾਜਰਾ ਤੇ ਗੁਰਲਾਲ ਘਨੌਰ ਸਮੇਤ ਸੈਰ ਸਪਾਟਾ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ, ਸੈਰ ਸਪਾਟਾ ਵਿਭਾਗ ਦੇ ਸਕੱਤਰ ਅਭਿਨਵ ਤ੍ਰਿਖਾ, ਪੀ.ਆਰ.ਟੀ.ਸੀ. ਚੇਅਰਮੈਨ ਰਣਜੋਧ ਸਿੰਘ ਹਡਾਣਾ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਜ਼ਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਜਸਬੀਰ ਸਿੰਘ ਜੱਸੀ ਸੋਹੀਆਂ ਵਾਲਾ ਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੀ ਮੌਜੂਦ ਸਨ। ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਤੇ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਕੁਰਬਾਨੀ ਵਰਗੀ ਮਿਸਾਲ ਦੁਨੀਆਂ ਵਿੱਚ ਹੋਰ ਕਿਤੇ ਨਹੀਂ ਮਿਲਦੀ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਵੱਡੇ ਪ੍ਰੋਗਰਾਮ ਉਲੀਕ ਰਹੀ ਹੈ। ਉਨ੍ਹਾਂ ਦੱਸਿਆ ਕਿ ਇਹ ਦਿਹਾੜਾ 19 ਨਵੰਬਰ ਤੋਂ 25 ਨਵੰਬਰ ਤੱਕ 6 ਦਿਨ ਰਾਜ ਪੱਧਰੀ ਸਮਾਗਮ ਕਰਵਾ ਕੇ ਰਾਜ ਸਰਕਾਰ ਵੱਲੋਂ ਇੱਕ ਨਿਮਾਣੇ ਸੇਵਕ ਵਜੋਂ ਪੂਰੀ ਸ਼ਰਧਾ ਭਾਵਨਾ ਤੇ ਗੁਰਮਤਿ ਮਰਿਯਾਦਾ ਮੁਤਾਬਕ ਮਨਾਇਆ ਜਾਵੇਗਾ। ਇਸ ਮੌਕੇ ਸਲਾਹਕਾਰ ਦੀਪਕ ਬਾਲੀ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਪ੍ਰੋਗਰਾਮਾਂ ਦੌਰਾਨ ਇੱਕ ਸੇਵਾਦਾਰ ਵਜੋਂ ਕੰਮ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਦਾ ਦਿਹਾੜਾ ਸਾਡੇ ਲਈ ਸੇਵਾ ਤੇ ਸ਼ਰਧਾ ਦਾ ਮਹਾਂ-ਸੰਗਮ ਦਾ ਮੌਕਾ ਹੈ, ਇਸ ਲਈ ਆਓ ਸਾਰੇ ਰਲਕੇ ਨੌਜਵਾਨ ਪੀੜ੍ਹੀ ਨੂੰ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨਾਲ ਜੋੜਨ ਲਈ ਇਸ ਮੌਕੇ ਵਿਸ਼ੇਸ਼ ਇਕ ਪੁਲ ਦਾ ਕੰਮ ਕਰਕੇ ਆਪਣਾ ਯੋਗਦਾਨ ਪਾਈਏ। ਦੀਪਕ ਬਾਲੀ ਨੇ ਦੱਸਿਆ ਕਿ ਇਤਿਹਾਸਕ ਹਵਾਲਿਆਂ ਮੁਤਾਬਕ ਪਟਿਆਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 3 ਮਹੀਨਿਆਂ ਤੋਂ ਵਧੇਰੇ ਸਮਾਂ ਬਿਤਾਇਆ ਹੈ, ਇਸ ਲਈ ਪਟਿਆਲਾ ਇੱਕ ਗੁਰੂ ਸਾਹਿਬ ਤੋਂ ਵਰੋਸਾਇਆ ਸ਼ਹਿਰ ਹੈ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੋਵਾਂ ਕੈਬਨਿਟ ਮੰਤਰੀਆਂ ਹਰਭਜਨ ਸਿੰਘ ਈ.ਟੀ.ਓ. ਤੇ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਰਾਜ ਵਿਚਲੇ ਗੁਰੂ ਸਾਹਿਬ ਨਾਲ ਸੰਬਧਤ ਸਾਰੇ ਪਵਿੱਤਰ ਅਸਥਾਨਾਂ ਵਿਖੇ ਰਾਜ ਪੱਧਰੀ ਸਮਾਗਮ ਕਰਵਾਉਣ ਤੋਂ ਇਲਾਵਾ ਇਨ੍ਹਾਂ ਪਿੰਡਾਂ ਤੇ ਸ਼ਹਿਰਾਂ ਦਾ ਵਿਕਾਸ ਵੀ ਵੱਡੇ ਪੱਧਰ 'ਤੇ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਇਸ ਮੌਕੇ ਚਾਰ ਸਥਾਨਾਂ ਤੋਂ ਯਾਤਰਾਵਾਂ ਸ੍ਰੀ ਆਨੰਦਪੁਰ ਸਾਹਿਬ ਪੁੱਜਣਗੀਆਂ, ਜਿਨ੍ਹਾਂ ਵਿੱਚ ਗੁਰਦਾਸਪੁਰ ਤੋਂ ਮਾਝਾ, ਦੁਆਬਾ ਤੋਂ ਯਾਤਰਾ ਸਮੇਤ ਮਾਲਵਾ ਤੋਂ ਦੋ ਯਾਤਰਾਵਾਂ ਬਠਿੰਡਾ ਅਤੇ ਫਰੀਦਕੋਟ ਤੋਂ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਣਗੀਆਂ ਜੋ ਸੂਬੇ ਦੇ ਲਗਭਗ ਸਾਰੇ ਜ਼ਿਲ੍ਹਿਆਂ ਅਤੇ ਪ੍ਰਮੁੱਖ ਸ਼ਹਿਰਾਂ ਤੋਂ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਗੀਆਂ, ਜਦਕਿ 20 ਨਵੰਬਰ ਨੂੰ ਬਠਿੰਡਾ ਤੋਂ ਚੱਲਣ ਵਾਲੀ ਮਾਲਵਾ-2 ਯਾਤਰਾ ਰਾਤ ਨੂੰ ਪਟਿਆਲਾ ਵਿਖੇ ਪੁੱਜੇਗੀ ਤੇ ਵਿਸ਼ਰਾਮ ਕਰੇਗੀ। ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਧਾਰਮਿਕ ਸਮਾਗਮਾਂ ਬਾਰੇ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਵਿਰਾਸਤ ਦੇ ਖਾਲਸਾ ਵਿਖੇ 23 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਵੇਗੀ, ਜਿਸ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਦੇਸ਼ ਵਿਦੇਸ਼ ਤੋਂ ਪ੍ਰਮੁੱਖ ਹਸਤੀਆਂ, ਧਾਰਮਿਕ ਸ਼ਖਸੀਅਤਾਂ ਹਾਜ਼ਰੀ ਲਗਵਾਉਣਗੀਆਂ। ਉਨ੍ਹਾਂ ਨੇ ਦੱਸਿਆ ਕਿ 24 ਨਵੰਬਰ ਨੂੰ ਇੱਕ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਵੀ ਬੁਲਾਇਆ ਜਾਵੇਗਾ। ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਇਸ ਮੌਕੇ ਨਿਹੰਗ ਸਿੰਘਾਂ ਵੱਲੋਂ ਮੁਹੱਲਾ ਖ਼ਾਲਸਾ ਪ੍ਰਦਰਸ਼ਨੀ ਕੀਤੀ ਜਾਵੇਗੀ। ਗੁਰੂ ਸਾਹਿਬ ਦੇ ਜੀਵਨ ਬਾਰੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ 25 ਨਵੰਬਰ ਨੂੰ ਸ਼ਾਮ 7 ਵਜੇ ਮਿਸ਼ਾਲ ਏ ਸ਼ਹਾਦਤ ਦੀ ਰੋਸ਼ਨੀ ਵਿੱਚ ਸੂਬੇ ਭਰ ਦੀਆਂ ਸਰਕਾਰੀ ਇਮਾਰਤਾਂ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਮਰਪਿਤ ਕਰਦੇ ਹੋਏ ਰੁਸ਼ਨਾਇਆ ਜਾਵੇਗਾ, ਇਸ ਦੇ ਲਈ ਸਮੁੱਚੀ ਸੰਗਤ ਨੂੰ ਵੀ ਬੇਨਤੀ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਉਣ ਵਾਲੀ ਸੰਗਤ ਦੇ ਰਹਿਣ ਲਈ ਟੈਂਟ ਸਿਟੀ ਅਤੇ ਵੱਖ ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਆਉਣ ਜਾਣ ਵਾਸਤੇ ਈ ਰਿਕਸ਼ਾ ਦੇ ਪ੍ਰਬੰਧ ਹੋਣਗੇ। ਕੈਬਨਿਟ ਮੰਤਰੀ ਨੇ ਦੱਸਿਆ ਕਿ 5 ਸਤੰਬਰ ਨੂੰ ਅਨੰਦਪੁਰ ਸਾਹਿਬ ਵਿਖੇ ਰੰਗਰੇਟੇ ਗੁਰੂ ਕੇ ਬੇਟੇ ਭਾਈ ਜੈਤਾ ਜੀ ਦੀ ਬਣ ਰਹੀ ਯਾਦਗਰ ਦਾ ਉਦਘਾਟਨ ਦੇ ਨਾਲ ਹੀ ਇਹ ਪ੍ਰੋਗਰਾਮ ਸ਼ੁਰੂ ਹੋ ਜਾਣਗੇ।ਉਨ੍ਹਾਂ ਨੇ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚ ਸ੍ਰੀ ਗੁਰੂ ਸਾਹਿਬ ਦੀ ਜੀਵਨ ਉੱਤੇ ਅਧਾਰਿਤ ਲਾਈਟ ਐਂਡ ਸਾਊਂਡ (ਹਿੰਦ ਦੀ ਚਾਦਰ) ਕਵੀ ਦਰਬਾਰ ਕਰਵਾਏ ਜਾਣਗੇ। ਉੱਥੇ ਹੀ ਪੰਜਾਬ ਦੇ ਸਾਰੇ ਹੀ ਵਿੱਦਿਅਕ ਸੰਸਥਾਵਾਂ ਵਿੱਚ ਸ੍ਰੀ ਗੁਰੂ ਸਾਹਿਬ ਦੀ ਜ਼ਿੰਦਗੀ ਅਤੇ ਸ਼ਹਾਦਤ ਸਬੰਧੀ ਸੈਮੀਨਾਰ ਤੇ ਚਰਚਾ ਪ੍ਰੋਗਰਾਮ ਵੀ ਕਰਵਾਏ ਜਾਣਗੇ। ਉਨ੍ਹਾਂ ਨੇ ਕਿਹਾ ਕਿ ਸਮਾਗਮ ਵਿਚ ਪਹੁੰਚਣ ਵਾਲੇ ਸ਼ਰਧਾਲੂਆਂ ਦੇ ਰਹਿਣ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ ਜਿਵੇਂ ਉਹਨਾਂ ਦੇ ਰਹਿਣ ਲਈ ਟੈਂਟ ਸਿਟੀ, ਸੜਕਾਂ ਦੀ ਮੁਰੰਮਤ, ਇਮਾਰਤਾਂ ਦਾ ਰੰਗ ਰੋਗਨ, ਲਾਈਟਨਿੰਗ ਆਦਿ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਪੰਜਾਬ ਦੇ ਚਾਰ ਵੱਡੇ ਸ਼ਹਿਰਾਂ ਜਿਹਨਾਂ ਵਿੱਚ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਬਾਬਾ ਬਕਾਲਾ ਅਤੇ ਪਟਿਆਲਾ ਨੂੰ ਲਾਈਟਨਿੰਗ ਨਾਲ ਪੂਰੀ ਤਰ੍ਹਾਂ ਸਜਾਇਆ ਜਾਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਗੁਰੂ ਸਾਹਿਬ ਦੀ ਪਵਿੱਤਰ ਚਰਨ ਛੋਹ ਅਸਥਾਨਾਂ ਦੇ ਵਿਕਾਸ ਲਈ ਬਣਾਈ ਤਜਵੀਜ਼ ਸਮੇਤ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਦੀ ਰੂਪ ਰੇਖਾ ਕੈਬਨਿਟ ਮੰਤਰੀਆਂ ਨਾਲ ਸਾਂਝੀ ਕੀਤੀ। ਇਸ ਮੌਕੇ ਏ.ਡੀ.ਸੀਜ਼, ਐਸ.ਪੀ. ਪਲਵਿੰਦਰ ਸਿੰਘ ਚੀਮਾ, ਜ਼ਿਲ੍ਹਾ ਪ੍ਰਧਾਨ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ ਤੇ ਤੇਜਿੰਦਰ ਮਹਿਤਾ, ਲੋਕ ਸਭਾ ਹਲਕਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਮਾਰਕਿਟ ਕਮੇਟੀ ਚੇਅਰਮੈਨ ਭਾਦਸੋਂ ਗੁਰਦੀਪ ਸਿੰਘ, ਸ਼ਹਿਰ ਦੇ ਕੌਂਸਲਰ, ਵਪਾਰ ਮੰਡਲ ਤੇ ਦੁਕਾਨਦਾਰ ਐਸੋਸੀਏਸ਼ਨਾਂ ਦੇ ਨੁਮਾਇੰਦੇ, ਐਸ.ਡੀ.ਐਮਜ਼ ਸਮੇਤ ਹੋਰ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਵੀ ਮੌਜੂਦ ਸਨ।

## ਅੰਮ੍ਰਿਤਸਰ ਦੇ ਵਕੀਲ ਦੀ ਹੱਤਿਆ ਦੇ ਰੋਸ ਵਜੋਂ ਬਾਰ ਐਸੋਸੀਏਸ਼ਨ ਸਮਾਣਾ ਵੱਲੋਂ ਹੜਤਾਲ



ਸਮਾਣਾ, 4 ਅਗਸਤ (ਜਵੰਦਾ/ ਵਿਜੇ ਕੁਮਾਰ) : ਸਮਾਣਾ ਬਾਰ ਐਸੋਸੀਏਸ਼ਨ ਦੀ ਇੱਕ ਵਿਸ਼ੇਸ਼ ਮੀਟਿੰਗ ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਅੰਮ੍ਰਿਤਸਰ ਦੀ ਬਾਰ ਐਸੋਸੀਏਸ਼ਨ ਵੱਲੋਂ ਦਿੱਤੇ ਹੜਤਾਲ ਦੇ ਸੱਦੇ ਤੇ ਸਮਾਣਾ ਬਾਰ ਐਸੋਸੀਏਸ਼ਨ ਵੱਲੋਂ ਹੜਤਾਲ ਕਰਨ ਦਾ ਮਤਾ ਪਾਸ ਕਰਕੇ ਹੜਤਾਲ ਕੀਤੀ ਅਤੇ ਅਦਾਲਤਾਂ ਦਾ ਕੰਮ ਕਾਜ ਠੱਪ ਰੱਖਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਵਕੀਲ ਲਖਵਿੰਦਰ ਸਿੰਘ ਦੀ ਹੱਤਿਆ ਕਰ ਦਿੱਤੀ ਗਈ ਹੈ, ਜਿਸ ਦੇ ਰੋਸ ਵਜੋਂ ਅੰਮ੍ਰਿਤਸਰ ਬਾਰ ਨੇ ਪੰਜਾਬ ਦੀਆਂ ਅਦਾਲਤਾਂ ਵਿੱਚ ਹੜਤਾਲ ਕਰਨ ਦਾ ਸੱਦਾ ਦਿੱਤਾ ਹੈ ਜਿਸ ਦੇ ਮੱਦੇ ਨਜ਼ਰ ਅੱਜ ਬਾਰ ਐਸੋਸੀਏਸ਼ਨ ਸਮਾਣਾ ਨੇ ਹੜਤਾਲ ਕੀਤੀ ਹੈ ਤਾਂ ਜੋ ਮ੍ਰਿਤਕ ਐਡਵੋਕੇਟ ਲਖਵਿੰਦਰ ਸਿੰਘ ਦੇ ਪਰਿਵਾਰ ਨੂੰ ਇਨਸਾਫ ਮਿਲ ਸਕੇ। ਇਸ ਮੌਕੇ ਮੀਤ ਪ੍ਰਧਾਨ ਐਡਵੋਕੇਟ ਸੰਦੀਪ ਜਿੰਦਲ,ਸੈਕਟਰੀ ਐਡਵੋਕੇਟ ਕਸ਼ਮੀਰ ਸਿੰਘ ਚੁੰਬਰ,ਜੁਆਇੰਟ ਸੈਕਟਰੀ ਕੁਲਜੀਤ ਸਿੰਘ ਵਿਰਕ, ਕੈਸ਼ੀਅਰ ਬਘੇਲ ਸਿੰਘ ਸੰਧੂ, ਲਾਇਬਰੇਰੀਅਨ ਖੁਆਬ ਸੋਨੀ. ਐਗਜੇਕਟਿਵ ਮੈਂਬਰ ਜਸਵਿੰਦਰ ਸਿੰਘ ਗੋਲਣ,ਅਰੁਣਦੀਪ ਸਿੰਘ ਸੰਧੂ, ਨੇਹਾ ਚੋਪੜਾ, ਐਡਵੋਕੇਟ ਰਵਿੰਦਰ ਸਹੋਤਾ, ਹਰਿੰਦਰ ਪਾਲ ਸਿੰਘ ਹੈਪੀ,ਲਵਲੀ ਗਰਗ,ਜੱਜ ਸਿੰਘ, ਅਨੁਰੂਪ ਗਰਗ, ਰਿਸ਼ੀ ਚੋਪੜਾ, ਪੀ ਐਸ ਕੰਡਾ,ਰੁਮੀ ਵਡੇਰਾ, ਮਹਿੰਦਰ ਪਾਲ ਸਿੰਘ ਕੋਹਰੀਆਂ ਹਾਜ਼ਰ ਸਨ।

## ਵਕੀਲ ਦੀ ਹਮਲੇ ਤੋਂ ਬਾਅਦ ਹੋਈ ਮੌਤ ਕਾਰਨ ਪਟਿਆਲਾ 'ਚ ਵਕੀਲਾਂ ਨੇ ਰੱਖੀ ਹੜਤਾਲ

ਪਟਿਆਲਾ, 4 ਅਗਸਤ (ਵਿਨੋਦ ਸ਼ਰਮਾ) : ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਐਗਜ਼ੈਕਟਿਵ ਮੈਂਬਰਾਂ ਵੱਲੋਂ ਅੰਮ੍ਰਿਤਸਰ ਬਾਰ ਐਸੋਸੀਏਸ਼ਨ ਵੱਲੋਂ ਦਿੱਤੀ ਗਈ ਅੱਜ ਬੰਦ ਦੀ ਕਾਲ ਨੂੰ ਜ਼ਿਲ੍ਹਾ ਬਾਰ ਦੇ ਪ੍ਰਧਾਨ ਮਨਵੀਰ ਸਿੰਘ ਟਿਵਾਣਾ ਵੱਲੋਂ ਅੱਜ ਪੂਰਨ ਸਮਰਥਨ ਕੀਤਾ ਗਿਆ। ਇਸ ਸਬੰਧੀ ਜ਼ਿਲ੍ਹਾ ਬਾਰ ਦੇ ਸੈਕਟਰੀ ਸਚਿਨ ਸ਼ਰਮਾ, ਹਰਿੰਦਰ ਸਿੰਘ ਖਰੋੜ ਵਾਇਸ ਪ੍ਰਧਾਨ, ਹੈਪੀ ਵਰਮਾ ਜੁਆਇੰਟ ਸੈਕਟਰੀ, ਜਸਪ੍ਰੀਤ ਸਿੰਘ ਖਜ਼ਾਨਚੀ ਅਤੇ ਹਰਪ੍ਰੀਤ ਕੌਰ ਸੋਹਲ ਲਾਇਬ੍ਰੇਰੀਅਨ ਅਤੇ ਸਮੂਹ ਵਕੀਲਾਂ ਨੇ ਅੱਜ ਬੰਦ ਦੀ ਕਾਲ ਦਾ ਪੂਰਨ ਸਹਿਯੋਗ ਦਿੱਤਾ। ਸਚਿਨ ਸ਼ਰਮਾ ਨੇ ਕਿਹਾ ਕਿ ਸਮੂਹ ਬਾਰ ਦੇ ਮੈਂਬਰ ਅੰਮ੍ਰਿਤਸਰ ਬਾਰ ਐਸੋਸੀਏਸ਼ਨ ਨਾਲ ਖੜੇ ਹਨ ਅਤੇ ਉੱਥੇ ਦੇ ਵਕੀਲ 'ਤੇ ਹੋਏ ਹਮਲੇ ਤੋਂ ਬਾਅਦ ਉਸ ਦੀ ਅਚਾਨਕ ਹਮਲੇ ਤੋਂ ਬਾਅਦ ਮੌਤ ਹੋ ਜਾਣ ਕਾਰਨ ਇਸ ਹਮਲੇ ਦੀ ਨਿੰਦਾ ਕੀਤਾ ਗਈ, ਜਿਸ ਲਈ ਵਾਇਸ ਪ੍ਰਧਾਨ ਹਰਿੰਦਰ ਸਿੰਘ ਖਰੌੜ ਨੇ ਦੱਸਿਆ ਕਿ ਅੰਮ੍ਰਿਤਸਰ ਬਾਰ ਦੇ ਇਕ ਵਕੀਲ ਦੀ ਹਮਲੇ ਤੋਂ ਬਾਅਦ ਮੌਤ ਹੋ ਗਈ ਸੀ। ਵਕੀਲ ਭਾਈਚਾਰੇ ਨੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਾਰਡ ਨੰਬਰ 8 ਤੇ 20 'ਚ ਜਾਗਰੂਕਤਾ ਸੈਮੀਨਾਰ



ਸਮਾਣਾ , 4 ਅਗਸਤ (ਅਮਿਤ ਸ਼ਰਮਾ/ਜਵੰਦਾ): ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਥਾਨਕ ਵਾਰਡ 20 'ਚ ਐਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ ਅਤੇ ਵਾਰਡ ਨੰਬਰ 8 'ਚ ਰਮਨਦੀਪ ਰੰਮੀ ਸ਼ਰਮਾ ਦੀ ਅਗਵਾਈ ਹੇਠ ਜਾਗਰੂਕਤਾ ਸੈਮੀਨਾਰ ਕਰਵਾਏ ਗਏ ਅਤੇ ਨਸ਼ਿਆਂ ਵਿਰੁੱਧ ਹੋਕਾ ਦਿੱਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਸ਼ਿਰਕਤ ਕੀਤੀ ਅਤੇ ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਤੇ ਨਸ਼ਿਆਂ ਦੀ ਅਲਾਮਤ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖ਼ਿਲਾਫ਼ ਛੇੜੀ ਜੰਗ ਤਹਿਤ ਅਸੀਂ ਹਰ ਪਿੰਡ ਪਿੰਡ ਅਤੇ ਹਰ ਵਾਰਡ-ਵਾਰਡ ਜਾ ਰਹੇ ਹਾਂ। ਉਨ੍ਹਾਂ ਨੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕਰਦਿਆਂ ਸਹੁੰ ਵੀ ਚੁਕਾਈ। ਇਸ ਮੌਕੇ ਸ ਦਈਆ ਅਤੇ ਰਮਨਦੀਪ ਸ਼ਰਮਾ ਨੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮਕਸਦ ਸੂਬੇ ਦੇ ਹਰੇਕ ਘਰ ਤੱਕ ਪਹੁੰਚ ਕੇ ਸੂਬੇ ਚੋਂ ਨਸ਼ਿਆਂ ਦੀ ਬੁਰਾਈ ਨੂੰ ਜੜ ਤੋਂ ਖ਼ਤਮ ਕਰਨਾ ਹੈ ਅਤੇ ਉਨ੍ਹਾਂ ਸਮੂਹ ਲੋਕਾਂ ਨੂੰ ਨਸ਼ਿਆਂ ਵਿਰੁੱਧ ਛੇੜੀ ਇਸ ਲੜਾਈ 'ਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਜਦ ਇਹ ਲੜਾਈ ਲੋਕ ਲਹਿਰ ਬਣ ਗਈ ਤਾਂ ਸੂਬੇ 'ਚੋਂ ਨਸ਼ਾ ਖ਼ਤਮ ਹੁੰਦਿਆਂ ਦੇਰ ਨਹੀਂ ਲੱਗੇਗੀ। ਇਸ ਮੌਕੇ ਗੁਰਦੇਵ ਸਿੰਘ ਟਿਵਾਣਾ, ਗੋਪਾਲ ਕ੍ਰਿਸ਼ਨ, ਪਾਰਸ ਸ਼ਰਮਾ, ਕੁਲਦੀਪ ਸਿੰਘ ਵਿਰਕ ,ਕੁਲਬੀਰ ਸਿੰਗਲਾ, ਰਵੀ ਰੰਧਾਵਾ ,ਨਿਸ਼ਾਨ ਚੀਮਾ ,ਅਮਿਤ ਧਾਲੀਵਾਲ, ਦੇਵੀਨ ਸ਼ਰਮਾ ,ਮੰਗਤ ਸ਼ਰਮਾ, ਪ੍ਰਿੰਸ ਸ਼ਰਮਾ, ਸੰਦੀਪ ਸਿੰਘ, ਜਸਵਿੰਦਰ ਸਿੰਘ ,ਈਓ ਸਾਹਿਬ ਸਮਾਨਾ ,ਹੈ ਹੈਲਥ ਵਿਭਾਗ ਸਮਾਣਾ, ਐਸਐਚਓ ਸਮਾਨਾ ,ਸੰਜੇ ਸਿੰਗਲਾ, ਤਰੁਨ ਗਰਗ ਅਤੇ ਯੋਗੀ ਸਮਾਣਾ ਆਦਿ ਹਾਜ਼ਰ ਸਨ।

## ਪੰਜਾਬੀ ਯੂਨੀਵਰਸਿਟੀ ਵਿਖੇ ਕਰਵਾਇਆ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਪ੍ਰੋਗਰਾਮ

☛ਅਸੀਂ ਖੁਸ਼ਕਿਸਮਤ ਹਾਂ ਕਿ ਆਜ਼ਾਦ ਦੇਸ਼ ਵਿੱਚ ਜਨਮ ਲਿਆ: ਡਾ. ਜਗਦੀਪ ਸਿੰਘ



ਪਟਿਆਲਾ, 4 ਅਗਸਤ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਵਿਭਾਗ ਵਿੱਚ ਸਥਾਪਿਤ ਸ਼ਹੀਦ ਊਧਮ ਸਿੰਘ ਚੇਅਰ ਵੱਲੋਂ ਸ਼ਹੀਦ ਊਧਮ ਸਿੰਘ ਜੀ ਦੀ ਸ਼ਹਾਦਤ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ। ਵਿਭਾਗ ਮੁਖੀ ਅਤੇ ਚੇਅਰ ਦੇ ਇੰਚਾਰਜ ਡਾ. ਪਰਮਜੀਤ ਕੌਰ ਗਿੱਲ ਨੇ ਦੱਸਿਆ ਕਿ 'ਸ਼ਹੀਦ ਊਧਮ ਸਿੰਘ : ਸਵੈ-ਮਾਣ ਅਤੇ ਆਜ਼ਾਦੀ ਦਾ ਮੁਜੱਸਮਾ' ਵਿਸ਼ੇ ਉੱਤੇ ਕਰਵਾਏ ਇਸ ਸਿੰਪੋਜ਼ੀਅਮ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਰਿਟਾਇਰਡ ਪ੍ਰੋਫੈਸਰ ਡਾ. ਸੁਖਦੇਵ ਸਿੰਘ ਸੋਹਲ ਨੇ ਮੁੱਖ ਬੁਲਾਰੇ ਵਜੋਂ ਅਤੇ ਉੱਘੇ ਲੇਖਕ ਡਾ . ਲਖਵਿੰਦਰ ਸਿੰਘ ਜੌਹਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਪ੍ਰੋਗਰਾਮ ਦੀ ਪ੍ਰਧਾਨਗੀ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕੀਤੀ। ਇਸ ਮੌਕੇ ਸੋਸ਼ਲ ਸਾਇੰਸਜ਼ ਫ਼ੈਕਲਟੀ ਦੇ ਡੀਨ ਡਾ. ਜਸਵਿੰਦਰ ਸਿੰਘ ਬਰਾੜ ਵੀ ਹਾਜ਼ਰ ਰਹੇ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਕਿਹਾ ਕਿ ਅਸੀਂ ਬਹੁਤ ਖੁਸ਼ਕਿਸਮਤ ਹਾਂ ਕਿ ਅਸੀਂ ਆਜ਼ਾਦ ਦੇਸ਼ ਵਿੱਚ ਜਨਮ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਦਾ ਸਿਹਰਾ ਸਾਡੇ ਸ਼ਹੀਦਾਂ ਨੂੰ ਹੀ ਜਾਂਦਾ ਹੈ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਕਿਹਾ ਕਿ ਸ਼ਹੀਦ ਊਧਮ ਸਿੰਘ ਜੀ ਦੀਆਂ ਡਾਇਰੀਆਂ, ਚਿੱਠੀਆਂ ਆਦਿ ਤੋਂ ਇੱਕ ਸੰਪੂਰਨ ਦਸਤਾਵੇਜ਼ ਤਿਆਰ ਕੀਤਾ ਜਾਵੇ। ਉਨ੍ਹਾਂ ਇਸ ਸਿੰਪੋਜ਼ੀਅਮ ਕਰਵਾਉਣ ਲਈ ਸ਼ਹੀਦ ਊਧਮ ਸਿੰਘ ਚੇਅਰ ਦੇ ਇੰਚਾਰਜ ਦਾ ਵਿਸ਼ੇਸ਼ ਤੌਰ ਉੱਤੇ ਧੰਨਵਾਦ ਕੀਤਾ। ਡਾ. ਸੁਖਦੇਵ ਸਿੰਘ ਸੋਹਲ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ 'ਚ ਇਸ ਗੱਲ 'ਤੇ ਚਿੰਤਾ ਜ਼ਾਹਿਰ ਕੀਤੀ ਕਿ ਸ਼ਹੀਦ ਊਧਮ ਸਿੰਘ ਜੀ ਨੂੰ ਆਜ਼ਾਦੀ ਦੇ ਬਾਅਦ ਲਿਖੇ ਸਿੱਖ ਇਤਿਹਾਸ 'ਚੋਂ ਗਾਇਬ ਰੱਖਿਆ ਗਿਆ। ਇਸ ਲਈ ਹੁਣ ਸਾਡੇ ਬਾਰੇ ਇਤਿਹਾਸ ਨੂੰ ਸੰਭਾਲਣ ਦੀ ਸਾਡੀ ਪੀੜ੍ਹੀ ਦੀ ਵੱਡੀ ਜ਼ਿੰਮੇਵਾਰੀ ਬਣ ਜਾਂਦੀ ਹੈ। ਉਨ੍ਹਾਂ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਸ਼ਹੀਦ ਊਧਮ ਸਿੰਘ ਨਾਲ ਸੰਬੰਧਿਤ ਇਤਿਹਾਸਿਕ ਵਸਤਾਂ ਇਕੱਠੀਆਂ ਕਰਨ ਦੀ ਜ਼ਰੂਰਤ ਹੈ। ਡਾ. ਲਖਵਿੰਦਰ ਸਿੰਘ ਜੌਹਲ ਨੇ ਵੀ ਇਸ ਗੱਲ 'ਤੇ ਚਿੰਤਾ ਜ਼ਾਹਿਰ ਕੀਤੀ ਕਿ ਸਾਡੇ ਇਤਿਹਾਸ ਦੇ ਨਾਇਕਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਡੇ ਨਾਇਕਾਂ ਜਿਵੇਂ ਕਿ ਮਦਨ ਲਾਲ ਢੀਂਗਰਾ, ਮੇਵਾ ਸਿੰਘ ਲੋਪੋਕੇ ਅਤੇ ਸ਼ਹੀਦ ਊਧਮ ਸਿੰਘ ਜੀ ਨੇ ਵਿਦੇਸ਼ ਦੀ ਧਰਤੀ 'ਤੇ ਅੰਗ੍ਰੇਜੀ ਹਕੂਮਤ ਦੁਆਰਾ ਕੀਤੇ ਤਸ਼ੱਦਦ ਦਾ ਬਦਲਾ ਲਿਆ . ਕੈਕਸਟਨ ਹਾਲ ਦੇ ਘਟਨਾ ਦਾ ਵਰਨਣ ਕਰਦੇ ਹੋਏ ਜੌਹਲ ਜੀ ਨੇ ਦੱਸਿਆ ਕਿ ਮਾਇਕਲ ਓ' ਡਵਾਇਰ ਜਲਿਆਂ ਵਾਲੇ ਬਾਗ ਦੀ ਘਟਨਾ ਨੂੰ ਆਪਣੀ ਪ੍ਰਾਪਤੀ ਦੱਸਦਾ ਸੀ। ਊਧਮ ਸਿੰਘ ਨੇ ਮਾਇਕਲ ਓ' ਡਵਾਇਰ ਨੂੰ ਮੌਤ ਦੇ ਘਾਟ ਉਤਾਰ ਕੇ ਜਲਿਆਂ ਵਾਲੇ ਬਾਗ ਦੀ ਘਟਨਾ ਦਾ ਬਦਲਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਡਾ. ਪਰਮਜੀਤ ਕੌਰ ਗਿੱਲ ਨੇ ਆਪਣੇ ਸਵਾਗਤੀ ਸ਼ਬਦਾਂ ਦੌਰਾਨ ਸ਼ਹੀਦ ਊਧਮ ਸਿੰਘ ਚੇਅਰ ਦੁਆਰਾ ਕੀਤੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਹ ਚੇਅਰ ਆਉਣ ਵਾਲੇ ਦਿਨਾਂ ਵਿੱਚ ਸ਼ਹੀਦ ਊਧਮ ਸਿੰਘ ਨਾਲ ਸੰਬੰਧਿਤ ਦਸਤਾਵੇਜ਼ਾਂ ਨੂੰ ਇਕੱਠਾ ਕਰਨ ਲਈ ਉਪਰਾਲੇ ਕਰੇਗੀ। ਆਖਿਰ ਵਿੱਚ ਪ੍ਰੋ. ਜਸਵਿੰਦਰ ਬਰਾੜ ਵੱਲੋਂ ਧੰਨਵਾਦੀ ਭਾਸ਼ਣ ਦਿੱਤਾ ਗਿਆ।

## ਹਿਰਾਸਤ ਦੌਰਾਨ ਕੁੱਟਮਾਰ ਕਰਨ ਅਤੇ ਇਲੈਕਟ੍ਰਿਕ ਸ਼ਾਰਟ ਲਗਾਉਣ ਦੇ ਦੋਸ਼ 'ਚ ਦੋ ਥਾਣੇਦਾਰਾਂ ਖ਼ਿਲਾ.ਫ ਕੇਸ ਦਰਜ

ਬਾਦਸ਼ਾਹਪੁਰ, 4 ਅਗਸਤ (ਰਿਸ਼ੀਪਾਲ ਗੁਪਤਾ) : ਥਾਣਾ ਘੱਗਾ ਵਿਖੇ ਘਗਾ ਦੇ ਰਹਿਣ ਵਾਲੇ ਇੱਕ ਵਿਅਕਤੀ ਖਿਲਾ.ਫ ਦਰਜ ਕੇਸ ਦੌਰਾਨ ਉਸ ਦੀ ਹਿਰਾਸਤ ਵਿੱਚ ਕੁੱਟਮਾਰ ਕਰਨ ਅਤੇ ਇਲੈਕਟ੍ਰਿਕ ਸ਼ਾਰਟ ਦੇਣ ਦੇ ਦੋਸ਼ ਹੇਠ ਦੋ ਥਾਣੇਦਾਰਾਂ ਦੇ ਖਿਲਾ.ਫ ਘੱਗਾ ਥਾਣਾ ਵਿਖੇ ਕੇਸ ਦਰਜ ਕੀਤਾ ਗਿਆ ਹੈ। ਹਰਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਅਤਾਲਾਂ ਰੋਡ ਘੱਗਾ ਦੇ ਬਿਆਨਾਂ ਅਨੁਸਾਰ ਦਰਜ ਹੋਏ ਇਸ ਮਾਮਲੇ ਵਿੱਚ ਉਸਨੇ ਦੱਸਿਆ ਹੈ ਕਿ ਵਰਿੰਦਰ ਕੌਰ ਪਤਨੀ ਗਗਨਦੀਪ ਸਿੰਘ ਵਾਸੀ ਵਾਰਡ ਨੰਬਰ 6 ਅਤਾਲਾਂ ਰੋਡ ਘੱਗਾ ਵੱਲੋ ਹਰਪ੍ਰੀਤ ਸਿੰਘ ਗੁਰਪ੍ਰੀਤ ਸਿੰਘ ਵਾਸੀ ਅਤਾਲਾਂ ਰੋਡ ਘੱਗਾ ਖਿਲਾਫ ਇੱਕ ਕੇਸ ਦਰਜ ਹੋਇਆ ਸੀ ਜੋ ਇਸ ਮੁਕਦਮੇ ਵਿੱਚ ਹਰਪ੍ਰੀਤ ਸਿੰਘ ਵੱਲੋਂ ਇੱਕ ਰਿਟ ਪਟੀਸ਼ਨ ਨੰਬਰ ਸੀਆਰਐਮ 27561 ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿਖੇ ਦਾਇਰ ਕੀਤੀ ਗਈ ਸੀ ਕਿ ਪੁਲਿਸ ਹਿਰਾਸਤ ਦੌਰਾਨ ਪਟੀਸ਼ਨਰ ਦੀ ਕੁੱਟਮਾਰ ਕਰਨ ਅਤੇ ਇਲੈਕਟ੍ਰਿਕ ਸ਼ੌਟ ਲਾਏ ਜਾਣ ਸਬੰਧੀ ਪੁਲਿਸ 'ਤੇ ਗੰਭੀਰ ਦੋਸ਼ ਲਗਾਏ ਗਏ ਸਨ, ਜਿਸ ਸਬੰਧੀ ਮਾਨਜੋਗ ਹਾਈ ਕੋਰਟ ਦੇ ਹੁਕਮ ਅਨੁਸਾਰ ਪਟੀਸ਼ਨਰ ਦਾ ਮੈਡੀਕਲ ਜ਼ਿਲ੍ਹਾ ਪੁਲਿਸ ਮੁਹਾਲੀ ਵੱਲੋਂ ਗਠਿਤ ਕੀਤੀ ਗਈ ਟੀਮ ਦੀ ਨਿਗਰਾਨੀ ਹੇਠ ਪੀਜੀਆਈ ਚੰਡੀਗੜ੍ਹ ਤੋਂ ਕਰਵਾਇਆ ਗਿਆ ਅਤੇ ਮੈਡੀਕਲ ਰਿਪੋਰਟ ਦੇ ਆਧਾਰ ਤੇ ਹੁਕਮ ਨੰਬਰ 42 142 ਸੀਏ ਡਬਲਯੂ ਤਹਿਤ ਬੀਤੀ ਦੋ ਅਗਸਤ ਨੂੰ ਸਹਾਇਕ ਥਾਣੇਦਾਰ ਯਸਪਾਲ ਅਤੇ ਸਹਾਇਕ ਥਾਣੇਦਾਰ ਬਲਵੀਰ ਸਿੰਘ ਦੇ ਖਿਲਾਫ ਵੱਖ-ਵੱਖ ਧਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਅਜੇ ਇਹਨਾਂ ਦੀ ਗ੍ਰਿਫਤਾਰੀ ਬਾਕੀ ਹੈ ।

## ਨਸ਼ਾ ਵਿਰੋਧੀ ਨਾਟਕ ਰਾਹੀਂ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ

ਸਮਾਣਾ, 4 ਅਗਸਤ (ਵਿਜੇ ਕੁਮਾਰ/ਸੁਖਜਿੰਦਰ ਸਿੰਘ ਕੁਲਾਰਾਂ) : ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸਕੂਲਾਂ ਵਿੱਚ ਨਸ਼ਾ ਵਿਰੋਧੀ ਵਿਸ਼ੇ ਦੀ ਪੜ੍ਹਾਈ ਸ਼ੁਰੂ ਕਰਨ ਦੇ ਹੁਕਮਾਂ ਦੀ ਲੜੀ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੱਜੂਮਾਜਰਾ ਵਿਖੇ ਵਿਦਿਆਰਥੀਆਂ ਲਈ ਨਸ਼ਾ ਵਿਰੋਧੀ ਸੁਨੇਹਾ ਦਿੰਦਾ ਨਾਟਕ ਦਾ ਆਯੋਜਨ ਕੀਤਾ ਗਿਆ। ਇਹ ਨਾਟਕ ਥੀਏਟਰ ਗਰੁੱਪ ਪਟਿਆਲਾ ਵੱਲੋਂ ਪੇਸ਼ ਕੀਤਾ ਗਿਆ ਜਿਸ ਨੂੰ ਡਾ. ਦਿਲਵਰ ਸਿੰਘ, ਡਾਇਰੈਕਟਰ, ਐਨ.ਐਸ.ਐਸ. ਅਤੇ ਯੁਵਕ ਸੇਵਾਵਾਂ ਕਲੱਬ, ਵੱਲੋਂ ਸਕੂਲ ਲਈ ਭੇਜਿਆ ਗਿਆ। ਜ਼ਿਲ੍ਹਾ ਸਿੱਖਿਆ ਅ.ਫ਼ਸਰ ਸੈਕੰਡਰੀ ਸਿੱਖਿਆ ਅਤੇ ਉਪ-ਜ਼ਿਲ੍ਹਾ ਸਿੱਖਿਆ ਅ.ਫ਼ਸਰ ਡਾ: ਰਵਿੰਦਰਪਾਲ ਸ਼ਰਮਾ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਸਕੂਲ ਦੇ ਪ੍ਰਿੰਸੀਪਲ ਦਿਆਲ



ਸਿੰਘ ਦੇ ਸਹਿਯੋਗ ਨਾਲ ਇਹ ਕਾਰਜ ਕ੍ਰਮ ਸਫਲਤਾਪੂਰਵਕ ਆਯੋਜਿਤ ਹੋਇਆ। ਸਟੇਜ ਸੰਚਾਲਨ ਦੀ ਭੂਮਿਕਾ ਪ੍ਰੋਗਰਾਮ ਅ.ਫ਼ਸਰ ਜਸਵਿੰਦਰ ਸਿੰਘ ਨੇ ਨਿਭਾਈ। ਇਸ ਮੌਕੇ 'ਤੇ ਟੀਮ ਦਾ ਸਨਮਾਨ ਗੁਰਪਿੰਦਰ ਕੌਰ ਇੰਚਾਰਜ ਅਤੇ ਸਮੂਹ ਸਕੂਲ ਸਟਾ.ਫ਼ ਵੱਲੋਂ ਸਨਮਾਨਿਤ ਕੀਤਾ ਗਿਆ। ਜਸਵਿੰਦਰ ਸਿੰਘ ਨੇ ਕਿਹਾ ਕਿ ਇਹ ਨਾਟਕ ਨਾ ਸਿਰਫ਼ ਮਨੋਰੰਜਕ ਰਿਹਾ, ਬਲਕਿ ਨਵੀਂ ਪੀੜ੍ਹੀ ਲਈ ਇੱਕ ਮਜ਼ਬੂਤ ਨੈਤਿਕ ਪਾਠ ਵੀ ਸਾਬਤ ਹੋਇਆ। ਪ੍ਰੋਗਰਾਮ ਦੌਰਾਨ ਸੁਖਰਾਜ ਕੁਮਾਰ, ਪੁਨੀਤ ਸਿੰਗਲਾ, ਬਲਜਿੰਦਰ ਕੌਰ, ਜਸਪ੍ਰਿੰਸ ਸਿੰਘ, ਜਸਵਿੰਦਰ ਕੌਰ, ਕਿਰਨਜੀਤ ਕੌਰ, ਪ੍ਰਭਜੋਤ ਕੌਰ, ਜਸਪ੍ਰੀਤ ਕੌਰ, ਅਜੇ ਸ਼ਰਮਾ, ਸੁਮੀਤ ਕੌਰ, ਮਨਦੀਪ ਕੌਰ, ਪਰਮਿੰਦਰਜੀਤ ਕੌਰ, ਮਨਪ੍ਰੀਤ ਕੌਰ, ਚੈਰੀ ਰਾਣੀ, ਮਨਦੀਪ ਕੌਰ ਲਾਇਬ੍ਰੇਰੀਅਨ, ਸ਼ੁਭਪ੍ਰੀਤ ਕੌਰ, ਰਾਜਵੀਰ ਕੌਰ ਅਤੇ ਕੁਲਦੀਪ ਸਿੰਘ ਬਰਾੜ ਵੀ ਹਾਜ਼ਰ ਸਨ।

## ਕੇਂਦਰ ਬੇਅਦਬੀਆਂ ਨੂੰ ਰੋਕਣ ਲਈ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਵੇ : ਪ੍ਰੋ. ਬਡੂੰਗਰ

ਪਟਿਆਲਾ, 4 ਅਗਸਤ (ਰੁਪਾਣਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕੇਂਦਰ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਵੱਖੋ ਵੱਖ ਥਾਵਾਂ 'ਤੇ ਹੋ ਰਹੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਸਿੱਖਾਂ ਨੂੰ ਧਾਰਮਿਕ ਚਿੰਨ ਪਹਿਨਣ ਤੋਂ ਰੋਕਣ ਅਤੇ ਪੰਜ ਕਕਾਰਾਂ ਵਿੱਚ ਸ਼ਾਮਿਲ ਕੜੇ ਆਦਿ ਨੂੰ ਇਮਤਿਹਾਨਾਂ ਵਿੱਚ ਉਤਾਰ ਕੇ ਜਾਣ ਦੀਆਂ ਕਾਰਵਾਈਆਂ 'ਤੇ ਮੁਕੰਮਲ ਤੌਰ 'ਤੇ ਨੱਥ ਪਾਉਣ ਲਈ ਸਖਤ ਕਾਨੂੰਨ ਬਣਾਇਆ ਜਾਵੇ । ਉਹਨਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਬੇਅਦਬੀਆਂ ਦੇ ਮਾਮਲੇ 'ਤੇ ਸਖਤ ਕਾਨੂੰਨ ਬਣਾਏਗੀ ਤਾਂ ਵੱਖ ਵੱਖ ਥਾਵਾਂ 'ਤੇ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ 'ਤੇ ਕਾਬੂ ਪੈ ਸਕੇਗਾ, ਕਿਉਂਕਿ ਅੱਜ ਕੇਵਲ ਦੇਸ਼ ਹੀ ਨਹੀਂ ਬਲਕਿ ਵਿਸ਼ਵ ਦੇ ਸਮੁੱਚੇ ਦੇਸ਼ਾਂ ਵਿੱਚ ਸਿੱਖਾਂ ਵੱਲੋਂ ਵਾਸਾ ਕਰਕੇ ਆਪਣੇ ਗੁਰਧਾਮ ਬਣਾਏ ਹੋਏ ਹਨ ਤੇ ਜੇਕਰ ਕੇਂਦਰ ਸਰਕਾਰ ਇਸ ਮਾਮਲੇ ਸਬੰਧੀ ਸਖਤ ਰੁਖ਼ ਅਪਣਾ ਕੇ ਬੇਅਦਬੀਆਂ ਦੇ ਮਾਮਲੇ 'ਤੇ ਕਾਨੂੰਨ ਬਣਾਏਗੀ ਤਾਂ ਸਮੁੱਚੇ ਦੇਸ਼ ਭਰ ਦੇ ਵਾਸੀ ਇਸ ਮਾਮਲੇ ਸਬੰਧੀ ਜਾਣੂੰ ਹੋ ਸਕਣਗੇ। ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਪੰਜ ਕਕਾਰਾਂ ਵਿੱਚ ਸ਼ਾਮਿਲ ਕੜਾ ਸਿੱਖਾਂ ਲਈ ਅਹਿਮ ਸਥਾਨ ਰੱਖਦਾ ਹੈ ਤੇ ਇਮਤਿਹਾਨਾਂ ਵਿੱਚ ਕੜੇ ਨੂੰ ਉਤਾਰ ਕੇ ਜਾਣਾ ਮਰਿਆਦਾ ਦੀ ਵੀ ਉਲੰਘਣਾ ਹੈ ।

## ਮਾਨ ਸਰਕਾਰ ਪੰਜਾਬ ਨੂੰ ਸਿਹਤ ਸੇਵਾਵਾਂ ਦੇ ਮਾਮਲੇ 'ਚ ਦੇਸ਼ ਦਾ ਮਾਡਲ ਸੂਬਾ ਬਣਾਉਣ ਲਈ ਯਤਨਸ਼ੀਲ : ਗੁਰਲਾਲ ਘਨੌਰ

ਘਨੌਰ, 4 ਅਗਸਤ (ਮਦਨ ਲਾਲ): ਪੰਜਾਬ ਸਰਕਾਰ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿਚ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਆਮ ਲੋਕਾਂ ਤੱਕ ਉਨ੍ਹਾਂ ਦੀ ਸੌਖੀ ਪਹੁੰਚ ਯਕੀਨੀ ਬਣਾਉਣ ਵਾਸਤੇ ਨਵੇਂ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚ ਤਾਜ਼ਾ ਪੇਸ਼ਕਦਮੀ ਵਜੋਂ ਆਮ ਆਦਮੀ ਕਲੀਨਿਕਾਂ 'ਚ ਵਟਸਐਪ ਚੈਟਬੋਟ ਸੇਵਾ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਰਾਹੀਂ ਹੁਣ ਮਰੀਜ਼ਾਂ ਨੂੰ ਆਪਣੇ ਇਲਾਜ ਸਬੰਧੀ ਜਾਣਕਾਰੀ ਆਪਣੇ ਮੋਬਾਈਲ 'ਤੇ ਹੀ ਉਪਲਬਧ ਹੋ ਜਾਵੇਗੀ। ਇਸ ਸੰਬੰਧੀ ਗੱਲਬਾਤ ਕਰਦੇ ਹੋਏ ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਹਲਕਾ ਘਨੌਰ ਤੋਂ ਵਿਧਾਇਕ ਗੁਰਲਾਲ ਸਿੰਘ ਘਨੌਰ ਨੇ ਹਲਕਾ ਦੇ ਵੱਖ-ਵੱਖ ਪਿੰਡ ਵਿੱਚ ਯੁੱਧ



ਨਸ਼ਿਆਂ ਵਿਰੁੱਧ ਨਸ਼ਾ ਮੁਕਤੀ ਯਾਤਰਾ ਦੌਰਾਨ ਪਿੰਡਾ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਨੇ ਜਾਗਰੂਕਤਾ ਸਮਾਗਮ ਵਿੱਚ ਭਰਪੂਰ ਉਤਸ਼ਾਹ ਨਾਲ ਹਿੱਸਾ ਲਿਆ। ਵਿਧਾਇਕ ਘਨੌਰ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਸਿਹਤ ਖੇਤਰ ਵਿੱਚ ਨਵੀਨਤਮ ਤਕਨੀਕ ਦੇ ਵਰਤਾਰਿਆਂ ਰਾਹੀਂ ਆਮ ਆਦਮੀ ਨੂੰ ਮਿਆਰੀ ਸੇਵਾਵਾਂ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਮਾਨ ਸਰਕਾਰ ਪੰਜਾਬ ਨੂੰ ਸਿਹਤ ਸੇਵਾਵਾਂ ਦੇ ਮਾਮਲੇ 'ਚ ਦੇਸ਼ ਦਾ ਮਾਡਲ ਸੂਬਾ ਬਣਾਉਣ ਵੱਲ ਤੀਬਰਤਾ ਨਾਲ ਅੱਗੇ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਾਰੀਆਂ ਕੋਸ਼ਿਸ਼ਾਂ ਪੰਜਾਬ ਦੇ ਆਮ ਨਾਗਰਿਕ ਦੀ ਤੰਦਰੁਸਤੀ ਅਤੇ ਸੁਖੀ ਜੀਵਨ ਵੱਲ ਇੱਕ ਵੱਡਾ ਕਦਮ ਹਨ। ਇਸ ਮੌਕੇ ਸਬੰਧਤ ਅਧਿਕਾਰੀ , ਸਹਿਜਪਾਲ ਸਿੰਘ ਲਾਡਾ ਨਨਹੇੜਾ, ਪ੍ਰਗਟ ਸਿੰਘ ਸਰਪੰਚ ਰਾਜਗੜ੍ਹ, ਸਰਪੰਚ ਜੋਧਵੀਰ ਸਿੰਘ ਘੜਾਮਾ ਖੁਰਦ, ਨਿਸ਼ਾਨ ਸਿੰਘ ਸੰਧੂ, ਸਰਪੰਚ ਜੱਗਾ ਨਨਹੇੜਾ, ਧੀਰਾ ਪਟਵਾਰੀ, ਆਪ ਆਗੂ ਅੰਗਰੇਜ਼ ਸਿੰਘ, ਕੋਚ ਕੁਲਵੰਤ ਸਿੰਘ ਸਮੇਤ ਵੱਡੀ ਗਿਣਤੀ ਵਿਚ ਪਿੰਡਾਂ ਦੇ ਪੰਚ-ਸਰਪੰਚ ਮੌਜੂਦ ਸਨ।

## ਕੇਂਦਰ ਵੱਲੋਂ ਚਲਾਈਆਂ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਬੀ.ਜੇ.ਪੀ. ਨੇ ਕੈਂਪ ਲਗਾਇਆ



ਬਾਦਸ਼ਾਹਪੁਰ, 4 ਅਗਸਤ (ਰਿਸ਼ੀਪਾਲ ਗੁਪਤਾ) : ਕੇਂਦਰ ਸਰਕਾਰ ਦੀਆਂ ਸੂਬੇ ਭਰ ਵਿੱਚ ਚਲਾਈਆਂ ਹੋਈਆਂ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਪਿੰਡ-ਪਿੰਡ ਪਹੁੰਚ ਕਰਕੇ ਭਾਰਤੀ ਜਨਤਾ ਪਾਰਟੀ ਵੱਲੋਂ ਕੈਂਪ ਲਗਾਏ ਜਾ ਰਹੇ ਹਨ। ਕੇਂਦਰ ਸਰਕਾਰ ਦੀਆਂ ਸਕੀਮਾਂ ਤਹਿਤ ਇਹ ਕੈਂਪ ਪਿੰਡ ਬਾਦਸ਼ਾਹਪੁਰ ਵਿਖੇ ਲਗਾਇਆ ਗਿਆ। ਇਸ ਕੈਂਪ ਅੰਦਰ ਆਯੂਸ਼ਮਾਨ ਕਾਰਡ ਯੋਜਨਾ, ਕਿਸਾਨ ਸਨਮਾਨ ਨਿਧੀ ਯੋਜਨਾ, ਅਵਾਸ ਯੋਜਨਾ, ਈ-ਸ਼ਰਮ ਕਾਰਡ, ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ, ਪੈਨਸ਼ਨਾਂ, ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਆਦਿ ,ਪ੍ਰਧਾਨ ਮੰਤਰੀ ਸੂਰਿਆ ਘਰ, ਮੁਫਤ ਬਿਜਲੀ ਯੋਜਨਾ, ਟੂਲ ਕਿੱਟ ਵੰਡ ਪ੍ਰੋਗਰਾਮ ਤੇ ਲੜਕੀਆਂ ਨੂੰ ਮੁਫਤ ਸਿਲਾਈ ਮਸ਼ੀਨਾਂ ਲਈ ਆਨਲਾਈਨ ਫਾਰਮ ਭਰੇ ਗਏ ਅਤੇ ਆਸ਼ੂਮਾਨ ਕਾਰਡ ਜੋ ਕਿ ਮੌਕੇ 'ਤੇ ਹੀ ਬਣਾਏ ਗਏ । ਇਸ ਮੌਕੇ ਗੱਲਬਾਤ ਕਰਦਿਆਂ ਨਿਰੰਕਾਰ ਸਿੰਘ ਸਰਕਲ ਪ੍ਰਧਾਨ ਸ਼ੁਤਰਾਣਾ, ਰੂੜ ਸਿੰਘ ਸਾਬਕਾ ਸਰਕਲ ਪ੍ਰਧਾਨ, ਡਾ. ਜੀਵਨ ਦੱਤ ਸ਼ੈਲੀ ਜ਼ਿਲ੍ਹਾ ਜਨਰਲ ਸਕੱਤਰ, ਨਰਾਇਣ ਸਿੰਘ ਨਰਸੋਤ ਹਲਕਾ ਇੰਚਾਰਜ , ਕੁਲਦੀਪ ਸਿੰਘ ਆਈ.ਪੀ. ਸੈਲ ਜ਼ਿਲ੍ਹਾ ਕਨਵੀਨਰ ਨੇ ਦੱਸਿਆ ਕਿ ਲੋਕਾਂ ਨੂੰ ਸਕੀਮਾਂ ਦੇਣ ਲਈ ਅੱਜ ਜੋ ਇਹ ਫਾਰਮ ਭਰੇ ਜਾ ਰਹੇ ਹਨ ਜੋ ਲੋਕ ਇਨ੍ਹਾਂ ਸਕੀਮਾਂ ਦੇ ਯੋਗ ਹੋਣਗੇ । ਇਸ ਮੌਕੇ ਜੱਗਾ ਸਿੰਘ, ਜਸਕਰਨ ਸਿੰਘ, ਪ੍ਰੇਮ ਚੰਦ ਕਾਂਸਲ , ਗੁਰਵਿੰਦਰ ਸਿੰਘ ਤੋਂ ਇਲਾਵਾ ਹੋਰ ਪਾਰਟੀ ਆਗੂ ਮੌਜੂਦ ਆ ਰਹੇ ।

## ਨਗਰ ਨਿਗਮ ਨੇ ਰਜਿੰਦਰਾ ਹਸਪਤਾਲ, ਸਰਹਿੰਦ ਰੋਡ, ਰਾਘੋ ਮਾਜਰਾ, ਭੁਪਿੰਦਰਾ ਰੋਡ ਤੋਂ ਹਟਾਏ ਨਾਜਾਇਜ਼ ਕਬਜ਼ੇ

ਪਟਿਆਲਾ, 4 ਅਗਸਤ (ਰੁਪਾਣਾ) : ਸਵੱਛ ਅਤੇ ਸੁਚੱਜੇ ਪਟਿਆਲਾ ਦੀ ਮੰਨਤਾ ਨੂੰ ਅੱਗੇ ਵਧਾਉਂਦੇ ਹੋਏ ਨਗਰ ਨਿਗਮ ਪਟਿਆਲਾ ਵੱਲੋਂ ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਨਗਰ ਨਿਗਮ ਪਰਮਵੀਰ ਸਿੰਘ ਅਤੇ ਸਕੱਤਰ ਸੁਰਜੀਤ ਸਿੰਘ ਚੀਮਾ, ਸੁਪਰਡੈਂਟ ਮਨੀਸ਼ ਪੁਰੀ ਦੀ ਅਗਵਾਈ ਵਿੱਚ ਅੱਜ ਇੱਕ ਹੋਰ ਮਹੱਤਵਪੂਰਨ ਕਦਮ ਚੁਕਦਿਆਂ ਸ਼ਹਿਰ ਦੀਆਂ ਵੱਖ ਵੱਖ ਥਾਵਾਂ ਤੋਂ ਨਜਾਇਜ਼ ਕਬਜੇ ਹਟਾਏ ਗਏ। ਖਾਸ ਕਰ ਰਜਿੰਦਰਾ ਹਸਪਤਾਲ ਦੇ ਬਾਹਰੀ ਇਲਾਕੇ, ਸਰਹਿੰਦ ਰੋਡ, ਰਾਘੋ ਮਾਜਰਾ, ਭੁਪਿੰਦਰਾ ਰੋਡ 'ਤੇ ਕੀਤੇ ਗਏ ਨਾਜਾਇਜ਼ ਕਬਜ਼ਿਆਂ ਨੂੰ ਹਟਾਇਆ ਗਿਆ। ਇਹ ਕਾਰਵਾਈ ਇੰਸਪੈਕਟਰ ਵਿਸ਼ਾਲ ਵਰਮਾ ਵਲੋਂ ਨਿਗਮ ਟੀਮ ਅਤੇ ਪੁਲਿਸ ਦੇ ਸਹਿਯੋਗ ਨਾਲ ਕੀਤੀ ਗਈ। ਮੇਅਰ ਕੁੰਦਨ ਗੋਗੀਆ ਨੇ ਮੀਡੀਆ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਨਾਜਾਇਜ਼ ਕਬਜ਼ਿਆਂ ਬਾਰੇ ਜਾਣਕਾਰੀ ਪਹੁੰਚਾਉਣ ਵਿੱਚ ਮੀਡੀਆ ਨੇ ਜ਼ਿੰਮੇਵਾਰ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਮੀਡੀਆ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਭਾਰਨਾ ਅਤੇ ਨਿਗਮ ਨੂੰ ਅਗਾਹ ਕਰਨਾ ਸਧਾਰਣ ਜਨਤਾ ਅਤੇ ਪ੍ਰਸ਼ਾਸਨ ਵਿਚਕਾਰ ਪੁਲ ਦਾ ਕੰਮ ਕਰਦਾ ਹੈ। ਮੇਅਰ ਨੇ ਕਿਹਾ ਕਿ ਇਨ੍ਹਾਂ ਥਾਵਾਂ 'ਤੇ ਕਈ ਦੁਕਾਨਦਾਰਾਂ, ਠੇਲਿਆਂ ਅਤੇ ਹੋਰ ਵਿਅਕਤੀਆਂ ਵਲੋਂ ਸਰਕਾਰੀ ਜਗ੍ਹਾ ਤੇ ਕਬਜ਼ਾ ਕੀਤਾ ਗਿਆ ਸੀ, ਜਿਸ ਕਰਕੇ ਆਵਾਜਾਈ ਵਿੱਚ ਰੁਕਾਵਟ ਆ ਰਹੀ ਸੀ ਅਤੇ ਆਮ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਰਜਿੰਦਰਾ ਹਸਪਤਾਲ ਦੇ ਬਾਹਰ ਰੋਜ਼ਾਨਾ ਮਰੀਜ਼ਾਂ ਅਤੇ ਐਮਰਜੈਂਸੀ ਵਾਹਨਾਂ ਦੀ ਆਉਣ-ਜਾਣ ਮੁਸ਼ਕਲ ਹੋ ਰਿਹਾ ਸੀ, ਪਰ ਨਾਜਾਇਜ਼ ਢਾਂਚਿਆਂ ਅਤੇ ਰੇਹੜੀਆਂ ਨੇ ਸੜਕ ਨੂੰ ਅਧਾ ਘੇਰਿਆ ਹੋਇਆ ਸੀ। ਇਸੇ ਤਰ੍ਹਾਂ, ਸਰਹਿੰਦ ਰੋਡ 'ਤੇ ਵੀ ਕਈ ਕਬਜ਼ੇ ਕਾਰਨ ਟ੍ਰੈਫਿਕ ਜਾਮ ਆਮ ਗੱਲ ਬਣ ਚੁੱਕੀ ਸੀ। ਇੰਸਪੈਕਟਰ ਵਿਸ਼ਾਲ ਵਰਮਾ ਨੇ ਵੀ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ, ਸਾਨੂੰ ਕਈ ਦਿਨਾਂ ਤੋਂ ਇਨ੍ਹਾਂ



ਥਾਵਾਂ ਬਾਰੇ ਸ਼ਿਕਾਇਤਾਂ ਮਿਲ ਰਹੀਆਂ ਸੀ। ਨਗਰ ਨਿਗਮ ਵੱਲੋਂ ਕਈ ਵਾਰ ਨੋਟਿਸ ਵੀ ਜਾਰੀ ਕੀਤੇ ਗਏ, ਪਰ ਕੋਈ ਸੁਧਾਰ ਨਹੀਂ ਆਇਆ। ਅੱਜ ਨਿਗਮ ਟੀਮ ਨੇ ਪੁਲਿਸ ਦੀ ਮੌਜੂਦਗੀ ਵਿੱਚ ਇਹ ਕਬਜ਼ੇ ਹਟਾ ਕੇ ਸੜਕਾਂ ਨੂੰ ਮੁੜ ਖੁੱਲਾ ਕੀਤਾ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਨਾ ਸਿਰਫ ਟ੍ਰੈਫਿਕ ਸੁਚਾਰੂ ਬਣਾਉਣ ਲਈ ਜ਼ਰੂਰੀ ਸੀ, ਸਗੋਂ ਇਹ ਸ਼ਹਿਰ ਦੀ ਸੁੰਦਰਤਾ ਅਤੇ ਸਵੱਛਤਾ ਲਈ ਵੀ ਲਾਜ਼ਮੀ ਸੀ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਨਗਰ ਨਿਗਮ ਪਟਿਆਲਾ ਕਿਸੇ ਵੀ ਜਨਤਕ ਥਾਂ 'ਤੇ ਨਾਜਾਇਜ਼ ਕਬਜ਼ਾ ਨਹੀਂ ਸਹਿਣ ਕਰੇਗਾ। ਜਿਸ ਕਿਸੇ ਨੇ ਵੀ ਅਗਲੇ ਦਿਨਾਂ ਵਿੱਚ ਕਿਸੇ ਸਰਕਾਰੀ ਜਾਂ ਜਨਤਕ ਥਾਂ 'ਤੇ ਬਿਨਾ ਇਜਾਜ਼ਤ ਦੇ ਕਬਜ਼ਾ ਕੀਤਾ ਹੋਇਆ ਹੋਵੇਗਾ, ਉਸ ਉੱਤੇ ਵੀ ਤੁਰੰਤ ਕਾਰਵਾਈ ਕੀਤੀ ਜਾਵੇਗੀ।

## ਜ਼ਿਲ੍ਹੇ 'ਚ ਟਰੈਕਟਰਾਂ/ਮੋਟਰਸਾਈਕਲਾਂ 'ਤੇ ਖ਼ਤਰਨਾਕ ਸਟੰਟ ਕਰਨ 'ਤੇ ਪਾਬੰਦੀ ਦੇ ਹੁਕਮ ਜਾਰੀ

ਪਟਿਆਲਾ, 4 ਅਗਸਤ (ਚ.ਨ.ਸ.) : ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਦੀ ਹਦੂਦ ਅੰਦਰ ਟਰੈਕਟਰਾਂ/ਮੋਟਰਸਾਈਕਲ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ ਸਟੰਟ ਆਯੋਜਿਤ ਕਰਨ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 3 ਅਕਤੂਬਰ 2025 ਤੱਕ ਲਾਗੂ ਰਹਿਣਗੇ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਤੋਂ ਪ੍ਰਾਪਤ ਹੋਏ ਪੱਤਰ ਤਹਿਤ ਰਾਜ ਵਿੱਚ ਬੀਤੇ ਸਮੇਂ ਕੁਝ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ/ਸਟੰਟ ਦੌਰਾਨ ਨੌਜਵਾਨ ਦੀ ਮੌਤ ਵੀ ਹੋ ਗਈ ਹੈ।